*Published in Punjabi & English*

Distributed in Toronto, Calgary, Vancouver and Online Worldwide.

Sarokaran Di Awaz

Voice of Social Concerns

Pro-People Arts Project Media Group

# ਸਰੋਕਾਰਾਂ ਦੀ ਆਵਾਜ਼

Email: ppapmg@gmail.com ਸਾਲ-10, ਅੰਕ-9, ਸਤੰਬਰ 2020 Website: www.ppapmg.com

HARBANS SINGH 416-817-7142 DEVINDER TOOR 416-902-9372 MASTER BHAJAN SINGH 403-455-4220 Registration No. 210836300

## ਇਸ ਅੰਕ 'ਚ

ਨਸਲਵਾਦ ਦਾ ਕੈਂਸਰ /4

ਕੈਨੇਡਾ ਦੀ ਪੁਲੀਸ ਨੂੰ ਟੂਣੇ ਨੇ ਪਾਈ ਭਾਜੜ/5

ਬਸਤੀਵਾਦੀ ਦੌਰ ਦਾ ਇੱਕ ਹੋਰ ਕਾਲਾ ਕਾਨੂੰਨ/6

ਰੈਫਰੈਂਡਮ 2020 ਦੀ ਰਾਜਨੀਤੀ ਦਾ ਸੱਚ ?/11

'ਹਿੰਦੂ ਰਾਸ਼ਟਰ ਦੇ ਗੌਰਵਮਈ ਭਵਿੱਖ' ਦੀ ਕਾਢ ਲਈ ਇਹਨਾਂ ਨੇ ਇਤਿਹਾਸ ਨਾਲ ਛੇੜਛਾੜ ਕੀਤੀ/12

ਦਿੱਲੀ 'ਚ ਫਿਰਕੂ ਹਿੰਸਾ ਯੋਜਨਾਬੱਧ ਸਾਜ਼ਿਸ਼ ਦਾ ਸਿੱਟਾ/15

ਦੇਸ਼ ਦਾ ਭਵਿੱਖ ਤਬਾਹ ਕਰ ਰਹੀ ਭਾਜਪਾ ਸਰਕਾਰ/18

ਕਰੋਨਾ ਤੇ ਹੋ ਰਹੀ ਖੋਜ/19

ਹਜੂਮੀ ਹਿੰਸਾ ਨਾਲ ਜੂਝ ਰਹੀ ਪੱਤਰਕਾਰੀ/20

ਔਰਤਾਂ ਵਿਰੁੱਧ ਜੁਰਮ- ਡੂੰਘੀ ਚਿੰਤਾ ਦਾ ਵਿਸ਼ਾ/22

ਨਿਊਜ਼ੀਲੈਂਡ 'ਚ ਕਰੋਨਾ/26

ਇਕ ਪਾਠਕ ਦੇ ਤੌਰ 'ਤੇ ਭਗਤ ਸਿੰਘ/27

### ਉੱਘੇ ਵਕੀਲ ਪ੍ਰਸ਼ਾਂਤ ਭੂਸ਼ਣ ਦਾ ਮਾਮਲਾ

## ਅਦਾਲਤੀ 'ਮਾਣਹਾਨੀ' ਅਤੇ ਨਿਆਂ ਪਾਲਿਕਾ ਦੀ ਸੜਾਂਦ

ਪਿਛਲੇ ਦਿਨੀਂ ਭਾਰਤ ਦੀ ਸੁਪਰੀਮ ਕੋਰਟ ਦੇ ਬੈਂਚ ਵੱਲੋਂ ਉੱਘੇ ਵਕੀਲ ਪ੍ਰਸ਼ਾਂਤ ਭੂਸ਼ਣ ਨੂੰ ਅਦਾਲਤੀ ਮਾਣਹਾਨੀ ਦਾ ਦੋਸ਼ੀ ਕਰਾਰ ਦਿੱਤੇ ਜਾਣ ਨੇ ਇਸ ਉੱਪਰ ਮੁੜ ਮੋਹਰ ਲਾ ਦਿੱਤੀ ਕਿ ਵਿਚਾਰ ਪ੍ਰਗਟਾਵੇ ਦੇ ਹੱਕ ਨੂੰ ਖ਼ਤਰਾ ਸਿਰਫ਼ ਆਰ.ਐੱਸ.ਐੱਸ.-ਭਾਜਪਾ ਤੋਂ ਹੀ ਨਹੀਂ ਇਸ ਵਿਚ ਸਰਵਉੱਚ ਅਦਾਲਤ ਵੀ ਸ਼ਾਮਲ ਹੈ ਜਿਸ ਨੂੰ ਨਿਆਂ ਦੀ ਆਖ਼ਰੀ ਉਮੀਦ ਮੰਨਿਆ ਜਾਂਦਾ ਹੈ। ਪ੍ਰਸ਼ਾਂਤ ਭੂਸ਼ਣ ਆਪਣੀ ਗੱਲ ਉੱਪਰ ਡੱਟੇ ਹੋਏ ਹਨ। ਉਹਨਾਂ ਵੱਲੋਂ ਮਾਫ਼ੀ ਨਾ ਮੰਗਣ ਦੇ ਸਟੈਂਡ ਦੇ ਮੱਦੇਨਜ਼ਰ ਸੁਪਰੀਮ ਕੋਰਟ ਦਾ ਬੈਂਚ ਹੁਣ ਮਾਮਲਾ ਗਲੋਂ ਲਾਹੁਣ ਦੇ ਰੌਂਅ 'ਚ ਜਾਪਦੀ ਹੈ। ਚਾਹੇ ਦੇਸ਼-ਬਦੇਸ਼ ਵਿਚ ਪ੍ਰਸ਼ਾਂਤ ਭੂਸ਼ਣ ਦੇ ਹੱਕ ਵਿਚ ਕਾਨੂੰਨਦਾਨਾਂ ਅਤੇ ਹੋਰ ਇਨਸਾਫ਼ਪਸੰਦ ਲੋਕਾਂ ਵੱਲੋਂ ਉਠਾਈ ਆਵਾਜ਼ ਅਤੇ ਆਪਣੀ ਸਾਖ਼ ਬਚਾਉਣ ਦੀ ਜ਼ਰੂਰਤ ਦੇ ਮੱਦੇਨਜ਼ਰ ਬੈਂਚ ਉਸ ਨੂੰ ਕੋਈ ਸਜ਼ਾ ਦੇਵੇ ਜਾਂ ਸਿਰਫ਼ ਚੇਤਾਵਨੀ ਦੇ ਕੇ ਮਾਮਲਾ ਖ਼ਤਮ ਕਰ ਦੇਵੇ, ਲੇਕਿਨ ਮਾਮੂਲੀ ਟਵੀਟ ਨੂੰ ਮਾਣਹਾਨੀ ਕਰਾਰ ਦੇਣਾ ਹੀ ਜੱਜਾਂ ਦੀ ਗ਼ੈਰਜਮਹੂਰੀ ਮਾਨਸਿਕਤਾ ਨੂੰ ਸਮਝਣ ਲਈ ਕਾਫ਼ੀ ਹੈ। ਇਹ ਫ਼ੈਸਲਾ ਨਿਆਂਸ਼ਾਸਤਰ, ਬੁਨਿਆਦੀ ਸੰਵਿਧਾਨਕ ਹੱਕਾਂ, ਅਦਾਲਤੀ ਪਾਰਦਰਸ਼ਤਾ ਤੇ ਨਿਰਪੱਖਤਾ ਦੇ ਕਿਸੇ ਵੀ ਪੈਮਾਨੇ ਅਨੁਸਾਰ ਤਰਕਸੰਗਤ ਨਹੀਂ। ਇਸੇ




ਲਈ, ਮਸ਼ਹੂਰ ਪੱਤਰਕਾਰ (ਅਤੇ ਭਾਜਪਾ ਦੇ ਸਾਬਕਾ ਕੇਂਦਰੀ ਮੰਤਰੀ) ਅਰੁਣ ਸ਼ੋਰੀ ਨੇ ਕਿਹਾ ਕਿ ਸੁਪਰੀਮ ਕੋਰਟ ਦੀ ਨੀਂਹ ਕਿੰਨੀ ਖੋਖਲੀ ਹੋ ਚੁੱਕੀ ਹੈ ਕਿ ਇਹ ਮਹਿਜ਼ ਦੋ ਟਵੀਟਾਂ ਨਾਲ ਹੀ ਹਿੱਲ ਸਕਦੀ ਹੈ।

ਪ੍ਰਸ਼ਾਤ ਭੂਸ਼ਨ ਨੇ 26 ਅਤੇ 27 ਜੂਨ 2020 ਨੂੰ ਦੋ ਟਵੀਟ ਕੀਤੇ ਸਨ। ਪਹਿਲੇ ਟਵੀਟ ਨਾਲ ਲਗਾਈ ਤਸਵੀਰ ਵਿਚ ਮੌਜੂਦਾ ਚੀਫ ਜਸਟਿਸ ਅਰਵਿੰਦ ਬੋਬੜੇ ਲੌਕਡਾਊਨ ਦੌਰਾਨ ਰਾਜ-ਭਵਨ ਨਾਗਪੁਰ ਵਿਖੇ ਬਿਨਾ ਮਾਸਕ ਅਤੇ ਹੈਲਮੇਟ ਪਹਿਨੇ ਇਕ ਭਾਜਪਾ ਆਗੂ ਦੇ ਛੋਕਰੇ ਦੇ ਬੇਹੱਦ ਮਹਿੰਗੇ ਮੋਟਰਸਾਈਕਲ ਉੱਪਰ ਬਿਰਾਜਮਾਨ ਨਜ਼ਰ ਆਏ। ਪ੍ਰਸ਼ਾਂਤ ਭੂਸ਼ਣ ਨੇ ਇਸ ਤਸਵੀਰ ਉੱਪਰ ਟਿੱਪਣੀ ਕੀਤੀ।



ਬੂਟਾ ਸਿੰਘ ਨਵਾਂਸ਼ਹਿਰ
94634-74342

ਦੂਸਰੇ ਟਵੀਟ ਵਿਚ ਉਸ ਨੇ ਮੌਜੂਦਾ ਨਿਜ਼ਾਮ ਦੀ ਨਿਰੰਕੁਸ਼ਤਾ ਵਿਚ ਜੁਡੀਸ਼ਰੀ ਦੀ ਮਿਲੀਭੁਗਤ ਉੱਪਰ ਟਿੱਪਣੀ ਕੀਤੀ ਸੀ। ਉਸ ਨੇ ਪਿਛਲੇ ਛੇ ਸਾਲਾਂ ਦੌਰਾਨ ਰਸਮੀਂ ਐਮਰਜੈਂਸੀ ਤੋਂ ਬਗ਼ੈਰ ਹੀ ਲੋਕਤੰਤਰ ਦੀ ਤਬਾਹੀ ਲਈ ਸੁਪਰੀਮ ਕੋਰਟ ਦੇ ਆਖ਼ਰੀ ਚਾਰ ਚੀਫ਼ ਜਸਟਿਸਾਂ – ਐੱਸਏ ਬੋਬੜੇ, ਰੰਜਨ ਗੋਗੋਈ, ਦੀਪਕ ਮਿਸ਼ਰਾ ਅਤੇ ਜੇਐੱਸ ਖੇਹਰ – ਦੀ ਭੂਮਿਕਾ ਉੱਪਰ ਸਵਾਲ ਉਠਾਏ ਸਨ। ਪ੍ਰਸ਼ਾਂਤ ਭੂਸ਼ਣ ਦੇ ਦੋਨੋਂ ਤੱਥਪੂਰਨ ਟਵੀਟ ਭਾਰਤ ਦੇ ਦਹਿ-ਕਰੋੜਾਂ ਵੱਲੋਂ ਮਹਿਸੂਸ ਕੀਤੀ ਜਾ ਰਹੀ ਮੁਲਕ ਦੀ ਹਕੀਕਤ ਦੀ ਤਰਜਮਾਨੀ ਕਰਦੇ ਹਨ। ਜਿਸ ਨੂੰ ਬੈਂਚ ਨੇ ਮਾਣਹਾਨੀ ਕਰਾਰ ਦਿੱਤਾ ਹੈ ਉਹ ਦਰਅਸਲ ਉਹ ਹੱਕ ਹੈ ਜਿਸ ਨੂੰ ਪ੍ਰਸ਼ਾਂਤ ਭੂਸ਼ਨ ਨੇ 'ਨਾਗਰਿਕ ਦਾ ਸਰਬਉੱਚ ਫਰਜ਼' ਵਜੋਂ ਬੁਲੰਦ ਕੀਤਾ ਹੈ। ਸ਼ਾਇਦ ਸੁਪਰੀਮ ਕੋਰਟ ਨਹੀਂ ਚਾਹੁੰਦੀ ਕਿ ਜਾਗਰੂਕ ਨਾਗਰਿਕ ਸਵਾਲ ਉਠਾਉਣ ਦਾ ਇਹ ਹੱਕ ਇਸਤੇਮਾਲ ਕਰਨ ਜਿਹਨਾਂ ਨੂੰ ਮੁਲਕ ਦੇ

(ਬਾਕੀ ਸਫ਼ਾ 23 'ਤੇ)

CONGRATULATIONS
TEAM OVER 600 REALTORS
HomeLife Silvercity Realty Inc., Brokerage
905-913-8500
11775 Bramalea Rd # 201, Brampton
GARCHA BROTHERS

Call for your home BUYING & SELLING needs
BALJINDER SANGHA
REALTOR
(Certified Condominium Specialist)
403-680-3212
baljindersangha@urban-realty.ca
REALTOR MLS urban Real Estate Services Ltd.

ਹਰ ਤਰਾਂ ਦੀ ਇੰਸ਼ੋਰੈਂਸ ਲਈ ਅੱਜ ਹੀ ਸੰਪਰਕ ਕਰੋ
• Auto Insurance
• Home Insurance
• Life Insurance
• Critical illness
• Disability Insurance
• Car Loans
SAVE UPTO 30%
• ਕਾਰ ਇੰਸ਼ੋਰੈਂਸ
• ਹੋਮ ਇੰਸ਼ੋਰੈਂਸ
• ਲਾਈਫ ਇੰਸ਼ੋਰੈਂਸ
• ਕਰਿਟੀਕਲ ਇਲਨੈਸ ਇੰਸ਼ੋਰੈਂਸ
• ਡਿਸਅਬਿਲਿਟੀ ਇੰਸ਼ੋਰੈਂਸ
• ਕਾਰ ਲੋਨ
Call us for FREE Insurance Quote
Paramjit Plaha
403 554.4444
paramjit@paramjit.ca
paramjit.ca
215-2323 32 Ave NE Calgary AB T2E 6Z3

Hans
Demolition & Excavating
* Excavating * Demolition
* Sand Gravel
* Drain Tiles * Backfill
* Backhoe Service
* Trucking
* Land Clearing
* Hourly or Contract
Free Estimates
3822 Marine Way Burnaby, B.C. V5J 3H4
Ph : 604-240-8002
or : 604-250-3834

For All your Commercial Real Estate needs in Alberta, Motels/Hotels, Gas Station, Liquor Store, Plazas, Franchise, Restaurant
Call Gurprit Sidhu (Rana)
Ph:403.831.5000
Email: sidhugurprit@hotmail.com

SUPER VISA INSURANCE
PUNJAB INSURANCE INC.
• Life Insurance • Mortgage Insurance • Critical Illness Insurance • Disability Insurance • RESP, RRSP
www.punjabinsurance.ca
Sherjang Singh Rana 416.910.9000
Sandeep Ahuja 416.660.1010

# ਆਸ ਦੀ ਵਿਰਾਸਤ : ਫੀਦਲ ਕਾਸਟਰੋ



*ਜਿਸ ਕਿਸਮ ਨਾਲ ਫੀਦਲ ਕਾਸਟਰੋ ਨੇ ਕਿਊਬਾ ਦੇ ਲੋਕਾਂ ਦੀ ਸੋਚ, ਵਿਚਾਰ ਅਤੇ ਬਦਲਵੇਂ ਮਾਡਲ ਦੀ ਨੀਂਹ ਰੱਖੀ ਉਹ ਅੱਜ ਇਤਿਹਾਸ ਵਿਚ ਆਪਣਾ ਨਾਂ ਦਰਜ ਕਰਵਾ ਚੁੱਕੀ ਹੈ। ਇਸੇ ਕਰਕੇ ਤਾਂ 1961 ਵਿਚ ਫੀਦਲ ਕਾਸਟਰੋ ਨੇ ਅਦਾਲਤ ਦੇ ਸਾਹਮਣੇ ਆਪਣੇ ਬਿਆਨ ਦਰਜ ਕਰਵਾਉਂਦਿਆਂ ਕਿਹਾ ਸੀ, ''ਇਕ ਦਿਨ ਇਤਿਹਾਸ ਸਾਨੂੰ ਸਹੀ ਸਾਬਤ ਕਰੇਗਾ।*


ਡਾ. ਕੁਲਦੀਪ ਸਿੰਘ
98151-15429

20ਵੀਂ ਸਦੀ ਵਿਚ ਕਿਊਬਾ ਨੂੰ ਜੜ੍ਹੋਂ ਉਖਾੜਨ ਲਈ 1959ਵੇਂ ਤੋਂ ਦੁਨੀਆ ਦਾ ਬੇਤਾਜ਼ ਬਾਦਸ਼ਾਹ ਅਮਰੀਕਾ ਲਗਾਤਾਰ ਕੋਸ਼ਿਸ਼ਾਂ ਕਰਦਾ ਰਿਹਾ ਹੈ, ਪ੍ਰੰਤੂ ਇਸ ਮੁਲਕ ਦੀ ਰਹਿਨੁਮਾਈ ਜਦੋਂ 16 ਫਰਵਰੀ 1959 ਨੂੰ ਫੀਦਲ ਕਾਸਟਰੋ (13 ਅਗਸਤ 1926-25 ਨਵੰਬਰ 2016) ਨੇ ਅਮਰੀਕਨ ਪਿੱਠੂ ਤਾਨਾਸ਼ਾਹ ਬੁਟਿਸਟਾ ਦੀ ਸਰਕਾਰ ਦਾ ਤਖਤਾ ਉਲਟਾ ਕੇ ਇਕ ਸਮਾਜਵਾਦੀ ਸਰਕਾਰ ਦੀ ਸਥਾਪਨਾ ਕੀਤੀ। ਕਾਸਟਰੋ ਨੇ ਜਿਸ ਕਿਸਮ ਨਾਲ ਆਪਣੇ ਸਾਥੀ ਚੀ ਗੁਵੇਰਾ ਦੇ ਨਾਲ 70 ਦੇ ਕਰੀਬ ਸਾਥੀਆਂ ਨੂੰ ਨਾਲ ਲੈ ਕੇ ਤਾਨਾਸ਼ਾਹ ਦਾ ਤਖਤਾ ਉਲਟਾਉਣ ਲਈ ਇਕ ਕਿਸਮ ਦੀ ਗੁਰੀਲਾ ਜੰਗ ਸ਼ੁਰੂ ਕੀਤੀ ਸੀ ਜੋ ਹੌਲੀ ਹੌਲੀ ਸੰਕਟਗ੍ਰਸਤ ਲੋਕਾਈ ਨੂੰ ਆਪਣੇ ਨਾਲ ਜੋੜਦੇ ਗਏ ਅਤੇ ਦੁਨੀਆ ਵਿਚ ਵੱਖ ਵੱਖ ਮੁਲਕਾਂ ਦੀਆਂ ਸਰਕਾਰਾਂ ਨੂੰ ਉਲਟਾ ਕੇ ਅਗਾਂਹ ਵਧ ਰਹੇ ਸਾਮਰਾਜੀ ਮੁਲਕ ਅਮਰੀਕਾ ਤੋਂ 90 ਕਿਲੋਮੀਟਰ ਦੀ ਦੂਰੀ 'ਤੇ ਅਜਿਹਾ ਪਰਚਮ ਲਹਿਰਾ ਦਿੱਤਾ ਜਿਸ ਨੇ ਇਕ ਛੋਟੇ ਜਿਹੇ ਮੁਲਕ ਨੂੰ ਜੋ ਕਿ ਆਰਥਿਕ ਤੌਰ 'ਤੇ ਬੇਹੱਦ ਕਮਜ਼ੋਰ ਅਤੇ ਅਨਪੜ੍ਹਤਾ ਨਾਲ ਗ੍ਰਸਿਆ ਹੋਇਆ ਸੀ। ਕਈ ਕਿਸਮ ਦੀਆਂ ਆਰਥਿਕ ਤੇ ਸਮਾਜਿਕ ਸਮੱਸਿਆਵਾਂ ਸਮੁੱਚੇ ਕਿਊਬਿਨ ਲੋਕਾਂ ਨੂੰ ਨਰਕ ਵਰਗੀ ਜ਼ਿੰਦਗੀ ਬਸਰ ਕਰਨ ਲਈ ਮਜਬੂਰ ਕਰ ਰਹੀਆਂ ਸਨ। ਲਾਤੀਨੀ ਅਮਰੀਕਾ ਦਾ ਛੋਟਾ ਜਿਹਾ ਮੁਲਕ ਕਿਊਬਾ ਅਜੋਕੇ ਕੋਰੋਨਾ ਦੇ ਦੌਰ ਵਿਚ ਇਸ ਕਰਕੇ ਬੇਹੱਦ ਚਰਚਿਤ ਹੈ ਕਿਉਂਕਿ ਇਸ ਛੋਟੇ ਜਿਹੇ ਮੁਲਕ ਜਿਸ ਦੀ ਅਬਾਦੀ ਕੁੱਲ ਦੁਨੀਆ ਦੀ ਅਬਾਦੀ ਦਾ 0.15 ਪ੍ਰਤੀਸ਼ਤ ਹੈ, ਵਿਚ ਸਭ ਤੋਂ ਘੱਟ ਕੋਰੋਨਾ ਸੰਕਟ ਹੈ। ਫੀਦਲ ਕਾਸਟਰੋ ਨੇ ਸਮਾਜਵਾਦੀ ਕਿਊਬਾ ਦੀ ਉਸਾਰੀ ਦੇ ਪਹਿਲੇ ਦਿਨ ਹੀ ਆਪਣੇ ਸਾਥੀ ਚੀ ਗੁਵੇਰਾ ਦੀ ਇੱਛਾ ਅਨੁਸਾਰ ਸਿਹਤ ਸਹੂਲਤਾਂ ਦਾ ਕੌਮੀਕਰਨ ਕਰ ਦਿੱਤਾ ਅਤੇ ਇਹ ਐਲਾਨ ਕਰ ਦਿੱਤਾ ਕਿ ਇਕ ਦਿਨ ਆਬਾਦੀ ਦੇ ਹਿਸਾਬ ਨਾਲ ਸਭ ਤੋਂ ਵੱਧ ਡਾਕਟਰ ਅਤੇ ਨਰਸਾਂ ਸਾਡੇ ਮੁਲਕ ਦੀਆਂ ਹੋਣਗੀਆਂ। ਹਕੀਕਤ ਵਿਚ ਇਹ ਹੀ ਵਾਪਰਿਆ ਕਿ 300 ਵਿਅਕਤੀਆਂ ਪਿਛੇ ਇਕ ਡਾਕਟਰ ਹੈ ਅਤੇ ਸਮੁੱਚੀਆਂ ਸਿਹਤ ਸਹੂਲਤਾਂ ਵਿਚ 31 ਹਜ਼ਾਰ ਡਾਕਟਰ ਅਤੇ 40 ਹਜ਼ਾਰ ਦੇ ਕਰੀਬ ਸਟਾਫ ਨਰਸਾਂ ਹਨ।

ਇਸੇ ਤਰ੍ਹਾਂ ਮੁਢਲੀ ਸਿੱਖਿਆ ਤੋਂ ਲੈ ਕੇ ਯੂਨੀਵਰਸਿਟੀ ਤੱਕ ਦੀ ਸਿੱਖਿਆ ਮੁਫ਼ਤ ਦਿੱਤੀ ਜਾਂਦੀ ਹੈ। ਕਿਊਬਾ ਦੇ ਹਰੇਕ ਪਰਿਵਾਰ ਲਈ ਘਰ ਦੀ ਵਿਵਸਥਾ ਕੀਤੀ ਅਤੇ ਸਮੁੱਚੀ ਆਰਥਿਕਤਾ ਨੂੰ ਲੋਕਾਂ ਦੀ ਆਰਥਿਕਤਾ ਬਣਾਇਆ। ਵਰ੍ਹਾ 1962 ਜਦੋਂ ਅਜੇ ਨਵਾਂ ਨਵਾਂ ਸਮਾਜਵਾਦੀ ਮੁਲਕ ਉਸਰ ਰਿਹਾ ਸੀ ਤਾਂ ਅਮਰੀਕਾ ਅਤੇ ਸੋਵੀਅਤ ਯੂਨੀਅਨ ਵਿਚ ਟਕਰਾਅ ਵਧ ਗਿਆ ਅਤੇ ਜਿਸ ਨੂੰ ਇਤਿਹਾਸ ਵਿਚ 'ਮਿਜ਼ਾਇਲ ਸੰਕਟ' ਵੀ ਕਿਹਾ ਜਾਂਦਾ ਹੈ, ਉਸ ਸਮੇਂ ਫੀਦਲ ਕਾਸਟਰੋ ਨੇ ਅਮਰੀਕਾ ਦੇ ਖਿਲਾਫ਼ ਡਟ ਕੇ ਪੁਜੀਸ਼ਨ ਲਈ ਕਿ ਅਸੀਂ ਤਾਂ ਸੰਕਟਾਂ ਵਿਚੋਂ ਵੱਡੇ ਹੋ ਕੇ ਗੁਜ਼ਰੇ ਹਾਂ ਅਤੇ ਅਜਿਹੇ ਸੰਕਟ ਪਤਾ ਨਹੀਂ ਕਿੰਨੇ ਆਉਣਗੇ, ਉਨ੍ਹਾਂ ਨੂੰ ਸਰ ਕਰਨ ਲਈ ਸਾਡੇ ਲੋਕ ਦੁਨੀਆਂ ਦੇ ਸਾਹਮਣੇ ਬੰਬਾਂ, ਬੰਦੂਕਾਂ ਦੀ ਥਾਂ ਸਿਹਤ ਸਹੂਲਤਾਂ, ਸਿੱਖਿਆ ਅਤੇ ਹਰ ਇਕ ਲਈ ਘਰ ਅਤੇ ਰੁਜ਼ਗਾਰ ਦਾ ਨਵਾਂ ਮਾਡਲ ਰੱਖ ਰਹੇ ਹਾਂ ਜੋ ਸਾਡੀ ਸਭ ਤੋਂ ਵੱਡੀ ਤਾਕਤ ਹੋਵੇਗੀ।

ਜਦੋਂ 1989 ਵਿਚ ਸਮੁੱਚੇ ਸੋਵੀਅਤ ਅਤੇ ਈਸਟ ਯੂਰਪ ਦਾ ਬਲਾਕ ਬੁਰੀ ਤਰ੍ਹਾਂ ਖਿੰਡ ਖੱਪਰ ਗਿਆ, ਇਥੋਂ ਤੱਕ ਕਿ ਇਨ੍ਹਾਂ ਮੁਲਕਾਂ ਵਿਚ ਸਮਾਜਵਾਦੀ ਮਾਡਲ ਅਤੇ ਸੁਪਨੇ ਵੀ ਢਹਿ-ਢੇਰੀ ਹੋ ਗਏ। ਇਸ ਦਾ ਕਿਊਬਾ ਉਪਰ ਇਹ ਅਸਰ ਪਿਆ ਕਿ ਜੋ ਉਨ੍ਹਾਂ ਦੀ ਆਰਥਿਕਤਾ ਚਲ ਰਹੀ ਸੀ ਉਸ ਵਿਚ ਇਨ੍ਹਾਂ ਮੁਲਕਾਂ ਦੀ ਦਰਾਮਦ ਦਾ ਵੱਡਾ ਯੋਗਦਾਨ ਸੀ। ਇਕ ਵਾਰੀ ਤਾਂ ਕਿਊਬਾ ਦੀ ਕਰਾਂਸੀ ਖਾਤਮੇ 'ਤੇ ਪਹੁੰਚ ਗਈ। ਹਰੇਕ ਕਿਸਮ ਦੀਆਂ ਆਰਥਿਕ ਸਮੱਸਿਆਵਾਂ ਨੇ ਕਿਊਬਾ ਨੂੰ ਘੇਰ ਲਿਆ ਅਤੇ ਸਮੁੱਚੇ ਲਾਤੀਨੀ ਮੁਲਕਾਂ ਵਿਚ ਨਵਉਦਾਰਵਾਦ ਦੀ ਹਨ੍ਹੇਰੀ ਚੱਲਣ ਲੱਗੀ। ਪ੍ਰੰਤੂ ਫੀਦਲ ਕਾਸਟਰੋ ਇਸ ਹੱਦ ਤੱਕ ਸਮਾਜਵਾਦੀ ਮਾਡਲ ਦੀ ਦਿਸ਼ਾ ਉਪਰ ਡਟਿਆ ਰਿਹਾ। ਉਸ ਨੇ ਵਰ੍ਹਾ 1989 ਵਿਚ ਉਸ ਸਮੇਂ ਕਿਹਾ, "ਭਾਵੇਂ ਸਮਾਜਵਾਦ ਕੁਝ ਦੇਸ਼ਾਂ ਵਿਚ ਢਹਿ-ਢੇਰੀ ਹੋ ਗਿਆ ਹੈ, ਇਸ ਦੇ ਕਈ ਕਾਰਨ ਹੋ ਸਕਦੇ ਹਨ ਇਸ ਦਾ ਬਦਲ ਜੋ ਨਵਉਦਾਰਵਾਦ ਅਤੇ ਪੂੰਜੀਵਾਦ ਵਿਚ ਦੇਖਿਆ ਜਾ ਰਿਹਾ ਹੈ ਜਿਸ ਦਾ ਆਧਾਰ ਸਿਰਫ਼ ਲਾਲਚੀ ਪ੍ਰਕਿਰਿਆ ਤੇਜ਼ ਕਰਨਾ, ਗੈਰ-ਬਰਾਬਰੀ ਉਤਪੰਨ ਕਰਨਾ ਅਤੇ ਜ਼ਾਲਮਾਨਾ ਢੰਗਾਂ ਨਾਲ ਕੁਦਰਤੀ ਸਾਧਨਾਂ ਦੀ ਤਬਾਹੀ ਕਰਨਾ। ਜੇ ਨਵਉਦਾਰਵਾਦ ਪਛੜੇ ਤੇ ਵਿਕਾਸਸ਼ੀਲ ਮੁਲਕਾਂ ਵਿਚ ਵੀ ਜੇਤੂ ਹੋ ਜਾਂਦਾ ਹੈ ਤਾਂ ਇਹ ਇਤਿਹਾਸ ਦੀ ਤੋਰ ਦੇ ਕਿਸੇ ਪੜਾਅ ਉਪਰ ਜਾ ਕੇ ਗਲਤ ਸਿੱਧ ਹੋਵੇਗਾ। ਮੈਂ ਤਾਂ 1959 ਤੋਂ ਹੁਣ ਤੱਕ ਦੁਨੀਆ ਦੇ ਸਭ ਤੋਂ ਵੱਡੇ ਧੱਕੜਸ਼ਾਹ ਮੁਲਕ ਦੇ ਨਾਲ ਜੂਝਦਾ ਆ ਰਿਹਾ ਹਾਂ ਅਤੇ ਉਸ ਦੀਆਂ ਧੱਕੇਸ਼ਾਹੀਆਂ ਦਾ ਡਟ ਕੇ ਮੁਕਾਬਲਾ ਕਰਦਾ ਆ ਰਿਹਾ ਹਾਂ। ਪ੍ਰੰਤੂ ਇਕ ਦਿਨ ਇਤਿਹਾਸ ਸਾਨੂੰ ਸਹੀ ਸਿੱਧ ਕਰੇਗਾ ਕਿਉਂਕਿ ਅਸੀਂ ਆਪਣੇ ਲੋਕਾਂ ਲਈ ਸ਼ਾਨਦਾਰ ਸਿਹਤ, ਵਿਦਿਆ ਅਤੇ ਬਰਾਬਰਤਾ ਵਾਲੇ ਸਮਾਜ ਦੀ ਸਿਰਜਨਾ ਲਈ ਸਮੁੱਚੇ ਸਰੋਤਾਂ ਨੂੰ ਵਰਤੋਂ ਵਿਚ ਲਿਆ ਰਹੇ ਹਾਂ। ਇਹ ਹੀ ਸਾਡੇ ਦੇਣ ਕਿਸੇ ਨਾ ਕਿਸੇ ਰੂਪ ਵਿਚ ਮਾਰਕਸਵਾਦ ਦੇ ਅਗਲੇ ਤਜਰਬਿਆਂ ਵਿਚ ਗਿਣੀ ਜਾਵੇਗੀ।"

ਯੂ.ਐਨ.ਓ. ਦੇ ਜਨਰਲ ਇਜਲਾਸ (1979) ਵਿਚ ਫੀਦਲ ਕਾਸਟਰੋ ਨੇ ਭਾਸ਼ਨ ਦਿੰਦਿਆਂ ਕਿਹਾ ਸੀ, "ਤੁਸੀਂ ਅਕਸਰ ਹੀ ਮਾਨਵੀ ਹੱਕਾਂ (Human Rights) ਦੀ ਤਾਂ ਗੱਲ ਕਰਦੇ ਹੋ ਪ੍ਰੰਤੂ ਕਦੇ ਵੀ ਮਨੁੱਖਤਾ ਦੇ ਹੱਕਾਂ ਬਾਰੇ ਕੋਈ ਗੱਲ ਨਹੀਂ ਕਰਦੇ ਜੋ ਕਿ ਦਹਾਕਿਆਂ ਤੋਂ ਗੈਰ ਮਨੁੱਖੀ ਰੂਪ ਵਿਚ ਸਾਹਮਣੇ ਆਏ ਪਏ ਹਨ। ਜਿਵੇਂ ਭੁਖਮਰੀ, ਗਰੀਬੀ, ਅਨਪੜ੍ਹਤਾ, ਬੇਰੁਜ਼ਗਾਰੀ ਅਤੇ ਵੱਖ-ਵੱਖ ਬਿਮਾਰੀਆਂ ਦੇ ਰੂਪ ਵਿਚ ਸਾਹਮਣੇ ਹੈ, ਇਕ ਦਿਨ ਇਤਿਹਾਸ ਇਨ੍ਹਾਂ ਪੰਨਿਆਂ ਨੂੰ ਫਰੋਲੇਗਾ ਅਤੇ ਅਸੀਂ ਸਾਰੇ ਕਿਸੇ ਨਾ ਕਿਸੇ ਰੂਪ ਵਿਚ ਕਸੂਰਵਾਰ ਪਾਏ ਜਾਵਾਂਗੇ। ਹਾਲਾਂਕਿ ਅਸੀਂ ਇਨ੍ਹਾਂ ਅਦਾਰਿਆਂ ਵਿਚ ਲੋਕਾਂ ਨਾਲ ਇਹ ਵਾਅਦੇ ਕਰਦੇ ਹਾਂ ਕਿ ਅਸੀਂ ਕੌਮਾਂਤਰੀ ਪੱਧਰ 'ਤੇ ਮਨੁੱਖਤਾ ਦੀ ਬੇਹਤਰੀ ਕਰਨੀ ਹੈ।"

ਅੱਜ ਜਦੋਂ ਦੁਨੀਆ ਭਰ ਵਿਚ ਕੋਰੋਨਾ ਸੰਕਟ ਨੇ ਪਛੜੇ ਮੁਲਕਾਂ ਤੋਂ ਲੈ ਕੇ ਅਮੀਰ ਮੁਲਕਾਂ ਤੱਕ ਦੀਆਂ ਸਿਹਤ ਸਹੂਲਤਾਂ ਦਾ ਨੰਗ ਬਾਹਰ ਲਿਆਂਦਾ ਹੈ ਉਸ ਸਮੇਂ ਇਹ ਛੋਟਾ ਜਿਹਾ ਮੁਲਕ ਇਸ ਬਿਮਾਰੀ ਤੋਂ ਬਚਿਆ ਹੀ ਨਹੀਂ ਬਲਕਿ ਆਪਣੇ ਮਾਨਵਤਾ ਦੇ ਅਸੂਲਾਂ ਕਾਰਨ ਦੁਨੀਆ ਭਰ ਵਿਚ ਵੱਖ-ਵੱਖ ਮੁਲਕਾਂ ਜਿਨ੍ਹਾਂ ਵਿਚ ਬਹੁਗਿਣਤੀ ਅਫਰੀਕਨ, ਅਰਬ, ਲਾਤੀਨੀ ਅਮਰੀਕਾ ਅਤੇ ਇਥੋਂ ਤੱਕ ਯੂਰਪ ਦੇ ਮੁਲਕਾਂ ਵਿਚ ਵੀ ਡਾਕਟਰ ਅਤੇ ਨਰਸਾਂ ਭੇਜ ਰਿਹਾ ਹੈ ਅਤੇ ਹਰ ਕਿਸਮ ਦੀ ਸਿਹਤ ਸਹੂਲਤਾਂ ਦੀ ਮਦਦ ਦੇਣ ਲਈ ਤਿਆਰ ਹੈ, ਕਿਉਂਕਿ ਦਹਾਕਿਆਂ ਤੋਂ ਕਿਊਬਾ ਨੇ ਵੱਖ-ਵੱਖ ਕਿਸਮ ਦੇ ਵਾਇਰਸਾਂ ਨੂੰ ਲੈ ਕੇ ਖੋਜ ਕਾਰਜ ਹੀ ਨਹੀਂ ਕੀਤੇ ਬਲਕਿ ਅਫਰੀਕਾ ਵਿਚਲੇ ਈਬੋਲਾ ਵਰਗੇ ਵਾਇਰਸਾਂ ਤੋਂ ਬਚਾਅ ਲਈ ਸਿਹਤ ਸਹੂਲਤਾਂ ਅਤੇ ਟ੍ਰੇਨਿੰਗ ਵੀ ਪ੍ਰਦਾਨ ਕੀਤੀ। ਇਥੋਂ ਤੱਕ ਕਿ ਵਰ੍ਹਾ 1996 ਵਿਚ ਕਾਰਪੋਰੇਟ ਘਰਾਣਿਆਂ ਦੇ ਸਪੋਕਸਮੈਨ 'ਦਾ ਇਕਨਮਿਸਟ' ਨੂੰ ਵੀ ਕਹਿਣਾ ਪਿਆ ਸੀ, "ਕਿਊਬਾ ਅਜਿਹਾ ਮੁਲਕ ਹੈ ਜਿਸ ਦੀਆਂ ਸਿਹਤ ਸਹੂਲਤਾਂ ਵਿਚ ਵੱਖ-ਵੱਖ ਵਾਇਰਸਾਂ ਨੂੰ ਖਤਮ ਕਰਨ ਵਾਲੀਆਂ ਦਵਾਈਆਂ ਦੀ ਖੋਜ ਹੁੰਦੀ ਹੈ ਅਤੇ ਈਮਿਊਨਟੀ ਨੂੰ ਕਿਸ ਤਰ੍ਹਾਂ ਤਾਕਤਵਰ ਕਰਨਾ ਹੈ।"

ਜਿਸ ਕਿਸਮ ਨਾਲ ਫੀਦਲ ਕਾਸਟਰੋ ਨੇ ਕਿਊਬਾ ਦੇ ਲੋਕਾਂ ਦੀ ਸੋਚ, ਵਿਚਾਰ ਅਤੇ ਬਦਲਵੇਂ ਮਾਡਲ ਦੀ ਨੀਂਹ ਰੱਖੀ ਉਹ ਅੱਜ ਇਤਿਹਾਸ ਵਿਚ ਆਪਣਾ ਨਾਂ ਦਰਜ ਕਰਵਾ ਚੁੱਕੀ ਹੈ। ਇਸੇ ਕਰਕੇ ਤਾਂ 1961 ਵਿਚ ਫੀਦਲ ਕਾਸਟਰੋ ਨੇ ਅਦਾਲਤ ਦੇ ਸਾਹਮਣੇ ਆਪਣੇ ਬਿਆਨ ਦਰਜ ਕਰਵਾਉਂਦਿਆਂ ਕਿਹਾ ਸੀ, "ਇਕ ਦਿਨ ਇਤਿਹਾਸ ਸਾਨੂੰ ਸਹੀ ਸਾਬਤ ਕਰੇਗਾ। ਕਿਉਂਕਿ ਅਸੀਂ ਦੁਨੀਆ ਭਰ ਵਿਚ ਮਨੁੱਖਤਾ ਦਾ ਭਲਾ ਹੀ ਨਹੀਂ ਚਾਹੁੰਦੇ ਬਲਕਿ ਅਜਿਹੇ ਮਾਡਲਾਂ ਦੀ ਉਸਾਰੀ ਵੀ ਕਰਨਾ ਚਾਹੁੰਦੇ ਹਾਂ ਜਿਨ੍ਹਾਂ ਵਿਚ ਮਨੁੱਖ ਕੇਂਦਰ ਵਿਚ ਹੋਵੇ ਅਤੇ ਸਮੁੱਚੇ ਸਰੋਤ, ਸੱਤਾ, ਰਾਜਨੀਤੀ, ਅਦਾਰੇ, ਆਰਥਿਕਤਾ, ਸਭਿਆਚਾਰ ਅਤੇ ਸਮਾਜ ਲੋਕਾਂ ਲਈ ਤੇ ਲੋਕਾਂ ਦਾ ਹੀ ਹੋਵੇ।"

WEST COAST HOME & TRUSS LTD.
Manufacturers of Quality Pre-Engineered Metal Plate Connected Wood Trusses
CUSTOM PRODUCTS AND SERVICES OFFERED :
- Pre-Engineered Roof and Floor Trusses
- Metal Web Floor Trusses
- Custom Heavy Timber Trusses and Timber Framing Kits
- Curved Roof and Ceiling Trusses
- Curved Timber and Laminated Joists
- Curved Fascias and Trims
- Pre-Fab Barreled and Double Barreled Vaulted Ceilings
- Pre-Fab Dome and Elliptical Ceilings
- Structural Engineering and Inspection Services (BC, Alberta & Saskatchewan)



10230-120 Street Surrey, BC, V3V 4G1
www.westcoasttruss.ca | info@westcoasttruss.ca
(604) 580-3275
(778) 896-7194



SECURELIFE INSURANCE AGENCY INC.
NOW HIRING !!!
NEW & EXPERIENCED ADVISORS
Ravinderjit Basra
416-845-6232
www.securelifeinsurance.ca

**SARO KARAN DI AWAZ**

**Publisher**
Pro-People Arts Project
Media Group 29
Mapleview Ave, Brampton
Ontario, CA, L6R 1M2

**Chief Editor**
Harbans Singh
416-817-7142
ppapmg@gmail.com

**Managing Director**
Devinder Toor, Toronto
416-902-9372
ppapmg@gmail.com

**Sub Editor**
Master Bhajan Singh
Calgary (Alberta)
403-455-4220
btarksheel@gmail.com

**Sub Editor**
Dr. Hardeep Singh, Milton
(Ontario)
416-209-6363
deephsingh@gmail.com

**Sub Editor**
Randeep Singh
(India)
09855695905
rvs0001@gmail.com

**Literary Advisor**
Haripal
Calgary (NE) Alberta
403-714-4816
haripalharry2016@gmail.com

Parminder Swaich
Surrey (BC)
604-760-4794
pswaich@hotmail.com

**Graphic Desinger**
Baljinder Singh
+91-92167-29598
akashdeep.1064@gmail.com

**Honorary Advisory Board**

Sukhdev Singh Sandhu
(Toronto)

Master Balbir Singh Gill
(Toronto)
Jaspreet Dhaliwal
(Toronto)

Harcharan Singh Parhar
Calgary

Malkit Singh
Abbotsford (BC)

Narbhinder Singh (India)
(Punjab)
935-443-0211

Buta Singh Nawan Shahr
(Punjab)
946-347-4342
atoozed@gmail.com

Jaswant Zirakh (India)
(Punjab)
98151-69825
jaswantzirakh@gmail.com

ਸੰਪਾਦਕੀ ਮੰਡਲ ਦਾ ਕਿਸੇ ਵੀ ਰਚਨਾ ਨਾਲ ਸਹਿਮਤ ਹੋਣਾ ਜ਼ਰੂਰੀ ਨਹੀਂ। ਮੈਟਰ ਵਿਚ ਵਾਧਾ-ਘਾਟਾ ਕਰਨ ਦਾ ਅਧਿਕਾਰ ਅਦਾਰਾ 'ਸਰੋਕਾਰਾਂ ਦੀ ਆਵਾਜ਼' ਨੂੰ ਹੋਵੇਗਾ। ਪੇਪਰ ਵਿਚ ਛਪੀ ਹਰ ਲਿਖਤ ਜਾਂ ਇਸ਼ਤਿਹਾਰ ਸਬੰਧੀ ਲੇਖਕ ਅਤੇ ਇਸ਼ਤਿਹਾਰਦਾਤਾ ਹੀ ਜ਼ਿੰਮੇਵਾਰ ਹੋਵੇਗਾ।

# ਕੈਨੇਡਾ ਵਿੱਚ ਵੀ ਉੱਠੀ ਭਾਰਤ ਵਿੱਚ ਗ੍ਰਿਫਤਾਰ ਪ੍ਰੋ: ਵਰਾਵਰਾ ਰਾਓ ਅਤੇ ਹੋਰ ਬੁੱਧੀਜੀਵੀਆਂ ਦੀ ਰਿਹਾਈ ਦੀ ਮੰਗ, ਅੱਠ ਜਮਹੂਰੀ ਜੱਥੇਬੰਦੀਆਂ ਵੱਲੋਂ ਜਬਰਦਸਤ ਰੋਸ ਵਿਖਾਵਾ











ਬਰੈਂਪਟਨ (ਡਾ. ਹਰਦੀਪ ਸਿੰਘ) : ਬਰੈਂਪਟਨ ਦੇ ਚਿੰਗੂਜੀ ਪਾਰਕ ਵਿਖੇ ਵੱਖ ਵੱਖ ਜੱਥੇਬੰਦੀਆਂ, ਸਾਹਿਤਕ ਸਭਾਵਾਂ ਅਤੇ ਅਗਾਂਹਵਧੂ ਲੋਕਾਂ ਵੱਲੋਂ ਭਾਰਤੀ ਹਕੂਮਤ ਵੱਲੋਂ ਤੇਲਗੂ ਇਨਕਲਾਬੀ ਕਵੀ ਵਰਾਵਰਾ ਰਾਓ ਅਤੇ ਹੋਰ ਸਮਾਜਸੇਵੀ ਬੁੱਧੀਜੀਵੀਆਂ ਦੀ ਗਿਫ੍ਰਤਾਰੀ ਵਿਰੁੱਧ ਰੋਸ ਵਿਖਾਵਾ ਕੀਤਾ ਗਿਆ। ਹਾਜ਼ਰ ਇਕੱਠ ਵੱਲੋਂ ਭਾਰਤ ਵਿੱਚ ਧਾਰਮਿਕ ਘੱਟ ਗਿਣਤੀਆਂ, ਦਲਿਤਾਂ, ਆਦਿਵਾਸੀਆਂ ਖਿਲਾਫ ਨਫਰਤ ਅਤੇ ਦਾਬੇ ਦੀਆਂ ਮੋਦੀ-ਭਾਜਪਾ ਸਰਕਾਰ ਵੱਲੋਂ ਚਲ ਰਹੀਆਂ ਨੀਤੀਆਂ ਪ੍ਰਤੀ ਰੋਸ ਜਾਹਿਰ ਕੀਤੀ ਅਤੇ ਦਰਜਨ ਤੋਂ ਵੱਧ ਗ੍ਰਿਫਤਾਰ ਕੀਤੇ ਲੋਕ ਪੱਖੀ ਬੁੱਧੀਜੀਵੀਆਂ ਦੀ ਰਿਹਾਈ ਦੀ ਮੰਗ ਕੀਤੀ। ਸਟੇਜ ਦੀ ਕਾਰਵਾਈ ਡਾ: ਹਰਦੀਪ ਸਿੰਘ (ਸਰੋਕਾਰਾਂ ਦੀ ਅਵਾਜ਼) ਵਲੋਂ ਨਿਭਾਈ ਗਈ। ਵਿਖਾਵੇ ਤੋਂ ਬਾਅਦ ਸ਼ਹਿਰ ਵਿੱਚ ਪੈਦਲ ਮਾਰਚ ਵੀ ਕੱਢਿਆ ਗਿਆ।

ਬੁਲਾਰਿਆਂ ਵਿੱਚ ਹਰਬੰਸ ਸਿੰਘ (ਸਰੋਕਾਰਾਂ ਦੀ ਅਵਾਜ਼), ਨਾਰਥ ਅਮਰੀਕਨ ਤਰਕਸ਼ੀਲ ਸੁਸਾਇਟੀ ਦੇ ਬਲਦੇਵ ਗੀਹਪਾ, ਜੀ ਟੀ ਏ ਵੈਸਟ ਕਲੱਬ ਦੇ ਹਰਿੰਦਰ ਹੁੰਦਲ, ਅਲਾਇੰਸ ਪ੍ਰੋਗਰੈਸਿਵ ਕੈਨੇਡੀਅਨ ਦੇ ਹਰਪਰਮਿੰਦਰ ਗਦਰੀ, ਇੰਡੋ-ਕੈਨੇਡੀਅਨ ਵਰਕਰਜ਼ ਵੱਲੋਂ ਅਮ੍ਰਿਤ ਢਿੱਲੋਂ, ਕੈਨੇਡੀਅਨ ਸਾਹਿਤ ਸਭਾ ਵੱਲੋਂ ਮਲੂਕ ਸਿੰਘ ਕਾਹਲੋਂ, ਕੈਨੇਡੀਅਨ ਕਮਿਊਨਿਸਟ ਪਾਰਟੀ-ਐਮ ਐਲ ਵੱਲੋਂ ਕਾ: ਫਿਲਿਪ ਫਰਨਾਡੀਜ਼, ਫਿਦਾਇਨ ਗੁਰਿਲਾ ਆਫ ਇਰਾਨ ਪਾਰਟੀ ਦੇ ਕਾ: ਮੋਅ, ਕਮਿਊਨਿਸਟ ਪਾਰਟੀ ਇੰਡੀਆ ਦੇ ਕੌਮੀ ਆਗੂ ਕਾ:ਜਗਜੀਤ ਜੋਗਾ, ਐਨ ਆਰ ਆਈ ਇਨਕਲਾਬੀ ਮੰਚ ਵੱਲੋਂ ਨਵਦੀਪ ਜੋਧਾਂ ਆਦਿ ਮੁੱਖ ਸਨ। ਸਰੋਕਾਰਾਂ ਦੀ ਅਵਾਜ਼ ਦੇ ਦਵਿੰਦਰ ਸਿੰਘ ਤੂਰ ਨੇ ਸਭ ਦਾ ਧੰਨਵਾਦ ਕੀਤਾ।

ਵੱਖ-ਵੱਖ ਬੁਲਾਰਿਆਂ ਨੇ ਕਿਹਾ ਕਿ ਭਾਰਤ ਵਿੱਚ ਹਿੰਦੂ ਫਾਸ਼ੀਵਾਦੀ ਤਾਕਤਾਂ ਦੁਆਰਾ ਨਫਰਤ ਅਤੇ ਦੰਗਿਆਂ ਦੀ ਰਾਜਨੀਤੀ ਕੀਤੀ ਜਾ ਰਹੀ ਹੈ। ਭਾਰਤ ਵਿੱਚ ਜਮਹੂਰੀ ਕਦਰਾਂ ਕੀਮਤਾਂ ਨੂੰ ਕੁਚਲ ਕੇ, ਗੈਰ ਸਵੀਧਾਨਕ ਤਰੀਕੇ ਨਾਲ ਸਰਕਾਰੀ ਤਸ਼ੱਦਦ ਕੀਤਾ ਜਾ ਰਿਹਾ ਹੈ। ਆਮ ਲੋਕਾਂ ਨੂੰ ਬੇਰੁਜਗਾਰੀ, ਗਰੀਬੀ, ਭ੍ਰਿਸ਼ਟਚਾਰੀ ਦੀਆਂ ਦਰਪੇਸ਼ ਮੁਸ਼ਕਲਾਂ ਤੋਂ ਧਿਆਨ ਭਟਕਾਉਣ ਲਈ, ਸੀ.ਏ.ਏ ਵਰਗੇ ਕਾਨੂੰਨ ਲਿਆਕੇ ਧਾਰਮਿਕ ਕੱਟੜਵਾਦੀ ਮੁਲਕ ਬਣਾਇਆ ਜਾ ਰਿਹਾ ਹੈ। ਮੋਦੀ ਸਰਕਾਰ ਵੱਲੋਂ ਅਣ ਐਲਾਨੀ ਐਮਰਜੈਂਸੀ ਲਗਾਈ ਜਾ ਚੁੱਕੀ ਹੈ ਅਤੇ ਧਾਰਮਿਕ ਘੱਟ-ਗਿਣਤੀਆਂ, ਦਲਿਤਾਂ, ਲੋਕ-ਪੱਖੀ ਬੁੱਧੀਜੀਵੀਆਂ ਦੇ ਖਿਲਾਫ ਦਮਨਕਾਰੀ ਮੁਹਿੰਮ ਛੇੜ ਰੱਖੀ ਹੈ। ਇਸੇ ਤਹਿਤ ਆਮ ਲੋਕਾਂ ਦੀ ਸਦਭਾਵਨਾ ਅਤੇ ਮਿਹਨਤਕਸ਼ ਦੇ ਹੱਕ ਵਿੱਚ ਅਵਾਜ ਬੁਲੰਦ ਕਰਨ ਵਾਲੇ ਪ੍ਰੋਫੈਸਰ ਵਰਾਵਰਾ ਰਾਓ ਵਰਗੇ ਦਰਜਨਾਂ ਬੁੱਧੀਜੀਵੀਆਂ ਨੂੰ ਜੇਲ੍ਹਾਂ ਵਿੱਚ ਬੰਦ ਕੀਤਾ ਜਾ ਰਿਹਾ ਹੈ ਅਤੇ ਦੰਗੇ ਫਸਾਦੀਆਂ ਨੂੰ ਸਰਕਾਰੀ ਸੁਰੱਖਿਆ ਦਿੱਤੀ ਜਾ ਰਹੀ ਹੈ। ਇਕੱਠ ਵੱਲੋਂ ਧਾਰਮਿਕ ਸਦਭਾਵਨਾ ਵਾਲੀ ਜਮਹੂਰੀਅਤ ਅਜ਼ਾਦੀ ਅਤੇ ਬੰਦੀ ਬਣਾਏ ਸਾਰੇ ਜਮਹੂਰੀ ਲੋਕ ਪੱਖੀ ਬੁੱਧੀਜੀਵੀਆਂ ਨੂੰ ਰਿਹਾਈ ਦੀ ਮੰਗ ਕੀਤੀ ਗਈ। ਇਸ ਸਮੇਂ ਬਲਵਿੰਦਰ ਬਰਨਾਲਾ, ਡਾ: ਬਲਜਿੰਦਰ ਸੇਖੋਂ, ਕਾ: ਸੁਰਜੀਤ ਸਹੋਤਾ, ਕਾ: ਸ਼ਮਸ਼ਾਦ, ਜਰਨੈਲ ਅੱਚਰਵਾਲ, ਕਾ: ਸੁਖਦੇਵ ਧਾਲੀਵਾਲ, ਕੁਲਦੀਪ ਬੋਪਾਰਾਏ, ਡਾ: ਪ੍ਰਦੀਪ ਜੋਧਾਂ, ਜਗਮੋਹਨ ਢੁੱਡੀਕੇ, ਬਲਜੀਤ ਬੈਂਸ, ਨਿਰਮਲ ਸੰਧੂ ਆਦਿ ਆਗੂ ਵੀ ਹਾਜ਼ਰ ਸਨ।




**Sandhu G Construction Ltd.**

Preparation- Shower Base - Water Proof

We can install Ceramic Tiles & Marble,Back Splash Tiles,
Tiles on Walls, Kitchen,Washroom or anywhere in Home.
You can upgrade your Kitchen or Washroom





ਪੁਰਾਣੇ ਜਾਂ ਨਵੇਂ ਘਰਾਂ ਵਿਚ ਟਾਇਲਾਂ ਅਤੇ ਮਾਰਬਲ ਲਗਵਾਉਣ ਅਤੇ ਤਸੱਲੀਬਖਸ਼ ਕੰਮ ਕਰਵਾਉਣ ਲਈ ਸੰਪਰਕ ਕਰੋ

Harmanjot Dhudike
403-975-0006
Sharmanjot22@gmail.com
Dalveer Purba
587-435-5600




Punjab Insurance Inc.
Super Visa Insurance
Your Expert Advisor for SUPER VISA INSURANCE
• Life Insurance • Mortgage Insurance • Critical Illness Insurance • Disability Insurance • RESP, RRSP
303, 7- Westwinds Cres. NE Calgary AB, Canada T3J5H2
Website : www.calgaryinsurancequotes.com
HARPINDER SIDHU
(403) 404-3500

# ਨਸਲਵਾਦ ਦਾ ਕੈਂਸਰ



ਹਰੀਪਾਲ
403-714-4816



ਮਈ ਦੇ ਅਖੀਰਲੇ ਹਫਤੇ ਜੌਰਜ ਫਲੌਇਡ ਦਾ ਅਮਰੀਕਣ ਪੁਲੀਸ ਵੱਲੋਂ ਕੀਤਾ ਗਿਆ ਬੇਰਹਿਮੀ ਨਾਲ਼ ਕਤਲ, ਦੁਨੀਆਂ ਦੀ ਅਖੌਤੀ ਸੁਪਰਪਾਵਰ ਤੇ ਇੱਕ ਕਾਲ਼ਾ ਧੱਬਾ ਹੈ। ਜੌਰਜ ਫਲੌਇਡ ਦਾ ਅਮਰੀਕਣ ਪੁਲਸ ਵੱਲੋਂ ਕੀਤਾ ਗਿਆ ਕਤਲ ਨਾਂ ਤਾਂ ਪਹਿਲਾ ਹੈ ਤੇ ਨਾਂ ਹੀ ਆਖਰੀ, ਜਦ ਤੱਕ ਅਮਰੀਕਣ ਪੁਲਸ ਦੀ ਟਰੇਨਿਗ ਮਨੁੱਖਤਾ ਵਾਦੀ ਨਹੀਂ ਕੀਤੀ ਜਾਂਦੀ ਇਹ ਕਤਲ ਹੁੰਦੇ ਰਹਿਣਗੇ, ਉਸ ਮੁਕਾਮ ਤੱਕ ਪਹੁੰਚਣ ਤੋਂ ਪਹਿਲਾਂ ਪਤਾ ਨਹੀਂ ਕਿੰਨੇ ਕੁ ਕਾਲ਼ੇ ਲੋਕ ਇਸ ਨਸਲਵਾਦੀ ਸਿਸਟਮ ਦੀ ਬਲੀ ਚੜ੍ਹਨਗੇ। ਅਮਰੀਕਾ ਜਿਹੜਾ ਕਿ ਆਪਦੀ ਫੌਜੀ ਤਾਕਤ ਦੇ ਬਲਬੂਤੇ ਦੁਨੀਆਂ ਦਾ ਠਾਣੇਦਾਰ ਬਣਿਆ ਹੋਇਆ ਹੈ, ਜਿਹੜਾ ਕਿ ਅਖੌਤੀ ਲੋਕਤੰਤਰ ਝੰਡਾ ਬਰਦਾਰ ਹੈ, ਜੌਰਜ ਦੇ ਕਤਲ ਤੋ ਬਾਦ ਬੁਰੀ ਤਰ੍ਹਾਂ ਲੋਕ ਰੋਹ ਵਿੱਚ ਝੁਲ਼ਸ ਹੋ ਰਿਹਾ ਹੈ। ਸਾਰੀ ਦੁਨੀਆਂ ਵਿੱਚ ਇੰਗਲੈਂਡ, ਕੈਨੇਡਾ, ਜਰਮਨੀ, ਫਰਾਂਸ ਹੀ ਨਹੀਂ ਸਗੋਂ ਏਸ਼ੀਆ ਅਤੇ ਮੁਸਲਿਮ ਦੇਸ਼ਾਂ ਵਿੱਚ ਵੀ ਇਸ ਘਨੌਣੇ ਨਸਲਵਾਦੀ ਕਤਲ ਵਿਰੁੱਧ ਮੁਜਾਹਰੇ ਹੋ ਰਹੇ ਹਨ। ਆਖਿਰ ਕਾਲ਼ੇ ਲੋਕਾਂ ਨਾਲ਼ ਇਸ ਤਰ੍ਹਾਂ ਦਾ ਵਰਤਾਓ ਕਿਉਂ ਹੋ ਰਿਹਾ ਹੈ। ਸਾਨੂੰ ਇਸ ਸਵਾਲ ਦੇ ਜਵਾਬ ਲਈ ਕਈ ਸੌ ਸਾਲ ਪਿੱਛੇ ਜਾਣਾ ਪਵੇਗਾ। ਜਦ ਗੋਰੇ ਲੋਕਾਂ ਨੇ ਅਮਰੀਕਾ ਲੱਭਿਆ ਅਤੇ ਅੱਧਾ ਮੈਕਸੀਕੋ ਧੱਕੇ ਨਾਲ ਖੋਹ ਲਿਆ ਤਾਂ ਉਸ ਵਕਤ ਖੇਤੀ ਲਈ ਬਹੁਤ ਬੰਦਿਆਂ ਦੀ ਲੋੜ ਪਈ, ਇਸੇ ਸਮੇਂ ਕਾਲ਼ੇ ਲੋਕਾਂ ਨੂੰ ਅਫਰੀਕਾ ਤੋਂ ਫੜ ਕੇ ਅਮਰੀਕਾ ਦੀਆਂ ਮੰਡੀਆਂ ਵਿੱਚ ਵੇਚਿਆ ਜਾਣ ਲੱਗਾ। ਪਸ਼ੂਆਂ ਦੀ ਤਰ੍ਹਾਂ ਕਾਲ਼ੇ ਲੋਕਾਂ ਦੀ ਮੰਡੀ ਲੱਗਣ ਲੱਗੀ ਵੱਡੇ ਵੱਡੇ ਫਾਰਮਰ ਇਹਨਾਂ ਮੰਡੀਆਂ ’ਚੋਂ ਗੁਲਾਮ ਖਰੀਦ ਕੇ ਖੇਤੀ ਦੇ ਕੰਮ ਵਿੱਚ ਲਾਂਉਦੇ। ਪਸ਼ੂਆਂ ਦੀ ਤਰ੍ਹਾਂ ਕਾਲ਼ੇ ਲੋਕਾਂ ਦੇ ਬੱਚੇ ਵੀ ਵੇਚੇ ਜਾਂਦੇ, ਜਿਹੜਾ ਕਾਲ਼ਾ ਭੱਜਣ ਦੀ ਕੋਸ਼ਿਸ਼ ਕਰਦਾ ਉਸ ਨੂੰ ਬੁਰੀ ਤਰ੍ਹਾਂ ਤਸੀਹੇ ਦੇ ਕੇ ਮਾਰ ਦਿੱਤਾ ਜਾਂਦਾ। ਕਦੇ ਕਿਸੇ ਕਾਲ਼ੇ ਨੂੰ ਕੁੱਤਿਆਂ ਤੋਂ ਪੜਵਾ ਦਿੱਤਾ ਜਾਂਦਾ ਸੀ ਜਾਂ ਹੱਥ ਪੈਰ ਵੱਡ ਦਿੱਤੇ ਜਾਂਦੇ ਸਨ। ਹੈਰਾਨੀ ਦੀ ਗੱਲ ਇਹ ਹੈ ਕਿ, ਗੋਰੇ ਇਹਨਾਂ ਕਾਲ਼ੇ ਲੋਕਾਂ ਨੂੰ ਮਨੁੱਖ ਹੀ ਨਹੀਂ ਸਮਝਦੇ ਸਨ ਉਹ ਇਹਨਾਂ ਨੂੰ ਸਬ-ਹਿਊਮਨ ਕਹਿੰਦੇ ਸਨ। ਅਬਰਾਹਮ ਲਿੰਕਨ ਦੇ ਸਮੇਂ, ਕਾਨੂੰਨਨ ਇਸ ਗੁਲਾਮੀ ਦਾ ਭੋਗ ਪਾ ਦਿੱਤਾ ਗਿਆ ਪਰ ਪ੍ਰੈਕਟੀਕਲੀ ਇਹ ਭੇਦ ਭਾਵ ਦੀ ਨੀਤੀ ਅਜੇ ਖਤਮ ਨਹੀਂ ਹੋਈ। ਇਸ ਭੇਦ ਭਾਵ ਵਾਲ਼ੀ ਨੀਤੀ ਦਾ ਹੀ ਸਿੱਟਾ ਜੋ ਨਿਕਲਿਆ ਉਹ ਹੇਠ ਦਿੱਤੇ ਚਾਰਟ ਤੋਂ ਸਾਫ ਦਿਸ ਜਾਂਦਾ ਹੈ:-

| | |
|---|---|
| ਅਮਰੀਕਾ ਵਿੱਚ ਕਾਲ਼ੇ ਲੋਕ | = 14% |
| ਜੇਲ਼ਾਂ ਵਿੱਚ ਕਾਲ਼ੇ ਲੋਕ | = 4,75000 |
| ਅਮਰੀਕਾ ਵਿੱਚ ਚਿੱਟ ਲੋਕ | =60% |
| ਜੇਲ਼ਾਂ ਵਿੱਚ ਚਿੱਟੇ ਲੋਕ | =4,3600 |
| ਬਾਕੀ ਦੇ ਲੋਕ | =26% |
| ਜੇਲ਼ਾਂ ਵਿੱਚ ਬਾਕੀ ਲੋਕ | =3,36000 |
| ਪੁਲੀਸ ਨੇ ਕਾਲ਼ੇ ਲੋਕ ਮਾਰੇ | =50% |
| ਗਰੀਬੀ ਰੇਖਾ ਤੋਂ ਥੱਲੇ ਕਾਲ਼ੇ | = 50% |

ਜਦ ਦੁਨੀਆਂ ਭਰ ਵਿੱਚ ਜੌਰਝਫਲੌਇਡ ਦੇ ਕਤਲ ਦਾ ਵਿਰੋਧ ਹੋ ਰਿਹਾ ਸੀ, ਤਦ ਇਹਨਾਂ ਮੁਜਾਹਰਿਆਂ ਵਿੱਚ ਭਾਰਤੀ ਉਪਮਹਾਂ ਦੀਪ ਦੇ ਲੋਕਾਂ ਦੀ ਸ਼ਮੂਲੀਅਤ ਬਹੁਤ ਨਗੂਣੀ ਸੀ, ਕਿਉਂਕਿ ਭਾਰਤੀ ਲੋਕ ਵੀ ਆਪਦੇ ਆਪ ਨੂੰ ਕਾਲ਼ੇ ਜਾਂ ਨੇਟਿਵ ਅਮਰੀਕਣ ਲੋਕਾਂ ਨਾਲ਼ੋਂ ਉਪਰ ਸਮਝਦੇ ਹਨ। ਏਸ਼ੀਅਨ ਲੋਕ ਜਦ ਪੱਛਮੀ ਮੁਲਕਾਂ ਵਿੱਚ ਆਂਉਦੇ ਹਨ, ਉਹ ਇਹਨਾਂ ਮੁਲਕਾਂ ਦਾ ਇਤਿਹਾਸ ਜਾਨਣ ਦੀ ਕੋਸ਼ਿਸ ਨਹੀਂ ਕਰਦੇ, ਸਗੋਂ ਆਉਣ ਸਾਰ ਪੈਸੇ ਦੀ ਚੂਹੇ ਦੌੜ ਵਿੱਚ ਪੈ ਜਾਂਦੇ ਹਨ। ਇੱਕ ਇਹ ਵੀ ਹੈਰਾਨੀ ਵਾਲ਼ੀ ਗੱਲ ਹੈ ਕਿ ਭਾਰਤੀ ਪਾਕਿਸਤਾਨੀ ਲੇਖਕ ਵੀ ਇਹਨਾਂ ਮੁਜਾਹਰਿਆਂ ਵਿੱਚ ਬਹੁਤ ਘੱਟ ਸ਼ਾਮਲ ਹੋਏ ਹਨ। ਜਦੋਂ ਵਰਲਡ ਪੰਜਾਬੀ ਕਾਨਫਰੰਸਾਂ ਹੁੰਦੀਆਂ ਹਨ ਤਾਂ ਇਹ ਭਾਰਤੀ ਲੋਕ ਕਿਸ ਕਿਸਮ ਦਾ ਸਨੇਹਾ ਲੋਕਾਂ ਨੂੰ ਦਿੰਦੇ ਹਨ। ਨਸਲਵਾਦ ਦੇ ਵਿਰੁੱਧ ਕਵਿਤਾ ਲਿਖ ਕੇ ਤੁਹਾਡੀ ਜ਼ਿੰਮੇਵਾਰੀ ਖਤਮ ਨਹੀਂ ਹੋ ਜਾਂਦੀ, ਆਪਦੀ ਲਿਖਤ ਨੂੰ ਆਪਦੇ ਹੱਡਾਂ ਤੇ ਹੰਡਾਉਣਾਂ ਪੈਂਦਾ ਹੈ। ਪਰ ਸਾਡੀ ਤਾਂ ਆਦਤ ਹੈ ਕਿ ਜਦ ਤੱਕ ਸਾਡੇ ਘਰ ਤੱਕ ਅੱਗ ਨਹੀਂ ਪਹੁੰਚਦੀ ਅਸੀਂ ਪਾਣੀ ਦੀ ਬਾਲਟੀ ਨਹੀਂ ਚੱਕਣੀ। ਭਾਰਤੀ ਬੱਚੇ ਜੇਕਰ ਕਾਲ਼ੇ ਬੱਚਿਆਂ ਨਾਲ਼ ਜੇਕਰ ਵਿਆਹ ਵਗੈਰਾ ਕਰਵਾ ਲੈਣ ਤਾਂ ਹੋਰ ਵੀ ਹਿਕਾਰਤ ਦੀ ਨਿਗਾਹ ਨਾਲ਼ ਦੇਖੇ ਜਾਂਦੇ ਹਨ। ਮੈਨੂੰ ਬਹੁਤ ਵਾਰੀ ਲੱਗਦਾ ਹੈ ਕਿ ਅਸੀ ਭਾਰਤੀ ਲੋਕ ਗੋਰਿਆਂ ਨਾਲੋਂ ਵੀ ਜ਼ਿਆਦਾ ਰੇਸਿਸਟ ਹਾਂ। ਰੁਜ਼ਗਾਰ ਦੀ ਖਾਤਰ ਅਸੀਂ ਇਹਨਾਂ ਮੁਲਕਾਂ ਵਿੱਚ ਭੱਜੇ ਆਏ ਹਾਂ, ਪਰ ਆਪਦੇ ਆਪ ਨੂੰ ਅਸੀਂ ਸਭ ਨਾਲ਼ੋ ਸੁਪੀਰੀਅਰ ਸਮਝਦੇ ਹਾਂ। ਭਾਰਤੀ ਲੋਕ ਜਾਂ ਦੱਖਣੀ, ਏਸ਼ੀਅਨ ਲੋਕਾਂ ਕੋਲ਼ ਇਸਦਾ ਸਿੱਧਾ ਜੁਆਬ ਪਿਆ ਹੈ ਕਿਉਂਕਿ ਭਾਰਤੀ ਉਪ ਮਹਾਂ ਦੀਪ ਦੇ ਅਸਲ ਵਸ਼ਿੰਦੇ ਜਿਹੜੇ ਕਿ ਅੱਜ ਤੋਂ ਪੰਜ ਹਜ਼ਾਰ ਸਾਲ ਪਹਿਲਾਂ ਗੁਲਾਮ ਬਣਾਏ ਗਏ ਸਨ, ਅਜੇ ਵੀ ਗੁਲਾਮੀ ਵਾਲ਼ੀਆਂ ਹਾਲਤਾਂ ਵਿੱਚ ਰਹਿ ਰਹੇ ਹਨ ਜਿਸਦਾ ਜ਼ਿਕਰ ਆਪਾ ਅੱਗੇ ਜਾ ਕੇ ਕਰਾਂਗੇ।

ਜਿਹੜਾ ਦੁਨੀਆਂ ਤੇ ਮਨੱਖਾਂ ਦੀ ਗੁਲਾਮੀ ਦਾ ਇਤਿਹਾਸ ਮਿਲ਼ਦਾ ਹੈ, ਉਹ ਦੂਜੀ ਸਦੀ, ਰੋਮਨਾਂ ਦੀ ਚੜ੍ਹਾਈ ਤੋਂ ਸ਼ੁਰੂ ਹੁੰਦਾ ਹੈ। ਰੋਮਨ ਫੌਜਾਂ ਜਦੋਂ ਕਿਸੇ ਦੇਸ਼ ਦੀਆਂ ਫੌਜਾਂ ਨੂੰ ਹਰਾਂਉਂਦੀਆਂ ਸਨ ਤਾਂ ਇਹ ਹਾਰੇ ਹੋਏ ਫੌਜੀਆਂ ਨੂੰ ਗੁਲਾਮ ਬਣਾ ਕੇ ਕੰਮ ਕਰਾਉਂਦੀਆਂ ਸਨ। ਹਾਰੇ ਹੋਏ ਮੁਲਕਾਂ ਦੀਆਂ ਔਰਤਾਂ ਤੇ ਬੱਚਿਆਂ ਨੂੰ, ਰੋਮ ਵਿੱਚ ਅਮੀਰਾਂ ਦੀਆਂ ਐਸ਼ਪ੍ਰਸਤੀਆਂ ਲਈ ਜਾਂ ਘਰਾਂ ਵਿੱਚ ਕੰਮ ਕਰਨ ਲਈ ਵੇਚਿਆ ਜਾਂਦਾ ਸੀ। ਰੋਮ ਵਿੱਚ ਅਮੀਰਾਂ ਨੇ ਮਨੋਰੰਜਨ ਦਾ ਇੱਕ ਵੱਖਰਾ ਹੀ ਤਰੀਕਾ ਅਪਣਾਇਆ ਹੋਇਆ ਸੀ, ਰੋਮ ਦੀਆਂ ਉਹਨਾਂ ਬਿਲਡਿਗਾਂ ਦੇ ਖੰਡਰ ਵੀ ਇਸ ਗੱਲ ਦੀ ਗਵਾਹੀ ਭਰਦੇ ਹਨ। ਭੁੱਖੇ ਸ਼ੇਰਾਂ ਨੂੰ ਗੁਲਾਮਾਂ ਤੇ ਛੱਡ ਦਿੱਤਾ ਜਾਂਦਾ ਸੀ ਅਤੇ ਸ਼ਹਿਰ ਦੇ ਪਤਵੰਤੇ ਅਤੇ ਪਤਵੰਤੀਆਂ ਹੱਥਾਂ ਵਿੱਚ ਸ਼ਰਾਬ ਦੇ ਪਿਆਲੇ ਫੜ ਕੇ, ਸ਼ੇਰਾਂ ਵੱਲੋਂ ਲੀਰੋ ਲੀਰ ਹੁੰਦੇ ਗੁਲਾਮਾਂ ਦਾ ਨਜ਼ਾਰਾ ਦੇਖਦੇ ਸਨ ਅਤੇ ਖੁਸ਼ ਹੁੰਦੇ ਸਨ। ਅੱਜ ਵੀ ਰੋਮ ਵਿੱਚ ਖੰਡਰ ਇਸ ਗੱਲ ਦੀ ਗਵਾਹੀ ਭਰਦੇ ਹਨ। ਸੱਤਵੀਂ ਸਦੀ ਵਿੱਚ ਅਫਰੀਕਾ ਤੋਂ ਕਾਲ਼ੇ ਲੋਕਾਂ ਨੂੰ ਅਫਰੀਕਾ ਦੇ ਜੰਗਲ਼ਾਂ ਵਿੱਚੋਂ ਫੜ ਕੇ ਮੱਧ-ਪੂਰਬ ਅਤੇ ਭਾਰਤੀ ਉਪਮਹਾਂ ਦੀਪ ਦੇ ਵਿੱਚ ਵੇਚਿਆ ਜਾਣ ਲੱਗਾ। ਕਹਿੰਦੇ ਹਨ ਕਿ ਸੱਤਵੀਂ ਸਦੀ ਤੋਂ ਲੈ ਕੇ ਉਨੀਵੀਂ ਸਦੀ ਤੱਕ ਇੱਕ ਕਰੋੜ ਸੱਤਰ ਲੱਖ ਲੋਕ ਅਫਰੀਕਾ ਤੋਂ ਲਿਆਕੇ ਮੱਧ-ਪੂਰਬ ਅਤੇ ਭਾਰਤੀ ਉਪ ਮਹਾਂਦੀਪ ਵਿੱਚ ਵੇਚੇ ਗਏ, ਇਹ ਉਹ ਸਮਾਂ ਸੀ ਜਦ ਇਹਨਾਂ ਇਲਾਕਿਆਂ ਵਿੱਚ ਖੇਤੀ ਉਦਯੋਗ ਲਈ ਮੈਨਪਾਵਰ ਦੀ ਬੇਹੱਦ ਲੋੜ ਪੈ ਗਈ ਸੀ।

ਭਾਰਤੀ ਉਪ-ਮਹਾਂਦੀਪ ਵਿੱਚ ਆਰੀਅਨ ਦੇ ਆਉਣ ਤੋਂ ਪਹਿਲਾ, ਇੱਥੋਂ ਦੇ ਮੂਲਨਿਵਾਸੀਆਂ ਦੀ ਸੱਭਿਅਤਾ ਬੜੀ ਪ੍ਰਫੁੱਲਤ ਸੀ। ਉਹਨਾਂ ਦੇ ਛੋਟੇ ਛੋਟੇ ਪਿੰਡ ਸਨ, ਉਹ ਥੋੜੀ ਬਹੁਤੀ ਖੇਤੀਬਾੜੀ ਜਾਂ ਜਾਨਵਰ ਚਾਰਨ ਦਾ ਕੰਮ ਕਰਦੇ ਸਨ। ਜਿਹਨਾਂ ਲੋਕਾਂ ਨੂੰ ਉਹਨਾਂ ਦੀ ਧਰਤੀ ਰਹਿਣ ਸਹਿਣ ਜੋਗੀਆਂ ਸੁਖ ਸਹੂਲਤਾਂ ਦਿੰਦੀ ਹੋਵੇ , ਉਹ ਲੋਕ ਇੱਕ ਜਗਾਹ ਟਿਕੇ ਹੁੰਦੇ ਹਨ ਅਤੇ ਸ਼ਾਂਤੀ ਪਸੰਦ ਹੁੰਦੇ ਹਨ, ਬੱਸ ਇਸੇ ਤਰ੍ਹਾਂ ਦੇ ਸ਼ਾਂਤੀ ਪਸੰਦ ਲੋਕ ਸਨ ਇਹ ਇੰਡੀਆ ਦੇ ਮੂਲ-ਨਿਵਾਸੀ ਸਨ। ਇਹ ਲੋਕ ਲੜਾਕੇ ਨਹੀਂ ਸਨ , ਖੋਹ ਖਿੰਝ ਨਹੀ ਕਰਦੇ ਸਨ। ਇਸਦੇ ਉਲਟ ਆਰੀਅਨ ਚਰਵਾਹੇ ਸਨ, ਜਿਹੜੇ ਨਵੀਆਂ ਚਰਾਂਦਾਂ ਦੀ ਭਾਲ਼ ਵਿੱਚ ਹਰ ਵੇਲ਼ੇ ਚਲਦੇ ਰਹਿੰਦੇ ਸਨ, ਚਲਦੇ ਚਲਦੇ ਇੱਕ ਦੂਜੇ ਦੀ ਚਾਰਗਾਹ ਤੇ ਕਬਜ਼ਾ ਕਰਨਾ ਜਾਂ ਇੱਕ ਦੂਜੇ ਦਾ ਪਸ਼ੂ ਢਾਂਡਾ ਲੁੱਟਣਾ ਵੀ ਇਹਨਾਂ ਦੀ ਫਿਤਰਤ ਵਿੱਚ ਸ਼ਾਮਲ ਸੀ। ਹਰਾ ਭਰਾ ਇੰਡੀਆ ਇਹਨਾਂ ਦੀਆਂ ਨਜਰਾਂ ਤੋਂ ਕਿਵੇਂ ਬਚ ਸਕਦਾ ਸੀ। ਆਰੀਅਨ ਨੇ ਜਦ ਇਹਨਾਂ ਸ਼ਾਂਤੀ ਪਸੰਦ ਲੋਕਾਂ ਨੂੰ ਦੇਖਿਆ ਤਾਂ, ਇਸ ਜਗਾਹ ਤੇ ਕਬਜ਼ਾ ਕਰਨਾ ਉਹਨਾਂ ਨੂੰ ਬਹੁਤ ਸੌਖਾ ਲੱਗਿਆ। ਮੂਲ ਨਿਵਾਸੀਆਂ ਦੀ ਹਾਰ ਦਾ ਵੱਡਾ ਕਾਰਨ ਸੀ ਕਿ ਮੂਲ ਨਿਵਾਸੀਆਂ ਕੋਲ਼ ਘੋੜੇ ਨਹੀਂ ਸਨ ਜਦ ਕਿ ਆਰੀਅਨ ਕੋਲ਼ ਘੋੜੇ ਸਨ। ਆਰੀਅਨ ਨੇ ਆਕੇ ਮੂਲ ਨਿਵਾਸੀਆਂ ਦੇ ਪਿੰਡਾਂ ਦੇ ਪਿੰਡ ਸਾੜੇ, ਮੂਲ ਨਿਵਾਸੀਆਂ ਨੂੰ ਬੁਰੀ ਤਰ੍ਹਾਂ ਖ਼ਤਮ ਕਰ ਦਿੱਤਾ ਗਿਆ। ਬਹੁਤੇ ਮੂਲ ਨਿਵਾਸੀ ਮਾਰ ਦਿੱਤੇ ਗਏ ਜਾਂ ਪੂਰਬੀ ਭਾਰਤ ਦੇ ਜੰਗਲ਼ਾਂ ਵੱਲ ਭੱਜ ਗਏ। ਬਹੁਤੇ ਮੂਲ ਨਿਵਾਸੀ ਗੁਲਾਮ ਬਣਾ ਲਏ ਗਏ, ਫਿਰ ਇਹਨਾਂ ਲੋਕਾਂ ਦੀ ਗੁਲਾਮੀ ਦੀ ਦਾਸਤਾਨ ਸ਼ੁਰੂ ਹੋਈ ਜਿਹੜੀ ਕਿ ਇੰਡੀਆ ਦੇ ਬਹੁਤੇ ਇਲਾਕਿਆਂ ਵਿੱਚ ਅੱਜ ਵੀ ਜਾਰੀ ਹੈ। ਹਜ਼ਾਰਾਂ ਸਾਲ ਇਹ ਲੋਕ, ਉਚੀ ਜਾਤੀ ਲਈ ਵਗਾਰ ਤੇ ਹੀ ਕੰਮ ਕਰਦੇ ਰਹੇ, ਮਿਹਨਤਾਨਾ ਲੈਣ ਤਾਂ ਬਹੁਤ ਦੂਰ ਦੀ ਗੱਲ ਹੈ। ਜੇਕਰ ਪੰਜਾਬ ਦੀ ਗੱਲ ਕਰੀਏ ਤਾਂ, ਦਿਹਾੜੀਦਾਰ ਦਲਿਤ ਲੋਕ ਅੱਜ ਵੀ ਆਪਦੇ ਭਾਂਡੇ ਅਲਹਿਦਾ ਰੱਖਦੇ ਹਨ। ਇੱਕ ਬੇਜਮੀਨਾਂ ਜੱਟ ਵੀ, ਆਰਥਿਕ ਤੌਰ ’ਤੇ ਸਫਲ ਦਲਿਤ ਨੂੰ ਹਿਕਾਰਤ ਦੀ ਨਿਗਾਹ ਨਾਲ਼ ਦੇਖਦਾ ਹੈ। ਅਜੇ ਵੀ ਜੇਕਰ ਉਹ ਆਪਦਾ ਬਣਦਾ ਹੱਕ ਮੰਗਦੇ ਹਨ ਤਾਂ ਉਹਨਾਂ ਦਾ ਖੇਤਾਂ ਵਿੱਚ ਕੱਖ ਵਗੈਰਾ ਖੋਤਣਾ ਵੀ ਬੰਦ ਕਰ ਦਿੱਤਾ ਜਾਂਦਾ ਹੈ, ਹੈਰਾਨੀ ਦੀ ਗੱਲ ਇਹ ਹੈ ਕਿ ਬਹੁਤ ਵਾਰੀ ਇਹ ਐਲਾਨ ਧਾਰਮਿਕ ਜਗਾਹ ਤੋਂ ਕੀਤਾ ਜਾਂਦਾ ਹੈ। ਉਸੇ ਧਾਰਮਿਕ ਜਗਾਹ ਤੋਂ ਜਿੱਥੋਂ ਹਰ ਵੇਲੇ ‘ਸਭੇ ਸਾਂਝੀ ਵਾਲ ਸਦਾਇਨ’ ਦਾ ਪਰਚਾਰ ਕੀਤਾ ਜਾਂਦਾ ਹੈ। ਪੰਜਾਬੀ ਕਵੀ ਸੰਤ ਰਾਮ ਉਦਾਸੀ ਪੰਜਾਬ ਦੇ ਦਲਿਤ ਲੋਕਾਂ ਦੀ ਸਹੀ ਤਸਵੀਰ ਪੇਸ਼ ਕਰਦਾ ਹੈ :-

“ਨੱਕ ਵਗਦੇ ਅੱਖਾਂ ਚੁੰਨੀਆਂ ਤੇ ਦੰਦ ਕਰੇੜੇ
ਤੂੰ ਮਗਦਾ ਰਹੀਂ ਵੇ ਸੂਰਜਾ ਕੰਮੀਆਂ ਦੇ ਵੇਹੜੇ
ਜਿੱਥੇ ਕੂੰਜ ਘੇਰ ਲਈ ਕਾਂਵਾਂ ਨੇ
ਜਿੱਥੇ ਅਣਵਿਆਹੀਆਂ ਹੀ ਮਾਂਵਾਂ ਨੇ
ਪਿਉ ਆਂਦੇ ਕਰਜ਼ ਦਾ ਸੂਦ ਨੇ
ਪੁੱਤ ਜੰਮਦੇ ਜਿਹੜੇ”

ਜੇਕਰ ਬਾਕੀ ਹਿੰਦੋਸਤਾਨ ਦੀ ਗੱਲ ਕਰੀਏ ਤਾਂ, ਦਲਿਤ ਲੋਕਾਂ ਦੀ ਹਾਲਤ ਇਸ ਤੋਂ ਵੀ ਮਾੜੀ ਹੈ। ਠਾਕਰਾਂ ਜਾਂ ਉਚੀ ਜਾਤੀ ਦੇ ਲੋਕਾਂ ਦੇ ਘਰ ਕੋਲ਼ ਦੀ ਦਲਿਤ ਸਾਈਕਲ ਤੇ ਚੜ ਕੇ ਨਹੀਂ ਲੰਘ ਸਕਦਾ, ਉਹ ਸਾਈਕਲ ਤੋਂ ਉਤਰ ਕੇ ਤੁਰ ਕੇ ਲੰਘੇਗਾ। ਜੇਕਰ ਉਸ ਨੇ ਜੁੱਤੀ ਪਾਈ ਹੈ ਤਾਂ ਜੁੱਤੀ ਹੱਥ ਵਿੱਚ ਫੜ ਕੇ ਲੰਘੇਗਾ। ਦਲਿਤ ਲੋਕਾਂ ਦਾ ਸ਼ਰੀਰਿਕ ਅਤੇ ਆਰਥਿਕ ਸੋਸ਼ਣ ਵੀ ਆਮ ਗੱਲ ਹੈ। ਸਾਰੇ ਹਿੰਦੋਸਤਾਨ ਵਿੱਚ ਦਲਿਤ ਮੁਰਦਾਰ ਤੇ ਮਨੁੱਖੀ ਗੰਦ ਚੱਕਦੇ ਹਨ ਤੇ ਹਜ਼ਾਰਾਂ ਸਾਲਾਂ ਤੋਂ ਜਲਾਲਤ ਭਰੀ ਜ਼ਿੰਦਗੀ ਬਤੀਤ ਕਰ ਰਹੇ ਹਨ। ਭਾਰਤੀ ਉਪਮਹਾਂ ਦੀਪ ਵਿੱਚ ਇਹ ਗੁਲਾਮੀ ਕੋਈ ਨਹੀਂ ਜਾਣਦਾ ਕਿ ਕਦ ਖਤਮ ਹੋਵੇਗੀ। ਸਭ ਤੋਂ ਪਹਿਲਾਂ ਤਾਂ ਦਲਿਤ ਸ਼ਬਦ ਦੀ ਜਗਾਹ ਤੇ ਇਹਨਾਂ ਲੋਕਾਂ ਨੂੰ ਨੇਟਿਵ ਕਿਹਾ ਜਾਣਾ ਚਾਹੀਦਾ ਹੈ। ਸਲੇਬਸ ਦੀਆਂ ਕਿਤਾਬਾਂ ਵਿੱਚ ਭਾਰਤੀ ਉਪਮਹਾਂ ਦੀਪ ਦੇ ਨੇਟਿਵ ਲੋਕਾਂ ਵਾਰੇ ਪੜ੍ਹਾਇਆ ਜਾਣਾ ਚਾਹੀਦਾ ਹੈ। ਜੰਗਲ਼ਾਂ ਦੀ ਸਾਂਭ ਸੰਭਾਲ਼ ਦੀ ਜਿੰਨੀ ਸਮਝ ਭਾਰਤੀ ਨੇਟਿਵ ਲੋਕਾਂ ਨੂੰ ਹੈ, ਜਿੰਨਾਂ ਕੁਦਰਤ ਨੂੰ ਇਹ ਲੋਕ ਪਿਆਰ ਕਰਦੇ ਹਨ ਇਸ ਤੋਂ ਸਿਖਿਆ ਲੈਣ ਦੀ ਲੋੜ ਹੈ। ਜਿੰਨਾ ਕੁ ਸਾਂਇੰਸ ਸਾਨੂੰ ਦਰੱਖਤਾਂ ਦੀ ਅਹਿਮੀਅਤ ਵਾਰੇ ਦੱਸਦੀ ਹੈ, ਨੇਟਿਵ ਲੋਕ ਇਸ ਵਾਰੇ ਬਹੁਤ ਚਿਰ ਤੋਂ ਚੰਗੀ ਤਰਾਂ ਜਾਣਦੇ ਹਨ। ਆਰੀਅਨ ਲੋਕਾਂ ਨੇ ਜੋ ਅਣਮਨੁੱਖੀ ਸਲੂਕ ਇਹਨਾਂ ਲੋਕਾਂ ਨਾਲ਼ ਕੀਤਾ ਹੈ ਇਸ ਦੀ ਮਾਫੀ ਮੰਗਣੀ ਚਾਹੀਦੀ ਹੈ। ਜਦ ਵੈਨਕੂਵਰ ਵਿੱਚ ‘ਨਸਲਵਾਦ ਵਿਰੋਧੀ ਸੰਘਰਸ਼ ਸੰਮਤੀ’, ਨਸਲਵਾਦ ਦੇ ਵਿਰੁੱਧ ਲੜਾਈ ਲੜ ਰਹੀ ਸੀ ਤਦ ‘ਵੈਨਕੂਵਰ ਸਨ’ ਵਿੱਚ ਇੱਕ ਲੈਟਰ ਛਪਿਆ ਸੀ ਜਿਸ ਵਿੱਚ ਇਕ ਗੋਰੇ ਨੇ ਜਿਹੜਾ ਇੰਡੀਆ ਵਿੱਚ ਰਹਿ ਕੇ ਆਇਆ ਸੀ ਜ਼ ਸਾਡੀ ਸਾਰੀ ਮਨੁੱਖਤਾ ਵਾਦੀ ਹੋਣ ਦੀ ਧੌੜੀ ਲਾਹ ਦਿੱਤੀ ਸੀ। ਉਸ ਨੇ ਭਾਰਤ ਦੇ ਦਲਿਤ ਲੋਕਾਂ ਨਾਲ਼ ਹੁੰਦਾ ਦੁਰਵਿਹਾਰ ਦਾ ਚਿੱਠਾ ਖੋਲ ਕੇ ਰੱਖ ਦਿੱਤਾ ਸੀ। ਇਸ ਲੈਟਰ ਤੋਂ ਬਹੁਤ ਵੱਡਾ ਸਬਕ ਸਿੱਖਣ ਦੀ ਲੋੜ ਹੈ। ਜਦ ਤੱਕ ਦਲਿਤ ਲੋਕਾਂ ਦਾ ਇਤਿਹਾਸ, ਭਰਤੀ ਐਜੂਕੇਸ਼ਨ ਦਾ ਹਿੱਸਾ ਨਹੀਂ ਬਣਦਾ ਉਨਾ ਚਿਰ ਤੱਕ ਭਾਰਤ ਵਿੱਚੋਂ ਇਹ ਭੇਦ ਭਾਵ ਖਤਮ ਨਹੀਂ ਹੋ ਸਕਦਾ। ਭਾਰਤੀ ਨੇਟਿਵ ਲੋਕਾ ਨਾਲ਼ ਜਿਹੜਾ ਵੀ ਦਰੈਤ, ਭੇਦਭਾਵ ਜਾਂ ਉਹਨਾਂ ਨੂੰ ਜਲੀਲ ਕਰੇ, ਉਸ ਨੂੰ ਇਹੋ ਜਿਹੀ ਸਜ਼ਾ ਦਿੱਤੀ ਜਾਵੇ ਕਿ ਹੋਰ ਕੋਈ ਭਾਰਤੀ ਨੇਟਿਵ ਲੋਕਾਂ ਦੇ ਉਲਟ ਕੋਈ ਕਦਮ ਪੱਟਣ ਦੀ ਜੁਰਅਤ ਨਾਂ ਕਰੇ। ਸਭ ਤੋਂ ਪਹਿਲਾਂ ਇਹ ਨਸਲਵਾਦੀ ਕੀੜਾ ਅਸੀਂ ਆਪਦੇ ਦਿਮਾਗਾਂ ਵਿੱਚੋਂ ਜਰੂਰ ਕੱਢੀਏ ਤਾਂ ਹੀ ਅਸੀਂ ਇਸ ਮੁਲਕ ਦੇ ਜ਼ਿੰਮੇਵਾਰ ਸ਼ਹਿਰੀ ਅਖਵਾ ਸਕਦੇ ਹਾਂ।

# ਭਾਜਪਾ ਸਰਕਾਰ ਬੁੱਧੀਜੀਵੀਆਂ ਨੂੰ ਜੇਲ੍ਹਾਂ ’ਚ ਡੱਕਣਾ ਬੰਦ ਕਰੇ - ਜਮਹੂਰੀ ਅਧਿਕਾਰ ਸਭਾ

ਬਠਿੰਡਾ, (ਬੂਟਾ ਸਿੰਘ) : ਇੱਥੇ ਪ੍ਰੈੱਸ ਬਿਆਨ ਜਾਰੀ ਕਰਕੇ ਜਮਹੂਰੀ ਅਧਿਕਾਰ ਸਭਾ ਪੰਜਾਬ ਦੇ ਸੂਬਾ ਪ੍ਰਧਾਨ ਪ੍ਰੋ. ਏ. ਕੇ. ਮਲੇਰੀ ਜਨਰਲ ਸਕੱਤਰ ਪ੍ਰੋ. ਜਗਮੋਹਣ ਸਿੰਘ, ਸਕੱਤਰੇਤ ਮੈਂਬਰ ਡਾ ਅਜੀਤਪਾਲ ਸਿੰਘ ਅਤੇ ਪ੍ਰੈੱਸ ਸਕੱਤਰ ਬੂਟਾ ਸਿੰਘ ਨੇ ਕੌਮੀ ਜਾਂਚ ਏਜੰਸੀ ਵੱਲੋਂ ਦਿੱਲੀ ਯੂਨੀਵਰਸਿਟੀ ਦੇ ਨਾਮਵਰ ਪ੍ਰੋਫੈਸਰਾਂ ਪੀ.ਕੇ. ਵਿਜੇਅਨ ਅਤੇ ਪ੍ਰੋਫੈਸਰ ਰਾਕੇਸ਼ ਰੰਜਨ ਨੂੰ ਕਥਿਤ ਭੀਮਾ-ਕੋਰੇਗਾਓਂ ਸਾਜ਼ਿਸ਼ ਵਿਚ ਉਲਝਾਉਣ ਅਤੇ ਸੁਪਰੀਮ ਕੋਰਟ ਵੱਲੋਂ ਉੱਘੇ ਕਾਨੂੰਨਦਾਨ ਐਡਵੋਕੇਟ ਪ੍ਰਸ਼ਾਂਤ ਭੂਸ਼ਨ ਨੂੰ ਆਲੋਚਕ ਵਿਚਾਰਾਂ ਕਾਰਨ ‘ਅਦਾਲਤ ਦੇ ਅਪਮਾਨ’ ਦਾ ਦੋਸ਼ੀ ਠਹਿਰਾਉਣ ਦੀ ਸਖ਼ਤ ਸ਼ਬਦਾਂ ਵਿਚ ਨਿਖੇਧੀ ਕੀਤੀ ਹੈ। ਉਹਨਾਂ ਕਿਹਾ ਕਿ ਇਸ ਤੋਂ ਵੱਡੀ ਸਿਤਮਜ਼ਰੀਫ਼ੀ ਕੀ ਹੋਵੇਗੀ ਕਿ ਨਿਆਂ ਦੀ ਆਖ਼ਰੀ ਉਮੀਦ ਸੁਪਰੀਮ ਕੋਰਟ ਵੀ ਆਲੋਚਨਾ ਦੇ ਜਮਹੂਰੀ ਹੱਕ ਨੂੰ ਜੁਰਮ ਕਰਾਰ ਦੇਣ ਵਿਚ ਸ਼ਾਮਲ ਹੈ। ਉਹਨਾਂ ਕਿਹਾ ਕਿ ਕਥਿਤ ਤੌਰ ’ਤੇ ਅੱਤਵਾਦ ਦੇ ਮਾਮਲਿਆਂ ਦੀ ਜਾਂਚ ਲਈ ਬਣਾਈ ਕੌਮੀ ਜਾਂਚ ਏਜੰਸੀ ਆਰ. ਐੱਸ. ਐੱਸ.-ਭਾਜਪਾ ਦੀ ਬਰਾਂਚ ਵਜੋਂ ਕੰਮ ਕਰ ਰਹੀ ਹੈ ਅਤੇ ਹੁਕਮਰਾਨਾਂ ਦੇ ਇਸ਼ਾਰੇ ’ਤੇ ਲੋਕਪੱਖੀ ਬੁੱਧੀਜੀਵੀਆਂ ਨੂੰ ਲਗਾਤਾਰ ਝੂਠੇ ਕੇਸਾਂ ਵਿਚ ਫਸਾ ਕੇ ਉਹਨਾਂ ਨੂੰ ਜੇਲ੍ਹਾਂ ਵਿਚ ਸੁੱਟ ਰਹੀ ਹੈ। ਪ੍ਰੋਫੈਸਰ ਵਰਾਵਰਾ ਰਾਓ ਅਤੇ ਹੋਰ ਬੁੱਧੀਜੀਵੀਆਂ ਨੂੰ ਰਿਹਾਅ ਕਰਨ ਦੀ ਬਜਾਏ ਪਿਛਲੇ ਦਿਨੀਂ ਪ੍ਰੋਫੈਸਰ ਹੈਨੀ ਬਾਬੂ ਨੂੰ ਗ੍ਰਿਫ਼ਤਾਰ ਕਰ ਲਿਆ ਗਿਆ ਅਤੇ ਹੁਣ ਏਜੰਸੀ ਨੇ ਪ੍ਰੋਫੈਸਰ ਪੀ.ਕੇ.ਵਿਜੇਅਨ ਅਤੇ ਪ੍ਰੋਫੈਸਰ ਰਾਕੇਸ਼ ਰੰਜਨ ਦੀ ਗ੍ਰਿਫ਼ਤਾਰੀ ਦੀ ਜ਼ਮੀਨ ਤਿਆਰ ਕਰਨੀ ਸ਼ੁਰੂ ਕਰ ਦਿੱਤੀ ਹੈ। ਪ੍ਰੋਫੈਸਰ ਵਿਜੇਅਨ ਦਿੱਲੀ ਯੂਨੀਵਰਸਿਟੀ ਦੇ ਹਿੰਦੂ ਕਾਲਜ ਵਿਚ ਅਸਿਸਟੈਂਟ ਪ੍ਰੋਫੈਸਰ ਹਨ ਅਤੇ ਉੱਘੇ ਅਕਾਦਮਿਕ ਹਨ। ਪਿੱਛੇ ਜਹੇ ਹਿੰਦੂ ਰਾਸ਼ਟਰਵਾਦ ਬਾਰੇ ਉਹਨਾਂ ਦੀ ਬਹੁਤ ਹੀ ਮਹੱਤਵਪੂਰਨ ਕਿਤਾਬ “ਜੈਂਡਰ ਐਂਡ ਹਿੰਦੂ ਨੈਸ਼ਨਲਿਜ਼ਮ: ਅੰਡਰਸਟੈਂਡਿੰਗ ਮੈਸਕੂਲਿਨ ਹੈਜਮਨੀ” ਛਪੀ ਹੈ। ਸ੍ਰੀਰਾਮ ਕਾਲਜ ਆਫ਼ ਕਾਮਰਸ ਵਿਖੇ ਅਰਥਸ਼ਾਸਤਰ ਵਿਭਾਗ ਦੇ ਪ੍ਰੋਫੈਸਰ ਰਾਕੇਸ਼ ਰੰਜਨ ਲੋਕ ਹੱਕਾਂ ਲਈ ਆਵਾਜ਼ ਉਠਾਉਣ ਵਾਲੀ ਉੱਘੀ ਅਕਾਦਮਿਕ ਸ਼ਖਸੀਅਤ ਹਨ। ਦੋਨੋਂ ਪ੍ਰੋਫੈਸਰ ਪ੍ਰੋਫੈਸਰ ਸਾਈਬਾਬਾ ਅਤੇ ਹੋਰ ਬੁੱਧੀਜੀਵੀਆਂ ਦੀ ਰਿਹਾਈ ਅਤੇ ਸਮਾਜਿਕ ਨਿਆਂ ਲਈ ਮੁਹਿੰਮਾਂ ਵਿਚ ਸਰਗਰਮ ਭੂਮਿਕਾ ਨਿਭਾਉਦੇ ਰਹੇ ਹਨ।

ਸਭਾ ਦੇ ਆਗੂਆਂ ਨੇ ਇਨਸਾਫ਼ਪਸੰਦ ਲੋਕਾਂ ਨੂੰ ਚੌਕਸ ਕਰਦਿਆਂ ਕਿਹਾ ਕਿ ਇਹ ਹਮਲਾ ਇੱਥੇ ਰੁਕਣ ਵਾਲਾ ਨਹੀਂ ਹੈ। ਆਉਣ ਵਾਲੇ ਦਿਨਾਂ ਵਿਚ ਹੋਰ ਬੁੱਧੀਜੀਵੀਆਂ, ਜਮਹੂਰੀ ਸ਼ਖਸੀਅਤਾਂ ਅਤੇ ਜਮਹੂਰੀ/ਮਨੁੱਖੀ ਹੱਕਾਂ ਦੇ ਕਾਰਕੁੰਨਾਂ ਨੂੰ ਇਸੇ ਕੇਸ ਵਿਚ ਗ੍ਰਿਫ਼ਤਾਰ ਕੀਤੇ ਜਾਣ ਦਾ ਖ਼ਦਸ਼ਾ ਹੈ। ਦਿਨੋਦਿਨ ਵਿਆਪਕ ਹੋ ਰਹੇ ਫਾਸ਼ੀਵਾਦੀ ਹਮਲੇ ਅਤੇ ਗ੍ਰਿਫ਼ਤਾਰੀਆਂ ਸੱਤਾ ਦੀਆਂ ਆਲੋਚਕ ਚਿੰਤਨਸ਼ੀਲ ਬੌਧਿਕ ਆਵਾਜ਼ਾਂ ਨੂੰ ਕੁਚਲਣ ਦੀ ਵਿਆਪਕ ਸਾਜ਼ਿਸ਼ ਦਾ ਹਿੱਸਾ ਹੈ ਅਤੇ ਇਹਨਾਂ ਦਾ ਅਸਲ ਮਨੋਰਥ ਆਰ.ਐੱਸ.ਐੱਸ.-ਭਾਜਪਾ ਦੇ ਕਾਰਪੋਰਟ ਰਾਜ ਅਤੇ ਹਿੰਦੂ ਰਾਸ਼ਟਰ ਦੇ ਫਾਸ਼ੀਵਾਦੀ ਪ੍ਰੋਜੈਕਟ ਦਾ ਰਾਹ ਪੱਧਰਾ ਕਰਨਾ ਹੈ। ਹੁਣ ਤੱਕ ਗੜ੍ਹਚਿਰੌਲੀ ਅਤੇ ਭੀਮਾ-ਕੋਰੇਗਾਓਂ ਕਥਿਤ ਸਾਜ਼ਿਸ਼ ਕੇਸਾਂ ਵਿਚ ਗ੍ਰਿਫ਼ਤਾਰ ਕੀਤੇ ਡੇਢ ਦਰਜਨ ਬੁੱਧੀਜੀਵੀ ਅਤੇ ਜਮਹੂਰੀ ਕਾਰਕੁੰਨ ਸਮਾਜਿਕ ਸਰੋਕਾਰਾਂ, ਲੋਕ ਹਿਤਾਂ, ਜਮਹੂਰੀ ਹੱਕਾਂ, ਸਮਾਜੀ ਨਿਆਂ ਅਤੇ ਵਿਦਿਆ ਦੇ ਹੱਕ ਨੂੰ ਸਮਰਪਿਤ ਬੁੱਧੀਜੀਵੀ ਅਤੇ ਲੋਕ ਹਿਤਾਂ ਅਤੇ ਲੋਕ ਹੱਕਾਂ ਲਈ ਆਵਾਜ਼ ਉਠਾਉਣ ਵਾਲੇ ਮੋਹਰਲੀ ਕਤਾਰ ਦੇ ਆਗੂ ਹਨ।

ਬੁੱਧੀਜੀਵੀਆਂ ਦੀ ਜ਼ੁਬਾਨਬੰਦੀ ਅਤੇ ਜੇਲ੍ਹਬੰਦੀ ਸਮੂਹ ਲੋਕਪੱਖੀ, ਜਮਹੂਰੀ ਹੱਕਾਂ ਦੀ ਝੰਡਾਬਰਦਾਰ ਅਤੇ ਨਿਆਂਪਸੰਦ ਤਾਕਤਾਂ ਲਈ ਗੰਭੀਰ ਚੁਣੌਤੀ ਹੈ, ਸਮੂਹ ਜਮਹੂਰੀ ਤਾਕਤਾਂ ਨੂੰ ਇਸ ਫਾਸ਼ੀਵਾਦੀ ਹਮਲੇ ਦਾ ਗੰਭੀਰ ਨੋਟਿਸ ਲੈ ਕੇ ਇਸ ਵਿਰੁੱਧ ਵਿਸ਼ਾਲ ਲੋਕ ਰਾਇ ਖੜ੍ਹੀ ਕਰਨ ਲਈ ਪੂਰੀ ਗੰਭੀਰਤਾ ਨਾਲ ਪਹਿਲਕਦਮੀਂ ਲੈਣੀ ਚਾਹੀਦੀ ਹੈ। ਉਹਨਾਂ ਮੰਗ ਕੀਤੀ ਕਿ ਪ੍ਰੋਫੈਸਰ ਵਰਾਵਰਾ ਰਾਓ ਸਮੇਤ ਸਾਰੇ ਸਾਰੇ ਬੁੱਧੀਜੀਵੀਆਂ ਨੂੰ ਤੁਰੰਤ ਰਿਹਾ ਕੀਤਾ ਜਾਵੇ, ਬੁੱਧੀਜੀਵੀਆਂ ਅਤੇ ਜਮਹੂਰੀ ਸ਼ਖਸੀਅਤਾਂ ਨੂੰ ਝੂਠੇ ਕੇਸਾਂ ਵਿਚ ਫਸਾਉਣ ਦਾ ਫਾਸ਼ੀਵਾਦੀ ਸਿਲਸਿਲਾ ਬੰਦ ਕੀਤਾ ਜਾਵੇ, ਉੱਘੇ ਵਕੀਲ ਪ੍ਰਸ਼ਾਂਤ ਭੂਸ਼ਨ ਨੂੰ ਦੋਸ਼ੀ ਕਰਾਰ ਦੇਣ ਦਾ ਫ਼ੈਸਲਾ ਰੱਦ ਕੀਤਾ ਜਾਵੇ ਅਤੇ ਭੀਮਾ-ਕੋਰੇਗਾਓਂ ਹਿੰਸਾ ਦੇ ਅਸਲ ਦੋਸ਼ੀ ਸੰਘ ਪਰਿਵਾਰ ਦੇ ਆਗੂਆਂ ਨੂੰ ਗ੍ਰਿਫ਼ਤਾਰ ਕਰਕੇ ਉਹਨਾਂ ਵਿਰੁੱਧ ਕਾਰਵਾਈ ਕੀਤੀ ਜਾਵੇ।



ਪਰਮਿੰਦਰ ਕੌਰ ਸਵੈਚ
604 760 4794

# ਕੈਨੇਡਾ ਦੀ ਪੁਲੀਸ ਨੂੰ ਟੂਣੇ ਨੇ ਪਾਈ ਭਾਜੜ

ਪਿਛਲੇ ਮਹੀਨੇ ਕੈਨੇਡਾ ਦੇ ਸੀ.ਬੀ.ਸੀ. ਨਿਊਜ਼ ਚੈਨਲ ਤੇ ਇਥੇ ਨਿੰਬੂਆਂ ਨਾਲ ਜਾਦੂ ਟੂਣਾ ਕਰਨ ਵਰਗੀਆਂ ਮੰਦਭਾਗੀਆਂ ਗੱਲਾਂ ਦੀ ਖ਼ਬਰ ਸੁਣ ਕੇ ਹੈਰਾਨੀ ਤਾਂ ਨਹੀਂ ਹੋਈ ਪਰ ਇੱਥੋਂ ਦੀ ਪੁਲੀਸ ਨੂੰ ਆਪਣੀ ਡਿਊਟੀ ਤੋਂ ਲਾਂਭੇ ਕਰਕੇ ਇਹੋ ਜਿਹੀਆਂ ਗੱਲਾਂ ਲਈ ਹਰਕਤ ਵਿੱਚ ਲਿਆਉਣ ਦਾ ਕਮਾਲ ਭਾਰਤੀ ਹੀ ਕਰ ਸਕਦੇ ਹਨ, ਇਹ ਯਕੀਨ ਜ਼ਰੂਰ ਹੋ ਗਿਆ। ਬੀ.ਸੀ. ਵਿੱਚ ਜਿਉਂ ਹੀ ਕਰੋਨਾ ਦੀਆਂ ਬੰਦਸ਼ਾਂ ਤੋਂ ਬਾਅਦ ਪਾਰਕਾਂ ਨੂੰ ਖੋਲ੍ਹਿਆ ਗਿਆ ਉਦੋਂ ਹੀ ਅੰਧ ਵਿਸ਼ਵਾਸ ਨੂੰ ਪੱਕੇ ਪੈਰੀਂ ਕਰਨ ਵਾਲੇ ਲੋਕਾਂ ਵਲੋਂ ਪੋਰਟ ਕੁਕਿੱਟਲਮ ਦੇ ਜੰਗਲਾਂ ਦੀਆਂ ਪਗਡੰਡੀਆਂ ਵਿੱਚ ਪੀਲੇ ਰੰਗ ਦੇ ਨਿੰਬੂਆਂ ਨੂੰ ਕੱਪੜੇ ਸਿਊਣ ਵਾਲੀਆਂ ਸੂਈਆਂ ਨਾਲ ਪਰੋ ਕੇ ਖੰਮਣੀ ਨਾਲ ਦਰਖਤਾਂ ਨਾਲ ਬੰਨ੍ਹਿਆ ਮਿਲਿਆ ਹੈ। ਇਹ ਘਟਨਾ ਚੈਨਲ ਦੇ ਮੁਤਾਬਕ ਪਹਿਲਾਂ ਗੇਟਸ ਪਾਰਕ ਦੇ ਨਜ਼ਦੀਕ 22 ਜੂਨ ਨੂੰ ਇਹ ਟੂਣਾ ਕੀਤਾ ਮਿਲਿਆ ਸੀ ਤੇ ਕੁੱਝ ਦਿਨ ਬਾਅਦ 14 ਜੁਲਾਈ ਨੂੰ ਕੋਕਿੱਟਲਮ ਰਿਵਰ ਦੇ ਨੇੜੇ ਵਾਈਟ ਐਵੇਨਿਊ ਤੇ ਇਹ ਦੁਬਾਰਾ ਮਿਲਿਆ। ਕਿਸੇ ਵਿਅਕਤੀ ਨੇ ਈ-ਮੇਲ ਕਰਕੇ ਪੁਲੀਸ ਨੂੰ ਜਾਣਕਾਰੀ ਦਿੱਤੀ ਸੀ ਪਰ ਇਸ ਨੂੰ ਖ਼ਤਰਨਾਕ ਸਮਝ ਕੇ, ਉਹਨਾਂ ਨੇ ਇਸ ਨੂੰ ਕੂੜੇ ਵਿੱਚ ਸੁੱਟ ਦਿੱਤਾ ਸੀ। ਇਸ ਕਰਕੇ ਪੁਲੀਸ ਨੂੰ ਇਸਦਾ ਕੋਈ ਪੁਖਤਾ ਸਬੂਤ ਤਾਂ ਨਹੀਂ ਮਿਲਿਆ ਪਰ ਉਹਨਾਂ ਨੇ ਜੋ ਇਸਦੀ ਤਸਵੀਰ ਛਾਇਆ ਕੀਤੀ ਸੀ ਉਸਤੋਂ ਪਤਾ ਲੱਗਦਾ ਹੈ ਕਿ ਇਹ ਸਾਡੇ ਭਾਰਤੀ ਅਖੌਤੀ ਬਾਬਿਆਂ ਤੇ ਜੋਤਸ਼ੀਆਂ ਦਾ ਕਾਰਨਾਮਾ ਹੈ ਤੇ ਪੁਲੀਸ ਨੇ ਲੋਕਾਂ ਨੂੰ ਇਸਤੇ ਨਜ਼ਰਸਾਨੀ ਰੱਖਣ ਤੇ ਸਾਵਧਾਨ ਹੋਣ ਲਈ ਵੀ ਅਪੀਲ ਕੀਤੀ ਹੈ। ਪੁਲੀਸ ਨੂੰ ਇਸਦਾ ਰਾਜ਼ ਲੱਭਣ ਲਈ ਕਾਫ਼ੀ ਭੱਜ ਨੱਠ ਕਰਨੀ ਪਈ ਕਿ ਇਹ ਹੈ ਕੀ ? ਇਹ ਇੱਥੇ ਹੋਣ ਵਾਲੀ ਪਹਿਲੀ ਘਟਨਾ ਨਹੀਂ, ਤਰਕਸ਼ੀਲ ਸੁਸਾਇਟੀ ਦਾ ਇਹੋ ਜਿਹੀਆਂ ਗੱਲਾਂ ਨਾਲ ਵਾਹ ਵਾਸਤਾ ਪੈਂਦਾ ਰਹਿੰਦਾ ਹੈ ਪਰ ਪੁਲੀਸ ਦੇ ਸਾਹਮਣੇ ਆਉਣ ਵਾਲੀ ਇਹ ਪਹਿਲੀ ਘਟਨਾ ਹੈ। ਜੋਤਸ਼ੀ ਜਾਂ ਅਖੋਤੀ ਬਾਬੇ ਜਿੰਨ੍ਹਾਂ ਨੇ ਲੋਕਾਂ ਦੀ ਅੰਨ੍ਹੀ ਲੁੱਟ ਕਰਨ ਲਈ ਇੱਕ ਦੂਜੇ ਤੇ ਇਲਜ਼ਾਮ ਲਾ ਕੇ ਦੋਨੋਂ ਹੱਥੀਂ ਪੌਂ ਬਾਰਾਂ ਕਰਨੀਆਂ ਹੁੰਦੀਆਂ ਹਨ ਪਰ ਇਸ ਸਮੇਂ ਕਰੋਨੇ ਨੇ ਲੋਕਾਂ ਨੂੰ ਇੱਕ ਦੂਜੇ ਤੋਂ ਦੂਰ ਰਹਿਣ ਲਈ ਮਜ਼ਬੂਰ ਕੀਤਾ ਹੈ ਤਾਂ ਇਹਨਾਂ ਦਾ ਇਹ ਤੁੱਕਾ ਨਹੀਂ ਸੀ ਲੱਗ ਸਕਦਾ ਸੋ ਜਿਉਂ ਹੀ ਪਾਰਕ ਖੁੱਲ੍ਹੇ, ਇਹਨਾਂ ਨੇ ਇਸ ਤਰ੍ਹਾਂ ਦਾ ਹੀਲਾ ਵਸੀਲਾ ਲੱਭ ਲਿਆ। ਇਸ ਘਟਨਾ ਨੂੰ ਮੁੱਖ ਰੱਖਦਿਆਂ ਇਹੋ ਜਿਹੇ ਵਰਤਾਰੇ ਦਾ ਦੂਜਾ ਪੱਖ ਵੀ ਦੇਖਣ ਦੀ ਜ਼ਰੂਰੀ ਲੋੜ ਹੈ।

ਜਦੋਂ ਸਾਰੀ ਦੁਨੀਆਂ ਵਿੱਚ ਕੋਵਿਡ-19 ਮਹਾਂਮਾਰੀ ਦਾ ਬੋਲਬਾਲਾ ਵਧਿਆ ਤਾਂ ਪਹਿਲਾਂ ਪਹਿਲ ਜੋਤਸ਼ੀ ਤਾਂਤਰਿਕਾਂ ਨੇ ਲੋਕਾਂ ਨੂੰ ਬਹੁਤ ਉਲਝਾਉਣ ਦੀ ਕੋਸ਼ਿਸ਼ ਕੀਤੀ ਕਿ ਦਿਨਾਂ ਵਿੱਚ ਇਸਨੂੰ ਭਜਾ ਦੇਵਾਂਗੇ। ਇੱਥੋਂ ਤੱਕ ਕਿ ਭਾਰਤ ਦੇ ਤਾਂ ਪ੍ਰਧਾਨ ਮੰਤਰੀ ਮੋਦੀ ਨੇ ਵੀ ਤਾਲ਼ੀਆਂ, ਥਾਲ਼ੀਆਂ, ਮੋਮਬੱਤੀਆਂ, ਗਊ ਮੂਤਰ, ਗੋ ਕਰੋਨਾ ਗੋ ਵਰਗੇ ਨਾਹਰੇ ਲਾ ਕੇ ਲੋਕਾਂ ਵਿੱਚ ਅੰਧ ਵਿਸ਼ਵਾਸ਼ੀ ਗੱਲਾਂ ਕਰਕੇ ਆਪਣਾ ਅਧਾਰ ਬਣਾਉਣ ਦੀ ਕੋਸ਼ਿਸ਼ ਕੀਤੀ ਪਰ ਕੁਦਰਤੀ ਇਹ ਬਿਮਾਰੀ ਹੀ ਅਜਿਹੀ ਸੀ ਜਿਸਤੇ ਇਹਨਾਂ ਦਾ ਜਾਦੂ ਨਹੀਂ ਚੱਲਿਆ ਤੇ ਸਾਰਿਆਂ ਨੂੰ ਆਪਣੇ ਘੁਰਨਿਆਂ ਵਿੱਚ ਵੜਨਾ ਪੈ ਗਿਆ ਸੀ, ਜੋ ਅਜੇ ਵੀ ਅੰਦਰੀਂ ਵੜੇ ਬੈਠੇ ਹਨ। ਹੁਣ ਲੋਕਾਂ ਨੂੰ ਸਮਝ ਲੈਣਾ ਚਾਹੀਦਾ ਹੈ ਕਿ ਇਹ ਤਾਂ ਇਹ ਜੋ ਲੋਕਾਂ ਦੇ ਸਿਰ ਤੋਂ ਆਪਣਾ ਤੋਰੀ ਫੁਲਕਾ ਚਲਾਉਂਦੇ ਹਨ, ਹੁਣ ਤਾਂ ਸਾਰੇ ਧਰਮਾਂ ਦੇ ਧਾਰਮਿਕ ਸਥਾਨ ਵੀ ਬੰਦ ਪਏ ਹਨ, ਸਗੋਂ ਡਰ ਵਿੱਚੋਂ ਲੰਘ ਰਹੇ ਹਨ ਕਿ ਉਹ ਵੀ ਕਰੋਨਾ ਕਰਕੇ ਬਦਨਾਮ ਨਾ ਹੋ ਜਾਣ, ਬੰਦ ਰੱਖਣ ਵਿੱਚ ਬਿਹਤਰੀ ਹੈ।

ਪਾਰਕ ਵਿੱਚ ਹੋਇਆ ਇਹ ਕਾਰਨਾਮਾ ਦੇਖ ਕੇ ਸਭ ਦੇ ਮਨਾਂ ਵਿੱਚ ਬਹੁਤ ਸਾਰੇ ਸਵਾਲ ਪੈਦਾ ਹੁੰਦੇ ਹਨ, ਜਿਹਨਾਂ ਦਾ ਮੁਲਾਂਕਣ ਕਰਨਾ ਜ਼ਰੂਰੀ ਹੈ ਜਿਵੇਂ :- ਜਾਦੂ ਟੂਣਿਆਂ ਦਾ ਇਤਿਹਾਸ ਕੀ ਹੈ ? ਬਾਬੇ ਪੈਦਾ ਕਿਵੇਂ ਹੁੰਦੇ ਹਨ ? ਲੋਕ ਇਹਨਾਂ ਨੂੰ ਮੰਨਣ ਕਿਵੇਂ ਲੱਗਦੇ ਹਨ ? ਕੌਣ ਲੋਕ ਉਹਨਾਂ ਦੇ ਸ਼ਰਧਾਲੂ ਹਨ ? ਔਰਤਾਂ ਬਾਬਿਆਂ ਦੇ ਮਗਰ ਵੱਧ ਕਿਉਂ ਲਗਦੀਆਂ ਹਨ ? ਲੋਕ ਤਰਕ ਨਾਲ ਕਿਉਂ ਨਹੀਂ ਸੋਚਦੇ ? ਕੈਨੇਡਾ ਵਰਗੇ ਦੇਸ਼ ਵਿੱਚ ਵੀ ਇਹੋ ਜਿਹਾ ਵਰਤਾਰਾ ਕਿਉਂ ਹੈ ? ਵਿਗਿਆਨ ਦੀ ਤਰੱਕੀ ਦੇ ਬਾਵਜੂਦ ਅੰਧ ਵਿਸ਼ਵਾਸ਼ ਉਵੇਂ ਦਾ ਉਵੇਂ ਕਿਉਂ ਹੈ ?

ਭਾਰਤ ਇੱਕ ਬਹੁਤ ਹੀ ਪੁਰਾਣੀ ਸੰਸਕ੍ਰਿਤੀ ਦਾ ਦੇਸ਼ ਹੈ ਜੋ ਮੁੱਖ ਰੂਪ ਵਿੱਚ ਅੰਗਰੇਜ਼ਾਂ ਦੇ ਉੱਥੇ ਜਾਣ ਬਾਅਦ ਹੀ ਜ਼ਿਆਦਾ ਵਿਕਾਸ ਦੀ ਲੀਹ ਤੇ ਤੁਰਿਆ ਸੀ। ਲੋਕ ਬਹੁਤ ਸਾਦਾ ਜੀਵਨ ਜਿਉਂਦੇ ਸਨ ਤੇ ਆਪਣੀਆਂ ਬਿਮਾਰੀਆਂ ਦਾ ਇਲਾਜ ਜੜ੍ਹੀ ਬੂਟੀਆਂ ਨਾਲ ਕਰਦੇ ਸਨ। ਕਈ ਪਿੰਡਾਂ ਵਿੱਚ ਇੱਕ ਅੱਧਾ ਸਿਆਣਾ ਵੈਦ ਹੁੰਦਾ ਸੀ ਜੋ ਲੋਕਾਂ ਦਾ ਇਲਾਜ ਕਰਦਾ ਸੀ। ਟੂਣੇ ਦੀ ਕਹਾਣੀ ਇਸ ਨਾਲ ਹੀ ਜੁੜੀ ਹੈ ਕਿ ਜੇ ਪਿੰਡ ਵਿੱਚ



ਕੋਈ ਬਿਮਾਰ ਹੁੰਦਾ ਸੀ ਤਾਂ ਰੋਗੀ ਦੀ ਪਛਾਣ ਵਜੋਂ ਕੁੱਝ ਚੀਜ਼ਾਂ ਪਿੰਡ ਦੇ ਚੁਰਸਤੇ ਤੇ ਰੱਖ ਦਿੱਤੀਆਂ ਜਾਂਦੀਆਂ ਸਨ ਜਿਵੇਂ ਰੋਗੀ ਆਦਮੀ ਹੈ ਜਾਂ ਔਰਤ, ਕਿਸ ਕਿਸਮ ਦੀ ਤਕਲੀਫ਼ ਹੈ। ਜਿਵੇਂ ਚੂੜੀਆਂ, ਸੰਧੂਰ ਆਦਿ ਤੋਂ ਨਵਵਿਆਹੀ ਔਰਤ ਦੀ ਪਛਾਣ। ਆਮ ਲੋਕਾਂ ਨੂੰ ਉਸਤੋਂ ਦੂਰ ਰਹਿਣ ਲਈ ਕਿਹਾ ਜਾਂਦਾ ਸੀ ਕਿਉਂਕਿ ਜੇ ਬੱਚੇ ਬਗੈਰਾ ਉਸਨੂੰ ਤੋੜ ਦੇਣ ਫਿਰ ਵੈਦ ਉਸਨੂੰ ਦੇਖ ਨਹੀਂ ਸਕੇਗਾ ਤੇ ਇਲਾਜ ਨਹੀਂ ਕਰ ਸਕੇਗਾ। ਮੁੱਢ ਤਾਂ ਬੱਝਿਆ ਸੀ ਕਿ ਲੋਕ ਟੂਣਾ ਆਪ ਰੱਖਦੇ ਸਨ ਪਰ ਅੱਜ ਕੱਲ ਜੋਤਸ਼ੀ, ਤਾਂਤਰਿਕ ਆਪ ਰਖਵਾਉਂਦੇ ਹਨ ਤੇ ਆਪਣੇ ਚੇਲੇ ਚਾਟੜਿਆਂ ਤੋਂ ਚੁਕਵਾ ਵੀ ਲੈਂਦੇ ਹਨ ਤੇ ਵਸਤਾਂ ਵਰਤ ਵੀ ਲੈਂਦੇ ਹਨ। ਜੇ ਉਹਨਾਂ ਨੂੰ ਨਾ ਵੀ ਚੁੱਕ ਸਕਣ ਤਾਂ ਵੀ ਕੋਈ ਗੱਲ ਨਹੀਂ ਉਹਨਾਂ ਨੇ ਤਾਂ ਪਹਿਲਾਂ ਹੀ ਵਸੂਲੀ ਕਰ ਲਈ ਹੁੰਦੀ ਹੈ। ਬਾਬਾ ਜਾਂ ਸਿਆਣਾ 'ਨਾਂ' ਵੀ ਉਸ ਵਿਅਕਤੀ ਦੀ ਸਿਆਣਪ ਤੇ ਸੂਝ ਮੁਤਾਬਕ ਹੀ ਰੱਖਿਆ ਗਿਆ ਸੀ, ਕਿ ਉਸ ਵਿੱਚ ਯੋਗਤਾ ਹੈ ਕਿ ਉਹ ਆਪਣੀਆਂ ਜੜ੍ਹੀ ਬੂਟੀਆਂ ਨਾਲ ਮਰੀਜ਼ ਨੂੰ ਠੀਕ ਕਰ ਸਕਦਾ ਸੀ।

ਜਦੋਂ 18ਵੀਂ ਸਦੀ ਵਿੱਚ ਅੰਗਰੇਜ਼ ਭਾਰਤ ਵਿੱਚ ਪਹੁੰਚੇ ਤਾਂ ਉੱਥੇ ਦੀ ਧਰਤੀ ਜੋ ਅਣਮੁੱਲੀਆਂ ਕੱਚੀਆਂ ਧਾਤਾਂ ਨਾਲ ਭਰੀ ਪਈ ਸੀ, ਉਹਨਾਂ ਨੇ ਕੱਚੇ ਮਾਲ ਨੂੰ ਇੰਗਲੈਂਡ ਲਿਆਉਣ ਲਈ ਜਿੱਥੇ ਆਵਾਜਾਈ ਦੇ ਸਾਧਨ ਜਿਵੇਂ ਸੜਕਾਂ, ਰੇਲਾਂ ਦਾ ਜ਼ਾਲ਼ ਵਿਛਾਇਆ ਉੱਥੇ ਉਹਨਾਂ ਨੇ ਸਕੂਲ, ਕਾਲਜ਼ ਤੇ ਹਸਪਤਾਲ ਵੀ ਖੋਲ੍ਹੇ ਕਿਉਂਕਿ ਬੇਸ਼ੱਕ ਅੰਗਰੇਜ਼ ਭਾਰਤੀਆਂ ਤੇ ਰਾਜ ਕਰਦੇ ਸਨ ਪਰ ਉੱਥੋਂ ਦੀ ਰਿਆਇਆ ਨੂੰ ਵੀ ਉਹਨਾਂ ਦਾ ਨੌਕਰ ਬਣ ਕੇ ਰਹਿਣ ਲਈ ਸਿਹਤ ਪੱਖੋਂ ਰਿਸ਼ਟ ਪੁਸ਼ਟ ਤੇ ਗੱਲ ਸਮਝਣ ਲਈ ਅੰਗਰੇਜ਼ੀ ਬੋਲੀ ਵੀ ਆਉਣੀ ਚਾਹੀਦੀ ਸੀ ਸੋ ਉਹਨਾਂ ਨੇ ਉਹ ਕੰਮ ਬਾਖੂਬੀ ਕੀਤਾ। ਉਹਨਾਂ ਨੇ ਇਹੋ ਜਿਹੀ ਪੜ੍ਹਾਈ ਕਰਵਾਈ ਜੋ ਸਿਰਫ਼ ਬਾਬੂ ਪੈਦਾ ਕਰ ਸਕਦੀ ਸੀ ਤੇ ਜਾਂ ਫੌਜ ਵਿੱਚ ਅੱਗੇ ਹੋ ਕੇ ਲੜ ਸਕਦੀ ਸੀ। ਉਹਨਾਂ ਨੇ ਵਿਗਿਆਨਕ ਚੀਜ਼ਾਂ ਦੀ ਵਰਤੋਂ ਤਾਂ ਸ਼ੁਰੂ ਕੀਤੀ ਪਰ ਲੋਕਾਂ ਦਾ ਬੌਧਿਕ ਵਿਕਾਸ ਨਹੀਂ ਹੋਣ ਦਿੱਤਾ। ਅੰਗਰੇਜ਼ਾਂ ਦੇ ਜਾਣ ਬਾਅਦ ਵੀ ਸਾਡੀ ਪੜ੍ਹਾਈ ਉਹੀ ਹੈ, ਉਸ ਵਿੱਚ ਬੌਧਿਕ ਵਿਕਾਸ ਜਾਂ ਵਿਗਿਆਨਕ ਸੋਚ ਲਈ ਕੋਈ ਥਾਂ ਨਹੀਂ ਹੈ। ਅੱਜ ਇੱਕ ਵਿਦਿਆਰਥੀ ਪੜ੍ਹਦਾ ਹੈ ਉਸਨੂੰ ਕਿਹਾ ਜਾਂਦਾ ਹੈ ਕਿ ਉਹ ਕੋਸ਼ਿਸ਼ ਕਰੇ ਡਾਕਟਰ, ਵਕੀਲ ਜਾਂ ਇੰਜਨੀਅਰ ਬਣਨ ਦੀ, ਇਸ ਤਰ੍ਹਾਂ ਉਹ ਪੈਸੇ ਉਗਲਣ ਵਾਲੀ ਮਸ਼ੀਨ ਬਣਨ ਦੀ ਕੋਸ਼ਿਸ਼ ਕਰਦਾ ਹੈ। ਇਸ ਦੌੜ ਵਿੱਚ ਉਸਦੀ ਆਪਣੀ ਬੌਧਿਕਤਾ, ਸੋਚ, ਤਰਕ ਤੇ ਇਨਸਾਨੀਅਤ ਦਾ ਮਾਦਾ ਖ਼ਤਮ ਹੋ ਜਾਦਾ ਹੈ। ਇਸ ਕਰਕੇ ਬਹੁਤ ਪੜ੍ਹੇ ਲਿਖੇ ਲੋਕ ਵੀ ਬਾਬਿਆਂ ਦੇ ਡੇਰਿਆਂ ਵਿੱਚ ਦੇਖੇ ਜਾ ਸਕਦੇ ਹਨ। ਇਹੋ ਜਿਹੀ ਪੜ੍ਹਾਈ ਪੜ੍ਹ ਕੇ ਬਹੁਤੇ ਆਪ ਸੋਚਣਾ ਛੱਡ ਦਿੰਦੇ ਹਨ ਤੇ ਰੀਸੋ ਰੀਸ ਮਗਰ ਲੱਗ ਤੁਰਦੇ ਹਾਂ। ਅੰਗਰੇਜ਼ਾਂ ਦੇ ਜਾਣ ਬਾਅਦ ਕਾਲੇ ਅੰਗਰੇਜ਼ ਜੋ ਬਰਤਾਨਵੀ ਸਾਮਰਾਜ ਦੇ ਹੱਥ ਠੋਕੇ ਸਨ, ਉਹਨਾਂ ਨੇ ਵੀ ਭਾਰਤੀ ਲੋਕਾਂ ਨੂੰ ਆਪਣੇ ਨਹੀਂ ਸਮਝਿਆ, ਲੋਕਾਂ ਨੂੰ ਵਿਗਿਆਨ ਦੇ ਰਾਹ ਕੀ ਤੋਰਨਾ ਸੀ ਸਗੋਂ ਹਕੂਮਤੀ ਲਹਿਜ਼ੇ ਵਿੱਚ ਅੰਗਰੇਜ਼ਾਂ ਤੋਂ ਵੀ ਅੱਗੇ ਲੰਘ ਗਏ।

ਮੇਰਾ ਇਤਿਹਾਸ ਦੇ ਨਜ਼ਰੀਏ ਤੋਂ ਗੱਲ ਕਰਨਾ ਤਾਂ ਜ਼ਰੂਰੀ ਸੀ ਕਿ ਸਾਨੂੰ ਪਤਾ ਹੋਵੇ ਕਿ ਭਾਰਤੀ ਲੋਕਾਂ ਦੀ ਬੁੱਧੀ ਨੂੰ ਖੁੰਢਾ ਕਿਵੇਂ ਕੀਤਾ ਗਿਆ ਹੈ। ਸਵਾਲ ਸੀ ਕਿ ਬਾਬੇ ਪੈਦਾ ਕਿਵੇਂ ਹੁੰਦੇ ਹਨ ? ਹਮੇਸ਼ਾਂ ਹੀ ਹਕੂਮਤਾਂ ਆਪਣੇ ਹਿਤਾਂ ਨੂੰ ਕਾਇਮ ਰੱਖਣ ਲਈ ਲੋਕਾਂ ਵਿੱਚ ਪਾੜੇ ਪਾਉਂਦੀਆਂ ਹਨ ਤੇ ਆਪਣੀ ਉਮਰ ਲੰਬੀ ਕਰਦੀਆਂ ਹਨ। ਅੰਗਰੇਜ਼ਾਂ ਸਮੇਂ ਉਹਨਾਂ ਨੇ ਸਾਡੇ ਵਿੱਚ ਧਰਮਾਂ ਤੇ ਜਾਤਾਂ ਦੀਆਂ ਵੰਡੀਆਂ ਪਾ ਕੇ ਧਰਮਾਂ ਦੇ ਨਾਂ ਤੇ ਸਕੂਲ ਖੋਲ੍ਹ ਕੇ ਇਹ ਹੱਥ ਕੰਡੇ ਵਰਤੇ ਸਨ। ਪਰ ਉਨ੍ਹਾਂ ਤੋਂ ਬਾਅਦ ਉਹ ਤਾਂ ਜਿਵੇਂ ਦੇ ਤਿਵੇਂ ਰਹੇ ਪਰ ਜਿਵੇਂ ਪੰਜਾਬ ਵਿੱਚ ਡੇਰਾਵਾਦ ਦਾ ਆਗਮਨ ਹੋਇਆ। ਸਿੱਖ ਧਰਮ ਜਿਸ ਦੀ ਉਮਰ ਜ਼ਿਆਦਾ ਲੰਬੀ ਨਹੀਂ ਪਰ ਇਸਤੇ ਵੀ ਕੁੱਝ ਕਾਬਜ਼ ਲੋਕਾਂ ਨੇ ਜੱਟਾਂ ਦਾ ਧਰਮ ਬਣਾ ਕੇ ਪੇਸ਼ ਕੀਤਾ ਕਿ ਬਾਕੀ ਜਾਤਾਂ ਨੇ ਆਪਣੇ ਨਵੇਂ ਗੁਰਦਵਾਰੇ ਬਣਾ ਲਏ ਤੇ ਉਹਨਾਂ ਵਿੱਚ ਹੋਰ ਤੇ ਹੋਰ। ਇਹਨਾਂ ਸਾਰੀਆਂ ਗੱਲਾਂ ਦੇ ਪਿੱਛੇ ਉਹੀ ਅੰਗਰੇਜ਼ ਦੀ ਨੀਤੀ ਪਾੜੋ ਤੇ ਰਾਜ ਕਰੋ ਵਾਲੀ ਹੈ। ਇਹਨਾਂ ਬਾਬਿਆਂ ਨੂੰ ਪੈਦਾ ਕਰਨ ਵਾਲੀਆਂ ਸਰਕਾਰਾਂ ਹੀ ਹੁੰਦੀਆਂ ਕਿਉਂਕਿ ਉਹ ਦੇਖਦੀਆਂ ਹਨ ਕਿ ਇਨ੍ਹਾਂ ਪਿੱਛੇ ਹੋਣ ਵਾਲਾ ਇਕੱਠ ਉਹਨਾਂ ਦੀਆਂ ਪੱਕੀਆਂ ਵੋਟਾਂ ਹੁੰਦੀਆਂ ਹਨ। ਭੋਲੀ ਭਾਲੀ ਜਨਤਾ ਜੋ ਸਿਰਫ਼ ਉਨ੍ਹਾਂ ਬਾਬਿਆਂ ਦੇ ਮਗਰ ਲੱਗੀ ਹੁੰਦੀ ਹੈ, ਉਹ ਆਪਣੀ ਜ਼ਿੰਦਗੀ ਦੇ ਦੁੱਖਾਂ ਵਿੱਚ ਉਲਝੀ ਬਾਹਰ ਦੇਖ ਨਹੀਂ ਸਕਦੀ। ਵੱਡੇ ਵੱਡੇ ਅਮੀਰ ਲੀਡਰ ਜਾਂ ਐਕਟਰਾਂ ਨੂੰ ਲੋਕ ਜਦੋਂ ਬਾਬਿਆਂ ਦੇ ਪੈਰੀਂ ਪੈਂਦੇ ਦੇਖਦੇ ਹਨ ਤਾਂ ਉਹ ਸੋਚਦੇ ਹਨ ਕਿ ਵਾਕਿਆ ਈ ਇਹ ਲੋਕ ਕਿਸੇ ਸ਼ਕਤੀ ਦਾ ਪ੍ਰਤੀਕ ਹਨ। ਦੇਖਦੇ ਹਾਂ ਕਿ ਕੁੱਝ ਸਾਲ ਪਹਿਲਾਂ ਦੋ ਚਾਰ ਇੱਟਾਂ ਦੀ ਥੜ੍ਹੀ ਬਣਦੀ ਹੈ ਤੇ ਬਾਅਦ ਵਿੱਚ ਉੱਥੇ ਪੂਰੀ ਵੱਡੀ ਬਿਲਡਿੰਗ ਵਾਲਾ ਡੇਰਾ ਉਸਰਿਆ ਹੁੰਦਾ ਹੈ। ਦੁੱਖਾਂ ਦੀ ਭੰਨੀ ਜਨਤਾ ਆਪਣੇ ਇਲਾਜ ਲਈ ਹਮੇਸ਼ਾਂ ਸੌਖਾ ਓਹੜ ਪੋਹੜ ਕਰਨਾ ਚਾਹੁੰਦੀ ਹੈ ਕਿਉਂਕਿ ਉਹਨਾਂ ਦੇ ਵਸੀਲੇ ਵੀ ਉੱਨੇ ਕੁ ਹੀ ਹੁੰਦੇ ਹਨ। ਸਰਕਾਰਾਂ ਲੋਕਾਂ ਨੂੰ ਚੇਤਨ ਕਰਨਾ ਨਹੀਂ ਚਾਹੁੰਦੀਆਂ ਕਿਉਂਕਿ ਉਹਨਾਂ ਦਾ ਲੁਟੇਰਾ ਰਾਜ ਤਦੇ ਸਥਿਰ ਰਹਿ ਸਕਦਾ ਹੈ। ਅੰਗਰੇਜ਼ਾਂ ਦੀ ਪੈਦਾ ਕੀਤੀ ਗ਼ੁਲਾਮ ਮਾਨਸਿਕਤਾ ਹੀ ਇਸਦੀ ਪੂਜਾ ਕਰਦੀ ਹੈ ਤੇ ਸ਼ਰਧਾਲੂ ਬਣਕੇ ਹੋਰ ਤੇ ਹੋਰ ਇਸ਼ਤਿਹਾਰਬਾਜ਼ੀ ਦਾ ਕੰਮ ਵੀ ਕਰਦੀ ਹੈ। ਸਾਡੇ ਲੋਕ ਉਨ੍ਹਾਂ ਦੇ ਕਿਸੇ ਇਲਾਜ ਨਾਲ ਠੀਕ ਭਾਵੇਂ ਨਾ ਹੋਣ ਪਰ ਦਸ ਬੰਦਿਆਂ ਕੋਲ ਗੱਲ ਜ਼ਰੂਰ ਕਰਦੇ ਹਨ ਕਿ ਉਹ ਬਹੁਤ ਵਧੀਆ ਹੈ।

ਕਈ ਵਾਰ ਇਹ ਸਵਾਲ ਦਾ ਸਾਹਮਣਾ ਵੀ ਕਰਨਾ ਪੈਂਦਾ ਹੈ ਕਿ ਔਰਤਾਂ ਬਾਬਿਆਂ ਦੇ ਮਗਰ ਲੱਗਦੀਆਂ ਹਨ ਇਸ ਦਾ ਕਾਰਣ ਵੀ ਇਹੀ ਹੈ ਕਿ ਔਰਤਾਂ ਨੂੰ ਪੜ੍ਹਾਈ ਤੋਂ ਵਾਂਝੇ ਰੱਖਿਆ ਜਾਂਦਾ ਸੀ। ਅੰਗਰੇਜ਼ਾਂ ਦੀ ਬਣਾਈ ਭੂਮੀ ਮਾਲਕੀ ਦੀ ਵੰਡ ਵੀ ਘਰ ਦੇ ਮਾਲਕ ਦੇ ਨਾਂ ਤੇ ਹੀ ਹੋਈ ਜਿਸ ਵਿੱਚ ਵੀ ਔਰਤ ਨੂੰ ਇਨਸਾਨ ਨਾ ਸਮਝ ਕੇ ਦੂਜੇ ਦਰਜ਼ੇ ਦੀ ਸ਼ਹਿਰੀ ਬਣਾ ਕੇ ਵਸਤੂ ਜਿੰਨੀ ਅਹਿਮੀਅਤ ਹੀ ਦਿੱਤੀ ਗਈ। ਉਸ ਕੋਲ ਆਪਣੇ ਦੁੱਖਾਂ ਤਕਲੀਫਾਂ ਨੂੰ ਦੱਸਣ ਦਾ ਕੋਈ ਜ਼ਰੀਆ ਹੀ ਨਹੀਂ ਸੀ ਹੁੰਦਾ। ਉਹ ਕਿਸ ਕੋਲ ਆਪਣੇ ਦੁੱਖੜੇ ਫਰੋਲੇ। ਮਾਨਸਿਕ ਤੌਰ 'ਤੇ ਕਮਜ਼ੋਰ ਪ੍ਰਾਣੀ ਨੂੰ ਮਾਨਸਿਕ ਰੋਗ ਵੀ ਜ਼ਿਆਦਾ ਹੀ ਲੱਗਣਗੇ। ਤਾਕਤਵਰ ਬੰਦਾ ਹਰ ਤਰ੍ਹਾਂ ਨਾਲ ਆਪਣੀ ਗੱਲ ਦੂਜਿਆਂ ਤੇ ਠੋਸ ਸਕਦਾ ਹੈ ਪਰ ਕਮਜ਼ੋਰ ਫਿਰ ਅਜਿਹੀ ਕੜੀ ਲੱਭਦਾ ਹੈ ਕਿ ਜਿਸ ਵਿੱਚ ਉਸਦੀ ਪੁੱਛ ਪ੍ਰਤੀਤ ਹੋਵੇ। ਇਸ ਕਰਕੇ ਹੀ ਔਰਤਾਂ ਇੱਕ ਖਿੱਚ ਪੈਦਾ ਕਰਨ ਲਈ ਅਜਿਹੀ ਨਿੰਦਣਯੋਗ ਮਾਨਸਿਕ ਹਾਲਤ ਦਾ ਸਾਹਮਣਾ ਕਰਦੀਆਂ ਹਨ। ਉਹਨਾਂ ਦਾ ਤਾਂਤਰਿਕਾਂ ਦੇ ਸਾਹਮਣੇ ਖੇਡਣਾ ਆਦਿ ਇਸਦਾ ਹੀ ਸਬੂਤ ਹੈ। ਪਿਤਾ ਪੁਰਖੀ ਸਮਾਜ ਵਿੱਚ ਹਮੇਸ਼ਾਂ ਔਰਤ-ਜਾਤੀ ਦੀਆਂ ਹਾਲਤਾਂ ਬਦ ਤੋਂ ਬਦਤਰ ਰਹੀਆਂ ਹਨ।

ਤਰਕਸ਼ੀਲ ਸੁਸਾਇਟੀਆਂ ਪੰਜਾਬ, ਭਾਰਤ ਜਾਂ ਬਿਦੇਸ਼ਾਂ ਵਿੱਚ ਸਾਲਾਂ ਬੱਧੀਂ ਕੰਮ ਕਰ ਰਹੀਆਂ ਹਨ ਪਰ ਜਾਦੂ ਟੂਣੇ ਵਾਲੇ ਦਿਨੋਂ ਦਿਨ ਵਧਦੇ ਜਾ ਰਹੇ ਹਨ ਇਸਦਾ ਕਾਰਣ ਇਹੀ ਹੈ ਕਿ ਲੋਕ ਬਾਬਿਆਂ ਨੂੰ ਬਹੁਤ ਚੜ੍ਹਾਵਾ ਚੜ੍ਹਾਉਂਦੇ ਹਨ ਉਸ ਨਾਲ ਉਹ ਇਸ਼ਤਿਹਾਰਬਾਜ਼ੀ ਕਰਦੇ ਹਨ, ਮੀਡੀਆ ਉਨ੍ਹਾਂ ਦੇ ਹੱਥ ਵਿੱਚ ਹੈ। ਅਖ਼ਬਾਰਾਂ ਵਿੱਚ ਥਾਂ ਥਾਂ ਤੇ ਐਡਾਂ ਪਾਈਆਂ ਹੁੰਦੀਆਂ ਹਨ। ਸਰਕਾਰਾਂ ਉਨ੍ਹਾਂ ਨੂੰ ਨੱਥ ਨਹੀਂ ਪਾਉਂਦੀਆਂ ਸਗੋਂ ਉਤਸ਼ਾਹਤ ਕਰਦੀਆਂ ਹਨ। ਤਰਕਸ਼ੀਲ ਸੁਸਾਇਟੀ ਵਲੋਂ ਕੈਨੇਡਾ ਸਰਕਾਰ ਕੋਲ ਇਹਨਾਂ ਐਡਾਂ ਦੇ ਖਿਲਾਫ਼ 10000 ਲੋਕਾਂ ਦੇ ਦਸਖ਼ਤਾਂ ਵਾਲੀ ਪਟੀਸ਼ਨ ਵੀ ਦਾਖਲ ਕੀਤੀ ਗਈ ਪਰ ਕੋਈ ਉੱਤਾ ਨਹੀਂ ਵਾਚਿਆ ਗਿਆ। ਸਾਡੇ ਲੁੱਟੇ ਜਾਣ ਵਾਲੇ ਲੋਕ ਵੀ ਸਾਹਮਣੇ ਆ ਕੇ ਉਨ੍ਹਾਂ ਦਾ ਵਿਰੋਧ ਨਹੀਂ ਕਰਦੇ ਸਗੋਂ ਲੁਟਾਈ ਖਾ ਕੇ ਚੁੱਪ ਕਰ ਜਾਂਦੇ ਹਨ। ਉਹ ਵੀ ਕਿਤੇ ਨਾ ਕਿਤੇ ਆਪਣੇ ਆਪ ਨੂੰ ਕਸੂਰਵਾਰ ਮੰਨ ਬਹਿੰਦੇ ਹਨ ਜਦਕਿ ਚੁਸਤ ਚਲਾਕ ਲੋਕ ਉਹਨਾਂ ਦੀਆਂ ਭਾਵਨਾਵਾਂ ਨਾਲ ਖਿਲਵਾੜ ਕਰਕੇ ਉਹਨਾਂ ਨੂੰ ਸਿੱਧੇ ਜਾਂ ਅਸਿੱਧੇ ਰੂਪ ਵਿੱਚ ਨੁਕਸਾਨ ਪਹੁੰਚਾ ਰਹੇ ਹੁੰਦੇ ਹਨ। ਦੂਸਰੇ ਪਾਸੇ ਤਰਕਸ਼ੀਲ ਸੁਸਾਇਟੀਆਂ ਲੋਕਾਂ ਦੀਆਂ ਜਥੇਬੰਦੀਆਂ ਹਨ, ਉਹ ਜੋ ਕੰਮ ਕਰਦੀਆਂ ਹਨ ਆਪਣੇ ਵਿਤ ਮੁਤਾਬਕ ਹੀ ਕਰ ਸਕਦੀਆਂ ਹਨ। ਉਨ੍ਹਾਂ ਦੇ ਸਾਧਨ ਚਾਹੇ ਪੈਸੇ ਦਾ ਹੋਵੇ ਜਾਂ ਸਮੇਂ ਦਾ ਉਹ ਸੀਮਤ ਹਨ ਕਿਉਂਕਿ ਉਹ ਸਾਰੇ ਲੋਕ ਕੰਮ ਕਰਕੇ ਗੁਜ਼ਾਰਾ ਕਰਨ ਵਾਲੇ ਹਨ, ਉਨ੍ਹਾਂ ਕੋਲ ਲੁੱਟ ਦਾ ਮਾਲ ਤਾਂ ਬਾਬਿਆਂ ਵਾਂਗ ਹੁੰਦਾ ਨਹੀਂ। ਮੀਡੀਆ ਵੀ ਜੋ ਲੋਕ ਪੱਖੀ ਹੈ, ਉਹੀ ਬਾਂਹ ਫੜ੍ਹਦਾ ਹੈ ਪਰ ਹਾਂ ਕਈ ਵਾਰ ਲੋਕ ਉਹਨਾਂ ਕੋਲ ਜਾਂਦੇ ਵੀ ਹਨ ਪਰ ਜਦੋਂ ਨੂੰ ਉਹ ਲੁਟਾਈ ਖਾ ਚੁੱਕੇ ਹੁੰਦੇ ਹਨ ਅਤੇ ਉਹਨਾਂ ਨੇ ਕਈਆਂ ਦੇ ਪੈਸੇ ਮੁੜਵਾਉਣ ਵਿੱਚ ਵੀ ਮੱਦਦ ਕੀਤੀ ਹੈ।

ਕੈਨੇਡਾ ਵਰਗੇ ਵਿਕਸਤ ਦੇਸ਼ ਵਿੱਚ ਅਜਿਹਾ ਵਰਤਾਰਾ ਕਿਉਂ ਹੈ ਜਿੱਥੇ ਲੋਕ ਖੁਸ਼ਹਾਲ ਜ਼ਿੰਦਗੀ ਜਿਉਂਦੇ ਹਨ ? ਇਹ ਭੁਲੇਖਾ ਵੀ ਸਾਡੇ ਲੋਕਾਂ ਵਿੱਚ ਆਮ ਹੀ ਦੇਖਣ ਨੂੰ ਮਿਲਦਾ ਹੈ ਜਦਕਿ ਪੈਸਾ ਖੁਸ਼ੀ ਨਹੀਂ ਦੇ ਸਕਦਾ ਇਹ ਸਿਰਫ਼ ਤੇ ਸਿਰਫ਼ ਲੋੜਾਂ ਪੂਰੀਆਂ ਕਰਨ ਲਈ ਹੁੰਦਾ ਹੈ। ਇਨਸਾਨ ਨੂੰ ਦੁੱਖਾਂ ਤਕਲੀਫਾਂ, ਔਕੜਾਂ ਵਿੱਚੋਂ ਹਰ ਥਾਂ ਤੇ ਹੀ ਲੰਘਣਾ ਪੈਂਦਾ ਹੈ ਇਸੇ ਤਰ੍ਹਾਂ ਇੱਥੇ ਵੀ। ਸਾਰੀਆਂ ਮੁਸ਼ਕਲਾਂ ਦਾ ਹੱਲ ਪੈਸਾ ਕਦੇ ਵੀ ਨਹੀਂ ਹੁੰਦਾ। ਇੱਥੇ ਤਾਂ ਸਗੋਂ ਕਈ ਮੁਸ਼ਕਲਾਂ ਹੋਰ ਵੀ ਜਮ੍ਹਾਂ ਹੋ ਜਾਂਦੀਆਂ ਹਨ, ਜਿਵੇਂ ਬਿਮਾਰ ਹੋਣਾ, ਕੰਮ ਦਾ ਛੁੱਟ ਜਾਣਾ, ਰਿਸ਼ਤਿਆਂ 'ਚ ਤਰੇੜ ਆਉਣੀ, ਪਤੀ ਪਤਨੀ ਦਾ ਵੀਜ਼ਾ ਨਾ ਲੱਗਣਾ, ਬੌਸ ਦੀਆਂ ਝਿੜਕਾਂ, ਘਰਾਂ ਦੀਆਂ ਪੈਮੈਂਟਾਂ, ਬੱਚਿਆਂ ਦਾ ਨਸ਼ਿਆਂ ਵੱਲ ਚਲੇ ਜਾਣਾ ਹੋਰ ਪਰਿਵਾਰਕ ਝਗੜੇ ਝੇੜੇ, ਪੈਸੇ ਦੀ ਦੌੜ, ਸੈੱਟ ਹੋਣ ਦਾ ਫ਼ਿਕਰ, ਕਿੰਨਾ ਹੀ ਕੁੱਝ। ਮਨੁੱਖੀ ਮਨ ਤਾਂ ਇੱਕੋ ਜਿਹਾ ਹੀ ਹੈ ਚਾਹੇ ਭਾਰਤ ਹੋਵੇ ਜਾਂ ਕੈਨੇਡਾ। ਹਰ ਮਨੁੱਖ ਦੁੱਖ ਜਾਂ ਮੁਸੀਬਤ ਨੂੰ ਦੇਖ ਕੇ ਛੇਤੀ ਘਬਰਾਉਂਦਾ ਹੈ ਤੇ ਇਲਾਜ ਵੀ ਛੇਤੀ ਵਾਲਾ ਤੇ ਸੌਖੇ ਵਾਲਾ ਲੱਭਦਾ ਹੈ। ਸੋ ਉਦੋਂ ਹੀ ਇਨ੍ਹਾਂ ਦੇ ਚੁੰਗਲ ਵਿੱਚ ਫਸਦਾ ਹੈ। ਦੂਸਰਾ ਦੇਖਣ ਵਿੱਚ ਆਉਂਦਾ ਹੈ ਕਿ ਇਹ ਪਖੰਡੀ ਖੜ੍ਹੇ ਬੇਸ਼ੱਕ ਸਾਇੰਸ ਦੇ ਉਲਟ ਹਨ ਪਰ ਉਹਨਾਂ ਨੇ ਇਸਨੂੰ ਇਸਤੇਮਾਲ ਬਹੁਤ ਕੀਤਾ ਹੈ। ਇੱਥੇ ਤਾਂ ਉਹ ਘਰ ਬੈਠੇ ਇਲਾਜ ਦੱਸਦੇ ਹਨ ਤੇ ਕਰੈਡਿਟ ਕਾਰਡ ਤੇ ਹੀ ਪੈਸੇ ਲੈ ਲੈਂਦੇ ਹਨ। ਜਨਮ ਕੁੰਡਲੀਆਂ ਕੰਮਪਿਊਟਰ ਨਾਲ ਤਿਆਰ ਕੀਤੀਆਂ ਜਾਂਦੀਆਂ ਹਨ। ਇੰਟਰਨੈੱਟ ਜਿਧਰੋਂ ਮਰਜ਼ੀ ਖੋਲ੍ਹੋ ਉਧਰ ਹੀ ਇਹਨਾਂ ਦੀਆਂ ਐਡਾਂ ਚੱਲ ਰਹੀਆਂ ਹੁੰਦੀਆਂ ਹਨ। ਇਹਨਾਂ ਦੇਸ਼ਾਂ ਵਿੱਚ ਸਰਮਾਏਦਾਰੀ ਯੁੱਗ ਨੇ ਪਹਿਲਾਂ ਪੈਰ ਰੱਖਿਆ ਹੈ, ਇੱਥੇ ਹਰ ਮਨੁੱਖ ਪੈਸੇ ਨੂੰ ਮੁੱਖ ਰੱਖ ਕੇ ਸੋਚਦਾ ਹੈ। ਪੈਸੇ ਦੀ ਦੌੜ ਵਿੱਚ ਸੰਵੇਦਨਸ਼ੀਲ ਮਾਨਸਿਕਤਾ ਅਲੋਪ ਹੋ ਜਾਂਦੀ ਹੈ ਅਤੇ ਸਭ ਕੁੱਝ ਨਿੱਜ ਨਾਲ ਜੁੜ ਜਾਂਦਾ ਹੈ। ਹਰ ਇੱਕ ਇਨਸਾਨ ਆਪਣੇ ਲਈ ਸੋਚਦਾ ਹੈ, ਦੂਸਰੇ ਲਈ ਨਹੀਂ।

ਵਿਗਿਆਨ ਦੀ ਐਨੀ ਤਰੱਕੀ ਹੋਣ ਦੇ ਬਾਵਜੂਦ ਅੰਧਵਿਸ਼ਵਾਸ਼ ਕਿਉਂ ਵੱਧ ਫੁੱਲ ਰਿਹਾ ਹੈ ਇਸਦਾ ਮੁੱਖ ਕਾਰਣ ਤਾਂ ਇਹੀ ਹੈ ਕਿ ਉਹਨਾਂ ਦਾ ਨੈੱਟ ਵਰਕ ਬਹੁਤ ਤਕੜਾ ਹੈ। ਇਸ ਵਿੱਚ ਸਰਕਾਰਾਂ ਅਗਰ ਐਹੋ ਜਿਹੇ ਲੁਟੇਰਿਆਂ ਨਾਲ ਸ਼ਖ਼ਤੀ ਨਾਲ ਨਜਿੱਠਣ ਤਾਂ ਠੱਲ ਪੈ ਸਕਦੀ ਹੈ ਅਤੇ ਸਰਕਾਰਾਂ ਵਲੋਂ ਹੀ ਅਜਿਹੀ ਪੜ੍ਹਾਈ ਨੂੰ ਤਰਜ਼ੀਹ ਦਿੱਤੀ ਜਾਵੇ ਜੋ ਇੱਕ ਵਧੀਆ ਮਨੁੱਖ ਬਣਨ ਦੀ ਪ੍ਰੇਰਨਾ ਦੇਵੇ ਨਾ ਕਿ ਪੈਸੇ ਕਮਾਉਣ ਵਾਲੀਆਂ ਪੁਤਲੀਆਂ। ਜਿਹੜੇ ਕਮਿਊਨਿਸਟ ਦੇਸ਼ਾਂ ਵਿੱਚ ਲੋਕਾਂ ਦੀਆਂ ਮੁੱਢਲੀਆਂ ਲੋੜਾਂ ਕੁੱਲੀ, ਗੁੱਲੀ ਤੇ ਜੁੱਲੀ ਦਾ ਧਿਆਨ ਰੱਖਿਆ ਜਾਂਦਾ ਹੈ, ਜਿੱਥੇ ਸਿਹਤ ਸੇਵਾਵਾਂ, ਪੜ੍ਹਾਈ ਤੇ ਰਹਿਣ ਦੇ ਪੁਖਤਾ ਇੰਤਜ਼ਾਮ ਕੀਤੇ ਜਾਂਦੇ ਹਨ, ਉੱਥੇ ਲੋਕਾਂ ਨੂੰ ਅਜਿਹੀਆਂ ਬਲਾਵਾਂ ਨਹੀਂ ਚੁੰਬੜਦੀਆਂ ਤੇ ਲੋਕ ਸਾਇੰਸ ਤੇ ਯਕੀਨ ਕਰਨ ਲੱਗਦੇ ਹਨ, ਇਸਦੀ ਮਿਸਾਲ ਕਿਊਬਾ ਵਰਗਾ ਛੋਟਾ ਜਿਹਾ ਦੇਸ਼ ਹੈ। ਨਿੰਬੂਆਂ ਵਾਲੀਆਂ ਕਰਤੂਤਾਂ ਦੇਖ ਕੇ ਜੇ ਅੱਜ ਖ਼ਬਰਾਂ ਲੱਗੀਆਂ ਹਨ ਤਾਂ ਸਿਰਫ਼ ਉਹਦੇ ਵਿੱਚ ਵੀ ਇਹ ਖ਼ਤਰਾ ਸੀ ਕਿ ਖਾਣ ਵਾਲੀ ਚੀਜ਼ ਵਿੱਚ ਸੂਈਆਂ ਸੀ ਕਿ ਕੋਈ ਮੂੰਹ ਵਿੱਚ ਪਾ ਸਕਦਾ ਹੈ, ਖ਼ਤਰਾ ਇਹ ਵੀ ਹੈ ਕਿ ਇਹ ਟੂਣੇ ਟਾਮਣ ਕਰਨ ਵਾਲੇ ਲੋਕ ਕਿੰਨੇ ਲੋਕਾਂ ਵਿੱਚ ਵੈਰ ਵਿਰੋਧ ਪੈਦਾ ਕਰਕੇ ਨਫ਼ਰਤ ਦੇ ਬੀਜ ਬੀਜ ਰਹੇ ਹਨ ਤੇ ਕਿੰਨਿਆਂ ਨੂੰ ਗੁੰਮਰਾਹ ਕਰਕੇ ਉਹਨਾਂ ਦੇ ਬੱਚਿਆਂ ਦੇ ਮੂੰਹੋਂ ਖਾਣਾ ਖੋਹ ਲੈਂਦੇ ਹਨ। ਤਰਕਸ਼ੀਲ ਸੁਸਾਇਟੀਆਂ ਆਪਣੇ ਵਲੋਂ ਜਾਗਰਿਤ ਕਰਨ ਲਈ ਹਰ ਸੰਭਵ ਕੋਸ਼ਿਸ਼ ਕਰਦੀਆਂ ਹਨ ਕਿ ਲੋਕ ਇਹਨਾਂ ਲੋਕਾਂ ਦਾ ਖਾਸਾ ਪਛਾਣ ਸਕਣ ਤੇ ਤਰਕ ਨਾਲ ਸੋਚਣ ਲੱਗਣ। ਸਾਨੂੰ ਜ਼ਿਆਦਾ ਨਿਰਾਸ਼ ਵੀ ਨਹੀਂ ਹੋਣਾ ਚਾਹੀਦਾ ਕਿਉਂਕਿ ਅੱਜ ਕੱਲ ਦੀ ਨਵੀਂ ਪੀੜ੍ਹੀ ਇਹੋ ਜਿਹੀਆਂ ਦਕੀਆਨੂਸੀ ਗੱਲਾਂ ਵੱਲ ਧਿਆਨ ਨਹੀਂ ਦਿੰਦੀ, ਇਸ ਕਰਕੇ ਆਉਣ ਵਾਲਾ ਸਮਾਂ ਇੱਕ ਵਧੀਆ ਸਮਾਜ ਲਈ ਦਸਤਕ ਜ਼ਰੂਰ ਦੇਵੇਗਾ।

ਡਾ. ਬਲਜਿੰਦਰ

ਮਹਾਂਮਾਰੀ ਕਾਨੂੰਨ 1897

# ਬਸਤੀਵਾਦੀ ਦੌਰ ਦਾ ਇੱਕ ਹੋਰ ਕਾਲਾ ਕਾਨੂੰਨ



ਕੋਵਿਡ–19 ਦੀ ਮਹਾਂਮਾਰੀ ਨੇ ਲੋਕਾਂ ਸਾਹਮਣੇ ਹਾਕਮਾਂ ਵੱਲੋਂ ਵਰਤੋਂ ’ਚ ਲਿਆਂਦੇ ਜਾਂਦੇ ਇੱਕ ਹੋਰ ਕਾਲੇ ਕਾਨੂੰਨ ਨੂੰ ਨਸ਼ਰ ਕੀਤਾ ਹੈ। ਇਸ ਮਹਾਂਮਾਰੀ ਦੇ ਫੈਲਣ ਅਤੇ ਇਸ ਤੋਂ ਬਣਨ ਬਚਾਓ ਦੇ ਪ੍ਰਚਾਰ ਲਈ ਮਿਊਂਸਪਲ ਕਾਰਪੋਰੇਸ਼ਨ ਦੀਆਂ ਕੂੜਾ ਇਕੱਠਾ ਕਰਨ ਵਾਲੀਆਂ ਗੱਡੀਆਂ ’ਤੇ ਲਾਏ ਗਏ ਸਪੀਕਰਾਂ ਰਾਹੀਂ ਸਾਰਾ ਦਿਨ ਪ੍ਰਚਾਰ ਹੁੰਦਾ ਰਹਿੰਦਾ ਹੈ। ਇਸ ਪ੍ਰਚਾਰ ਦੇ ਨਾਲ ਨਾਲ ਅਖੀਰ ’ਚ ਇੱਕ ਚਿਤਾਵਨੀ ਵੀ ਕੰਨੀ ਕੱਢੀ ਜਾਂਦੀ ਹੈ ਕਿ ਅਗਰ ਤੁਸੀਂ ਸਰਕਾਰ ਦੀਆਂ ਇਹਨਾਂ ਹਦਾਇਤਾਂ ਦੀ ਪਾਲਣਾ ਨਾ ਕੀਤੀ ਤਾਂ ਤੁਹਾਡੇ ’ਤੇ ਮਹਾਂਮਾਰੀ ਐਕਟ 1897 ਤਹਿਤ ਕਾਰਵਾਈ ਕੀਤੀ ਜਾਵੇਗੀ।

24 ਮਾਰਚ 2020 ਤੋਂ ਲਾਕਡਾਊਨ ਕਰਕੇ ਇਸ ਕਾਨੂੰਨ ਤਹਿਤ ਸਾਰੇ ਮੁਲਕ ਦੇ ਬਸ਼ਿੰਦਿਆਂ ਨੂੰ ਘਰੀਂ ਤਾੜ ਦਿੱਤਾ ਗਿਆ। ਮੁਲਕ ਦਾ ਉਹ ਕਿਹੜਾ ਹਿੱਸਾ ਹੋਊ ਜਿੱਥੇ ਕਿਤੇ ਲਾਕਡਾਊਨ ਦੀ ਕਰਫਿਊ ਵਾਲੀ ਹਾਲਤ ਅੰਦਰ ਪੁਲਸ ਵਧੀਕੀ ਦਾ ਕੋਈ ਮਾਮਲਾ ਸਾਹਮਣੇ ਨਾ ਆਇਆ ਹੋਊ। ਪੰਜਾਬ ਅੰਦਰ ਝਾਤ ਮਾਰਿਆਂ ਲਾਕਡਾਊਨ ਕਰਫਿਊ ਦੌਰਾਨ ਘਰੋਂ ਬਾਹਰ ਨਿਕਲਣ ਵਾਲਿਆਂ ਦਾ ਇਸਤਕਬਾਲ ਪੁਲਸ ਵਾਲਿਆਂ ਨੇ ਡਾਂਗਾਂ, ਗਾਲ੍ਹਾਂ, ਮੋਟਰ ਸਾਈਕਲ– ਗੱਡੀਆਂ ਭੰਨਣ, ਬੇਇਜ਼ਤੀ ਕਰਨ, ਮੁਰਗੇ ਬਨਾਉਣ ਰਾਹੀਂ ਕੀਤਾ ਅਤੇ ਨਾਲ ਹੀ ਇਹ ਸਾਰਾ ਕੁੱਝ ਆਪਣੇ ਹੱਥਾਂ ਨਾਲ ਵੀਡੀਓ ਕੈਮਰਿਆਂ ਰਾਹੀਂ ਸ਼ੋਸ਼ਲ ਮੀਡੀਆ ’ਤੇ ਵਾਇਰਲ ਕੀਤਾ ਤਾਂ ਜੋ ਘਰੋਂ ਨਿਕਲਣ ਵਾਲੇ ਹੋਰਨਾਂ ਨੂੰ ਕੰਨ ਹੋ ਜਾਣ। ਯੂਪੀ ’ਚ ਆਪਣੇ ਘਰਾਂ ਨੂੰ ਪੈਦਲ ਵਾਪਸ ਪਰਤ ਰਹੇ ਮਜ਼ਦੂਰਾਂ ਨੂੰ ਗਰੁੱਪ ’ਚ ਖੜ੍ਹਾ ਕਰਕੇ ਉਹਨਾਂ ’ਤੇ ਨਦੀਨਨਾਸ਼ਕ ਦਵਾਈ ਦਾ ਸਪਰੇਅ (ਕਥਿਤ ਤੌਰ ’ਤ ਸੈਨੇਟਾਈਜ਼ ਕਰਨਾ) ਕੀਤਾ ਗਿਆ। ਤਾਮਿਲਨਾਡੂ ਅੰਦਰ ਸ਼ਾਮ ਦੇ ਸਮੇਂ ਆਪਣੀ ਦੁਕਾਨ ਬੰਦ ਕਰਨ ’ਚ ਸਰਕਾਰੀ ਟਾਈਮ ਤੋਂ 10 ਮਿੰਟ ਲੇਟ ਹੋਏ ਪਿਓ–ਪੁੱਤ ਨੂੰ ਐਨੇ ਜਾਬਰ ਪੁਲੀਸ ਤਸ਼ੱਦਦ ਦਾ ਸਾਹਮਣਾ ਕਰਨਾ ਪਿਆ ਕਿ ਉਹਨਾਂ ਦੋਵਾਂ ਦੀ ਪੁਲਸ ਹਿਰਾਸਤ ’ਚ ਹੀ ਮੌਤ ਹੋ ਗਈ।

ਪੁਲੀਸ ਤਸ਼ੱਦਦ ਅਨਲਾਕਡਾਊਨ ਦੇ ਅਰਸੇ ਦੌਰਾਨ ਅਜੇ ਵੀ ਜਾਰੀ ਹੈ। ਅੱਜ ਮਾਸਕ ਨਾ ਪਹਿਨਣ ਅਤੇ ਕੁਆਰਨਟਾਈਨ ਅਤੇ ਆਈਸੋਲੇਸ਼ਨ ਦੇ ਨਿਯਮਾਂ ਦੀ ਉਲੰਘਣਾ ਤਹਿਤ ਲੋਕਾਂ ਨੂੰ ਧੜਾਧੜ ਚਲਾਨ ਕੱਟਕੇ ਖ਼ੂੰਘਲ ਕੀਤਾ ਜਾ ਰਿਹਾ ਹੈ। ਹਾਲਾਂਕਿ ਮਾਸਕ ਦੇ ਮਾਮਲੇ ’ਚ ਇੱਕ ਗੱਲ ਧਿਆਨ ਰੱਖਣੀ ਜਰੂਰੀ ਹੈ ਕਿ ਵਿਸ਼ਵ ਸਿਹਤ ਸੰਸਥਾ ਜਾਂ ਸਰਕਾਰ ਦੇ ਦਿਸ਼ਾ ਨਿਰਦੇਸ਼ਾਂ ’ਚ ਮਾਸਕ ਪਹਿਨਣਾ ਜ਼ਰੂਰੀ ਨਹੀਂ ਕੀਤਾ ਹੋਇਆ ਸਗੋਂ ਇਹ ਨੋਟ ਹੋਇਆ ਹੈ ਕਿ 6 ਘੰਟੇ ਤੋਂ ਵਧੇਰੇ ਸਮੇਂ ਤੱਕ ਮਾਸਕ ਪਹਿਨਣ ਨਾਲ ਲਾਗ ਦਾ ਖਤਰਾ ਵੱਧ ਜਾਂਦਾ ਹੈ ਅਤੇ ਇਸ ਗੱਲ ਦਾ ਕੋਈ ਵਿਗਿਆਨਕ ਸਬੂਤ ਨਹੀਂ ਹੈ ਕਿ ਮਾਸਕ ਪਹਿਨਣ ਨਾਲ ਲਾਗ ਤੋਂ ਬਚਿਆ ਜਾ ਸਕਦਾ ਹੈ। ਨਾਲ ਹੀ ਇਹ ਕਿ 6 ਮਹੀਨੇ ਲਗਾਤਾਰ ਮਾਸਕ ਦਾ ਇਸਤੇਮਾਲ ਕਰਨ ਨਾਲ ਵਿਅਕਤੀ ਦਮੇਂ ਦਾ ਮਰੀਜ਼ ਬਣ ਸਕਦਾ ਹੈ ਅਤੇ ਸਾਹ ਨਾਲ ਸਬੰਧਿਤ ਹੋਰ ਬਿਮਾਰੀਆਂ ਦਾ ਖਤਰਾ ਕਈ ਗੁਣਾ ਵਧ ਸਕਦਾ ਹੈ। ਆਮ ਲੋਕਾਂ ਲਈ ਇਹ ਇੱਕ ਬੁਝਾਰਤ ਹੈ ਕਿ ਇਹ ਕਿਸ ਕਾਨੂੰਨ ਤਹਿਤ ਕੀਤਾ ਜਾ ਰਿਹਾ ਹੈ। ਉਹ ਤਾਂ ਸਮਝਦੇ ਹਨ ਕਿ ਹੋਰਨਾ ਪੁਲੀਸ ਜਬਰ ਦੀਆਂ ਕਾਰਵਾਈਆਂ ਵਾਂਗ ਇਹ ਵੀ ਕੋਈ ਪੁਲੀਸ ਦਾ (ਫੌਜ਼ਦਾਰੀ ਕਾਨੂੰਨ) ਹੀ ਹੋਵੇਗਾ। ਹਾਂ ਇਹ ਫੌਜ਼ਦਾਰੀ ਕਾਨੂੰਨ ਵਾਂਗਰ ਹੀ ਹੈ। ਇਹ ਸਾਰੀ ਉਪਰਲੀ ਪੁਲੀਸ ਤਸ਼ਦੱਦ ਦੀ ਕਾਰਵਾਈ ਭਾਰਤੀ ਦੰਡਵਲੀ (ਪੈਨਲ) ਧਾਰਾ 188 ਤਹਿਤ ਕੀਤੀ ਜਾ ਰਹੀ ਹੈ। ਭਾਵੇਂ ਇਹ ਕਾਨੂੰਨ ਭਾਰਤੀ ਦੰਡ ਵਿਧਾਨ ਦੀਆਂ ਹੋਰਨਾਂ ਧਾਰਾਵਾਂ ਦੀ ਜੱਦ ਤੋਂ ਵੱਖਰਾ ਹੈ ਪਰ ਸਜ਼ਾ ਦੰਡਵਲੀ ਧਾਰਾ ਹੇਠ ਹੀ ਦਿੱਤੀ ਜਾਂਦੀ ਹੈ।

**ਕੀ ਹੈ ਇਹ ਕਾਨੂੰਨ** : ਇਹ ਕਾਨੂੰਨ ਹੈ ਮਹਾਂਮਾਰੀ ਕਾਨੂੰਨ 1897 (ਐਪੀਡੈਮਿਕ ਐਕਟ 1897)। ਬਰਤਾਨਵੀ ਬਸਤੀਵਾਦੀਆਂ ਦੇ ਰਾਜ ਦੌਰਾਨ 1890 ਵਿਆਂ ਦੌਰਾਨ ਬੰਬਈ ਸੂਬੇ ਅੰਦਰ ਸੰਢਿਆਂ ਵਾਲੀ (ਬਿਉਬੋਨਿਕ) ਪਲੇਗ ਦੇ ਫੈਲਣ ਦੌਰਾਨ ਇਹ ਕਾਨੂੰਨ ਲਿਆਂਦਾ ਗਿਆ ਸੀ। ਗੁਜਰਾਤ ਉਦੋਂ ਬੰਬਈ ਦਾ ਹੀ ਹਿੱਸਾ ਸੀ ਅਤੇ ਕੁਲ ਮਿਲਾਕੇ ਡਾਢੀ ਖਾਸੀ ਆਬਾਦੀ ਵਾਲਾ ਖੇਤਰ ਬਣਦਾ ਸੀ। ਇਸ ਕਾਨੂੰਨ ਅਨੁਸਾਰ ਮਿਲੀਆਂ ਖੁੱਲ੍ਹੀਆਂ ਛੋਟਾਂ ਤਹਿਤ ਸਰਕਾਰ ਨੂੰ ਆਮ ਲੋਕਾਂ ’ਤੇ ਜਬਰ ਕਰਨ ਅਤੇ ਖਾਸ ਕਰਕੇ ਮੁਲਕ ਦੀ ਅਜ਼ਾਦੀ ਦੀ ਜਦੋਜਹਿਦ ਅੰਦਰ ਸਰਗਰਮ ਦੇਸ਼ ਪ੍ਰੇਮੀਆਂ ’ਤੇ ਤਸ਼ੱਦਦ ਢਾਹੁਣ ਦੀ ਖੁੱਲ੍ਹੀ ਛੁੱਟੀ ਮਿਲੀ ਸੀ।

ਬਰਤਾਨਵੀ ਬਸਤੀਵਾਦੀ ਹਾਕਮਾਂ ਦੇ ਇਸ਼ਾਰਿਆਂ ’ਤੇ ਪਲੇਗ ਦੀ ਮਹਾਂਮਾਰੀ ਦੀ ਮਾਰ ਹੇਠ ਆਏ ਅਤੇ ਖਾਸ ਕਰਕੇ ਅਜ਼ਾਦੀ ਦੀ ਜਦੋਜਹਿਦ ’ਚ ਸਰਗਰਮ ਪਿੰਡਾਂ ਦੀ ਨਿਸ਼ਾਨਦੇਹੀ ਕੀਤੀ ਜਾਂਦੀ ਅਤੇ ਪਲੇਗ ਦੇ ਨਾਂ ਹੇਠ ਪਿੰਡਾਂ ਦੇ ਪਿੰਡਾਂ ਨੂੰ ਅੱਗ ਲਾ ਦਿੱਤੀ ਜਾਂਦੀ ਅਖੇ ਚੂਹੇ ਇੰਝ ਹੀ ਮਾਰੇ ਜਾਣਗੇ। ਲੋਕਾਂ ’ਤੇ ਢਾਹੇ ਗਏ ਇਸ ਜਬਰ ਤੋ ਆਕੀ ਹੋਏ ਤਿੰਨ ਚਾਪੇਕਰ ਭਰਾਵਾਂ (ਬੰਧੂਆਂ) ਨੇ ਪਲੇਗ ਕਮੇਟੀ ਦੇ ਚੇਅਰਮੈਨ ਇੰਡੀਅਨ ਸਿਵਲ ਸਰਵਿਸ ਅਧਿਕਾਰੀ ਵਾਲਟਰ ਚਾਰਲਸ ਰੇਂਡ ਨੂੰ ਗੋਲੀਆਂ ਨਾਲ ਮੌਤ ਦੇ ਘਾਟ ਉਤਾਰ ਦਿੱਤਾ ਕਿ ਤੁਸੀਂ ਸਾਨੂੰ ਚੂਹੇ ਸਮਝਦੇ ਹੋ ਅਤੇ ਚੂਹਿਆਂ ਦੇ ਬਹਾਨੇ ਸਾਨੂੰ ਖਤਮ ਕਰਨ ’ਤੇ ਤੁਲੇ ਹੋਏ ਹੋ। ਬਾਅਦ ਵਿੱਚ ਤਿੰਨਾਂ ਚਾਪੇਕਰ ਭਰਾਵਾਂ ਉਪਰ ਮੁਕੱਦਮਾ ਚਲਇਆ ਗਿਆ ਅਤੇ ਫਾਂਸੀ ਦੇ ਕੇ ਸ਼ਹੀਦ ਕਰ ਦਿੱਤਾ ਗਿਆ। ਸ਼ਹਿਰਾਂ, ਪਿੰਡਾਂ–ਕਸਬਿਆਂ ਦੇ ਘਰਾਂ, ਕਾਰਖਾਨਿਆਂ, ਦੁਕਾਨਾਂ, ਸਮੁੰਦਰੀ ਜਹਾਜ਼ਾਂ ਆਦਿ ਦੀ ਤਲਾਸ਼ੀ ਕਰਨ ਅਤੇ ਆਪਣੀਆਂ ਮਨਆਈਆਂ ਕਰਨ ਲਈ ਅਥਾਹ ਸ਼ਕਤੀਆ ਦਿੰਦਾ ਸੀ ਇਹ ਕਾਨੂੰਨ ਅਤੇ ਅੱਜ ਵੀ ਭਾਵੇਂ ਇਹਦੇ ਵਿੱਚ ਕਈ ਓਪਰੀਆਂ ਸੋਧਾਂ ਕੀਤੀਆਂ ਗਈਆਂ ਹਨ (ਅਜੇ ਪਿੱਛੇ ਜਿਹੇ ਮਈ 2020 ਵਿੱਚ ਇਸ ਮਹਾਂਮਾਰੀ ਦੌਰਾਨ ਹੀ ਕੁੱਝ ਸੋਧਾਂ ਕੀਤੀਆਂ ਗਈਆਂ ਹਨ) ਪਰ ਇਸ ਕਾਨੂੰਨ ਦਾ ਬੁਨਿਆਦੀ ਖਾਸਾ ਉਹੀ ਬਸਤੀਵਾਦੀ ਪੁਲਸੀਆ ਰਾਜ ਵਾਲਾ ਹੀ ਹੈ। ਫਰਕ ਸਿਰਫ਼ ਪਹਿਲਾਂ ਬਰਤਾਨੀਆਂ ਦੀ ਮਹਾਰਾਣੀ ਨੇ ਮੁਹਰ ਉਸ ਕਾਨੂੰਨ ’ਤੇ ਲਾਈ ਸੀ ਜਦ ਕਿ ਹੁਣ ਮੁਲਕ ਦੀ ਪਾਰਲੀਮੈਂਟ ਲਾਉਂਦੀ ਹੈ।

**ਇਸ ਕਾਨੂੰਨ ਦੀ ਧਾਰਾ 4- ਲੋਕਾਂ ’ਤੇ ਜਬਰ ਢਾਹੁਣ ਲਈ ਸਰਕਾਰੀ ਤੰਤਰ ਨੂੰ ਖੁੱਲ੍ਹ** : ਕੁੱਲ ਮਿਲਾਕੇ ਇਹ ਕਾਨੂੰਨ ਬਹੁਤ ਸੰਖੇਪ ਹੈ ਅਤੇ ਇਹਦੀ ਧਾਰਾ 4 ਤਾਂ ਐਦੂੰ ਵੀ ਛੋਟੀ ਹੈ। ਇਹ ਸਿਰਫ ਇੱਕ ਲਾਈਨ ਹੀ ਹੈ ਇਹਦੇ ਉਪ–ਸਿਰਲੇਖ “ ਇਸ ਕਾਨੂੰਨ ਤਹਿਤ ਕਾਰਵਾਈ ਨੂੰ ਅੰਜਾਮ ਦੇਣ ਵਾਲੇ ਵਿਅਕਤੀਆਂ ਦੀ ਰਾਖੀ” ਹੇਠ ਲਿਖਿਆ ਗਿਆ ਹੈ,

“ਇਸ ਕਾਨੂੰਨ ਤਹਿਤ ਕੀਤੀ ਜਾਣ



Baljinder Singh
Graphic Designer
All types of Newspaper Advts. Newspaper Planning, Designing of Catalogues, Brochures etc.
ਇੰਟਰਨੈਸ਼ਨਲ ਮਿਆਰ ਦੇ ਪੱਧਰ ’ਤੇ ਪੰਜਾਬੀ ਭਾਸ਼ਾ, ਸਾਹਿਤ, ਸਭਿਆਚਾਰ ਦੇ ਮੈਗਜ਼ੀਨਾਂ, ਕਿਤਾਬਾਂ ਅਤੇ ਅਖ਼ਬਾਰਾਂ ਨੂੰ ਆਧੁਨਿਕ ਤਕਨੀਕ ਨਾਲ ਤਿਆਰ ਕਰਵਾਉਣ ਲਈ ਸੰਪਰਕ ਕਰੋ
+91-92167-29598
E-mail : akashdeep.1064@gmail.com | baljinderpta1@gmail.com

Calgary Best Buy
Furniture & Mattress

Sales Rep.
Home Store
308 - 4774 Westwinds Dr. N.E.
Calgary AB T3J 0L9
Ph. : (403) 250-6661 Ext 1
westwinds@calgarybestbuyfurnitures.com

Unit#D200 9737 Mcleod Tr SW
Calgary AB T2J OP6
Ph. : (403) 250-6661 Ext3
sales@calgarybestbuyfurnitures.com
www.calgarybestbuyfurnitures.com

Call Romi Sidhu For Insurance & Financial Needs

StateFarm IS NOW Desjardins Insurance
Monday - Friday 9am to 5:30pm
Weekends: All Other Times
Only Appointments

4851 Westwinds Drive NE,
Suite 217, Calgary, AB T3J 4L4
Bus: 403-568-4330
Email: romi.sidhu@desjardins.com
* HOME * AUTO * LIFE
* DISABILITY * RRSV * RESP
* VEHICLE FINANCE * CRITICAL ILLNESS * MUTUAL FUNDS
Romi Sidhu, Agent
P02720CN

IQBAL SIDHU INSURANCE ADVISOR
FINANCIAL SERVICES
- Life Insurance; - Term Life - Universal Life
- Critical Illness Insurance • Segregated Funds
- RRSP
ਲਾਈਫ ਇੰਸ਼ੋਰੈਂਸ ਦੀਆਂ ਜ਼ਰੂਰਤਾਂ ਲਈ ਇਕਬਾਲ ਸਿੱਧੂ ਨਾਲ ਸੰਪਰਕ ਕਰੋ।
Tel: (403) 615-0957
Email: isidhu@sidhuaccounting.ca

SIDHU ACCOUNTING & TAX SERVICES
ACCOUNTING SERVICES
- Personal Tax Returns • Corporate Tax Returns
- Computerized Book Keeping
- Payroll • T4's • Record of Employment
ਅਕਾਊਂਟਿੰਗ ਦੀਆਂ ਜ਼ਰੂਰਤਾਂ ਲਈ ਇਕਬਾਲ ਸਿੱਧੂ ਨਾਲ ਸੰਪਰਕ ਕਰੋ।
Iqbal Sidhu
Tel: (403) 568-2667 Fax: (403) 568-2676
Email:info@sidhuaccounting.ca
Unit 202, 4656 Westwinds Dr. NE Calgary, AB. T3J 3Z5 (Near Sikh Virsa Office)

ਵਾਲੀ ਜਾਂ ਇਸ ਕਾਨੂੰਨ ਦੀ ਪਾਲਣਾ ਕਰਵਾਉਣ ਦੀ ਨੇਕ ਨੀਅਤ ਨਾਲ ਕੀਤੀ ਜਾਣ ਵਾਲੀ ਕਿਸੇ ਵੀ ਕਾਰਵਾਈ ਲਈ ਜ਼ੁੰਮੇਵਾਰ ਵਿਅਕਤੀ, ਅਦਾਰੇ ਜਾਂ ਸਰਕਾਰ ਖਿਲਾਫ਼ ਕੋਈ ਮੁਕੱਦਮੇਂਬਾਜ਼ੀ ਜਾਂ ਕਾਨੂੰਨੀ ਕਾਰਵਾਈ ਨਾ ਕੀਤੇ ਜਾਣ ਲਈ ਵਸੀਹ ਅਧਿਕਾਰ ਦਿੰਦੀ ਹੈ।

ਮਹਿਜ਼ ਇਹ ਇੱਕ ਲਾਈਨ ਹੀ ਪੁਲਸ, ਸਰਕਾਰ ਅਤੇ ਸਰਕਾਰੀ ਤੰਤਰ ਨੂੰ ਕਰੋਨਾ ਮਹਾਂਮਾਰੀ ਦੀ ਹਾਲਤ ਨਾਲ ਜੂਝ ਰਹੇ ਲੋਕਾਂ ਖਿਲਾਫ਼ ਆਪਣੀਆਂ ਮਨਆਈਆਂ ਕਰਨ ਦੀ ਖੁੱਲ੍ਹੀ ਛੋਟ ਬਖਸ਼ਦੀ ਹੈ ਅਤੇ ਪੁਲਸ ਹੱਥ ਲੋਕਾਂ ਨੂੰ ਕੁਚਲਣ ਲਈ ਵਸੀਹ ਅਧਿਕਾਰ ਦਿੱਤੇ ਹੋਏ ਹਨ।

**ਕਾਨੂੰਨ-ਮਹਾਂਮਾਰੀ ਲਈ ਜਾਂ ਪੁਲੀਸ ਤਲਾਸ਼ੀ ਦੀ ਮੁਹਿੰਮ** : ਦਿਲਚਸਪ ਗੱਲ ਇਹ ਹੈ ਕਿ ਇਸ ਕਾਨੂੰਨ ਦਾ ਨਾਮ ਮਹਾਂਮਾਰੀ ਕਾਨੂੰਨ ਹੈ। ਪਰ ਇਹਦੀ ਧਾਰਾ 2 ਅਤੇ 3 ’ਚ ਤਲਾਸ਼ੀ ਲੈਣ ਸਬੰਧੀ ਸਰਕਾਰ ਪੁਲੀਸ ਜਾਂ ਕਿਸੇ ਹੋਰ ਜ਼ੁੰਮੇਵਾਰ ਸਰਕਾਰੀ ਅਧਿਕਾਰੀ ਨੂੰ ਸ਼ਕਤੀਆਂ ਦੇਣ ਅਤੇ ਇਸ ਕਾਨੂੰਨ ਦੇ ਨੇਮਾਂ ਦੀ ਉਲੰਘਣਾ ਕਰਨ ਵਾਲਿਆਂ ਨੂੰ ਟਿੱਕਣ, ਉਹਨਾਂ ਨੂੰ ਗ੍ਰਿਫ਼ਤਾਰ ਕਰਨਾ ਅਤੇ ਜਮਾਨਤ ’ਤੇ ਰਿਹਾ ਕਰਨ ਜਾਂ ਇਸ ਕਾਨੂੰਨ ਤਹਿਤ ਕੈਦ ’ਚ ਸੁੱਟਣ ਦਾ ਅਧਿਕਾਰ ਦੇਣ ਤੋਂ ਸਿਵਾਏ ਬਾਕੀ ਸਾਰੇ ਮਸਲਿਆਂ ਬਾਬਤ ਇਹ ਕਾਨੂੰਨ ਚੁੱਪ ਹੈ। ਇਓਂ ਇਹ ਮਹਾਂਮਾਰੀ ਕਾਨੂੰਨ ਨਹੀਂ ਬਲਕਿ ਫੌਜਦਾਰੀ ਜਾਂ ਆਮ ਬੋਲੀ ’ਚ ਕਹਿਣਾ ਹੋਵੇ ਤਾਂ ਇੱਕ ਪੁਲਸੀਆ ਕਾਨੂੰਨ ਹੈ।

**ਮਹਾਂਮਾਰੀ ਕਾਨੂੰਨ ’ਚੋਂ ਮਹਾਂਮਾਰੀ ਨਾਦਾਰਦ** : ਉਪਰ ਜ਼ਿਕਰ ਅਧੀਨ ਮਹਾਂਮਾਰੀ ਐਕਟ 1897 ਅੰਦਰ ਮਹਾਂਮਾਰੀ ਲਫਜ਼ ਦੀ ਕੀਤੀ ਸਿਰਲੇਖ ਵਰਤੋਂ ਤੋਂ ਬਿਨਾਂ ਮਹਾਂਮਾਰੀ ਗਾਇਬ ਹੈ। ਗੱਲ ਇਹ ਹੈ ਮਨ ਇੱਛਤ ਘਟਨਾਕਰਮ ਨੂੰ ਮਹਾਂਮਾਰੀ ਦਾ ਨਾਮ ਪ੍ਰਦਾਨ ਕਰ ਦੇਣ ਦੇ ਵਸੀਹ ਅਧਿਕਾਰ ਸਰਕਾਰ ਨੇ ਆਪਣੇ ਪਾਸ ਰੱਖਦਿਆਂ ਇਸ ਕਾਨੂੰਨ ਅੰਦਰ ਮਹਾਂਮਾਰੀ ਨੂੰ ਪ੍ਰਭਾਸ਼ਤ ਹੀ ਨਹੀਂ ਕੀਤਾ ਹੈ। ਕੋਈ ਹੋਰ ਹੱਥਕੰਡਾ ਕੰਮ ਨਾ ਸੰਵਾਰਨ ਦੀ ਹਾਲਤ ’ਚ ਮਨਆਏ ਢੰਗ ਨਾਲ ਮਹਾਂਮਾਰੀ ਐਲਾਨੀ ਜਾ ਸਕਦੀ ਹੈ।

ਜਮਹੂਰੀ ਢੰਗ ਨਾਲ ਚੁਣੀ ਹੋਈ ਲੋਕ ਹਕੂਮਤ ਦੀ ਇਹ ਜ਼ੁੰਮੇਵਾਰੀ ਹੁੰਦੀ ਹੈ ਕਿ ਉਹ ਆਪਣੀ ਪਰਜਾ ਦੇ ਜਾਨ-ਮਾਲ ਦੀ ਰਾਖੀ ਕਰਨ ਦੀ ਵਚਨਬੱਧਤਾ ਦੀ ਪਾਬੰਦ ਰਹੇਗੀ। ਪਰ ਇਸ ਕਾਨੂੰਨ ਮਤਾਬਕ ਤਾਂ ਗੰਗਾ ਉਲਟੀ ਹੀ ਵਹਿੰਦੀ ਹੈ। ਪੁਲੀਸ ਅਤੇ ਸਰਕਾਰੀ ਤੰਤਰ ਨੂੰ ਵਸੀਹ ਅਧਿਕਾਰਾਂ ਨਾਲ ਲੈਸ ਕਰਨ ਵਾਲਾ ਇਹ ਕਾਨੂੰਨ ਕੁਆਰਨਟੀਨ, ਆਈਸੋਲੇਸ਼ਨ ਆਦਿ ਨੂੰ ਵੀ ਪ੍ਰੀਭਾਸ਼ਤ ਨਹੀਂ ਕਰਦਾ। ਇਹ ਕਾਨੂੰਨ ਇਹ ਵੀ ਤਹਿ ਨਹੀਂ ਕਰਦਾ ਕਿ ਮਹਾਂਮਾਰੀ ਐਲਾਨ ਤੋਂ ਬਾਅਦ ਲੋਕਾਂ ਨੂੰ ਦਰਪੇਸ਼ ਰੋਜ਼ਮਰ੍ਹਾ ਦੀਆਂ ਦਿੱਕਤਾਂ ਹੱਲ ਕਰਨ ਲਈ ਕਿਹੜਾ ਅਦਾਰਾ ਜ਼ੁੰਮੇਵਾਰ ਹੈ ਅਤੇ ਕਿਸ ਢੰਗ ਨਾਲ ਇਹਨਾਂ ਮੁਸ਼ਕਲਾਂ ਦੇ ਹੱਲ ਤਲਾਸ਼ੇ ਜਣਗੇ। ਇਹ ਕਾਨੂੰਨ ਮਹਾਂਮਾਰੀ ਦੀ ਹਾਲਤ ’ਚ ਇਸ ਨਾਲ ਨਜਿੱਠਣ ਲਈ ਕੋਈ ਕਮੇਟੀਆਂ ਗਠਣ ਕਰਨ ਬਾਬਤ ਕੋਈ ਦਿਸ਼ਾ ਨਿਰਦੇਸ਼ ਨਹੀਂ ਦਿੰਦਾ। ਇਸ ਦਾ ਨਤੀਜਾ ਇਸ ਕਰੋਨਾ ਮਹਾਂਮਾਰੀ ਮੌਕੇ ਸਰਕਾਰ ਵੱਲੋਂ ਗਠਤ ਵੱਖ-ਵੱਖ ਪੱਧਰ ਦੀਆਂ ਕਮੇਟੀਆਂ ਦੀ ਬਣਤਰ ਅਤੇ ਉਹਨਾਂ ਵੱਲੋਂ ਦਿੱਤੀ ਗਈ ਸੇਧ ਤੋਂ ਜਾਹਰ ਹੁੰਦਾ ਹੈ ਕਿ ਇਹਨਾਂ ਕਮੇਟੀਆਂ ਅੰਦਰ ਮਹਾਮਾਰੀ ਨਾਲ ਸਬੰਧਿਤ ਕੋਈ ਵੀ ਮਾਹਰ ਡਾਕਟਰ (ਐਪੀਡੀਸੋਲੋਜਿਟ) ਸ਼ਾਮਲ ਨਹੀਂ ਕੀਤਾ ਗਿਆ, ਨਿਰੇ-ਪੁਰੇ ਅਫਸਰਸ਼ਾਹੀ ਦੀ ਸ਼ਮੂਲੀਅਤ ਵਾਲੀਆਂ ਇਹਨਾਂ ਕਮੇਟੀਆਂ ਨੇ ਜੋ ਕੜ੍ਹੀ ਘੋਲੀ ਹੈ, ਇਹ ਕੋਈ ਕਹਿਣ ਦੀ ਬਹੁਤੀ ਲੋੜ ਨਹੀਂ। ਲਾਕਡਾਊਨ ਕਰਨ ਲੱਗਿਆਂ ਹਰ ਥਾਂ ਲਾਕਡਾਊਨ ਕਰ ਦਿੱਤਾ ਗਿਆ। ਕੋਈ ਦਿਸ਼ਾ ਨਿਰਦੇਸ਼ ਨਾ ਹੋਣ ਕਾਰਨ ਹਸਪਤਾਲਾਂ ਦੇ ਓਪੀਡੀ ਵੀ ਬੰਦ ਕਰ ਦਿੱਤੇ ਗਏ। ਦਵਾਈਆਂ/ਵੈਕਸ਼ੀਨੇਸ਼ਨ ਸਬੰਧੀ ਵੀ ਕੋਈ ਜ਼ਿਕਰ ਨਹੀਂ ਹੈ। ਕਰੋਨਾ ਤਾਂ ਜਦੋਂ ਹੋਊ ਓਦੋਂ ਦੇਖੀ ਜਊ, ਪਰ ਆਮ ਬਿਮਾਰੀਆਂ ਦੀ ਹਾਲਤ ’ਚ ਅਤੇ ਐਮਰਜੈਂਸੀ ਦੀਆਂ ਹਾਲਤਾਂ ’ਚ ਮਰੀਜ਼ਾਂ ਨੂੰ ਮੌਤ ਦੇ ਮੂੰਹ ’ਚ ਜਾਂਦੇ ਦੇਖਿਆ ਗਿਆ।



ਲਾ-ਪਾਕੇ ਇਹ ਕਾਨੂੰਨ ਭਾਰਤੀ ਜਮਹੂਰੀਅਤ ਦੇ ਹੋਰਨਾਂ ਲੋਕ ਦੋਖੀ ਕਾਨੂੰਨਾਂ ਵਾਂਗ ਇੱਕ ਨਹਿਸ਼ ਕਾਲਾ ਕਾਨੂੰਨ ਹੈ। ਲੋਕਾਂ ਨੂੰ ਤ੍ਰਾਸਦੀ ਵਾਲੀ ਹਾਲਤ ’ਚ ਕੋਈ ਰਾਹਤ ਪਹੁੰਚਾਉਣ ਦੀ ਥਾਂ ਇਹ ਕਾਲਾ ਜਾਬਰ ਕਾਨੂੰਨ ਉਹਨਾਂ ਵਾਸਤੇਂ ਸਰਕਾਰ ਤੋਂ ਜਮਹੂਰੀਅਤ ਦੇ ਅਹਿਮ ਅੰਸ਼ ਸਮਝੇ ਜਾਂਦੇ ਨਿਆਪਾਲਿਕਾ ਸਾਹਮਣੇ ਕੋਈ ਜੁਆਬ ਤਲਬੀ ਕਰਨ ਦਾ ਰਾਹ ਬੰਦ ਕਰਦਾ ਹੈ ਅਤੇ ਪੁਲਸ ਵਧੀਕੀਆਂ ਦੇ ਸ਼ਿਕਾਰ ਲੋਕਾਂ ਨੂੰ ਆਪਣੀ ਸੁਣਵਾਈ ਕਰਨ ਦਾ ਰਾਹ ਮੁੰਦਦਾ ਹੈ। ਅਜਿਹੇ ਕਾਲੇ ਕਾਨੂੰਨ ਨੂੰ ਬਰਖਾਸਤ ਕਰਕੇ ਲੋਕਾਂ ਦੀ ਸ਼ਮੂਲੀਅਤ ਯਕੀਨੀ ਬਨਾਉਣ ਵਾਲਾ ਅਤੇ ਲੋਕ ਹਿਤਾਂ ਦੀ ਰਾਖੀ ਕਰਨ ਵਾਲੀ ਵਿਉਂਤਬੰਦੀ ਘੜਨ ਵੱਲ ਸੇਧਤ ਨਵਾਂ ਕਾਨੂੰਨ ਬਣਾਏ ਜਾਣ ਦੀ ਜ਼ਰੂਰਤ ਹੈ। ਕਾਨੂੰਨ ਅੰਦਰ ਜਮਹੂਰੀ ਲੀਹਾਂ ’ਤੇ ਭਾਗੀਦਾਰੀ ਨਾਲ ਉਪਰ ਤੋਂ ਹੇਠਾਂ ਤੱਕ ਸਥਾਨਕ ਮਹੱਲਾ ਪੱਧਰ ਤੱਕ ਲੋਕਾਂ ਦੀ ਦੇਖ ਰੇਖ ਹੇਠ ਮਹਾਂਮਾਰੀ ਨਾਲ ਨਜਿੱਠਣ ਲਈ ਵਿਉਂਤਬੰਦੀ ਤਹਿ ਕਰਨਾ ਯਕੀਨੀ ਬਣਾਇਆ ਜਾਣਾ ਚਾਹੀਦਾ ਹੈ। ਅਜਿਹੇ ਕਾਨੂੰਨ ਅੰਦਰ ਹਰ ਪੱਧਰ ਦੇ ਅਦਾਰਿਆ ਵੱਲੋਂ ਉਠਾਏ ਗਏ ਕਦਮਾਂ ਦੀ ਜੁਆਬਦੇਹੀ ਲਈ ਬੰਦੋਬਸਤ ਕੀਤਾ ਜਾਣਾ ਚਾਹੀਦਾ ਹੈ ਤਾਂ ਜੋ ਸਵਾਰਥੀ ਹਿਤ ਅਜਿਹੀ ਹਾਲਤ ’ਚ ਆਪਣੇ ਹੀ ਮੁਨਾਫਿਆਂ ਜਾਂ ਹਿਤਾਂ ਦੀ ਨਾ ਸੋਚਣ, ਜਿਵੇਂ ਕਿ ਇਸ ਮਹਾਂਮਾਰੀ ਦੌਰਾਨ ਹੋ ਰਿਹਾ ਹੈ।










Car Wash

Go Detail & Express Wash



- Car Wash - Express Detail - Hand Wash
- Full Detail - Auto Wash - SELF Serve

403-408-7536

3510 32 Street NE, Calgary AB

Reliance /Legal Group LLP

FORMERLY KNOWN AS SINGH & PARTNERS LAW OFFICE

Commonwealth Centre
Unit 1101, 3961-52nd Ave.N.E.
Calgary, AB T3J 0J7

Barristers, Solicitors and Notary Public

Our law group practices in

IMMIGRATION
Applications for Family Class and APPEALS, Skilled Workers, Investors, Refugee Claims

REAL ESTATE
Buying and Selling
Commercial and Residential
Land Development
Condominium Projects
WILLS & ESTATE
CRIMINAL LAW

SMALL BUSINESS
Buying and Selling
Franchises, Shareholder Agreements and Incorporations
FORMATION OF PUBLIC COMPANIES

Tel. : 403-285-7070

PERSONAL INJURY (Car Accident Claims)

NO LEGAL FEES UNTIL RECOVERY

Our clients include small businesses, public companies, builders, land developers, charitable organizations and individuals. We donate part of our fees to Alberta Children Hospital.
* Experienced lawyers, caring, confidential * Reasonable fees
* Free Initial Consultation * Weekend & Evening Appointments (available upon request)

HALL FOR RENT IN NE

For Kids Birthday Parties, Family Dinners, Meetings, Small Parties etc.
Maximum Capacity: 50 people
For more info:
Ph: 403-681-8689 or
Email: hp8689@gmail.com

McKnight Dental Clinic



- Serving NE Community for over 30 years
- We follow Alberta Dental Fee Guide
- Open some evenings and Saturdays

Tel. 403-280-0880
Fax : 403-293-8852
www.mcknightdental.ca

McKnight Village,
5432 Falsbridge Dr NE,
Calgary, Alberta, T3J 3E9

(All services provided by General Dentists)




Mega Sanjha Punjab GROCERY STORE

ਭਾਰਤੀ ਅਤੇ ਪਾਕਿਸਤਾਨੀ ਗਰੋਸਰੀ ਦਾ ਭੰਡਾਰ

ਦਾਲਾਂ, ਮਸਾਲੇ, ਆਟਾ, ਖੰਡ, ਤੇਲ, ਦੇਸੀ ਘਿਉ, ਤਾਜ਼ੇ ਫਲ, ਸਬਜ਼ੀਆਂ, ਭਾਂਡੇ ਅਤੇ ਹੋਰ ਵੀ ਬਹੁਤ ਕੁਝ

117 7171 80 Ave NE,
Calgary (Alberta) T3J 0P6
Ph. : 403 475 5777, mega@spgrocery.com
www.spgrocery.com

331-3690 West Winds Drive,
Calgary (Alberta) T3J 5H3
Ph. : 403 266 5200, info@spgrocery.com
www.spgrocery.com

Harpreet Parmar CPA, CGA

Chartered Professional Accountant

• Accounting • Tax • Business Advisory

We also provide
FINTRAC Registration/Compliance Services for Money Exchange Business
FINTRAC AML MANUAL SERVICES for Money Exchange Business

Extensive experience with Revenue Canada audits, reviews etc.

New Location

• Accounting • Financial • Statements • Personal Tax • Corporate Tax
• Incorporation • Payroll • Business Advisory • New Business Startups
• Book-Keeping • Management • Consulting Services

ਤੁਹਾਡੇ ਕਿਸੇ ਵੀ ਤਰ੍ਹਾਂ ਦੇ ਬਿਜ਼ਨਸ ਵਧੀਆ ਤੇ ਪ੍ਰੋਫੈਸ਼ਨਲ ਅਕਾਊਂਟਸ ਸਰਵਿਸ ਲਈ ਸਾਡੇ ਨਾਲ ਸੰਪਰਕ ਕਰੋ।

In Business Since 1997



Suite 218, 7 Westwinds Cres NE, Calgary, AB T3J 5H2 Park Plaza (Besides Prairie Winds Park)

Ph: (403) 271-5100, Fax: (403) 271-5171

Email: hparmar@hppcorp.ca
Website: www.hppcorp.ca

# ਕੇਂਦਰ ਸਰਕਾਰ ਦੀਆਂ ਲੋਕ-ਮਾਰੂ ਨੀਤੀਆਂ ਦੀ ਸ਼ਾਹਦੀ ਭਰਦੀ ਪੰਜਾਬ ਸਰਕਾਰ



ਡੰਗ ਅਤੇ ਚੋਭਾਂ

ਗੁਰਮੀਤ ਸਿੰਘ ਪਲਾਹੀ
98158-02070





ਹਾਲ ਦੀ ਘੜੀ ਰਾਹਤ ਦੀ ਖ਼ਬਰ ਤਾਂ ਇਹ ਹੈ ਕਿ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਨੇ ਆਪਣੀ ਸਰਕਾਰ ਦਾ ਰੁਖ਼ ਸਪੱਸ਼ਟ ਕਰਦਿਆਂ ਇਹ ਕਿਹਾ ਹੈ ਕਿ ਜਦੋਂ ਤੱਕ ਉਨ੍ਹਾਂ ਦੀ ਸਰਕਾਰ ਹੈ, ਕਿਸਾਨਾਂ ਨੂੰ ਮੁਫ਼ਤ ਬਿਜਲੀ ਦੀ ਸਹੂਲਤ ਜਾਰੀ ਰਹੇਗੀ। ਪੰਜਾਬ ਸਰਕਾਰ ਵੱਲੋਂ ਮੋਂਟੇਕ ਸਿੰਘ ਆਹਲੂਵਾਲੀਆ ਦੀ ਅਗਵਾਈ ਵਾਲੀ ਕਮੇਟੀ 'ਚ ਮਾਹਿਰਾਂ ਦੇ ਗਰੁੱਪ ਵਿਚ ਵੱਡੀ ਗਿਣਤੀ ਵਿਚ ਆਰਥਿਕ ਮਾਹਿਰ, ਸਨਅਤਕਾਰ, ਨੌਕਰਸ਼ਾਹ ਸ਼ਾਮਲ ਸਨ (ਪਰ ਲੋਕ ਨੁਮਾਇੰਦਾ ਕੋਈ ਵੀ ਨਹੀਂ ਸੀ) ਨੇ ਆਪਣੀ ਰਿਪੋਰਟ 'ਚ ਕਿਸਾਨਾਂ ਨੂੰ ਦਿੱਤੀ ਜਾਂਦੀ ਮੁਫ਼ਤ ਬਿਜਲੀ ਬੰਦ ਕਰਨ ਦੀ ਸਿਫ਼ਾਰਸ਼ ਕੀਤੀ ਸੀ। ਇਸ ਗਰੁੱਪ ਨੇ ਮੁਫ਼ਤ ਬਿਜਲੀ ਨੂੰ ਮੁਸੀਬਤ ਦੱਸਿਆ ਹੈ ਅਤੇ ਖੇਤੀ ਟਿਊਬਵੈਲਾਂ ਨੂੰ ਸੂਰਜੀ ਉਪਕਰਨਾਂ ਨਾਲ ਚਲਾਉਣ ਲਈ ਕਿਹਾ ਹੈ। ਕਿਸਾਨਾਂ ਨੂੰ ਮੁਫ਼ਤ ਬਿਜਲੀ ਦੇਣ ਦਾ ਸਲਾਨਾ ਖਰਚਾ 6500 ਕਰੋੜ ਹੈ ਅਤੇ ਇਹ 1996 ਤੋਂ ਲਾਗੂ ਹੈ। ਇਸ ਸਿਫ਼ਾਰਸ਼ ਦਾ ਕਿਸਾਨ ਜਥੇਬੰਦੀਆਂ ਅਤੇ ਪੰਜਾਬ ਸੂਬੇ ਦੀਆਂ ਵਿਰੋਧੀ ਸਿਆਸੀ ਪਾਰਟੀਆਂ ਨੇ ਤਿੱਖਾ ਵਿਰੋਧ ਕੀਤਾ ਸੀ। ਮੋਂਟੇਕ ਸਿੰਘ ਆਹਲੂਵਾਲੀਆ ਕਮੇਟੀ ਨੇ ਪੰਜਾਬ ਦੇ ਅਰਥਚਾਰੇ ਦੇ ਸੁਧਾਰ ਲਈ 4 ਸਫ਼ਿਆਂ ਦੀ ਮੁੱਢਲੀ ਰਿਪੋਰਟ 4 ਅਗਸਤ 2020 ਨੂੰ ਪੰਜਾਬ ਸਰਕਾਰ ਸਾਹਮਣੇ ਪੇਸ਼ ਕੀਤੀ ਸੀ ਅਤੇ ਅਗਲੀ ਰਿਪੋਰਟ 31 ਦਸੰਬਰ 2020 ਤੱਕ ਪੇਸ਼ ਕੀਤੇ ਜਾਣ ਬਾਰੇ ਕਿਹਾ ਹੈ।

ਮੋਂਟੇਕ ਸਿੰਘ ਆਹਲੂਵਾਲੀਆ ਕਮੇਟੀ ਨੇ ਕੁਲ ਮਿਲਾ ਕੇ ਹਾਲ ਦੀ ਘੜੀ 13 ਸਿਫ਼ਾਰਸ਼ਾਂ ਆਪਣੀ ਰਿਪੋਰਟ ਵਿਚ ਕੀਤੀਆਂ ਹਨ।

ਆਹਲੂਵਾਲੀਆ ਰਿਪੋਰਟ ਵਿਚ ਪਬਲਿਕ ਸੈਕਟਰ ਦੇ ਰੋਪੜ ਅਤੇ ਲਹਿਰਾਗਾਗਾ ਥਰਮਲ ਪਲਾਂਟ ਬੰਦ ਕਰਨ ਦਾ ਸੁਝਾਉ ਹੈ। ਬਠਿੰਡਾ ਥਰਮਲ ਪਲਾਂਟ ਜੋ ਪੰਜਾਬ ਸਰਕਾਰ ਵੱਲੋਂ ਪਹਿਲਾਂ ਹੀ ਬੰਦ ਕਰ ਦਿੱਤਾ ਗਿਆ ਹੈ ਅਤੇ ਜਿਸ ਦਾ ਭਰਪੂਰ ਵਿਰੋਧ ਹੋ ਰਿਹਾ ਹੈ, ਉਸ ਥਰਮਲ ਪਲਾਂਟ ਦੀ ਜ਼ਮੀਨ ਸਮੇਤ ਰੋਪੜ ਅਤੇ ਲਹਿਰਾਗਾਗਾ ਦੇ ਥਰਮਲ ਪਲਾਂਟਾਂ ਦੀ ਜ਼ਮੀਨ ਉੱਤੇ ਸਨਅਤੀ ਪਾਰਕ ਬਨਾਉਣ ਦੀ ਰਿਪੋਰਟ ਯੋਜਨਾ ਪੇਸ਼ ਕੀਤੀ ਗਈ ਹੈ। ਪ੍ਰਾਈਵੇਟ ਥਰਮਲ ਪਲਾਂਟ, ਜੋ ਪੰਜਾਬ ਦੇ ਲੋਕਾਂ ਲਈ ਹੱਥ ਫੋੜਾ ਸਾਬਤ ਹੋਏ ਹਨ, ਉਹ ਬਾਰੇ ਇਸ ਕਮੇਟੀ ਨੇ ਚੁੱਪੀ ਧਾਰੀ ਹੈ। ਇਸ ਮਾਮਲੇ 'ਚ ਇਹ ਸਮਝਣ ਦੀ ਲੋੜ ਹੈ ਕਿ ਪੰਜਾਬ 'ਚ

(ਬਾਕੀ ਸਫ਼ਾ 17 'ਤੇ)

SUPER VISA INSURANCE
ਸੁਪਰ ਵੀਜ਼ਾ ਇੰਸ਼ੋਰੈਂਸ
With all the BENEFITS & REQUIREMENTS
SUPER VISA INSURANCE RATES
AGE 40-54 ($1038) AGE 55-59 ($1116) AGE 60-64 ($1317)
AGE 65-69 ($1606) AGE 70-74 ($2210) AGE 75-79 ($2470)
Note: All rates are based on $1000 deductible, No Pre Existing Condition, For 1 Year term, $100000 Coverage
LIFE INSURANCE, CRITICAL ILLNESS INSURANCE, DISABILITY INSURANCE, RRSP, RESP ETC.
Full Refund if Visa Denied, Partial Refund if Return early (with no claim) Ask for more details.
ਆਪਣੇ ਪੇਰੈਂਟਸ ਜਾਂ ਗਰੈਂਡ ਪੇਰੈਂਟਸ ਦੇ ਸੁਪਰ ਵੀਜ਼ਾ ਜਾਂ ਰੈਗੂਲਰ ਵੀਜ਼ਾ ਲਈ ਟਰੈਵਲ ਇੰਸ਼ੋਰੈਂਸ ਦੀਆਂ ਹਰ ਤਰ੍ਹਾਂ ਦੀਆਂ ਭਰੋਸੇਯੋਗ ਅਤੇ ਤਸੱਲੀਬਖਸ਼ ਸੇਵਾਵਾਂ ਲਈ ਹਰਚਰਨ ਸਿੰਘ ਪਰਹਾਰ ਨਾਲ ਸੰਪਰਕ ਕਰੋ।
For More Information Call
HARCHARAN SINGH PARHAR
403-681-8689
Note : We also Provide all other Financial, Investment & Insurance Services including individual or group Medical Plans (including Blue Cross). Book Your Appointment for further details.
208, 4656-WESTWINDS DR. N.E. CALGARY AB T3J 3Z5

Redstone Plaza ਰੈਡ ਸਟੋਨ ਪਲਾਜਾ

Redstone Physiotherapy
ਫ਼ਿਜ਼ੀਓਥੈਰਪੀ, ਮਸਾਜ, ਕੈਰੋਪਰੈਕਟਰ, ਕਿਨਸਲੌਜੀ, ਕਲਿਨਿਕ ਸਾਈਕਲੌਜੀ ਦੀਆਂ ਸੇਵਾਵਾਂ ਲਈ ਤਜ਼ਰਬੇਕਾਰ ਟੀਮ ਹਾਜ਼ਰ। ਇਹ ਸੜਕ ਦੁਰਘਟਨਾਵਾਂ ਦੀ ਐਮਵੀਏ ਤੋਂ ਇਲਾਵਾ ਡਬਲਯੂ.ਸੀ.ਬੀ. ਦੇ ਕੇਸ ਵੀ ਦੇਖਦੇ ਹਨ ਤੇ ਸਾਰੀਆਂ ਇੰਸ਼ੋਰੈਂਸ਼ ਕੰਪਨੀਆਂ ਨੂੰ ਸਿੱਧਾ ਬਿੱਲ ਭੇਜਦੇ ਹਨ।
ਮੇਲ ਫੀਮੇਲ ਡਾਕਟਰਾਂ ਦੀ ਸਹੂਲਤ
ਅੰਗਰੇਜ਼ੀ, ਹਿੰਦੀ, ਪੰਜਾਬੀ ਅਤੇ ਉਰਦੂ ਵਿਚ ਗੱਲਬਾਤ
Unit-135, 630 Redstone Drive, NE
T3N 1L4 Calgary, Alberta
+1 587-534-0505
www.Redstonephysio.com
info@Redstonephysio.com
Services we offer
Physiotherapy, Massage , Chiropractor, Kinesiology, Clinical Psychology.
We deal with MVA, WCB
and direct bill private insurance.

REDSTONE FAMILY MEDICAL CLINIC
ਮੈਡੀਕਲ ਕਲਿਨਿਕ ਵਿੱਚ ਡਾਕਟਰਾਂ ਦੀ ਟੀਮ ਤੁਹਾਡੀ ਸੇਵਾ ਵਿੱਚ ਹਾਜ਼ਰ। ਇਸ ਕਲਿਨਿਕ ਵਿੱਚ ਈਸੀਜੀ, ਈਕੇਜੀ, ਹੋਲਟਰ ਮੌਨੀਟਰ ਸਹੂਲਤਾਂ ਹਨ। ਖੂਨ ਜਾਂਚ ਲਈ ਹੁਣ ਲੈਬ ਜਾਣ ਦੀ ਲੋੜ ਨਹੀਂ ਕਿਉਂਕਿ ਖੂਨ ਦੇ ਸੈਂਪਲ ਇਸੇ ਕਲਿਨਿਕ ਵਿੱਚ ਲੈ ਲਏ ਜਾਂਦੇ ਹਨ।
ਮੇਲ ਫੀਮੇਲ ਡਾਕਟਰਾਂ ਦੀ ਸਹੂਲਤ
ਅੰਗਰੇਜ਼ੀ, ਹਿੰਦੀ, ਪੰਜਾਬੀ ਅਤੇ ਉਰਦੂ ਵਿਚ ਗੱਲਬਾਤ
Medical and Health
Unit 145, 630 Redstone Drive, NE, Calgary, Alberta T3N 1L4
+1 587-440-0777
info@Redstoneclinic.ca
Hours 09:00 - 17:00
Blood Work Collection Sevices
ECG Facility | EKG Facility
Holter Monitor Facility

Universal Health It's all about "U" PHARMACY
Compounding & Home Health Care
ਫਾਰਮੇਸੀ ਵਿੱਚ ਹਿੰਦੀ, ਪੰਜਾਬੀ, ਅੰਗਰੇਜ਼ੀ ਤੇ ਗੁਜਰਾਤੀ ਭਾਸ਼ਾਵਾਂ ਬੋਲਣ ਵਾਲ਼ਾ ਸਟਾਫ ਹੈ ਜਿਹੜਾ ਤੁਹਾਨੂੰ ਦਵਾਈਆਂ ਬਾਰੇ ਆਸਾਨੀ ਨਾਲ਼ ਸਮਝਾ ਸਕਦਾ ਹੈ। ਰੈਡਸਟੋਨ ਮੈਡੀਕਲ ਕਲਿਨਿਕ ਵਿੱਚ ਜਾਂਚ ਤੋਂ ਬਾਅਦ ਤੁਸੀਂ ਇਸ ਫਾਰਮੇਸੀ ਤੋਂ ਦਵਾਈ ਖਰੀਦ ਕੇ ਆਪਣੇ ਸਮੇਂ ਦੀ ਬੱਚਤ ਕਰ ਸਕਦੇ ਹੋ।
- Home Health care products
- Free med review with one on one care
- Immunization/Vaccinations
- Injectionservices
- Prescribing Pharmacist Available
- Travel Health Consultations
- Compliance Packaging
- Custom Meds Compounding

#150, 630 Redstone Drive NE
Calgary, AB T3N 1L4
587 440 0041
Fax : (587) 440-0042
Store Hours
Monday To Friday 10 am - 7 pm
Saturday 10 am-2 pm
Sunday 10am-3 pm
apatel@universalhealthcentre.com
www.universalhealthcentre.com



# MYBROKERS.CA

We provide following insurance services:
AUTO | HOME | BUSINESS
COMMERCIAL AUTO | COMMERCIAL PROPERTY
RENTAL PROPERTY LIABILITY | TRUCKING etc.

#208, 4656 Westwinds Dr. NE Calgary AB (UPSTAIRS)

For quotation please Call: 403-681-8689



Westwinds PHARMACY

# ਤੁਹਾਡੀ ਆਪਣੀ ਦਵਾਈਆਂ ਦੀ ਦੁਕਾਨ

# Open 7 Days A Week

New Hours Mon To Fri 9am to 9 pm and 10 am to 6 pm Weekends

10% Discount on OTC Products with this coupon
EXP : Dec 31, 2020 | LIMIT : 1 Coupon per Visit

Free Delivery In NE

• Blister Packaging • Service in English, Punjabi, Urdu and Hindi
• Servicing This Community Since 2004 • 50 Puls Years of Dispensing Experience
• ਬਲਿਸਟਰ ਪੈਕੇਜਿੰਗ • ਅੰਗਰੇਜ਼ੀ, ਪੰਜਾਬੀ, ਉਰਦੂ ਤੇ ਹਿੰਦੂ ਵਿਚ ਸੇਵਾ ਉਪਲਬਧ
• 2004 ਤੋਂ ਸੇਵਾ ਵਿਚ • 50 ਸਾਲ ਤੋਂ ਵੱਧ ਦਾ ਸ਼ਾਨਦਾਰ ਤਜਰਬਾ

Fast, Friendly, Hassle Free Service!



Apinder Aujla
BSc.Pharm



Satvachan Lal
B.Sc.Pharm

#1150, 4818 Westwindus Drive NE. Calgary

403-293-9360





'The name people trust and recommend' Over 30 years of experience in Immigration Matters

# HAYER LAW OFFICE

Immigration Law

- Parents and spousal sponsorships
- Skilled Workers/Express Entry
- Business/Entrepreneur/Investor
- Appeals against refused cases
- Student, Visitor Visa & Super Visa
- Refugee Claims and Federal Court Appeals
- PNP applications
- Successfully handled thousands of immigration cases

**DALWINDER HAYER**
M.A. (Eco.) LL.B., LL.M
Barrister, Solicitor and Notary Public

**SITAL (TINA)**
B.A., LL.B. (Hons.) L.L.M.
Tel : 78377-00046 | Chandigarh (India)

**AMANDEEP HAYER**
B.A., J.D. (Canada) J.D. (U.S.)
Barrister, Solicitor, Notary Public

**BALJINDER HAYER**
Immigration Consultant & Public Notary

T0 SERVE OUR CLIENTS BETTER, WE FREQUENTLY VISIT INDIA.
Tel : 403-235-4197
Fax : 403-235-6038
West Winds Business Centre
#111, 5120 47 St. NE Calgary, AB., T3J 4K3
Email : hayerlaw@shaw.ca



# Trips Booker
TRAVEL AGENCY

Airline Tickets/Hotel/Tours/Supers Visa Insurance

TRAVEL NOW AND PAY LETER
We Can Finance For 03 to 12 Months *

LOWEST AIR FARE DEALS
USA, EUROPE, AUSTRALIA,
MIDDLE EAST, MAXICO,CUBA,
SOUTH AMERICA, CHINA,
PHILIPPINES, INDIA, PAKISTAN

We Deals in:
- Airline Tickets
- Tour Packages
- Cruises
- Travel Insurance
- Super Visa Medical Insurance (Monthly Payment Plans)



ਅਸੀਂ ਹੇਠ ਲਿਖਿਆਂ ਸੇਵਾਵਾਂ ਦਿੰਦੇ ਹਾਂ
• ਏਅਰਲਾਈਨਜ਼ ਟਿਕਟ
• ਟੂਰ ਪੈਕੇਜ਼
• ਕਰੂਜਜ
• ਟਰੈਵਲ ਇੰਸ਼ੋਰੈਂਸ
• ਸੁਪਰ ਵੀਜ਼ਾ ਮੈਡੀਕਲ ਇੰਸ਼ੋਰੈਂਸ
• (ਮੰਥਲੀ ਪੇਮੈਂਟ ਪਲੈਨਜ)

Call us now @ 403-668-4800
www.Tripsbooker.ca

3650 Westwinds Drive NE,
Suite #105, Calgary AB T3J 0W9
Email:reservation@Tripsbooker.ca

Calgary : 403 668 4800
Edmonton: 780 936 0045
Winnipeg: 204 410 2179
Regina& Saskatoon: 306 205 1340
Toll free: 1866 266 6500

# ਰੈਫਰੈਂਡਮ 2020 ਦੀ ਰਾਜਨੀਤੀ ਦਾ ਸੱਚ?



ਹਰਚਰਨ ਸਿੰਘ ਪਰਹਾਰ
403-681-8689
hp8689@gmail.com

ਅਮਰੀਕਾ ਵਿੱਚ 2007 ਵਿੱਚ ਕੁਝ ਖਾਲਿਸਤਾਨੀ ਜਥੇਬੰਦੀਆਂ ਵਲੋਂ ਇੱਕ ਨਵੀਂ ਜਥੇਬੰਦੀ 'ਸਿੱਖਸ ਫਾਰ ਜਸਟਿਸ' ਸਥਾਪਿਤ ਕੀਤੀ ਗਈ ਸੀ, ਜਿਸਦਾ ਮੁੱਖ ਮਕਸਦ ਸਿੱਖਾਂ ਨਾਲ ਨਵੰਬਰ 1984 ਵਿੱਚ ਦਿੱਲੀ ਤੇ ਭਾਰਤ ਦੇ ਕੁਝ ਹੋਰ ਹਿੱਸਿਆਂ ਵਿੱਚ ਵਾਪਰੇ ਸ਼ਰਮਨਾਕ ਕਤਲੇਆਮ ਨੂੰ ਯੁਨਾਈਟਡ ਨੇਸ਼ਨ ਤੋਂ 'ਸਿੱਖ ਜੈਨੋਸਾਈਡ' (ਸਿੱਖ ਨਸਲਕੁਸ਼ੀ) ਵਜੋਂ ਮਾਨਤਾ ਦਿਵਾਉਣਾ ਸੀ। ਨਿਊਯਾਰਕ (ਅਮਰੀਕਾ) ਤੋਂ ਇੱਕ ਸਿੱਖ ਵਕੀਲ ਗੁਰਪਤਵੰਤ ਸਿੰਘ ਪੰਨੂੰ ਨੂੰ ਇਸ ਜਥੇਬੰਦੀ ਦਾ ਕਨੂੰਨੀ ਸਲਾਹਕਾਰ ਬਣਾਇਆ ਗਿਆ। ਇਸ ਸੰਸਥਾ ਦੇ ਕੋਈ ਹੋਰ ਅਹੁਦੇਦਾਰ ਹਨ ਜਾਂ ਹੋਰ ਕਿਹੜੀਆਂ ਜਥੇਬੰਦੀਆਂ ਵਲੋਂ ਇਸਨੂੰ ਮਾਨਤਾ ਪ੍ਰਾਪਤ ਹੈ, ਬਾਰੇ ਕਦੇ ਨਹੀਂ ਦੱਸਿਆ ਗਿਆ। ਇਨ੍ਹਾਂ ਦੀ ਵੈਬਸਾਈਟ ਅਨੁਸਾਰ ਜਥੇਬੰਦੀ ਦੇ ਅਮਰੀਕਾ ਤੋਂ ਇਲਾਵਾ ਕਨੇਡਾ ਤੇ ਇੰਗਲੈਂਡ ਵਿੱਚ ਵੀ ਦਫਤਰ ਹਨ। ਇਸ ਜਥੇਬੰਦੀ ਦੀਆਂ ਪਿਛਲੇ 13 ਸਾਲ ਦੀਆਂ ਗਤੀਵਿਧੀਆਂ ਅਨੁਸਾਰ ਗੁਰਪਤਵੰਤ ਸਿੰਘ ਪੰਨੂੰ ਹੀ ਇਸਦੇ ਇੱਕੋ ਇੱਕ ਕਰਤਾ ਧਰਤਾ ਹਨ ਜਾਂ ਕੁਝ ਸਾਲਾਂ ਤੋਂ ਜਤਿੰਦਰ ਸਿੰਘ ਗਰੇਵਾਲ ਇਸਦੇ ਇੰਟਰਨੈਸ਼ਨਲ ਪਾਲਸੀ ਡਾਇਰੈਕਟਰ ਹਨ। ਇਸ ਸੰਸਥਾ ਵਲੋਂ 'ਸਿੱਖ ਜੈਨੋਸਾਈਡ' (ਸਿੱਖ ਨਸਲਕੁਸ਼ੀ) ਵਾਲਾ ਮੁੱਦਾ ਕੁਝ ਸਾਲ ਚਲਾ ਕੇ ਬਿਨਾਂ ਕੁਝ ਦੱਸੇ ਅਚਾਨਕ 2011 ਵਿੱਚ ਭਾਰਤ ਤੋਂ ਕਨੇਡਾ ਅਮਰੀਕਾ ਵਿੱਚ ਆਉਣ ਵਾਲੇ ਕਾਂਗਰਸੀ ਲੀਡਰਾਂ ਨੂੰ ਨਵੰਬਰ 84 ਦੇ ਸਿੱਖ ਕਤਲੇਆਮ ਲਈ ਕੋਰਟ ਦੇ ਸੰਮਨ ਦੇਣੇ ਸ਼ੁਰੂ ਕਰ ਦਿੱਤੇ ਗਏ, ਜਿਨ੍ਹਾਂ ਵਿੱਚ ਕਮਲ ਨਾਥ, ਸੋਨੀਆ ਗਾਂਧੀ, ਰਾਹੁਲ ਗਾਂਧੀ, ਮਨਮੋਹਨ ਸਿੰਘ ਦੇ ਨਾਮ ਵਰਨਣਯੋਗ ਹਨ। ਬੇਸ਼ਕ ਬਾਅਦ ਵਿੱਚ ਅਮਰੀਕਨ ਕੋਰਟ ਵਲੋਂ ਇਹ ਸਾਰੇ ਸੰਮਨ ਇਹ ਕਹਿ ਕੇ ਰੱਦ ਕਰ ਦਿਤੇ ਗਏ ਸਨ ਕਿ ਇਹ ਉਨ੍ਹਾਂ ਦੇ ਅਧਿਕਾਰ ਖੇਤਰ ਵਿੱਚ ਨਹੀਂ ਸਨ ਭਾਵੇਂ ਕਿ ਜਥੇਬੰਦੀ ਨੂੰ ਵੀ ਪਹਿਲਾਂ ਹੀ ਪਤਾ ਸੀ ਕਿ ਇਨ੍ਹਾਂ ਸੰਮਨਾਂ ਦੀ ਕੋਈ ਅਹਿਮੀਅਤ ਨਹੀਂ। ਫਿਰ ਅਚਾਨਕ ਇਸ ਸੰਸਥਾ ਵਲੋਂ ਜੂਨ, 2014 ਵਿੱਚ ਐਲਾਨ ਕੀਤਾ ਗਿਆ ਸੀ ਕਿ ਨਵੰਬਰ 2020 ਵਿੱਚ ਦੁਨੀਆਂ ਭਰ ਵਿੱਚ ਵਸਦੇ ਸਿੱਖਾਂ ਕੋਲੋਂ ਸਿੱਖ ਵਸੋਂ ਵਾਲੇ 20 ਦੇਸ਼ਾਂ ਵਿੱਚ ਰੈਫਰੈਂਡਮ (ਰਾਇਸ਼ੁਮਾਰੀ) ਕਰਵਾ ਕੇ ਫੈਸਲਾ ਕੀਤਾ ਜਾਵੇਗਾ ਕਿ ਕੀ ਸਿੱਖ ਭਾਰਤ ਨਾਲ ਰਹਿਣਾ ਚਾਹੁੰਦੇ ਹਨ ਜਾਂ ਭਾਰਤ ਤੋਂ ਅੱਡ ਹੋ ਕੇ ਵੱਖਰਾ ਦੇਸ਼ 'ਖਾਲਿਸਤਾਨ' ਚਾਹੁੰਦੇ ਹਨ? ਪਿਛਲ਼ੇ ਸਾਲ ਇਸ ਸੰਸਥਾ ਨੂੰ ਭਾਰਤ ਸਰਕਾਰ ਵਲੋਂ ਅੱਤਵਾਦ ਨੂੰ ਉਤਸ਼ਾਹਿਤ ਕਰਨ ਵਾਲੀ ਜਥੇਬੰਦੀ ਕਹਿ ਕੇ ਬੈਨ ਕਰ ਦਿੱਤਾ ਗਿਆ ਸੀ ਅਤੇ ਕੁਝ ਮਹੀਨੇ ਪਹਿਲਾਂ ਭਾਰਤ ਸਰਕਾਰ ਵਲੋਂ ਗੁਰਪਤਵੰਤ ਸਿੰਘ ਪੰਨੂੰ ਨੂੰ ਅੱਤਵਾਦੀ ਐਲਾਨ ਦਿੱਤਾ ਗਿਆ ਸੀ। ਇਸੇ ਲੜੀ ਵਿੱਚ ਪਿਛਲੇ ਕੁਝ ਮਹੀਨਿਆਂ ਤੋਂ 'ਰੈਫਰੈਂਡਮ 2020' ਲਈ ਕੰਮ ਕਰ ਰਹੇ ਕੁਝ ਸਿੱਖ ਨੌਜਵਾਨਾਂ ਨੂੰ ਦੇਸ਼ ਧ੍ਰੋਹ ਦੇ ਕੇਸਾਂ ਹੇਠ ਗ੍ਰਿਫਤਾਰ ਵੀ ਕੀਤਾ ਗਿਆ ਹੈ। ਜਿਸਦੀ ਪਿਛਲੇ ਕੁਝ ਦਿਨਾਂ ਤੋਂ ਮੀਡੀਆ ਵਿੱਚ ਬੜੀ ਚਰਚਾ ਹੈ।

ਇਸ ਤੋਂ ਪਹਿਲਾਂ ਕਿ ਅਸੀਂ 'ਰੈਫਰੈਂਡਮ 2020' ਬਾਰੇ ਗੱਲ ਕਰੀਏ, ਸਾਨੂੰ ਰੈਫਰੈਂਡਮ (Referendum), ਸੈਲਫ ਡਿਟਰਮੀਨੇਸ਼ਨ (Self Determination) ਜਾਂ 'ਸਵੈ ਨਿਰਣੈ' ਦਾ ਹੱਕ ਆਦਿ ਵਰਗੇ ਭਾਰੇ ਭਾਰੇ ਸ਼ਬਦਾਂ ਬਾਰੇ ਵੀ ਜਾਣ ਲੈਣਾ ਚਾਹੀਦਾ ਹੈ।'ਰਿਫਰੈਂਡਮ' ਦਾ ਮਤਲਬ ਹੈ ਕਿ ਆਮ ਲੋਕਾਂ ਵਲੋਂ ਕਿਸੇ ਦੇਸ਼ ਦੀ ਸਰਕਾਰ ਜਾਂ ਗੈਰ ਸਰਕਾਰੀ ਸੰਸਥਾ ਨੂੰ ਕਿਸੇ ਖਾਸ ਮੁੱਦੇ ਤੇ ਵੋਟਿੰਗ ਰਾਹੀਂ ਆਪਣੀ ਰਾਏ ਦੇਣਾ। ਇਸ ਵਿੱਚ ਆਮ ਤੌਰ ਤੇ ਲੋਕਾਂ ਤੋਂ ਸਿਰਫ 'ਹਾਂ' ਜਾਂ 'ਨਾਂਹ' ਵਿੱਚ ਹੀ ਜਵਾਬ ਮੰਗਿਆ ਜਾਂਦਾ ਹੈ। ਅਜਿਹੇ ਰੈਫਰੈਂਡਮ ਸਰਕਾਰਾਂ ਵਲੋਂ ਵੀ ਤੇ ਗੈਰ ਸਰਕਾਰੀ ਸੰਸਥਾਵਾਂ ਵਲੋਂ ਵੀ ਕਰਵਾਏ ਜਾਂਦੇ ਹਨ। ਪਰ ਲੋਕਾਂ ਦੀ ਰਾਏ ਨੂੰ 'ਮਾਨਤਾ' ਦਿੱਤੀ ਜਾਵੇ ਜਾਂ ਨਾ, ਇਹ ਸਬੰਧਤ ਧਿਰਾਂ ਦੀ ਮਰਜੀ ਤੇ ਹੈ। 'ਸਿੱਖਸ ਫਾਰ ਜਸਟਿਸ' ਵਲੋਂ ਕਰਵਾਏ ਜਾ ਰਹੇ ਰੈਫਰੈਂਡਮ ਨੂੰ ਯੁਨਾਈਟਡ ਨੇਸ਼ਨ ਸਮੇਤ ਅਜੇ ਤੱਕ ਕਿਸੇ ਵੀ ਦੇਸ਼ ਵਲੋਂ ਮਾਨਤਾ ਨਹੀਂ ਦਿੱਤੀ ਗਈ, ਇਥੋਂ ਤੱਕ ਕਿ ਪਾਕਿਸਤਾਨ ਨੇ ਵੀ ਮਾਨਤਾ ਨਹੀਂ ਦਿੱਤੀ, ਜਿਥੋਂ ਪੰਨੂੰ ਸਾਹਿਬ ਨੇ ਪੱਕਾ ਹੈਡਕਵਾਟਰ ਬਣਾ ਕੇ ਵੋਟਿੰਗ ਕਰਨ ਦਾ ਐਲਾਨ ਕੀਤਾ ਸੀ। ਖੁੱਲ੍ਹੇ ਰੂਪ ਵਿੱਚ ਸਿੱਖਾਂ ਦੀ ਵੀ ਕਿਸੇ ਵੱਡੀ ਸੰਸਥਾ ਨੇ ਵੀ ਇਸ ਰੈਫਰੈਂਡਮ ਨੂੰ ਅਜੇ ਤੱਕ ਕੋਈ ਮਾਨਤਾ ਨਹੀਂ ਦਿੱਤੀ। ਪਿਛਲੇ ਦਿਨੀਂ ਮੀਡੀਆ ਵਿੱਚ ਆਈਆਂ ਖ਼ਬਰਾਂ ਅਨੁਸਾਰ ਕਨੇਡਾ ਤੇ ਇੰਗਲੈਂਡ ਵਲੋਂ ਵੀ ਇਸ ਰੈਫਰੈਂਡਮ ਨੂੰ ਕਿਸੇ ਤਰ੍ਹਾਂ ਦੀ ਮਾਨਤਾ ਦੇਣ ਤੋਂ ਨਾਂਹ ਕਰ ਦਿੱਤੀ ਸੀ। ਦੂਜਾ 'ਸੈਲਫ ਡਿਟਰਮੀਨੇਸ਼ਨ' ਤੋਂ ਭਾਵ ਹੈ ਕਿ 'ਸਵੈ ਨਿਰਣੈ' ਦਾ ਹੱਕ ਦੂਜੀ ਸੰਸਾਰ ਜੰਗ ਵਿੱਚ ਹੋਈ ਮਨੁੱਖੀ ਤਬਾਹੀ ਤੋਂ ਬਾਅਦ ਵੱਡੀਆਂ ਤਾਕਤਾਂ ਨੇ ਭਵਿੱਖ ਵਿੱਚ ਅਜਿਹਾ ਵਾਪਰਨ ਤੋਂ ਰੋਕਣ ਲਈ ਯੁਨਾਈਟਿਡ ਨੇਸ਼ਨ (UN) ਨਾਮ ਦੀ ਸੰਸਥਾ ਬਣਾਈ ਸੀ ਤਾਂ ਕਿ ਸਾਰੇ ਦੇਸ਼ਾਂ ਦੀ ਕੋਈ ਅਜਿਹੀ ਸਾਂਝੀ ਸੰਸਥਾ ਹੋਵੇ, ਜਿਥੇ ਭਵਿੱਖ ਦੇ ਕਿਸੇ ਟਕਰਾਅ ਵੇਲੇ ਰਲ਼ ਮਿਲ਼ ਕੇ ਕੋਈ ਹੱਲ ਕੱਢਿਆ ਜਾ ਸਕੇ। ਬੇਸ਼ੱਕ ਜਿਸ ਮਕਸਦ ਲਈ ਇਹ ਸੰਸਥਾ ਬਣੀ ਸੀ, ਉਹ ਆਪਣਾ ਰੋਲ ਅਦਾ ਨਹੀਂ ਕਰ ਸਕੀ ਤੇ ਨਾ ਹੀ ਆਪਣੀ ਅਜ਼ਾਦ ਹਸਤੀ ਕਾਇਮ ਕਰ ਸਕੀ ਤੇ ਇਹ ਸੰਸਥਾ ਵੱਡੀਆਂ ਤਾਕਤਾਂ ਦੇ ਇਸ਼ਾਰੇ ਤੇ ਕੰਮ ਕਰਨ ਵਾਲੀ ਕਠਪੁਤਲੀ ਸੰਸਥਾ ਬਣ ਗਈ। ਪਰ ਇਸ ਸੰਸਥਾ ਦੇ ਮੁਢਲੇ ਅਸੂਲਾਂ ਵਿੱਚ ਜਿਥੇ ਮਨੁੱਖ ਦੇ ਨਿੱਜੀ ਹੱਕਾਂ ਦੀ ਜਾਮਨੀ ਭਰੀ ਗਈ ਹੈ, ਉਥੇ ਛੋਟੇ ਦੇਸ਼ਾਂ, ਛੋਟੀਆਂ ਕੌਮਾਂ, ਫਿਰਕਿਆਂ ਨੂੰ ਵੱਡੇ ਦੇਸ਼ਾਂ ਜਾਂ ਕੌਮਾਂ ਤੋਂ ਬਚਾਉਣ ਲਈ ਉਨ੍ਹਾਂ ਦੇ ਹੱਕਾਂ ਦੀ ਰਾਖੀ ਦੀ ਗੱਲ ਕੀਤੀ ਗਈ ਹੈ, ਬੇਸ਼ੱਕ ਅਜਿਹਾ ਅਜੇ ਤੱਕ ਸੰਭਵ ਨਹੀ ਹੋਇਆ ਕਿ ਕਿਸੇ ਛੋਟੇ ਦੇਸ਼ ਜਾਂ ਫਿਰਕੇ ਦੇ ਹੱਕ ਵਿੱਚ ਵੱਡੀਆਂ ਤਾਕਤਾਂ ਦੀ ਸਹਿਮਤੀ ਤੋਂ ਬਿਨਾਂ ਕੋਈ ਫੈਸਲਾ ਹੋਇਆ ਹੋਵੇ। 'ਸਿੱਖ ਰੈਫਰੈਂਡਮ 2020' ਤੇ 'ਸਿੱਖ ਸਵੈ ਨਿਰਣੈ' ਦੀ ਮੰਗ ਇੱਕ ਦੂਜੇ ਨਾਲ ਜੁੜੀਆਂ ਹੋਈਆਂ ਹਨ। ਯੂ ਐਨ ਦੇ ਚਾਰਟਰ ਅਨੁਸਾਰ ਸਾਰੇ ਲੋਕਾਂ ਨੂੰ ਆਤਮ ਨਿਰਣੈ ਦਾ ਹੱਕ ਹੈ ਤਾਂ ਕਿ ਉਹ ਰਾਜਨੀਤਕ ਤੌਰ ਤੇ ਆਰਥਿਕਤਾ, ਸਮਾਜਿਕ ਕਦਰਾਂ-ਕੀਮਤਾਂ ਅਤੇ ਸਭਿਆਚਾਰ ਨੂੰ ਅਜਾਦੀ ਨਾਲ ਮਾਣ ਸਕਣ। ਇਸ ਵਿੱਚ 'ਧਰਮ' ਦਾ ਕਿਤੇ ਜ਼ਿਕਰ ਨਹੀਂ, ਤੇ ਨਾ ਹੀ ਧਰਮ ਅਧਾਰਿਤ ਸਟੇਟ ਬਣਾਉਣ ਨੂੰ ਉਤਸ਼ਾਹਿਤ ਕੀਤਾ ਗਿਆ ਹੈ। ਇਸਦਾ ਮੁੱਖ ਕਾਰਨ ਇਹ ਹੈ ਲੋਕਤੰਤਰ ਸਹੀ ਢੰਗ ਨਾਲ ਤਾਂ ਹੀ ਕੰਮ ਕਰ ਸਕਦਾ ਹੈ, ਜੇ ਸਟੇਟ ਧਰਮ ਨਿਰਪੱਖ (Secular) ਹੋਵੇ, ਜੇ ਸਟੇਟ ਦਾ ਕੋਈ ਧਰਮ ਹੋਵੇ ਤਾਂ ਦੂਜੇ ਛੋਟੇ ਫਿਰਕਿਆਂ ਦੀ ਅਜ਼ਾਦੀ ਦੀ ਸੁਰੱਖਿਆ ਨਹੀਂ ਹੋ ਸਕਦੀ। ਪਰ ਖਾਲਿਸਤਾਨੀ ਸਿੱਖਾਂ ਵਲੋਂ ਜਿਸ ਤਰ੍ਹਾਂ ਯੂ ਐਨ ਦੇ ਚਾਰਟਰ ਦਾ ਰੌਲ਼ਾ ਪਾ ਕੇ 'ਆਤਮ ਨਿਰਣੈ' ਦੇ ਹੱਕ ਨੂੰ 'ਧਰਮ ਅਧਾਰਿਤ ਸਟੇਟ' ਬਣਾਉਣ ਲਈ ਵਰਤਿਆ ਜਾ ਰਿਹਾ ਹੈ, ਇਸ ਬਾਰੇ ਕਦੇ ਵੀ ਸਿੱਖਾਂ ਜਾਂ ਦੁਨੀਆਂ ਨੂੰ ਕਲ਼ੀਅਰ ਨਹੀਂ ਕੀਤਾ ਗਿਆ ਕਿ ਕੀ ਖਾਲਿਸਤਾਨ ਸੈਕੂਲਰ ਸਟੇਟ ਹੋਵੇਗੀ ਜਾਂ ਬਾਕੀ ਫਿਰਕਿਆਂ ਦਾ ਉਸ ਵਿੱਚ ਕੀ ਸਟੈਟਸ ਹੋਵੇਗਾ? 'ਸਿੱਖਸ ਫਾਰ ਜਸਟਿਸ' ਦੀ ਵੈਬਸਾਈਟ ਤੇ ਵੀ ਇਨ੍ਹਾਂ ਆਪਣੇ ਕੋਲੋਂ ਚਾਰਟਰ ਵਿੱਚ 'ਧਰਮ' ਸ਼ਬਦ, ਆਪਣੇ ਹਿੱਤਾਂ ਲਈ ਜੋੜਿਆ ਹੋਇਆ ਹੈ, ਤਾਂ ਕਿ ਲੋਕਾਂ ਨੂੰ ਧਰਮ ਦੇ ਨਾਮ ਤੇ ਗੁੰਮਰਾਹ ਕੀਤਾ ਜਾ ਸਕੇ।

ਜੇ ਸਿੱਖ ਲੀਡਰਸ਼ਿਪ ਤੇ ਵਿਦਵਾਨਾਂ ਦਾ ਪਿਛਲ਼ੇ 100 ਕੁ ਸਾਲ ਦਾ ਧਾਰਮਿਕ ਤੇ ਰਾਜਨੀਤਕ ਇਤਿਹਾਸ ਦੇਖੀਏ ਤਾਂ ਇਹ ਕਿਸੇ ਵੀ ਮਸਲੇ ਤੇ ਕਦੇ ਸਪੱਸ਼ਟ ਨਹੀਂ ਹੋਏ? ਇਸਦਾ ਮੁੱਖ ਕਾਰਨ ਇਹ ਹੈ ਕਿ ਇਹ ਭੰਬਲਭੂਸੇ, ਖੁਦਗਰਜੀ ਤੇ ਮੌਕਾਪ੍ਰਸਤੀ ਦੇ ਨਾਲ-ਨਾਲ ਬੇਈਮਾਨ ਵੀ ਹਨ। ਇਨ੍ਹਾਂ ਵਲੋਂ ਪਿਛਲੇ 100 ਸਾਲਾਂ ਵਿੱਚ ਕਈ ਤਰ੍ਹਾਂ ਦੇ ਸਿੱਖਾਂ ਲਈ ਰਾਜਸੀ ਨਿਸ਼ਾਨੇ ਮਿਥੇ ਗਏ ਹਨ। ਕਦੇ ਸਿੱਖਾਂ ਨੂੰ ਸਵੈ ਨਿਰਣੈ ਦਾ ਹੱਕ, ਕਦੇ ਸਿੱਖ ਰਾਜ ਦੀ ਮੰਗ, ਕਦੇ ਵੱਖਰੇ ਆਜ਼ਾਦ ਖਿੱਤੇ ਦੀ ਮੰਗ, ਜਿੱਥੇ ਸਿੱਖ ਅਜ਼ਾਦੀ ਦਾ ਨਿੱਘ ਮਾਣ ਸਕਣ, ਕਦੇ ਹਲੇਮੀ ਰਾਜ ਦੀ ਮੰਗ, ਕਦੇ ਬੋਲੀ ਅਧਾਰਿਤ ਪੰਜਾਬੀ ਸੂਬੇ ਦੀ ਮੰਗ, ਕਦੇ ਅਨੰਦਪੁਰ ਦੇ ਮਤੇ ਰਾਹੀਂ ਵੱਧ ਅਧਿਕਾਰਾਂ ਦੀ ਮੰਗ, ਕਦੇ ਖਾਲਸਾ ਰਾਜ ਦੀ ਮੰਗ, ਕਦੇ ਪੂਰਨ ਅਜ਼ਾਦੀ ਦੀ ਮੰਗ, ਕਦੇ ਸਿੱਖਾਂ ਲਈ ਖੁਦਮੁਖਤਿਆਰ ਖਿੱਤੇ ਦੀ ਮੰਗ, ਕਦੇ ਖਾਲਿਸਤਾਨ ਦੀ ਮੰਗ ਆਦਿ। ਇਨ੍ਹਾਂ ਸਾਰੀਆਂ ਮੰਗਾਂ ਵਿੱਚ ਸਿੱਖ ਲੀਡਰਸ਼ਿਪ ਨਾ ਕਦੇ ਸਪੱਸ਼ਟ ਹੋ ਸਕੀ? ਨਾ ਕਦੇ ਠੋਸ ਢੰਗ ਨਾਲ ਆਪਣੀ ਮੰਗ ਪੇਸ਼ ਕਰ ਸਕੀ? ਸਿੱਖ ਲੀਡਰਸ਼ਿਪ ਦੀ ਇਹ ਵੀ ਤਰਾਸਦੀ ਰਹੀ ਹੈ ਕਿ ਜਦੋਂ ਇਹ ਸੱਤ੍ਹਾ ਤੋਂ ਬਾਹਰ ਹੁੰਦੇ ਹਨ ਤਾਂ ਸਿੱਖ ਮੰਗਾਂ ਯਾਦ ਆ ਜਾਂਦੀਆਂ ਹਨ ਅਤੇ ਜਦੋਂ ਸੱਤ੍ਹਾ ਵਿੱਚ ਹੁੰਦੇ ਹਨ ਤਾਂ ਸਭ ਕੁਝ ਭੁੱਲ ਜਾਂਦਾ ਹੈ। ਮੇਰੀ ਸਮਝ ਅਨੁਸਾਰ ਸਿੱਖਾਂ ਵਲੋਂ ਸਿੱਖ ਸਟੇਟ ਜਾਂ ਖਾਲਿਸਤਾਨ ਦੀ ਮੰਗ ਦਾ ਮੁੱਖ ਅਧਾਰ ਮਹਾਰਾਜ ਰਣਜੀਤ ਸਿੰਘ ਦਾ ਰਾਜ ਹੈ। ਅਜਿਹੀ ਮੰਗ ਕਰਨ ਵਾਲੇ ਸਿੱਖ ਵਿਦਵਾਨਾਂ ਤੇ ਲੀਡਰਾਂ ਦਾ ਇਹ ਤਰਕ ਹੈ ਕਿ ਅੰਗਰੇਜਾਂ ਦੇ ਪੰਜਾਬ ਉਤੇ 1849 ਨੂੰ ਕੀਤੇ ਕਬਜ਼ੇ ਤੋਂ ਪਹਿਲਾਂ ਸਿੱਖਾਂ ਦਾ ਪੰਜਾਬ ਵਿੱਚ ਸਿੱਖ ਰਾਜ ਸੀ, ਇਸ ਲਈ ਜਦੋਂ ਅੰਗਰੇਜਾਂ ਨੇ ਭਾਰਤ ਛੱਡਿਆ ਤਾਂ ਸਿੱਖਾਂ ਨੂੰ ਆਪਣਾ ਵੱਖਰਾ ਸਿੱਖ ਰਾਜ ਮਿਲਣਾ ਚਾਹੀਦਾ ਸੀ, ਜੋ ਅੰਗਰੇਜਾਂ ਨੇ ਸਿੱਖਾਂ ਤੋਂ ਖੋਹਿਆ ਸੀ ਤੇ ਇਹ ਵੀ ਕਿਹਾ ਜਾਂਦਾ ਹੈ ਕਿ ਅੰਗਰੇਜ਼ 47 ਵਿੱਚ ਸਿੱਖ ਰਾਜ ਜਾਂ ਵੱਖਰਾ ਖਿੱਤਾ ਦੇਣਾ ਵੀ ਚਾਹੁੰਦੇ ਸਨ, ਪਰ ਸਿੱਖ ਲੀਡਰਸ਼ਿਪ ਸਮੇਂ ਸਿਰ ਫੈਸਲਾ ਨਾ ਕਰ ਸਕੀ, ਜਿਸ ਕਾਰਨ ਇਹ ਮੌਕਾ ਹੱਥੋਂ ਜਾਂਦਾ ਲੱਗਾ।ਬੇਸ਼ਕ ਅਜਿਹੇ ਦਾਅਵਿਆਂ ਦਾ ਕੋਈ ਠੋਸ ਅਧਾਰ ਨਹੀਂ ਹੈ। ਪਰ ਜਜਬਾਤੀ ਨਾਹਰਿਆਂ ਵਿੱਚ ਸਭ ਕੁਝ ਚੱਲਦਾ, ਕੌਣ ਪੁੱਛਦਾ, ਜਿਹੜਾ ਪੁੱਛੇ ਉਹ ਪੰਥ ਵਿਰੋਧੀ ਤੇ ਗੁਰੂ ਦੋਖੀ ਹੋ ਜਾਂਦਾ। ਜੇ ਇਹੀ ਤਰਕ ਬਾਕੀ ਜਗ੍ਹਾ ਵੀ ਵਰਤਿਆ ਜਾਵੇ ਤਾਂ ਜਦੋਂ ਅੰਗਰੇਜ਼ ਭਾਰਤ ਵਿੱਚ ਆਏ ਤਾਂ ਕਾਫੀ ਵੱਡੇ ਹਿੱਸੇ ਤੇ ਮੁਗਲਾਂ ਦਾ ਰਾਜ ਸੀ ਅਤੇ ਬਾਕੀ ਭਾਰਤ ਤੇ ਹਜਾਰਾਂ ਛੋਟੀਆਂ-ਛੋਟੀਆਂ ਰਿਆਸਤਾਂ ਵਿੱਚ ਹਿੰਦੂ ਰਾਜਿਆਂ ਦੇ ਰਾਜ ਸਨ, ਜਿਨ੍ਹਾਂ ਨੂੰ ਹਰਾ ਕੇ ਜਾਂ ਕਿਸੇ ਸੰਧੀ ਅਧੀਨ ਬ੍ਰਿਟਿਸ਼ ਰਾਜ ਅਧੀਨ ਲਿਆਂਦਾ ਗਿਆ ਸੀ। ਮਹਾਰਾਜਾ ਰਣਜੀਤ ਸਿੰਘ ਦੇ ਸਿੱਖ ਰਾਜ ਨੂੰ ਵੀ ਅੰਗਰੇਜਾਂ ਨੇ 1849 ਦੀ ਦੂਜੀ ਐਂਗਲੋ ਸਿੱਖ ਵਾਰ ਵਿੱਚ ਸਿੱਖ ਫੌਜਾਂ ਨੂੰ ਹਰਾ ਕੇ ਆਪਣੇ ਰਾਜ ਅਧੀਨ ਕੀਤਾ ਸੀ। ਜੇ ਸਿੱਖਾਂ ਦੀ ਇਹ ਮੰਗ ਨੂੰ ਅਧਾਰ ਬਣਾਇਆ ਜਾਵੇ ਤਾਂ ਫਿਰ ਭਾਰਤ ਵਿੱਚ ਮੁਸਲਮਾਨਾਂ ਤੇ ਹਿੰਦੂਆਂ ਦੇ ਕਈ ਦੇਸ਼ ਹੋਣੇ ਚਾਹੀਦਾ ਸਨ ਜਾਂ ਹਨ? ਦੂਜਾ ਜਦੋਂ ਅੰਗਰੇਜਾਂ ਨੇ ਸਿੱਖ ਰਾਜ ਜਿੱਤ ਕੇ ਆਪਣੇ ਰਾਜ ਵਿੱਚ ਸ਼ਾਮਿਲ ਕਰ ਲਿਆ ਅਤੇ 1947 ਵਿੱਚ ਹੋਏ ਸਮਝੌਤੇ ਅਨੁਸਾਰ ਭਾਰਤ-ਪਾਕਿਸਤਾਨ ਬਣਾ ਦਿੱਤੇ ਗਏ, ਜਿਸ ਨਾਲ ਸਾਰੇ ਰਾਜਿਆਂ ਤੇ ਉਨ੍ਹਾਂ ਦੇ ਰਾਜਾਂ ਦਾ ਹੱਕ ਖਤਮ ਹੋ ਗਿਆ? ਜਿਸਨੂੰ ਸਾਰੇ ਰਾਜਿਆਂ ਨੇ ਮੰਨ ਲਿਆ।ਜੇ ਸਿੱਖ ਉਸ ਵੇਲੇ ਆਪਣਾ ਵੱਖਰਾ ਰਾਜ ਨਹੀਂ ਲੈ ਸਕੇ ਤਾਂ ਹੁਣ ਬਿਨਾਂ ਕਿਸੇ ਸਪੱਸ਼ਟ ਨਿਸ਼ਾਨੇ ਤੇ ਏਜੰਡੇ ਤੋਂ ਪਿਛਲੇ 70 ਸਾਲਾਂ ਤੋਂ ਸਿੱਖਾਂ ਨੂੰ ਮੋਰਚਿਆਂ ਤੇ ਸੰਘਰਸ਼ਾਂ ਰਾਹੀਂ ਮਰਾਈ ਜਾਣਾ ਕੋਈ ਸਿਆਣਪ ਨਹੀਂ ਕਹੀ ਜਾ ਸਕਦੀ। ਜਿਸ ਤਰ੍ਹਾਂ ਉਪਰ ਦੱਸਿਆ ਗਿਆ ਹੈ ਕਿ ਸਿੱਖਾਂ ਦੀ ਧਾਰਮਿਕ ਤੇ ਰਾਜਸੀ ਲੀਡਰਸ਼ਿਪ ਸਿੱਖਾਂ ਲਈ ਕਿਸੇ ਇੱਕ ਸਪੱਸ਼ਟ ਨਿਸ਼ਾਨੇ ਬਾਰੇ ਅਜੇ ਤੱਕ ਕਲੀਅਰ ਨਹੀਂ ਹੋ ਸਕੀ। ਜੇ 1984 ਤੋਂ 1994 ਤੱਕ ਚੱਲੇ ਹਥਿਆਰਬੰਦ ਖਾੜਕੂ ਸੰਘਰਸ਼ ਨੂੰ ਹੀ ਦੇਖੀਏ ਤਾਂ ਅਕਾਲ ਤਖਤ ਦੇ ਜਥੇਦਾਰਾਂ ਪ੍ਰੋ. ਦਰਸ਼ਨ ਸਿੰਘ, ਗੁਰਬਚਨ ਸਿੰਘ ਮਾਨੋਚਾਹਲ, ਭਾਈ ਜਸਵੀਰ ਸਿੰਘ ਰੋਡੇ, ਪ੍ਰੋ. ਮਨਜੀਤ ਸਿੰਘ, ਸਿਮਰਨਜੀਤ ਸਿੰਘ ਤੇ ਪੰਥਕ ਕਮੇਟੀਆਂ ਆਦਿ ਰਾਹੀਂ ਕਈ ਤਰ੍ਹਾਂ ਦੇ ਸਿੱਖ ਰਾਜ ਦੇ ਏਜੰਡੇ ਪੇਸ਼ ਕੀਤੇ ਗਏ। ਜਿਨ੍ਹਾਂ ਦਾ ਕੋਈ ਅਧਾਰ ਜਾਂ ਸਪੱਸ਼ਟ ਨਿਸ਼ਾਨਾ ਨਹੀਂ ਸੀ।

ਹੁਣ ਗੱਲ ਕਰਦੇ ਹਾਂ, ਸਿੱਖ ਰੈਫਰੈਂਡਮ ਦੀ।ਜਿਸ ਤਰ੍ਹਾਂ ਉਪਰ ਜ਼ਿਕਰ ਕੀਤਾ ਹੈ ਕਿ ਬੇਸ਼ਕ 1947 ਤੋਂ ਹੀ ਸਿੱਖ ਲੀਡਰਸ਼ਿਪ ਕਿਸੇ ਨਾ ਕਿਸੇ ਢੰਗ ਨਾਲ ਸਿੱਖ ਰਾਜ ਦੀ ਗੱਲ ਕਰਦੀ ਰਹੀ ਹੈ, ਪਰ ਕਦੇ ਵੀ ਕਿਸੇ ਗੱਲ ਤੇ ਸਪੱਸ਼ਟ ਤੇ ਗੰਭੀਰ ਨਹੀਂ ਸੀ। ਸਿੱਖ ਲੀਡਰਸ਼ਿਪ ਤੇ ਸੌੜੀ ਰਾਜਨੀਤੀ ਹਮੇਸ਼ਾਂ ਭਾਰੀ ਰਹਿੰਦੀ ਹੈ। ਅਕਾਲੀਆਂ ਨੇ 1947 ਤੋਂ ਕਈ ਪੈਂਤੜੇ ਬਦਲੇ, ਅਖੀਰ ਪੰਜਾਬੀ ਸੂਬੇ ਲਈ ਮੋਰਚਾ ਲਗਾ ਲਿਆ ਤੇ ਜਿਸਦੇ ਮਿਲਣ ਨਾਲ ਉਨ੍ਹਾਂ ਲਈ ਪੰਜਾਬ ਵਿੱਚ ਅਕਾਲੀ ਸਰਕਾਰ ਬਣਾਉਣ ਲਈ ਰਾਹ ਪੱਧਰਾ ਹੋ ਗਿਆ, ਜੋ ਕਿ ਸਾਂਝੇ ਪੰਜਾਬ ਵਿੱਚ ਸੰਭਵ ਨਹੀਂ ਸੀ। ਉਨ੍ਹਾਂ ਨੇ ਅਜੇ ਸੱਤ੍ਹਾ ਦਾ ਸੁਆਦ ਵੀ ਨਹੀਂ ਚੱਖਿਆ ਸੀ ਕਿ ਪਹਿਲਾਂ 1970 ਵਿਆਂ ਵਿੱਚ ਜਗਜੀਤ ਸਿੰਘ ਚੌਹਾਨ ਨੇ ਖਾਲਿਸਤਾਨ ਝੰਡਾ ਚੁੱਕ ਲਿਆ ਤੇ ਵਿਦੇਸ਼ਾਂ ਵਿੱਚ ਵੀ ਨਾਮ-ਨਿਹਾਦ ਖਾਲਿਸਤਾਨੀ ਸਰਕਾਰਾਂ ਐਲਾਨ ਦਿੱਤੀਆਂ। ਫਿਰ 1978 ਤੋਂ ਬਾਅਦ ਦਲ ਖਾਲਸਾ ਨੇ ਅਜਿਹੀ ਹੀ ਮੰਗ ਖਾੜਕੂ ਅੰਦਾਜ ਵਿੱਚ ਸ਼ੁਰੂ ਕਰ ਦਿੱਤੀ। ਜਿਸ ਤੋਂ ਬਾਅਦ ਸੰਤ ਭਿੰਡਰਾਂਵਾਲਿਆਂ ਦਾ ਖਾੜਕੂ ਦੌਰ ਸ਼ੁਰੂ ਹੋ ਗਿਆ। ਬੇਸ਼ੱਕ ਸੰਤ ਭਿੰਡਰਾਂਵਾਲਾ ਹਮੇਸ਼ਾਂ ਇਹ ਕਹਿੰਦਾ ਰਿਹਾ ਕਿ ਅਸੀਂ ਖਾਲਿਸਤਾਨ ਨਹੀਂ ਮੰਗਦੇ, ਜੇ ਸਰਕਾਰ ਦੇਵੇਗੀ ਤਾਂ ਨਾਂਹ ਨਹੀਂ ਕਰਾਂਗੇ, ਪਰ ਜੇ ਦਰਬਾਰ ਸਾਹਿਬ ਤੇ ਹਮਲਾ ਹੋਇਆ ਤਾਂ ਖਾਲਿਸਤਾਨ ਦੀ ਨੀਂਹ ਰੱਖੀ ਜਾਵੇਗੀ। ਇਸੇ ਗੱਲ ਨੂੰ ਅਧਾਰ ਬਣਾ ਕੇ ਬਾਅਦ ਵਿੱਚ ਬਣੀਆਂ ਖਾੜਕੂ ਜਥੇਬੰਦੀਆਂ ਤੇ ਪੰਥਕ ਕਮੇਟੀਆਂ ਨੇ ਖਾਲਿਸਤਾਨ ਦੀ ਪ੍ਰਾਪਤੀ ਲਈ ਹਥਿਆਰਬੰਦ ਸੰਘਰਸ਼ ਆਰੰਭ ਦਿੱਤਾ। ਇਸਦੇ ਵਿੱਚ ਹੀ ਵੋਟਾਂ ਲੜਨ ਜਾਂ ਬਾਈਕਾਟ ਦੀਆਂ ਨੀਤੀਆਂ ਵੀ ਚੱਲਦੀਆਂ ਰਹੀਆਂ। ਜੇ ਖਾਲਿਸਤਾਨੀ ਧਿਰਾਂ ਨੇ ਸੰਤ ਭਿੰਡਰਾਂਵਾਲਿਆਂ ਦੀ ਦਰਬਾਰ ਸਾਹਿਬ ਤੇ ਫੌਜੀ ਹਮਲੇ ਨੂੰ ਅਧਾਰ ਬਣਾ ਕੇ ਖਾਲਿਸਤਾਨ ਦਾ ਸੰਘਰਸ਼ ਆਰੰਭ ਕਰ ਦਿੱਤਾ ਸੀ ਤੇ ਪੰਜਾਬ ਦੇ ਲੋਕਾਂ ਜਾਂ ਸਿੱਖਾਂ ਤੋਂ ਕੋਈ ਰਾਏ ਨਹੀਂ ਮੰਗੀ ਤਾਂ ਹੁਣ 36 ਸਾਲ ਬਾਅਦ 'ਸਿੱਖਸ ਫਾਰ ਜਸਟਿਸ' ਵਲੋਂ ਰੈਫਰੈਂਡਮ 2020 (ਰਾਇਸ਼ੁਮਰੀ) ਦਾ ਕੀ ਮਤਲਬ ਬਣਦਾ ਹੈ, ਕਿਉਂਕਿ ਇਸ ਰੈਫਰੈਂਡਮ ਨੂੰ ਵੀ ਉਹੀ ਸਾਰੀਆਂ ਖਾਲਿਸਤਾਨੀ ਧਿਰਾਂ ਹੀ ਸਮਰਥਨ ਕਰ ਰਹੀਆਂ ਹਨ? ਕੀ ਰੈਫਰੈਂਡਮ ਕਰਾਉਣ ਦੇ ਫੈਸਲੇ ਤੋਂ ਪਹਿਲਾਂ ਉਨ੍ਹਾਂ ਨੂੰ ਪੰਜਾਬ ਦੇ ਲੋਕਾਂ ਤੋਂ ਮੁਆਫੀ ਨਹੀਂ ਮੰਗਣੀ ਚਾਹੀਦੀ ਸੀ ਕਿ ਅਸੀਂ ਤੁਹਾਨੂੰ ਪੁੱਛੇ ਬਿਨਾਂ ਹੀ ਖਾੜਕੂ ਸੰਘਰਸ਼ ਸ਼ੁਰੂ ਕਰ ਲਿਆ ਸੀ, ਜਿਸ ਵਿੱਚ ਸਭ ਦਾ ਬਹੁਤ ਨੁਕਸਾਨ ਹੋਇਆ ਤੇ ਹੁਣ ਅਸੀਂ ਖਾੜਕੂ ਸੰਘਰਸ਼ ਤੋਂ ਤੋਬਾ ਕਰਕੇ ਸ਼ਾਂਤਮਈ ਢੰਗ ਨਾਲ ਤੁਹਾਡੇ ਤੋਂ ਰਾਏ ਮੰਗ ਰਹੇ ਹਾਂ ਕਿ ਤੁਸੀਂ ਦੱਸੋ ਕਿ ਸਿੱਖਾਂ ਨੂੰ ਭਾਰਤ ਤੋਂ ਵੱਖ ਹੋ ਕੇ ਖਾਲਿਸਤਾਨ ਚਾਹੀਦਾ ਹੈ ਜਾਂ ਨਹੀਂ? ਜੇ ਤੁਸੀਂ ਹੱਕ ਵਿੱਚ ਵੋਟ ਪਾਉਗੇ ਤਾਂ ਅਸੀਂ ਤੁਹਾਡੇ ਲਈ ਲੋਕਤੰਤਰੀ ਢੰਗ ਨਾਲ ਅੰਤਰ-ਰਾਸ਼ਟਰੀ ਕਨੂੰਨਾਂ ਅਧੀਨ ਖਾਲਿਸਤਾਨ ਲੈ ਕੇ ਦੇਵਾਂਗੇ ਅਤੇ ਜੇ ਤੁਸੀਂ ਨਾਂਹ ਵਿੱਚ ਵੋਟ ਪਾਈ ਤਾਂ ਅਸੀਂ ਖਾਲਿਸਤਾਨ ਦੀ ਮੰਗ ਛੱਡ ਦੇਵਾਂਗੇ? ਜਿਸ ਤਰ੍ਹਾਂ ਖਾੜਕੂ ਸੰਘਰਸ਼ ਦੇ ਨਤੀਜਿਆਂ ਨੂੰ ਵਿਚਾਰੇ ਤੇ ਸਪੱਸ਼ਟ ਨਿਸ਼ਾਨੇ ਤੋਂ ਬਿਨਾਂ 84 ਵਿੱਚ ਹਥਿਆਰ ਚੁੱਕ ਲਏ ਗਏ ਸਨ, ਠੀਕ ਉਸੇ ਤਰ੍ਹਾਂ ਕਿ ਰੈਫਰੈਂਡਮ ਕੌਣ ਕਰਾਏਗੇ? ਕਿਵੇਂ ਕਰਾਏਗਾ? ਕੀ ਭਾਰਤ ਸਰਕਾਰ ਇਸਨੂੰ ਹੋਣ ਦੇਵੇਗੀ? ਇਸਦੇ ਨਤੀਜੇ ਕੀ ਨਿਕਲਣਗੇ? ਰੈਫਰੈਂਡਮ ਦਾ ਐਲਾਨ ਕਰ ਦਿੱਤਾ। ਜਿਸ ਤਰ੍ਹਾਂ ਕਿ ਸਿੱਖਾਂ ਦੀ ਧਾਰਮਿਕ ਤੇ ਰਾਜਸੀ ਨੀਤੀ ਜਜ਼ਬਾਤੀ ਨਾਹਰਿਆਂ ਤੇ ਚੱਲਦੀ ਹੈ, ਉਸੇ ਤਰ੍ਹਾਂ ਖਾਲਿਸਤਾਨੀ ਮੰਗ ਵੀ ਨਾਹਰਿਆਂ ਦੀ ਭੇਟ ਚੜ੍ਹੀ ਹੋਈ ਹੈ, ਜਿਸ ਵਿੱਚ ਨੁਕਸਾਨ ਤੋਂ ਬਿਨਾਂ ਕੁਝ ਨਹੀਂ ਨਿਕਲ ਰਿਹਾ? 'ਸਿੱਖਸ ਫਾਰ ਜਸਟਿਸ' ਵਲੋਂ ਜੂਨ 2014 ਵਿੱਚ ਰੈਫਰੈਂਡਮ ਦਾ ਐਲਾਨ ਕੀਤਾ ਗਿਆ ਸੀ, ਪਰ ਪਿਛਲੇ 6 ਸਾਲਾਂ ਵਿੱਚ ਇਹ ਵੀ ਕਿਤੇ ਕਲੀਅਰ ਨਹੀਂ ਕੀਤਾ ਗਿਆ ਕਿ ਕੀ ਇਸ ਵਿੱਚ ਸਿਰਫ ਸਿੱਖ ਹੀ ਹਿੱਸਾ ਲੈਣਗੇ ਜਾਂ ਪੰਜਾਬ ਵਿੱਚ ਵਸਦੇ ਬਾਕੀ ਲੋਕਾਂ ਨੂੰ ਵੀ ਵੋਟ ਦਾ ਕੋਈ ਹੱਕ ਹੋਵੇਗਾ? ਜੇ ਤੁਸੀਂ ਅੱਜ ਹੀ ਬਾਕੀ ਕੌਮਾਂ, ਫਿਰਕਿਆਂ ਨੂੰ ਵੋਟ ਦੇਣ ਦਾ ਹੱਕ ਨਹੀਂ ਦੇ ਰਹੇ ਤਾਂ ਖਾਲਿਸਤਾਨ ਵਿੱਚ ਉਹ ਕਿਵੇਂ ਸਰੱਖਿਅਤ ਹੋਣਗੇ? ਸਿੱਖਾਂ ਵਿੱਚੋਂ ਕੌਣ ਸਿੱਖ ਵੋਟ ਪਾ ਸਕਣਗੇ ਕਿਉਂਕਿ ਸਿੱਖਾਂ ਦੀ ਸ਼੍ਰੋਮਣੀ ਸੰਸਥਾ ਵਿੱਚ ਸਹਿਜਧਾਰੀ, ਵਾਲ ਕੱਟੇ ਹੋਏ ਸਿੱਖਾਂ ਨੂੰ ਵੋਟ ਪਾਉਣ ਦਾ ਹੱਕ ਨਹੀਂ? ਕੀ ਮੋਨੇ ਸਿੱਖਾਂ ਨੂੰ ਰੈਫਰੈਂਡਮ ਲਈ ਵੋਟ ਪਾਉਣ ਦਾ ਹੱਕ ਹੋਵੇਗਾ? ਇਹ ਕਿਵੇਂ ਪਤਾ ਲੱਗੇਗਾ ਕਿ ਵੋਟ ਪਾਉਣ ਵਾਲਾ ਸਿੱਖ ਹੀ ਹੈ? ਉਸਦੀ ਸਿੱਖੀ ਦੀ ਪ੍ਰਮਾਣਕਤਾ ਦਾ ਸਰਟੀਫਿਕੇਟ ਕੌਣ ਦੇਵੇਗਾ? ਕੀ ਸਿੱਖਾਂ ਵਿਚਲੇ ਛੋਟੇ ਫਿਰਕਿਆਂ ਨਿਰੰਕਾਰੀਆਂ, ਰਾਧਾ ਸਵਾਮੀਆਂ, ਸਰਸੇ ਵਾਲਿਆਂ, ਨਾਮਧਾਰੀਆਂ ਨੂੰ ਵੋਟ ਦਾ ਹੱਕ ਹੋਵੇਗਾ? ਜਦੋਂ ਕਿ ਸਿੱਖਾਂ ਵਲੋਂ ਐਲਾਨੀਆਂ ਤੌਰ 'ਤੇ ਨਿਰੰਕਾਰੀਆਂ ਤੇ ਸਰਸੇ ਵਾਲਿਆਂ ਨਾਲ ਰੋਟੀ-ਬੇਟੀ ਦੀ ਸਾਂਝ ਨਾ ਕਰਨ ਦਾ ਅਕਾਲ ਤਖਤ ਤੋਂ ਹੁਕਮਨਾਮਾ ਜਾਰੀ ਕੀਤਾ ਹੋਇਆ ਹੈ? ਪੰਜਾਬ ਦੀ ਤਕਰੀਬਨ ਅੱਧੀ ਅਬਾਦੀ ਹਿੰਦੂਆਂ ਦੀ ਹੈ, ਕੀ ਉਨ੍ਹਾਂ ਨੂੰ ਵੋਟ ਦਾ ਹੱਕ ਹੈ? ਪੰਜਾਬ ਵਿੱਚ ਦਲਿਤ ਭਾਈਚਾਰਾ ਵੱਡੀ ਗਿਣਤੀ ਵਿੱਚ ਵਸਦਾ ਹੈ, ਕੀ ਉਨ੍ਹਾਂ ਨੂੰ ਵੋਟ ਪਾਉਣ ਦਾ ਹੱਕ ਹੈ? ਵੱਡੀ ਗਿਣਤੀ ਵਿੱਚ ਕਾਮਰੇਡ ਤੇ ਨਾਸਤਿਕ ਵੀ ਹਨ, ਕੀ ਉਹ ਵੋਟ ਪਾ ਸਕਣਗੇ? ਕੀ ਖਾਲਿਸਤਾਨ ਵਿੱਚ ਧਰਮ ਨੂੰ ਨਾ ਮੰਨਣ ਦਾ ਲੋਕਾਂ ਨੂੰ ਹੱਕ ਹੋਵੇਗਾ? ਪਿਛਲੇ 6 ਸਾਲਾਂ ਵਿੱਚ ਅਜੇ ਵੋਟ ਕੌਣ ਪਾ ਸਕਦਾ, ਇਹ ਵੀ ਸਪੱਸ਼ਟ ਨਹੀਂ ਕੀਤਾ ਗਿਆ? 'ਸਿੱਖਸ ਫਾਰ ਜਸਟਿਸ' ਦੀ ਵੈਬਸਾਈਟ ਤੇ ਰਜਿਸਟਰੇਸ਼ਨ ਫਾਰਮ ਅਨੁਸਾਰ ਪੰਜਾਬ ਵਿੱਚ ਵਸਣ ਵਾਲੇ ਸਿੱਖ, ਹਿੰਦੂ, ਮੁਸਲਿਮ, ਇਸਾਈ ਜਾਂ ਹੋਰ ਵੋਟ ਰਜਿਸਟਰ ਕਰਾ ਸਕਦੇ ਹਨ? ਪਰ ਪਿਛਲੇ 6 ਸਾਲਾਂ ਵਿੱਚ 'ਸਿੱਖਸ ਫਾਰ ਜਸਟਿਸ' ਵਲੋਂ ਖਾਲਿਸਤਾਨੀ ਜਾਂ ਟਕਸਾਲੀ ਕੰਟਰੋਲ ਵਾਲੇ ਗੁਰਦੁਆਰਿਆਂ ਤੋਂ ਬਾਹਰ ਕਦੇ ਕਿਸੇ ਹੋਰ ਧਰਮ ਜਾਂ ਫਿਰਕੇ ਨੂੰ ਇਸ ਵਿੱਚ ਸ਼ਾਮਿਲ ਹੋਣ ਦਾ ਸੱਦਾ ਨਹੀਂ ਦਿੱਤਾ ਗਿਆ ਤੇ ਨਾ ਹੀ ਕਦੇ ਸ਼ਾਮਿਲ ਹੀ ਕੀਤਾ ਹੈ? ਪਰ ਇਨ੍ਹਾਂ ਨੂੰ ਪਤਾ ਹੈ ਕਿ ਯੂ ਐਨ ਦੇ ਚਾਰਟਰ ਅਨੁਸਾਰ 'ਸਿਰਫ ਧਰਮ' ਅਧਾਰਿਤ ਰੈਫਰੈਂਡਮ ਨੂੰ ਕਿਸੇ ਨੇ ਨਹੀਂ ਪੁੱਛਣਾ, ਇਸ ਲਈ ਹਿੰਦੂਆਂ, ਮੁਸਲਮਾਨਾਂ, ਇਸਾਈਆਂ ਤੇ ਦਲਿਤਾਂ ਦਾ ਕਾਲਮ ਬਣਾਇਆ ਹੋਇਆ ਹੈ? ਜਿਸਦਾ ਅਸਲੀਅਤ ਵਿੱਚ ਕੋਈ ਮਤਲਬ ਨਹੀਂ ਬਣਦਾ, ਜਦੋਂ ਤੁਸੀਂ ਦੇਸ਼ ਹੀ ਧਰਮ ਅਧਾਰਿਤ ਬਣਾ ਰਹੇ ਹੋ? ਪਿਛਲੇ ਸਮੇਂ ਵਿੱਚ ਅਨੇਕਾਂ ਸਿੱਖਾਂ ਦੇ ਕਾਲੀਆਂ ਸੂਚੀਆਂ ਬਣਾ ਕੇ ਭਾਰਤ ਸਰਕਾਰ ਨੇ ਵੀਜੇ ਬੰਦ ਕੀਤੇ ਹੋਏ ਸਨ ਜਾਂ ਹਨ ਕਿ ਉਨ੍ਹਾਂ ਦਾ ਖਾਲਿਸਤਾਨ ਦੀ ਮੂਵਮੈਂਟ ਨਾਲ ਸਬੰਧ ਹੈ, ਭਾਵੇਂ ਕਿ ਉਨ੍ਹਾਂ ਵਿੱਚੋਂ ਬਹੁਤੇ ਨਾਮ ਮੁਖਬਰਾਂ ਦੀਆਂ ਗਲਤ ਜਾਣਕਾਰੀਆਂ ਦੇ ਅਧਾਰ ਤੇ ਸਨ। ਇਸ ਗੱਲ ਦੀ ਕੀ ਗਰੰਟੀ ਹੈ ਕਿ ਜਿਹੜੇ ਲੋਕ ਰੈਫਰੈਂਡਮ ਲਈ ਵੋਟ ਪਾਉਣ ਵਾਸਤੇ ਰਜਿਟਰ ਕਰਾਉਣਗੇ, ਉਨ੍ਹਾਂ ਦੇ ਨਾਮ ਭਾਰਤੀ ਏਜੰਸੀਆਂ ਜਾਂ ਅੰਬੈਸੀਆਂ ਤੱਕ ਨਹੀਂ ਪਹੁੰਚਣਗੇ? ਉਨ੍ਹਾਂ ਆਮ ਲੋਕਾਂ ਲਈ ਭਵਿੱਖ ਵਿੱਚ ਆਉਣ ਵਾਲੀਆਂ ਪ੍ਰੇਸ਼ਾਨੀਆਂ ਲਈ ਕੌਣ ਜ਼ਿੰਮੇਵਾਰ ਹੋਵੇਗਾ? ਜੇ ਵਿਦੇਸ਼ਾਂ ਵਿਚਲੇ ਗੁਰਦੁਆਰਿਆਂ ਦੀਆਂ ਚੋਣਾਂ ਦੇਖ ਲਉ, ਕੋਰਟਾਂ ਦੀ ਮੱਦਦ ਨਾਲ ਹੁੰਦੀਆਂ ਹਨ ਕਿਉਂਕਿ ਦੋਨਾਂ ਧੜਿਆਂ ਨੂੰ ਇੱਕ ਦੂਜੇ ਤੇ ਯਕੀਨ ਨਹੀਂ ਹੁੰਦਾ ਕਿ ਉਹ ਇਮਾਨਦਾਰੀ ਨਾਲ ਵੋਟਾਂ ਬਣਾਉਣਗੇ ਜਾਂ ਪਵਾਉਣਗੇ? ਬਹੁਤੀਆਂ ਵੋਟਾਂ ਦੇ ਨਤੀਜੇ ਵੀ ਜਿੱਤਣ ਵਾਲੀ ਧਿਰ ਨੂੰ ਹੀ ਮਨਜ਼ੂਰ ਹੁੰਦੇ ਹਨ, ਦੂਜੀ ਧਿਰ ਧੋਖਾਧੜੀ ਦੇ ਦੋਸ਼ਾਂ ਵਿੱਚ ਕੋਰਟਾਂ ਵਿੱਚ ਜਾਂਦੀ ਹੈ। ਉਨ੍ਹਾਂ ਗੁਰਦੁਆਰਿਆਂ ਦੇ ਪ੍ਰਬੰਧਕ ਹੀ 'ਸਿੱਖਸ ਫਾਰ ਜਸਟਿਸ' ਦੇ ਆਗੂ ਹਨ, ਉਨ੍ਹਾਂ ਤੇ ਲੋਕ ਕਿਵੇਂ ਯਕੀਨ ਕਰਨਗੇ ਕਿ ਇਹ ਸਹੀ ਵੋਟਾਂ ਪਵਾਉਣਗੇ ਜਾਂ ਉਨ੍ਹਾਂ ਦੇ ਵੋਟਿੰਗ ਰਜਿਸਟਰੇਸ਼ਨ ਫਾਰਮ ਗੁਪਤ ਰਹਿਣਗੇ? ਜਾਂ ਵੋਟਾਂ ਦੇ ਨਤੀਜੇ ਪਈਆਂ ਵੋਟਾਂ ਅਨੁਸਾਰ ਹੀ ਹੋਣਗੇ? ਇਸੇ ਤਰ੍ਹਾਂ 'ਸਿੱਖਸ ਫਾਰ ਜਸਟਿਸ' ਵਲੋਂ ਪਿਛਲੇ 6 ਸਾਲਾਂ ਵਿੱਚ ਖਾਲਿਸਤਾਨ ਦਾ ਨਕਸ਼ਾ, ਉਸ ਵਿੱਚ ਕਿਹੋ ਜਿਹਾ ਸਿਸਟਮ ਚੱਲੇਗਾ (ਲੋਕਤੰਤਰ, ਡਿਕਟੇਟਰਸ਼ਿਪ, ਫੌਜੀ ਰਾਜ ਆਦਿ), ਘੱਟ ਗਿਣਤੀਆਂ ਦੇ ਕੀ ਹੱਕ ਹੋਣਗੇ, ਕੀ ਖਾਲਿਸਤਾਨ ਸੈਕੂਲਰ (ਧਰਮ ਨਿਰਪੱਖ) ਸਟੇਟ ਹੋਵੇਗੀ ਜਾਂ ਸਿੱਖ ਧਰਮ ਅਧਾਰਿਤ ਹੋਵੇਗੀ ਆਦਿ ਬਾਰੇ ਕੁਝ ਵੀ ਸਪੱਸ਼ਟ ਨਹੀਂ ਕੀਤਾ ਗਿਆ? ਜਿਸ ਤਰ੍ਹਾਂ 84 ਤੋਂ ਬਾਅਦ ਚੱਲੀ ਖਾਲਿਸਤਾਨੀ ਹਥਿਆਰਬੰਦ ਲਹਿਰ ਦੀ ਲੀਡਰਸ਼ਿਪ ਨੇ ਪਿਛਲੇ 36 ਸਾਲਾਂ ਵਿੱਚ ਕਦੇ ਖਾਲਿਸਤਾਨ ਬਾਰੇ ਕੁਝ ਕਲੀਅਰ ਏਜੰਡਾ ਨਹੀਂ ਰੱਖਿਆ? ਕੀ ਕਦੇ ਕੋਈ ਪਾਰਟੀ ਆਪਣੇ ਮੈਨਫੈਸਟੋ ਤੋਂ ਬਿਨਾਂ ਚੋਣਾਂ ਲੜਦੀ ਹੈ? ਫਿਰ 'ਸਿੱਖਸ ਫਾਰ ਜਸਟਿਸ' ਬਿਨਾਂ ਏਜੰਡੇ ਜਾਂ ਮੈਨਫੈਸਟੋ ਤੋਂ ਕਿਸ ਅਧਾਰ ਤੇ ਵੋਟਾਂ ਮੰਗ ਰਹੀ ਹੈ?

(ਬਾਕੀ ਸਫ਼ਾ 17 'ਤੇ)

# 'ਹਿੰਦੂ ਰਾਸ਼ਟਰ ਦੇ ਗੌਰਵਮਈ ਭਵਿੱਖ' ਦੀ ਕਾਢ ਲਈ ਇਹਨਾਂ ਨੇ ਇਤਿਹਾਸ ਨਾਲ ਛੇੜਛਾੜ ਕੀਤੀ



ਹਿੰਦੂ ਰਾਸ਼ਟਰ ਦੇ ਗੌਰਵਮਈ ਭਵਿੱਖ' ਦੀ ਕਾਢ ਲਈ ਇਹਨਾਂ ਨੇ ਇਤਿਹਾਸ ਨਾਲ ਛੇੜਛਾੜ ਕੀਤੀ, ਬਿਨਾਂ ਇਹ ਤੱਥ ਨੂੰ ਜਾਣੇ ਕਿ ਅੰਗਰੇਜ਼ਾਂ ਦੇ ਇਸ ਖਿੱਤੇ ਤੇ ਕਬਜ਼ਾ ਕਰਨ ਤੋਂ ਪਹਿਲਾਂ ਨਾ ਤਾਂ ਕੋਈ ਹਿੰਦੂ ਧਰਮ ਸੀ ਅਤੇ ਨਾ ਹੀ ਕੋਈ 'ਇੰਡੀਆ' ਨਾਮੀ ਦੇਸ਼ ਸੀ।

ਹਰ ਕੋਈ ਜੋ ਉਹਨਾਂ ਦੇ ਹਿੰਦੂਤਵੀ ਖਾਕੇ 'ਚ ਫਿਟ ਬਹਿਣ ਤੋਂ ਇਨਕਾਰੀ ਹੈ ਜਾਂ ਉਹਨਾਂ ਦੀ ਫਾਸ਼ੀ ਤਾਨਾਸ਼ਾਹੀ ਦਾ ਵਿਰੋਧ ਕਰਦਾ ਹੈ ਉਹ ਸਾਰੇ ਨਿਸ਼ਾਨੇ ਤੇ ਹਨ।

ਬ੍ਰਾਹਮਣਵਾਦੀ ਫਾਸ਼ੀਵਾਦ ਅਤੇ ਨਵ-ਜਮਹੂਰੀ ਇਨਕਲਾਬ ਦਾ ਸੰਕਲਪ : ਭਾਗ - ਪਹਿਲਾ (ਵਰਵਰਾ ਰਾਓ)

ਬ੍ਰਾਹਮਣਵਾਦੀ ਹਿੰਦੁਤਵੀ ਫਾਸੀਵਾਦ ਨੂੰ ਟੱਕਰ ਦੇਵੋ!

ਲਮਕਵੇਂ ਲੋਕ ਯੁੱਧ ਨੂੰ ਫੈਲਾਓ!

ਨਵ-ਜਮਹੂਰੀ ਇਨਕਲਾਬ ਨੂੰ ਅੱਗੇ ਵਧਾਓ!

ਮੁਹੰਮਦ ਅਖ਼ਲਾਕ, ਪ੍ਰੋ ਕਲਬੁਰਗੀ ਅਤੇ ਯਾਕੂਬ ਮੈਮਨ ਦੇ ਕਤਲ ਦੀਆਂ ਘਟਨਾਵਾਂ ਮੋਦੀ ਦੀ ਅਗਵਾਈ ਵਾਲੀ ਭਾਜਪਾ ਹਕੂਮਤ ਦੇ ਹੇਠ ਦੇਸ਼ ਦੀ ਹਾਲਾਤ ਨੂੰ ਕਈ ਚਿੰਨ੍ਹਾਂ ਨਾਲ ਦਰਸਾਉਂਦੀਆਂ ਹਨ। ਅਖ਼ਲਾਕ ਨੂੰ ਸਤੰਬਰ ਵਿੱਚ ਉਹਦੇ ਘਰ ਦਾਦਰੀ ਵਿਖੇ ਭੀੜ ਨੇ ਕਤਲ ਕਰ ਦਿੱਤਾ, ਉਹ ਭੀੜ ਜੋ ਸੰਘੀ ਗੁੰਡਿਆਂ ਵੱਲੋਂ ਗਾਂ-ਮਾਸ ਦੀਆਂ ਅਫਵਾਹਾਂ ਫੈਲਾ ਕੇ ਇਕੱਠੀ ਕੀਤੀ ਤੇ ਉਕਸਾਈ ਗਈ ਸੀ।

ਪ੍ਰੋ. ਕਲਬੁਰਗੀ ਨੂੰ ਕਰਨਾਟਕਾ ਵਿੱਚ ਹਿੰਦੂ ਫਾਸ਼ੀਵਾਦੀਆਂ ਦੀਆਂ ਕਰਤੂਤਾਂ ਖਿਲਾਫ ਲਗਾਤਾਰ ਅਤੇ ਅਟੱਲ ਵਿਰੋਧ ਕਾਰਨ ਅਣਪਛਾਤੇ ਬੰਦਿਆਂ ਵੱਲੋਂ ਗੋਲੀ ਮਾਰ ਦਿੱਤੀ ਗਈ। ਮੈਮਨ ਨੂੰ 1993 ਦੇ ਬੰਬ ਧਮਾਕਿਆਂ ਲਈ 'ਨਿਆਂ ਦੇ ਘੇਰੇ' ਵਿੱਚ ਲਿਆ ਕੇ ਜੁਲਾਈ 2015 ਵਿੱਚ ਨਾਗਪੁਰ ਜੇਲ ਵਿਖੇ ਫਾਂਸੀ ਚੜ੍ਹਾ ਦਿੱਤਾ ਗਿਆ।

'ਹਿੰਦੂ ਰਾਸ਼ਟਰ' ਦੇ ਆਪੂ ਬਣੇ ਝੰਡਾ ਬਰਦਾਰ, ਕਿਸੇ ਨੂੰ ਉਹਦੀ ਖਾਣ ਦੀ ਚੋਣ ਕਰਕੇ ਦੇਸ਼ ਵਿਰੋਧੀ ਦੱਸਦੇ ਹਨ, ਕਿਸੇ ਨੂੰ ਬੇਬਾਕ ਬੋਲਣ ਕਰਕੇ ਤੇ ਕਿਸੇ ਨੂੰ ਸਿਰਫ਼ ਇਸੇ ਕਰਕੇ ਦੇਸ਼ ਵਿਰੋਧੀ ਦੱਸਦੇ ਹਨ ਕਿ ਉਹ ਕਿਸੇ ਅਜਿਹੇ ਮੁਸਲਮਾਨ ਦਾ ਭਰਾ ਹੈ ਜੋ ਅਖੌਤੀ ਦੇਸ਼ ਵਿਰੋਧੀ ਗਤੀਵਿਧੀਆਂ ਕਰਦਾ ਸੀ- 'ਜ਼ੁਰਮ' ਜਿਹਦੀ ਸਜ਼ਾ ਮਨੂੰਵਾਦੀ ਫਾਸੀਵਾਦੀਆਂ ਦੇ ਮੁਤਾਬਿਕ ਫਾਂਸੀ ਹੋਣੀ ਚਾਹੀਦੀ ਹੈ।

ਭਾਵੇਂ ਇਹ ਸਾਰੀ ਕਾਰਵਾਈ ਰਾਜ ਦੀਆਂ ਅਦਾਲਤਾਂ ਵੱਲੋਂ ਕੀਤੀ ਜਾਵੇ ਤੇ ਭਾਵੇਂ ਸੰਘੀਆਂ ਦੇ ਪਾਲੇ ਕਾਤਲ ਗੁੰਡੇ ਕਰਨ ਇਸ ਵਿੱਚ ਬੱਸ ਬੰਦੇ ਦਾ ਅੰਤ ਹੀ ਥੋੜਾ ਵੱਖਰਾ ਹੋਵੇਗਾ।

ਇਹ ਕਤਲ (ਗੋਵਿੰਦ ਪਨਸਾਰੇ ਅਤੇ ਨਰਿੰਦਰ ਦਬੋਲਕਰ ਦੇ ਵੀ) ਬਾਕੀਆਂ ਨਾਲੋਂ ਕੁਝ ਜਿਆਦਾ ਚਰਚਿਤ ਘਟਨਾਵਾਂ ਸਨ ਜਿਸ ਕਰਕੇ ਇਹ ਹਿੰਦੂ ਫਾਸੀਵਾਦੀ ਤਾਕਤਾਂ ਵੱਲੋਂ ਪੂਰੇ ਦੇਸ਼ ਵਿੱਚ ਕੀਤੇ ਜਾ ਰਹੇ ਹਮਲਿਆਂ ਦੇ ਰਾਹ ਵਿੱਚ ਅੜਿੱਕਾ ਬਣ ਗਈਆਂ।

ਖਾਸ ਕਰ ਜਦੋਂ ਦੀ ਭਾਜਪਾ ਸੱਤਾ ਵਿੱਚ ਆਈ ਹੈ, ਇਹੋ ਜਿਹੇ ਕਤਲ ਤਾਂ ਨਿੱਤ ਦਿਹਾੜੀ ਦੀ ਗੱਲ ਹੋ ਗਏ ਹਨ। ਕੁਝ ਵੱਲੋਂ ਇਹਨਾਂ ਨੂੰ ਭਾਜਪਾ ਦੀਂ ਅਸਹਿਣਸ਼ੀਲਤਾ' ਦੱਸਿਆ ਗਿਆ, ਪਰ ਇਹ ਬ੍ਰਾਹਮਣਵਾਦੀ ਹਿੰਦੂ ਫਾਸ਼ੀਵਾਦੀ ਤਾਕਤਾਂ ਦੇ ਚਹੁੰ-ਮੁਖੀ ਹਮਲੇ ਦਾ ਹਿੱਸਾ ਸਨ ਜੋ ਨਿੱਤ ਦਿਨ ਲੋਕਾਂ ਦੀ ਜ਼ਿੰਦਗੀ ਨੂੰ ਪ੍ਰਭਾਵਿਤ ਕਰ ਰਹੇ ਹਨ।

ਇਹ ਹਮਲੇ ਵਿਚਾਰਧਾਰਕ, ਸਿਆਸੀ, ਸਮਾਜਕ, ਧਾਰਮਿਕ, ਨੈਤਿਕ, ਆਰਥਿਕ, ਸੱਭਿਆਚਾਰਕ ਅਤੇ ਕੁਦਰਤ ਤੇ ਵੀ ਹਨ- ਜੋ ਹਿੰਸਾ ਅਤੇ ਅਹਿੰਸਾ ਦੇ ਨਾਲ, ਕਾਨੂੰਨੀ ਅਤੇ ਗੈਰ-ਕਾਨੂੰਨੀ ਜ਼ਰੀਏ, ਸੰਵਿਧਾਨ ਅਤੇ ਸੰਵਿਧਾਨ ਤੋਂ ਪਾਰ ਜਾ ਕੇ ਹੋ ਰਹੇ ਹਨ।

ਉਹਨਾਂ ਦੇ ਨਿਸ਼ਾਨੇ ਤੇ ਮਤਭੇਦ ਰੱਖਣ ਵਾਲੇ ਅਤੇ ਉਹਨਾਂ ਦੇ ਅਕੀਦਿਆਂ ਤੇ ਨਾ ਚੱਲਣ ਵਾਲੇ ਸਾਰੇ ਹਨ, ਖਾਸਕਰ ਲੜ ਰਹੀਆਂ ਜੱਥੇਬੰਦੀਆਂ ਅਤੇ ਇਨਕਲਾਬੀ, ਜਮਹੂਰੀ, ਧਰਮ ਨਿਰਪੱਖ ਅਤੇ ਦੇਸ਼ ਭਗਤ ਲੋਕ ਨਾਲ ਦੀ ਨਾਲ ਹੀ ਮੁਸਲਮਾਨ ਅਤੇ ਇਸਾਈ, ਦਲਿਤ ਅਤੇ ਆਦਿਵਾਸੀ, ਔਰਤਾਂ ਅਤੇ ਹੋਰ ਦੱਬੇ ਕੁਚਲੇ ਲੰਿਗ ਵਾਲੇ ਲੋਕ, ਦਬਾਈਆਂ ਜਾਂਦੀਆਂ ਕੌਮਾਂ ਹੋਰ ਤਾਂ ਹੋਰ ਪਾਰਲੀਮਾਨੀ ਵਿਰੋਧੀਆਂ ਦਾ ਇੱਕ ਹਿੱਸਾ ਵੀ।

ਮਤਲਬ, ਹਰ ਕੋਈ ਜੋ ਉਹਨਾਂ ਦੇ ਹਿੰਦੂਤਵੀ ਖਾਕੇ 'ਚ ਫਿਟ ਬਹਿਣ ਤੋਂ ਇਨਕਾਰੀ ਹੈ ਜਾਂ ਉਹਨਾਂ ਦੀ ਫਾਸ਼ੀ ਤਾਨਾਸ਼ਾਹੀ ਦਾ ਵਿਰੋਧ ਕਰਦਾ ਹੈ ਉਹ ਸਾਰੇ ਨਿਸ਼ਾਨੇ ਤੇ ਹਨ। ਇਹੋ ਜਿਹੇ ਵੇਲੇ ਜਦੋਂ ਹਿੰਦੂ ਫਾਸ਼ੀ ਤਾਕਤਾਂ ਆਪਣੇ ਹਮਲੇ ਦੇਸ਼ ਅਤੇ ਸਮਾਜ ਦੇ ਹਰ ਹਿੱਸੇ ਤੇ ਪਕੜ ਵਧਾ ਰਹੀਆਂ ਹਨ, ਤਾਂ ਕਿਸੇ ਨੂੰ ਇਹ ਸੋਚਣ ਲਈ ਦੋਸ਼ ਨਹੀਂ ਦਿੱਤਾ ਜਾ ਸਕਦਾ ਕਿ ਸਮਾਜ ਦਾ ਇੱਕ ਵੱਡਾ ਹਿੱਸਾ 'ਹਿੰਦੂ ਰਾਸ਼ਟਰ' ਦੇ ਪਰਛਾਵੇਂ ਹੇਠ ਰਹਿਣ ਲਈ ਬਣਾ ਦਿੱਤਾ ਗਿਆ ਹੈ।

ਹਿੰਦੂ ਫਾਸ਼ੀਵਾਦ, ਆਪਣੀਆਂ ਕੁਝ ਖਾਸੀਅਤਾਂ ਦੇ ਬਾਵਜੂਦ, ਸਰਮਾਏਦਾਰਾ ਮੁਲਕਾਂ ਦੇ ਉਹਨਾਂ ਫਾਸ਼ੀਵਾਦਾਂ ਨਾਲ ਮੇਲ ਖਾਂਦਾ ਹੈ ਜੋ 1930 ਦੇ ਆਰਥਿਕ, ਸਮਾਜਿਕ ਅਤੇ ਸਿਆਸੀ ਮੰਦੀ ਦੇ ਦੌਰ ਵਿੱਚੋਂ ਨਿੱਕਲੇ, ਉਹ ਭਿਆਨਕ ਮੰਦੀ ਜੋ ਦੋ ਸਾਮਰਾਜੀ ਜੰਗਾਂ ਦੇ ਵਿਚਕਾਰਲੇ ਵਕਫ਼ੇ ਦੌਰਾਨ ਆਈ।

ਇਟਾਲੀਅਨ ਫਾਸ਼ੀਵਾਦ ਅਤੇ ਜਰਮਨੀ ਨਾਜ਼ੀਵਾਦ ਵਾਂਗੂ, ਹਿੰਦੂਤਵਾ ਵੀ ਸਾਮਰਾਜੀ ਅਤੇ ਪ੍ਰੋਲੇਤਾਰੀ ਇਨਕਲਾਬਾਂ ਦੇ ਵਰਤਾਰੇ ਦਾ ਦੌਰ ਹੈ, ਜਿਹੜਾ ਸਾਮਰਾਜੀ-ਸਰਮਾਏਦਾਰੀ ਦੇਸ਼ਾਂ ਵਿੱਚ ਸੱਜੇ ਪੱਖੀ ਅਤੇ ਫਾਸ਼ੀ ਪਾਰਟੀਆਂ, ਸੰਸਥਾਵਾਂ, ਹਥਿਆਰਬੰਦ ਟੁਕੜੀਆਂ ਦੇ ਨਾਲ ਪਾਰਲੀਮਾਨੀ ਜਮਹੂਰੀ ਨਕਾਬ ਸਮੇਤ ਜਾਂ ਉਸਤੋਂ ਬਿਨਾਂ ਹੀ ਉੱਭਰਿਆ ਹੈ। ਫਾਸ਼ੀਵਾਦ ਨੇ ਆਪਣਾ ਸਿਰ ਪੂਰਾ ਉੱਨਤ ਹੋ ਕੇ ਚੁੱਕਿਆ, ਜਦ ਸਰਮਾਏਦਾਰੀ ਆਪਣੀ ਆਮ ਮੰਦੀ ਦੇ ਦੌਰ ਵਿੱਚ ਦਾਖਲ ਹੋ ਚੁੱਕੀ ਸੀ ਅਤੇ ਬਾਲਸ਼ਵਿਕ ਇਨਕਲਾਬ ਤੋਂ ਬਾਅਦ ਸਮਾਜਵਾਦ ਅਸਲ ਬਦਲ ਦੇ ਤੌਰ ਤੇ ਪੂਰੀ ਦੁਨੀਆਂ ਦੇ ਲੋਕਾਂ ਸਾਹਮਣੇ ਉੱਭਰ ਰਿਹਾ ਸੀ।

ਉਸ ਵੇਲੇ ਦੀਆਂ ਇਟਾਲੀਅਨ, ਜਰਮਨ, ਜਪਾਨੀ ਅਤੇ ਹੋਰ ਫਾਸ਼ੀ ਲਹਿਰਾਂ ਨੇ ਉਹਨਾਂ ਦੇਸ਼ਾਂ ਦੀਆਂ ਸਾਮਰਾਜੀ ਹਾਕਮ ਜਮਾਤਾਂ ਦੇ ਸਾਹਮਣੇ ਪੈਦਾ ਹੋਏ ਅਸਲ ਸੰਕਟ ਨੂੰ ਦਰਸਾਇਆ।

ਇਹ ਮਜ਼ਦੂਰ ਜ਼ਮਾਤ ਦੇ ਖਿਲਾਫ ਬੁਰਜੂਆਜ਼ੀ ਦਾ ਸਿਆਸੀ ਗੁਨਾਹ ਸੀ ਜੋ ਉਹਨਾਂ ਨੇ ਆਪਣੀ ਆਰਥਿਕ ਅਤੇ ਸਿਆਸੀ ਮੰਦੀ ਵਿੱਚੋਂ ਬਾਹਰ ਆਉਣ ਲਈ ਕੀਤਾ। ਉਹਨਾਂ ਨੇ ਆਪਣੇ ਦੇਸ਼ ਦੇ ਅੰਦਰ ਨੰਗੀ ਚਿੱਟੀ ਅੱਤਵਾਦੀ ਨੀਤੀ ਅਪਣਾਈ ਅਤੇ ਗੁੱਸੇਖੋਰੀ ਅਤੇ ਜੰਗਾਂ ਨੂੰ ਵਿਦੇਸ਼ੀ ਨੀਤੀ ਬਣਾ ਲਿਆ।

ਦੇਸ਼ ਦੇ ਅੰਦਰ ਫਾਸ਼ੀਵਾਦੀਆਂ ਦੇ ਅਸਲ ਦੁਸ਼ਮਣ ਮਜ਼ਦੂਰਾਂ ਅਤੇ ਆਮ ਲੋਕਾਈ ਦੀਆਂ ਜੱਥੇਬੰਦੀਆਂ, ਇਨਕਲਾਬੀ ਪ੍ਰੋਲੇਤਾਰੀ ਪਾਰਟੀਆਂ, ਜਮਹੂਰੀ ਜੱਥੇਬੰਦੀਆਂ, ਕੌਮੀ ਘੱਟਗਿਣਤੀਆਂ ਅਤੇ ਪ੍ਰਵਾਸੀ ਸਨ। ਜਦਕਿ ਦੇਸ਼ ਦੇ ਬਾਹਰ ਇਹਨਾਂ ਦੇ ਮੁੱਖ ਨਿਸ਼ਾਨੇ ਸੋਵੀਅਤ ਯੂਨੀਅਨ ਦੇ ਸਮਾਜਵਾਦੀ ਕੈਂਪ ਅਤੇ ਉਹ ਬਸਤੀਆਂ ਅਤੇ ਅਰਧ-ਬਸਤੀਆਂ ਸਨ ਜਿੰਨ੍ਹਾਂ ਵਿੱਚ ਕੌਮੀ ਆਜ਼ਾਦੀ ਦੀਆਂ ਲਹਿਰਾਂ ਸਿਖਰਾਂ ਤੇ ਸਨ।

ਉਹਨਾਂ ਨੇ ਉਲਟ ਇਨਕਲਾਬੀ ਜੰਗਾਂ ਸੰਸਾਰ ਦੀਆਂ ਸਾਰੀਆਂ ਕਮਿਊਨਿਸਟ ਅਤੇ ਜਮਹੂਰੀ ਤਾਕਤਾਂ ਦੇ ਖਿਲਾਫ ਲੜੀਆਂ ਜਦ ਤੱਕ ਇਨਕਲਾਬੀ ਅਤੇ ਕੌਮੀ ਇਨਕਲਾਬਾਂ ਦੀਆਂ ਜੰਗਾਂ ਨੇ ਉਹਨਾਂ ਨੂੰ ਸਿਵਿਆਂ ਤੱਕ ਨਾ ਪਹੁੰਚਾ ਦਿੱਤਾ।

ਪਰ ਹਿੰਦੂਤਵ 'ਮੇਡ ਇਨ ਇੰਡੀਆ' ਕਿਸਮ ਦੀ ਸ਼ੈਅ- ਆਪਣੇ ਯੂਰਪੀ ਅਤੇ ਜਪਾਨੀ ਭਾਈਵਾਲਾਂ ਤੋਂ ਸਿਰਫ ਵੱਖਰਾ ਹੀ ਨਹੀਂ ਬਲਕਿ ਇਹਦੇ ਬੀਅ ਤਾਂ ਸੌ ਸਾਲ ਪੁਰਾਣੇ ਹਨ। ਹਿੰਦੂਤਵ ਭਾਰਤ ਦੇ ਜਾਤੀ ਰੂੜ੍ਹੀਵਾਦ ਦੇ ਨਾਲ ਘੁਲਿਆ ਮਿਲਿਆ (ਜਿਵੇਂ ਇਹਦੀ ਜਨਮਜ਼ਾਤ ਉੱਚੇ ਹੋਣ ਦੀ ਬ੍ਰਾਹਮਣਵਾਦੀ ਵਿਚਾਰਧਾਰਾ ਹੈ ਹੀ, ਆਦਿ) ਅਤੇ ਨਾਲੋ ਨਾਲ ਆਧੁਨਿਕ ਬੁਰਜ਼ੂਆ ਸੰਕਲਪ (ਜਿਵੇਂ ਦੇਸ਼, ਬਸਤੀਵਾਦੀ ਪੱਖੀ ਸਕਾਲਰਾਂ ਦਾ ਆਰੀਅਨ ਨਸਲ ਦਾ ਸਿਧਾਂਤ ਅਤੇ ਭਾਰਤੀ ਇਤਿਹਾਸ ਦੀ ਫਿਰਕੂ ਬਣਤਰ ਅਤੇ ਹੋਰ ਬਹੁਤ ਕੁਝ) ਜਿਹੜਾ ਕਿ ਭਾਰਤੀ ਦਲਾਲ ਹਾਕਮ ਜਮਾਤ ਅਤੇ ਪੁਰਾਣੀਆਂ ਸਮਾਜਿਕ ਤਾਕਤਾਂ ਨੂੰ ਠੀਕ ਬੈਠਦਾ ਸੀ।

'ਹਿੰਦੂ ਰਾਸ਼ਟਰ ਦੇ ਗੌਰਵਮਈ ਭਵਿੱਖ' ਦੀ ਕਾਢ ਲਈ ਇਹਨਾਂ ਨੇ ਇਤਿਹਾਸ ਨਾਲ ਛੇੜਛਾੜ ਕੀਤੀ, ਬਿਨਾਂ ਇਹ ਤੱਥ ਨੂੰ ਜਾਣੇ ਕਿ ਅੰਗਰੇਜ਼ਾਂ ਦੇ ਇਸ ਖਿੱਤੇ ਤੇ ਕਬਜ਼ਾ ਕਰਨ ਤੋਂ ਪਹਿਲਾਂ ਨਾ ਤਾਂ ਕੋਈ ਹਿੰਦੂ ਧਰਮ ਸੀ ਅਤੇ ਨਾ ਹੀ ਕੋਈ 'ਇੰਡੀਆ' ਨਾਮੀ ਦੇਸ਼ ਸੀ।

ਸ਼ੁਰੂਆਤੀ ਹਿੰਦੂਤਵੀ ਹਮਾਇਤੀਆਂ ਦਾ ਨਿੱਕਾ ਦਿਮਾਗ ਅਸਲ ਵਿੱਚ 'ਹਿੰਦੂ ਰਾਸ਼ਟਰ' (ਦੇਸ਼) ਦਾ ਨਵ-ਬ੍ਰਾਹਮਣਵਾਦੀ ਸੱਜੇਪੱਖੀ ਖਾਮ-ਖਿਆਲੀ ਵਿਚਾਰ ਸੀ, ਜਿਹਨੂੰ ਹਿੰਦੂਤਵ ਫਾਸ਼ੀਆਂ ਨੇ ਦੇਸ਼ ਦਾ 'ਮਾਣਯੋਗ' ਇਤਿਹਾਸ ਦਰਸਾਇਆ ਅਤੇ ਇਸੇ ਨੂੰ ਦੇਸ਼ ਦੇ 'ਸੁਨਹਿਰੇ' ਭਵਿੱਖ ਲਈ ਆਦਰਸ਼ ਮੰਨਿਆ।

ਉਹਨਾਂ ਨੇ ਇਹ ਫਾਸ਼ੀ ਵਿਚਾਰਧਾਰਾ ਉਹਨਾਂ ਹਿੰਦੂਆਂ, ਗੈਰ-ਹਿੰਦੂਆਂ, ਹੋਰ ਭਾਈਚਾਰਿਆਂ, ਵਰਗਾਂ ਤੇ ਥੋਪਣੀ ਚਾਹੀ ਜਿਹੜੇ ਉਹਨਾਂ ਦੀ ਇਸ ਸਮਾਜਿਕ ਅਤੇ ਇਤਿਹਾਸਕ ਫਿਰਕੂ ਸਮਝ ਵਿੱਚ ਹੁੰਗਾਰਾ ਨਹੀਂ ਭਰਦੇ ਸਨ।

ਮੁਸਲਮਾਨ ਅਤੇ ਇਸਾਈ ਤਾਂ ਵੇਖੇ ਹੀ ਓਪਰਿਆਂ ਵਾਂਗੂ ਜਾਂਦੇ ਸਨ ਜਿਹੜੇ ਜਾਂ ਤਾਂ ਆਪਣੇ ਵਿੱਚ ਰਲਾ ਲਏ ਜਾਣਗੇ, ਜਾਂ ਦਬਾਏ ਜਾਣਗੇ। ਸਿੱਖ, ਬੋਧੀ, ਦਲਿਤ ਅਤੇ ਅਦਿਵਾਸੀ ਤਾਂ ਪਹਿਲਾਂ ਤੋਂ ਹੀ ਹਿੰਦੂ ਮੰਨੇ ਜਾਂਦੇ ਹਨ (ਉਹਨਾਂ ਵੱਲੋਂ) ਅਤੇ ਇਹਨਾਂ ਨੂੰ ਬਿਨਾਂ ਪੁੱਛੇ ਹੀ 'ਹਿੰਦੂ ਰਾਸ਼ਟਰ' ਵਿੱਚ ਗਿਣਿਆ ਜਾਂਦਾ ਹੈ।

ਦਰਜਾਬੰਦੀ ਕਰਨ ਵਾਲੀ, ਬਾਕੀਆਂ ਤੋਂ ਆਪ ਨੂੰ ਉੱਚਾ ਸਮਝਣ ਵਾਲੀ ਅਤੇ ਛਾਵਨਵਾਦੀ ਹਿੰਦੂਤਵ ਵਿਚਾਰਧਾਰਾ, ਸੱਭਿਆਚਾਰ ਅਤੇ ਕਦਰਾਂ ਕੀਮਤਾਂ ਬਾਕੀ ਸਾਰਿਆਂ ਉੱਤੇ ਉਹਨਾਂ ਦੇ ਵੱਖੋ-ਵੱਖਰੇ ਸੱਭਿਆਚਾਰਾਂ, ਬੋਲੀਆਂ, ਮਨਾਉਤਾਂ ਅਤੇ ਗੀਤਾਂ ਨੂੰ ਰਲਾ ਕੇ ਜਾਂ ਕਾਬੂ ਕਰ ਕੇ ਥੋਪੀਆਂ ਗਈਆਂ।

ਹਿੰਦੂਤਵ ਦੀ ਫਾਸ਼ੀਵਾਦੀ ਵਿਚਾਰਧਾਰਾ ਇਹਨਾਂ ਦੀਆਂ ਜੱਥੇਬੰਦੀਆਂ ਦੇ ਢਾਂਚੇ ਵਿੱਚੋਂ ਦਿਖਦੀ ਹੈ। ਆਰ.ਐਸ ਐਸ, ਹਿੰਦੂ ਮਹਾਂਸਭਾ ਆਦਿ ਇਹ ਸਭ 1920 ਦੇ ਸ਼ੁਰੂਆਤ ਵਿੱਚ ਸ਼ੁਰੂ ਹੋਈਆਂ। ਇਹ ਬਹੁਤ ਹੀ ਜਿਆਦਾ ਤਾਨਾਸ਼ਾਹ ਹਨ ਅਤੇ ਆਗੂਆਂ ਨਾਲ ਅਸਹਿਮਤੀ ਦੀ ਇਸ ਵਿੱਚ ਕੋਈ ਥਾਂ ਨਹੀਂ ਹੈ।

ਆਰ. ਐਸ. ਐਸ ਵਿੱਚ ਸਰ ਸੰਘਚਾਲਕ ਦਾ ਕਿਹਾ ਆਖਿਰੀ ਹੀ ਮੰਨਿਆ ਜਾਂਦਾ ਹੈ ਅਤੇ ਬਿਨਾ ਸਵਾਲ ਤੋਂ ਸਵਿਕਾਰਨਾ ਪੈਂਦਾ ਹੈ। ਆਪਣੀ ਸ਼ੁਰੂਆਤ ਤੋਂ ਹੀ, ਹਿੰਦੂਤਵ ਤਾਕਤਾਂ ਨੂੰ ਵੱਡੇ




Best Mobile Signs
All kinds of mobile sign board
best mobile sign
call for yours
Kamal Sidhu
403-966-7167
bestmobilesigns@gmail.com

JTS Logistics Ltd Calgary Alberta
Warehousing / Distribution
Farhad Zain
Mohammed
General Manager
9910 48 St SE
Calgary, AB T2C 4Y5
farhad_its@hotmail.com
Office : 647-654-3062
Fax : 1888-732-1303
Cell : 403-519-9373

ਜ਼ਿਮੀਂਦਾਰਾਂ ਅਤੇ ਦਲਾਲ ਵੱਡੀ ਸਰਮਾਏਦਾਰੀ ਦੀ ਹਮਾਇਤ ਮਿਲਦੀ ਰਹੀ ਕਿਉਂਕਿ ਇਹਨਾਂ ਦੀ ਸੱਜੇ ਪੱਖੀ ਵਿਚਾਰਧਾਰਾ ਅਤੇ ਤਾਨਾਸ਼ਾਹ ਢਾਂਚਾ ਉਹਨਾਂ ਦੇ ਆਰਥਿਕ ਅਤੇ ਸਿਆਸੀ ਹਿੱਤਾਂ ਦੇ ਅਨੁਸਾਰੀ ਸੀ।

ਇਹ ਬਰਤਾਨੀ ਬਸਤੀਵਾਦੀ ਹਾਕਮਾਂ ਦੇ ਸੇਵਕ ਵੀ ਬਣ ਕੇ ਰਹੇ, ਇਹ ਉਹਨਾਂ ਵੇਲਿਆਂ ਵਿੱਚ ਲੋਕਾਂ ਨੂੰ 'ਦੇਸ਼ ਮੁੜ-ਨਿਰਮਾਣ' ਦਾ ਹੋਕਾ ਲਾਉਂਦੇ ਰਹੇ ਜਦੋਂ ਸਾਰੀਆਂ ਬਸਤੀਵਾਦੀ ਵਿਰੋਧੀ, ਜਮਹੂਰੀ ਅਤੇ ਦੇਸ਼ ਭਗਤ ਤਾਕਤਾਂ ਆਜ਼ਾਦੀ ਦੇ ਸੰਘਰਸ਼ ਵਿੱਚ ਕੁੱਦੀਆਂ ਹੋਈਆਂ ਸਨ (ਸਾਵਰਕਰ ਤਾਂ ਆਪਣੀਆਂ ਲਿਖਤਾਂ ਵਿੱਚ ਬਸਤੀਵਾਦ ਨੂੰ ਬਹੁਤ ਸਲਾਹੁੰਦਾ ਹੈ ਆਖਦਾ ਹੈ ਕਿ, 'ਬਰਤਾਨੀ ਸਾਮਰਾਜ ਦੀ ਸ਼ਾਨ ਬਹੁਤ ਉੱਚੀ ਹੈ'( ਵੀ.ਡੀ ਸਾਵਰਕਰ, ਹਿੰਦੂਤਵ, ਪੰਨਾ85, 166); ਗੋਲਵਲਕਰ ਤਾਂ ਕੌਮੀ ਆਜ਼ਾਦੀ ਨੂੰ ਇਹ ਕਹਿ ਕੇ ਨਫ਼ਰਤ ਕਰਦਾ ਸੀ ਕਿ 'ਇਹ ਤਾਂ ਭੁੱਲੇ ਭਟਕੇ ਲੋਕਾਂ ਦੀ ਮੰਗ ਹੈ' (ਐਮ ਐਸ ਗੋਲਵਲਕਰ, ਵੀ ਆਰ ਆਰ ਨੇਸ਼ਨਹੁਡ ਡਿਫਾਈਨਡ, ਪੰਨਾ-7)

ਆਪਣੇ ਦਲਾਲ ਚਰਿੱਤਰ ਨਾਲ ਇਮਾਨਦਾਰੀ ਨਿਭਾਉਂਦੀਆਂ, ਹਿੰਦੂਤਵੀ ਤਾਕਤਾਂ ਸਾਵਰਕਰ ਵਰਗੇ ਗੱਦਾਰਾਂ ਨੂੰ ਨਾਇਕ ਬਣਾ ਬਣਾ ਕੇ ਪੇਸ਼ ਕਰਦੀਆਂ ਰਹੀਆਂ ਅਤੇ ਟੀਪੂ ਸੁਲਤਾਨ ਵਰਗੇ ਅਸਲੀ ਕੌਮੀ ਦੇਸ਼ਭਗਤਾਂ ਨੂੰ ਭੰਡਦੀਆਂ ਰਹੀਆਂ।

ਹਿੰਦੂਤਵੀ ਫਾਸ਼ੀਵਾਦੀ ਤਾਕਤਾਂ ਲੋਕਾਂ ਵਿੱਚ ਜਮਾਤੀ ਜਾਗਰੂਕਤਾ ਨੂੰ ਫੈਲਣ ਤੋਂ ਰੋਕਣ ਅਤੇ ਜੱਥੇਬੰਦਕ ਜਮਾਤੀ ਸੰਘਰਸ਼ ਨੂੰ ਦਬਾਉਣ ਲਈ ਹਮੇਸ਼ਾਂ ਦੁਸ਼ਮਣ ਜਮਾਤਾਂ ਦੇ ਪਾਲੇ ਵਿੱਚ ਖੜੀਆਂ ਰਹੀਆਂ।

ਜਿਵੇਂ, ਆਰ.ਐਸ.ਐਸ ਨੇ ਪ੍ਰਧਾਨ ਮੰਤਰੀ ਨਹਿਰੂ ਨੂੰ 1948 ਵਿੱਚ ਲਿਖਿਆ, ਰਾਸ਼ਟਰੀ ਸਵੈ ਸੇਵਕ ਸੰਘ ਹੀ ਇੱਕੋ ਇੱਕ ਰਾਹ ਹੈ ਜੋ ਕਮਿਊਨਿਜ਼ਮ ਨੂੰ ਵੰਗਾਰ ਸਕਦਾ ਹੈ ਅਤੇ ਇਹੋ ਇੱਕੋ ਇੱਕ ਵਿਚਾਰਧਾਰਾ ਹੈ ਜੋ ਜਿਹੜੀ ਸਮਾਜ ਦੇ ਵੱਖੋ ਵੱਖਰੇ ਵਰਗਾਂ ਨੂੰ ਇਕੱਠਾ ਕਰ ਸਕਦੀ ਹੈ ਅਤੇ ਜਮਾਤੀ ਜੰਗ ਨੂੰ ਸਫ਼ਲਤਾਪੂਰਨ ਟਾਲ ਸਕਦੀ ਹੈ (ਆਰ.ਐਸ.ਐਸ ਵੱਲੋਂ ਲਿਖਿਆ ਪ੍ਰਧਾਨ ਮੰਤਰੀ ਨਹਿਰੂ ਨੂੰ ਖਤ, ਆਰਗੇਨਾਈਸਰ ਵਿੱਚ 23 ਅਕਤੂਬਰ 1948 ਨੂੰ ਛਪਿਆ)। ਉਹਨਾਂ ਨੇ ਹਿੰਦੂਵਾਦ ਦੇ ਪ੍ਰਾਚੀਨ ਸਮਾਜਿਕ ਬਦਲਾਂ ਅਨੁਸਾਰ ਢਲਣ ਵਾਲੀ ਪ੍ਰਵਿਰਤੀ ਨੂੰ ਵਰਤ ਕੇ ਇਸ ਦੇ ਸੱਜੇ ਪੱਖੀ ਸਾਰੇ ਭਟਕਾਵਾਂ ਨੂੰ ਬਚਾਇਆ ਅਤੇ ਹੋਰ ਮਜ਼ਬੂਤ ਕਰਕੇ ਹਾਕਮ ਜਮਾਤਾਂ ਦੇ ਹਿੱਤ ਵਿੱਚ ਵਰਤਿਆ- ਭਾਵੇਂ ਉਹ ਸਾਮਰਾਜੀ ਹਾਕਮ ਹੋਣ ਅਤੇ ਭਾਵੇਂ ਭਾਰਤੀ ਅਮੀਰ ਦਲਾਲ ਹਾਕਮ ਜਿੰਨ੍ਹਾਂ ਨੇ ਪਹਿਲਿਆਂ ਦੀ ਥਾਂ ਲੈ ਲਈ ਸੀ।

ਉਹਨਾਂ ਨੇ ਵੱਡੇ ਜਿਮੀਂਦਾਰਾਂ ਅਤੇ ਦਲਾਲ ਸਰਮਾਏਦਾਰਾਂ ਦੀ ਸਾਂਝੀ ਗੱਦੀ ਬਚਾਉਣ ਲਈ ਜਮਹੂਰੀ ਤਾਕਤਾਂ ਨੂੰ ਕੁਚਲਿਆ, ਕੌਮੀ ਛਾਵਨਵਾਦ ਅਤੇ ਫ਼ਿਰਕਾਪ੍ਰਸਤੀ ਨੂੰ ਹਵਾ ਦਿੱਤੀ, ਧਾਰਮਿਕ ਘੱਟ ਗਿਣਤੀਆਂ ਨੂੰ ਦਬਾਇਆ ਅਤੇ ਘੱਟ ਗਿਣਤੀ ਕੌਮੀਅਤਾਂ, ਔਰਤਾਂ, ਦਲਿਤਾਂ ਅਤੇ ਆਦਿਵਾਸੀਆਂ ਨੂੰ ਕੁਚਲਿਆ।

ਵਿਚਾਰਧਾਰਕ ਤੌਰ ਤੇ ਆਲੰਕਾਰਵਾਦੀ, ਵਿਚਾਰਵਾਦੀ ਅਤੇ ਨਿੱਜਵਾਦੀ ਹਿੰਦੂਤਵ ਸੰਸਾਰ ਦ੍ਰਿਸ਼ਟੀਕੋਣ- ਵਿਗਿਆਨਕ, ਪਦਾਰਥਵਾਦੀ, ਤਰਕ, ਉਦੇਸ਼ਵਾਦੀ ਅਤੇ ਸੰਸਾਰ ਨੂੰ ਸਮਝਣ ਅਤੇ ਬਦਲਣ ਦੀ ਦਵੰਦਵਾਦੀ ਸਮਝ ਦਾ, ਵਿਗਿਆਨਕ ਸਮਾਜਵਾਦ ਦੀ ਸਮਝ, ਦਵੰਦਵਾਦੀ ਤੇ ਇਤਿਹਾਸਕ ਸਮਝ ਦਾ ਘੋਰ ਵਿਰੋਧੀ ਹੈ।

ਵਿਚਾਰਧਾਰਕ-ਸਿਆਸੀ ਭਗਤੀਭਾਵ, ਸਮਾਜਕ ਨੈਤਾਗਿਰੀ, ਕੌਮੀ ਅਤੇ ਧਾਰਮਿਕ ਛਾਵਨਵਾਦ, ਗੋਬਲਜ਼ੀਅਨ ਪ੍ਰਾਪੇਗੰਡਾ, ਸੌਦੇਬਾਜ਼ੀ ਅਤੇ ਦਲਾਲੀ ਇਹ ਸਭ ਕਾਸੇ ਦੀ ਮਦਦ ਨਾਲ ਇਹ ਸਮਾਜ ਦੇ ਵੱਡੇ ਹਿੱਸੇ ਵਿੱਚੋਂ ਇੱਕ ਨੂੰ ਪੱਖ ਵਿੱਚ ਲੈਂਦੇ ਹਨ ਤੇ ਦੂਜੇ ਨੂੰ ਦਬਕਾਉਂਦੇ ਹਨ।

ਇਹਨਾਂ ਨੇ ਲੋਕਾਂ ਦੇ ਭੋਲੇਪਣ, ਪਛੜੇਪਣ, ਬੇਧਿਆਨੀ ਅਤੇ ਵਿਰੋਧਤਾਈਆਂ ਦਾ ਪੂਰਾ ਲਾਹਾ ਲਿਆ ਅਤੇ ਸਾਡੇ ਦੇਸ਼ ਦੇ ਅਰਧ ਜਗੀਰੂ ਅਰਧ ਬਸਤੀ ਢਾਂਚੇ ਦੇ ਅੰਦਰ ਡੂੰਘੀ ਪਈ ਤੰਗਨਜ਼ਰੀ ਨੂੰ ਪੂਰਾ ਪੂਰਾ ਵਰਤਿਆ।

ਉਹ ਲਗਾਤਾਰ ਝੂਠ, ਪਾਖੰਡ, ਲੋਕਾਂ ਦਾ ਧਿਆਨ ਭਟਕਾਉਣ ਅਤੇ ਉਹਨਾਂ ਨੂੰ ਵੰਡਣ ਵਿੱਚ ਰੁੱਝੇ ਰਹਿੰਦੇ ਹਨ।ਅਕਸਰ ਉਹ ਜੋ ਕਹਿੰਦੇ ਹਨ ਉਹਦਾ ਬਿਲਕੁਲ ਉਲਟਾ ਕਰਦੇ ਹਨ ਅਤੇ ਜੋ ਉਹ ਕਰਦੇ ਹਨ ਉਹਦਾ ਬਿਲਕੁਲ ਉਲਟਾ ਪ੍ਰਚਾਰਦੇ ਹਨ।

ਉਹਨਾਂ ਨੇ ਆਧੁਨਿਕ ਵਿਗਿਆਨ ਅਤੇ ਤਕਨਾਲੋਜੀ ਦੇ ਉਤਪਾਦਾਂ ਨੂੰ ਵਰਤਿਆ ਤਾਂ ਜੋ ਲੋਕਾਂ ਨੂੰ ਕਾਬੂ ਕਰ ਸਕਣ ਅਤੇ ਆਪਣੇ ਸੱਜੇ-ਪੱਖੀ ਸਮਾਜਕ, ਆਰਥਿਕ, ਸਿਆਸੀ ਅਤੇ ਸੱਭਿਆਚਾਰਕ ਹਿੱਤ ਪੂਰੇ ਕਰ ਸਕਣ।

ਹਿੰਦੂਤਵਾ ਫਾਸ਼ੀਵਾਦ ਨੇ ਆਪਣੇ ਆਪ ਨੂੰ ਬਦਲਦੀਆਂ ਹਾਲਤਾਂ ਅਨੁਸਾਰ ਢਾਲਿਆ ਅਤੇ ਹਰ ਮੌਜੂਦਾ ਢੰਗ ਨਾਲ ਆਪਣੇ ਝੂਠਾਂ, ਵਹਿਮਾਂ ਅਤੇ ਖੂਨੀ ਇਰਾਦਿਆਂ ਨੂੰ ਫੈਲਾਇਆ। ਆਪਣੀ ਵਿਚਾਰਧਾਰਾ ਅਤੇ ਇਰਾਦਿਆਂ ਤੋਂ ਬਿਲਕੁਲ ਉਲਟ ਇਹਨਾਂ ਨੇ ਆਪਣੇ ਆਪ ਨੂੰ ਅਹਿੰਸਾਵਾਦੀ ਕਿਹਾ ਅਤੇ ਆਪਣੇ ਆਪ ਨੂੰ ਮਹਿਜ ਸੱਭਿਆਚਾਰਕ ਜੱਥੇਬੰਦੀ ਕਿਹਾ ਜੋ ਭਾਰਤੀ ਸੰਵਿਧਾਨ ਨੂੰ ਮੰਨਦੀ ਹੋਵੇ (ਜਿਵੇਂ ਗਾਂਧੀ ਦੇ ਕਤਲ ਤੋਂ ਬਾਅਦ ਆਪਣੇ ਆਪ ਤੋਂ ਪਾਬੰਦੀ ਹਟਾਉਣ ਲਈ ਆਰ.ਐਸ.ਐਸ ਨੇ ਕਿਹਾ ਸੀ)- ਪਰ ਇਹਨਾਂ ਦੇ ਕੰਮ ਇਹਨਾਂ ਦੀ ਕਹਾਉਤ ਤੋਂ ਉਲਟੇ ਹੀ ਸਾਬਿਤ ਹੁੰਦੇ ਹਨ।

ਆਪਣੇ ਨਾਜ਼ੀ ਭਾਈਵਾਲਾਂ ਵਾਂਗ, ਇਹਨਾਂ ਨੇ ਭਾਰਤੀ ਸੰਸਦੀ ਢਾਂਚੇ ਨੂੰ ਵੀ ਵਰਤਿਆ ਤਾਂ ਜੋ ਇਹ ਤਾਕਤ ਵਿੱਚ ਆ ਕੇ ਆਪਣੇ ਇਰਾਦਿਆਂ ਤੱਕ ਪਹੁੰਚ ਜਾਣ।

1951 ਦੇ ਭਾਰਤੀ ਜਨਸੰਘ ਬਣਨ ਤੋਂ ਲੈ ਕੇ 1997 ਤੱਕ ਭਾਜਪਾ ਦੀ ਸਰਕਾਰ ਬਣਨ ਤੱਕ, ਹਿੰਦੂਤਵ ਫਾਸ਼ੀਵਾਦ ਨੇ ਸੰਸਦੀ ਸਿਆਸਤ ਦੇ ਪਰਦੇ ਹੇਠ ਦੇਸ਼ ਦੇ ਵੱਡੇ ਹਿੱਸੇ ਤੇ ਪਕੜ ਬਣਾ ਲਈ। ਜਿਵੇਂ ਰਾਮ ਜਨਮ ਭੂਮੀ ਅੰਦੋਲਨ, ਰਥ ਯਾਤਰਾ,




ਬਾਬਰੀ ਮਸਜ਼ਿਦ, ਮੁਸਲਮਾਨਾਂ ਦਾ ਦੇਸ਼ ਦੇ ਵੱਖ ਵੱਖ ਹਿੱਸਿਆਂ ਵਿੱਚ ਕਤਲੇਆਮ, ਗੁਜ਼ਰਾਤ ਨਸਲਕੁਸ਼ੀ ਅਤੇ ਇਹੋ ਜਿਹੇ ਹੋਰ ਛੋਟੇ ਵੱਡੇ ਕਾਂਡ ਦਰਸਾਉਂਦੇ ਹਨ ਕਿ ਇਹਨਾਂ ਨੇ ਸੰਸਦ ਤੱਕ ਪਹੁੰਚਣ ਲਈ ਸੰਸਦੀ ਕੰਮਾਂ ਤੋਂ ਬਿਨਾਂ ਹੋਰ ਹਿੰਸਕ ਤਰੀਕੇ ਵੀ ਅਪਣਾਏ।

ਇਹਨਾਂ ਦੇ ਤਰੀਕਿਆਂ ਵਿੱਚ ਸਫ਼ਲਤਾ ਮਿਲਣ ਦਾ ਇੱਕ ਵੱਡਾ ਕਾਰਨ ਇਹਨਾਂ ਦੇ ਪਾਰਲੀਮਾਨੀ ਵਿਰੋਧੀ ਵੀ ਹਨ ਭਾਵੇਂ ਉਹ ਕਾਂਗਰਸ ਹੋਵੇ, ਸੋਧਵਾਦੀ ਸੀ.ਪੀਆਈ, ਸੀ.ਪੀ.ਐਮ ਜਾਂ ਹੋਰ ਖੇਤਰੀ ਪਾਰਟੀਆਂ। ਇਹ ਸਭ ਹਿੰਦੂਤਵ ਫਾਸੀਵਦ ਦਾ ਰਥ ਰੋਕਣ ਵਿੱਚ ਖੱਸੀ ਸਾਬਿਤ ਹੋਈਆਂ।

ਬਲਕਿ, ਇਹਨਾਂ ਹਾਕਮ ਜਮਾਤੀ ਪਾਰਟੀਆਂ ਦੇ ਅੰਦਰ ਵੀ ਕਿਤੇ ਨਾ ਕਿਤੇ ਹਿੰਦੂਵਾਦ ਦੀ ਭਾਵਨਾ ਹੈ ਜਿਸਨੇ ਹਿੰਦੂਤਵਾ ਨਾਲ ਜਮਾਤੀ ਸਾਂਝ ਅਤੇ ਮੌਕਾਪ੍ਰਸਤੀ ਸਿਆਸਤ ਕਰਕੇ ਇਹਨਾਂ ਨੂੰ ਵਧਣ ਵਿੱਚ ਬਲ ਦਿੱਤਾ।2014 ਦੀਆਂ ਸੰਸਦੀ ਚੋਣਾਂ ਤੋਂ ਬਾਅਦ, ਭਾਜਪਾ ਸਭ ਤੋਂ ਵੱਡੀ, ਸਭ ਤੋਂ ਤਾਕਤਵਾਰ ਅਤੇ ਕਾਂਗਰਸ ਨੂੰ ਲਾਂਭੇ ਕਰਕੇ ਸਾਮਰਾਜੀਆਂ ਦੀ ਚਾਕਰ ਭਾਰਤੀ ਦਲਾਲ ਸਰਮਾਏਦਾਰਾਂ ਅਤੇ ਜਗੀਰਦਾਰਾਂ ਦੀ ਚਹੇਤੀ ਬਣ ਕੇ ਉੱਭਰੀ ਹੈ।

ਅਤੀਤ ਦੇ ਸਾਰੇ ਫਾਸ਼ੀਵਾਦੀਆਂ ਵਾਂਗ, ਹਿੰਦੂਤਵ ਫਾਸ਼ੀਵਾਦ ਦਾ ਮੌਜੂਦਾ ਵਿਕਾਸ ਸਾਲ 2008 ਤੋਂ ਸ਼ੁਰੂ ਹੋਏ ਸੰਸਾਰ ਸਰਮਾਏਦਾਰਾ ਪ੍ਰਬੰਧ ਦੇ ਡੂੰਘੇ ਸੰਕਟ ਦਰਮਿਆਨ ਹੋਇਆ ਅਜਿਹਾ ਸੰਕਟ ਜੋ ਕਿਧਰੇ ਟਲਦਾ ਨਹੀਂ ਵਿਖ ਰਿਹਾ। ਪੂਰੀ ਦੁਨੀਆਂ ਵਿੱਚ ਫਾਸ਼ੀਵਾਦੀ ਰੁਝਾਨ ਦਿਖ ਰਹੇ ਹਨ।

ਭਾਰਤ ਵਿੱਚ ਵੀ, ਕਾਂਗਰਸ ਦੀ ਅਗਵਾਈ ਵਾਲਾ ਯੂ.ਪੀ.ਏ ਭਾਰਤੀ ਹਾਕਮ ਜਮਾਤ ਲਈ ਹੁਣ ਬੇਮਾਅਨਾ ਹੋ ਚੁੱਕਿਆ ਹੈ। ਇਸੇ ਲਈ ਹੁਣ ਮੋਦੀ ਦੀ ਅਗਵਾਈ ਵਾਲੀ ਭਾਜਪਾ ਬੇਕਿਰਕੀ ਨਾਲ ਨਵ-ਉਦਾਰਵਾਦੀ ਏਜੰਡੇ ਨੂੰ ਅੱਗੇ ਲੈ ਕੇ ਵਧ ਰਹੀ ਹੈ ਲੋੜ ਪੈਣ ਤੇ ਫਾਸ਼ੀਵਾਦੀ ਤਰੀਕੇ ਵੀ ਵਰਤ ਰਹੀ ਹੈ। ਭਾਜਪਾ ਆਪਣੀ ਨਵ-ਫਾਸ਼ੀਵਾਦੀ ਹਿੰਦੂਤਵਾ ਵਿਚਾਰਧਾਰਾ ਅਤੇ ਆਪਣੀਆਂ ਹੋਰ ਜੱਥੇਬੰਦੀਆਂ ਜ਼ਰੀਏ ਸਮਾਜ ਦੇ ਵੱਖ ਵੱਖ ਹਿੱਸੇ ਵਿੱਚ ਪਹੁੰਚ ਹੋਣ ਕਰਕੇ, ਇਸ ਕੰਮ ਲਈ ਸਭ ਤੋਂ ਵਧੀਆ ਸੀ।

**ਅਨੁਵਾਦਕ: ਬਲਤੇਜ**

# The laborers should live like this in the lockdown of Corona period.

'Action Aid India' conducted a sample survey of 11,537 labourers working in 20 states of India and 1 Union Territories. This survey was done to analyze the impact on the lives of hardworking people due to lockdown. Based on this, some of the findings of the report are as follows:

1) 78 % of the laborers said that during the lockdown their income means had a very bad impact and in most circumstances they were... completely snatched.

2) 48 % said they didn't get any wage after lockdown, while 17 % said they got a share of wage.

3) According to 60 % of migrant workers, they had to vacate their rented rooms / houses during this lockdown period, because there was no solution / means to fill the rent. 5 % said their landlords forced them to evacuate rooms.

4) 60 % took loan during this lockdown. 95 % said their savings were ineffective to pass this time or just perfectly.

5) Only 18 % said they could get the food needed during lockdown. 34 % of people got food only once a day and 3 % said they had once food in 2 days.

6) There was a common opinion about the indifference of the government among the workers. More than 80 % said they didn't get any help from the government.





**Punjabi Rang Radio**

CA 10 530 AM

11 pm-12 am

Every Saturday

**Chamkaur Singh**

Producer/Host

**Cell : 416 662 1313**

Email punjabirang13@hotmail.com

## some media, Brampton city is going to fix the affordable housing problem

Dear Sir/Madam

As we came to know from some media, Brampton city is going to fix the affordable housing problems, with the federal Govt. help. With this letter, we want to convey that the problem is even more bigger as assessed by city administration. We feel that Increasing demands of affordable housing, affordable renting of rental apartments, houses or basements are going together. We can't walk away from the reality just by picking up one point but hiding the others. Regular income of community is going down in contrast to house tax going up , parallel to it every single day affordable housing, affordable rental palaces becoming bigger. We believe this issue needs to discuss with the public first. We request the city to call the town hall meeting to get feedback from community otherwise our organisation is getting ready to call the public meeting with the participation of our city related provincial and federal elected members . In the near future, our organization also planning to convene open public meeting with the participation of our city related provincial and federal elected members . We demand to address the issue by assessing the ground reality.

Regards

Kuldip Boparai (647-571-2800) , Harbans Singh (416-817-7142), Baldev Rehpa, Harinder Hundal, Harparminder Gadri ....of Brampton Action collision

**ਗੋਰਕੀ ਪ੍ਰਕਾਸ਼ਨ**

**ਲੁਧਿਆਣਾ**

ਪੰਜਾਬੀ, ਹਿੰਦੀ, ਅੰਗਰੇਜ਼ੀ ਵਿੱਚ ਕਿਤਾਬਾਂ ਛਪਵਾਉਣ ਲਈ ਸੰਪਰਕ ਕਰੋ

**94176-42785**

**77172-45945**

ਨੋਟ : ਪੰਜਾਬੀ, ਹਿੰਦੀ ਅਤੇ ਅੰਗਰੇਜ਼ੀ ਸਾਹਿਤ ਉਪਲਬਧ

ਸ਼ਹੀਦ ਭਗਤ ਸਿੰਘ ਬੁੱਕ ਸੈਂਟਰ, ਦੁਕਾਨ ਨੰਬਰ-7, ਪੰਜਾਬੀ ਭਵਨ, ਲੁਧਿਆਣਾ



# Ontario's "nearly $900 million" for safe schools is actually much less



**Ricardo Tranjan**

An August 26 news release from Ontario's Ministry of Education reads, "Today's federal announcement provides $381 million to Ontario, on top of the nearly $900 million provided by the province to support provincial back-to-school plans."

This statement is disingenuously inaccurate. A more accurate headline would be, federal government to transfer $763 million to Ontario schools, greatly exceeding the $541 million made available from the province, and once again rescuing Ontarians from their provincial government.

Let's dig into the numbers.

The federal government's Aug. 26 announcement clearly states Ontario's allocation: $763.34 million out of a total of $2 billion in support for all provinces. The transfer will be made in two installments (Fall 2020 and early 2021), but the entire amount is for the upcoming school year. The provincial amount included in the news release is the total for the year, so we should compare it to the federal total for the year – apples to apples.

For its part, the provincial government has made four announcements thus far:

1) $309 million announced on July 30 for several measures (additional nurses, teaching staff, and custodians; masks; testing capacity; cleaning products; transportation; health and safety training; special needs support; mental health support);

2) $50 million to support improved ventilation, announced on Aug. 13;

3) $18 million to allow school boards to hire principals and administrative support for online schooling, also announced on Aug. 13; and,

4) $496 million made available through "unlocking" school board reserves, with an additional $11 million in funding for boards without sufficient reserves.

Combined, these announcements add to $882 million, or "nearly $900 million." But this is deceptive: the $496 million in unlocked reserves is, in fact, only $153 million.

The August 13 news release states that the government is "Unlocking access to reserves up to $496 million, an increase of $244 million, by allowing boards to access up to 2 per cent [instead of the conventional 1%] of their operating budget from their prior year accumulated surplus." In other words, boards already counted on half of this money; only the second half ($244 million) has been "unlocked."

But many boards – including some of the largest ones – don't have the extra 1% of funds lying around. The government has estimated the amount of reserves available to boards by excluding three types of expenditures (committed capital projects, committed sinking funds, and retirement gratuities). These estimates disregard other "internally appropriated funding," that is, spending made at the discretion of school boards.

For example, if a board has $10 million in reserves, of which $6 million is allocated to those three types of expenditures, the Ministry of Education deems $4 million is available. This calculation ignores the fact the board may already be using some or all of the $4 million on any number of locally decided projects.

Local authority over a portion of the budget is an important feature of Ontario's education funding system. It recognizes that needs vary locally, and it empowers trustees, educators, and parents to decide what is most important for their communities. Equity initiatives that compensate for structural underfunding and smaller but critical repairs are often funded through "internally appropriated funding." Halting these local initiatives overnight may lead to more chaos and, in some cases, fewer teaching and support staff at a time when we desperately need more.

The correct thing to do would be to subtract the cost of local initiatives from the total amount of reserves. That's what we did.

We computed the actual reserves available for boards by deducting from their total reserves all financial commitments. From this amount, we subtracted 1% of the board's operating funding—the conventional reserve draw. Then we went for a second 1% draw, the "unlocked reserves."

Twenty-eight boards don't have sufficient reserves for a 2% draw; combined, they are $91 million short of the government's official estimate.* As many of these are large boards, they capture half of the province's students.

To recap, the Ministry of Education says it is unlocking $496 million in reserves, but half of this amount was already available to boards: only $244 million was new money. Of this $244 million, $91 million isn't really there to be spent because boards are already spending it. The "$496 million" is really $153 million in new money that is actually available to be invested in health and safety measures.

If we add $153 million to the other announcements listed above, we arrive at $541 million, which is much less than "nearly $900 million." Luckily, the federal government is sending an additional $763 million.

Ricardo Tranjan is a political economist and senior researcher with the Canadian Centre for Policy Alternatives' Ontario office. You can follow him on Twitter at @ricardo_tranjan.

* The additional $11 million in funding is for four boards which, according to the government's estimates, don't have sufficient reserves to draw the equivalent of 2% of their operating funding. Using the method employed here, these boards would need $19 million.

# Massive public investment, not austerity, is the answer

**By Michal Rozworski**

A depression is still around the corner if the Canadian government does not continue to radically intervene in the economy.

We have all encountered the dark outlines of the crisis facing us by now. Everywhere there are warnings of mass unemployment unseen in decades, already vulnerable workers—young, racialized, women—hit hardest, entire industries at risk, a looming wave of evictions and foreclosures.

None of this is inevitable. That is the message we should be encountering more often.

Instead, we still too frequently hear warnings about deficits and debt, about excessive generosity today and bills coming due tomorrow. A durable, just reconstruction of the economy, one that protects health as the foundation for having any economy, will require more from the public sector: more investment, more jobs, more government debt. In fact, it will also require big qualitative shifts, changes to how we do things: more collective goods, more worker rights, more public ownership. Working people cannot be made to pay for the crisis; instead their needs must be at the centre of economic transformation.

Canada's federal government is already projecting a deficit one seventh the size of the economy. That is for the good. The forecast of $343 billion in spending over and above revenues is a nice example of basic accounting: somebody's deficit is somebody else's surplus. Without the massive federal deficit, we would have seen massive household deficits as jobless Canadians burned through savings and took on debt to cover food and rent. Government rightly took on debt just to keep people afloat, avoiding for now the deadly trio of catastrophic personal debts, a raging pandemic and economic depression.

Collectively we did what no one of us could do individually. This deficit is what allowed so many of us to stay home while still paying for necessities like food and at least some of the bills. It reminded us that the collective is important after decades of its denigration. Even UK Prime Minister Boris Johnson had to reverse the dictum of Margaret Thatcher, his Conservative predecessor and free market fan, stating, "There is such a thing as society." What a surprise!

Today's rapid increase in public spending and public debt should likewise not come as a surprise. Neither is it unprecedented. World War II precipitated similarly lopsided and necessary growth on the spending side of the public balance sheet. Without precedent is that even with today's deficit, the government's interest payments on its debt are set to be among the lowest in history as a percentage of GDP. The bond market is unconcerned, absorbing every I.O.U. the government prints, while interest rates are effectively at zero and inflation is not rising. Rates are so low that once even today's minimal inflation is factored in, they are actually negative, meaning bondholders are ready to lose money loaning to the federal government—a bargain we should take them up on.

The question for the Canadian government (and others) will soon be whether it has the nerve to continue investing in a real reconstruction, taking on more debt to avoid a depression in the aftermath of the acute phase of the pandemic and taxing the rich to redistribute resources and power. Free markets will not get us out of this mess.

The Bank of Canada, not normally a hotbed of radical thought, is effectively laying the ground for the government to go further. In its latest Monetary Policy Report, the Bank first says that the Canadian economy will be constrained by demand rather than supply. In the dry language of economists this means that the bigger risk is people not be spending enough rather than firms not producing enough. Of course, as people don't spend, firms adjust, scale down production and lay off some workers, who then spend even less and a vicious recessionary cycle is born.

Canada's central bankers don't harbour naive hopes for a quick, "V-shaped" recovery dreamt by some in the business press and among the right. They see a long "swoosh" at best, taking years just to get back to where we were in 2019.

Second, and more shocking, our central bankers also project that the economy will not return to its pre-crisis growth path in the foreseeable future. That is this pandemic, far from being a blip where we "turn off" large parts of the economy only to restart them again, will instead cause permanent damage. Together with a persistent lack of demand this is reason for more and longer lasting public stimulus—a reconstruction, not just a recovery.

Even businesses agree, with those participating in a Bank of Canada survey predicting that 10 percent of economy-wide spending will simply not return. This is a very good argument for a Green New Deal of public investment and public consumption to both directly meet critical environmental and social challenges, and prevent a downward economic spiral. Think not only green energy, but investment into green public housing and universal childcare. The radical is now also practical.

Of course, big business will be lining up to demand that public dollars flow directly into their own pockets. They will argue that government can't get things right; what they really mean is that they don't want to miss out on guaranteed profits. Their version of public investment is one where services are contracted out, any gains are privatized and risk to them is entirely neutralized. This is why it's important that the recovery be oriented to publicly-owned investments, good public jobs and direct income supports to people, rather than massive corporate welfare. Just as we cannot go back to another round of austerity, we cannot allow business to drive a privatized Keynesianism.

Our economy is ripe for transformative reconstruction. The key now will be both how much we spend and, crucially, how we spend it. First, we must ensure everyone can meet basic needs. Income supports, including CERB, cannot be cut off before the pandemic ends, and an overhauled unemployment insurance (EI) system is also urgently needed, one that covers all jobless Canadians and replaces more lost income. At the same time, sharply increasing public investment not dependent on the private market should be an immediate priority, starting with big expansions of healthcare, child care and public housing.

Women have been hit harder by this crisis in multiple ways—both losing more jobs and taking on more work in the home. We need a national childcare program with good jobs at its centre to both respond to the gendered nature of the crisis and start to revalue care work.

To prevent a lost generation among today's youth who are also disproportionately affected, the government should launch a big public green jobs program with fair wages, training and union representation. Think how much introducing a generation of young workers to unions in their first job could do for reviving the labour movement—a movement that could then help ensure the recovery from this crisis isn't as unequal as from the last one.

If we fail to do these things and more, it will be a choice, not because we could not afford it. The COVID-19 pandemic is largely an act of chance, but an economic depression on its heels would be largely of our own making.

Topics: COVID-19, Economy, Poverty, inequality & welfare, Provincial budget & finance

*ਦਿੱਲੀ ਘੱਟ ਗਿਣਤੀ ਕਮਿਸ਼ਨ ਦੀ ਜਾਂਚ ਰਿਪੋਰਟ*

# ਦਿੱਲੀ ’ਚ ਫਿਰਕੂ ਹਿੰਸਾ ਯੋਜਨਾਬੱਧ ਸਾਜ਼ਿਸ਼ ਦਾ ਸਿੱਟਾ

**ਨਰਭਿੰਦਰ**

ਫਰਵਰੀ 2020 ’ਚ ਦਿੱਲੀ ਵਿਚ ਨਾਗਰਿਕਤਾ ਸੋਧ ਕਾਨੂੰਨ ਦੇ ਵਿਰੁੱਧ ਚਲ ਰਹੇ ਵਿਆਪਕ ਅੰਦੋਲਨ ਦੌਰਾਨ ਰਾਜਧਾਨੀ ਦਿੱਲੀ ਵਿਚ ’ਚ ਵਿਆਪਕ ਹਿੰਸਾ ਭੜਕੀ ਜਿਸ ਵਿਚ ਸਰਕਾਰੀ ਰਿਪੋਰਟ ਮੁਤਾਬਕ 53 ਲੋਕ ਮਾਰੇ ਗਏ ਜਦੋਂ ਕਿ ਗੈਰ ਸਰਕਾਰੀ ਹਵਾਲੇ ਇਨ੍ਹਾਂ ਦੀ ਗਿਣਤੀ ਵੱਧ ਦੱਸਦੇ ਹਨ। ਦਰਜਨਾਂ ਮਕਾਨ ਸਾੜ ਦਿੱਤੇ ਗਏ। ਲੁੱਟ ਮਾਰ ਹੋਈ। ਦੁਕਾਨਾਂ ਸਾੜੀਆਂ ਗਈਆਂ। ਇਸ ਨੂੰ ਮੀਡੀਆ ਨੇ ਫਿਰਕੂ ਦੰਗੇ ਕਹਿਣ ਤੋਂ ਵੀ ਗੁਰੇਜ ਨਹੀਂ ਕੀਤਾ। ਜਦੋਂ ਕਿ ਇਹ ਦੰਗੇ ਨਹੀਂ ਸਗੋਂ ਯੋਜਨਾਬੱਧ ਹਮਲੇ ਸਨ। ਇਸ ਦੀ ਪੁਸ਼ਟੀ ਹੁਣੇ ਹੁਣੇ ਆਈ ਦਿੱਲੀ ਘੱਟ ਗਿਣਤੀ ਕਮਿਸ਼ਨ ਦੀ ਰਿਪੋਰਟ ਨੇ ਕਰ ਦਿੱਤੀ ਹੈ।

ਇਕ ਸੌ ਤੀਹ ਪੇਜ਼ਾਂ ਦੀ ਇਹ ਰਿਪੋਰਟ, ਦਿੱਲੀ ਘੱਟ ਗਿਣਤੀ ਕਮਿਸ਼ਨ ਦੀ ਤੱਥ ਖੋਜ ਟੀਮ ਦੇ ਸ੍ਰੀ ਐਮ. ਆਰ. ਸ਼ਮਸ਼ਾਦ ਜਿਹੜੇ ਸੁਪਰੀਮ ਕੋਰਟ ਵਿਚ ਐਡਵੋਕੇਟ ਆਨ ਰਿਕਾਰਡ ਰਹੇ ਹਨ, ਨੇ ਜਾਰੀ ਕੀਤੀ ਹੈ। ਨੌਂ ਮੈਂਬਰੀ ਜਾਂਚ ਟੀਮ ਨੇ ਉਤਰ ਪੂਰਬੀ ਦਿੱਲੀ ਦੇ ਉਨ੍ਹਾਂ ਇਲਾਕਿਆਂ ਦਾ ਜਿਹੜੇ ਜਮਨਾ ਤੋਂ ਪਾਰ ਗਾਜੀਆਬਾਦ ਦੇ ਨੇੜੇ ਲੱਗਦੇ ਹਨ, ਦਾ ਗਹਿਰਾਈ ’ਚ ਅਧਿਐਨ ਕੀਤਾ। ਇਸ ਖੇਤਰ ਵਿਚ ਸੀਮਾਪੁਰੀ, ਗੋਕਲਪੁਰੀ, ਘੋਂਡਾ ਸਲੀਮਪੁਰ, ਰਹਿਤਾਸ਼ ਨਗਰ, ਬਾਬਰਪੁਰ, ਕਾਰਾਵਾਲ ਨਗਰ ਅਤੇ ਮੁਸਤਾਫਾਬਾਦ ਆਦਿ ਇਲਾਕੇ ਹਨ ਜਿਥੇ 68.22 ਫੀਸਦੀ ਹਿੰਦੂ ਅਬਾਦੀ ਅਤੇ 29.34 ਫੀਸਦੀ ਮੁਸਲਮ ਅਬਾਦੀ ਰਹਿੰਦੀ ਹੈ ਅਤੇ ਇਹ ਜ਼ਿਆਦਾਤਰ ਮਜ਼ਦੂਰੀ ਜਾਂ ਮਜ਼ਦੂਰੀ ਵਰਗੇ ਧੰਦੇ ਕਰਨ ਵਾਲੇ ਹੀ ਲੋਕ ਹਨ। ਘੱਟ ਗਿਣਤੀ ਕਮਿਸ਼ਨ ਨੋਟ ਕਰਦਾ ਹੈ ਕਿ ਇਹ ‘ਨਾਗਰਿਕਤਾ ਸੋਧ ਕਾਨੂੰਨ ਅਤੇ ਕੌਮੀ ਨਾਗਰਿਕਤਾ ਰਜਿਸਟਰ ਦੇ ਵਿਰੁੱਧ ਉਠੇ ਵਿਆਪਕ ਅੰਦੋਲਨ ਨੂੰ ਦਬਾਉਣ ਅਤੇ ਸਬਕ ਸਿਖਾਉਣ ਦੇ ਮਕਸਦ ਨਾਲ ਹੀ ਇਸ ਹਿੰਸਾ ਨੂੰ ਇਕ ਵਿਸ਼ੇਸ਼ ਗਰੋਹ ਵਲੋਂ ਅੰਜਾਮ ਦਿੱਤਾ ਗਿਆ ਸੀ। ਜਾਂਚ ਰਿਪੋਰਟ ਇਹਦੇ ਲਈ ਭਾਜਪਾ ਆਗੂਆਂ ਦੇ ਭੜਕਾਊ ਭਾਸ਼ਣਾਂ ਅਤੇ ਬਿਆਨਾਂ ਨੂੰ ਇਸ ਹਿੰਸਾ ਲਈ ਸਿੱਧਾ ਜ਼ਿੰਮੇਵਾਰ ਠਹਿਰਾਉਂਦੀ ਹੈ, ਉਹਨੇ ਇਸ ਸਬੰਧੀ ਉਨ੍ਹਾਂ ਭਾਸ਼ਣਾਂ ਦੀਆਂ ਵੀਡੀਓ ਅਖ਼ਬਾਰੀ ਕਟਿੰਗਾਂ ’ਤੇ ਚਸ਼ਮਦੀਦ ਗਵਾਹਾਂ ਦੇ ਹਵਾਲੇ ਇਕੱਠੇ ਕੀਤੇ ਹਨ।

ਜਾਂਚ ਰਿਪੋਰਟ ਵਿਸਥਾਰ ਵਿਚ ਇਹ ਦੱਸਦੀ ਹੈ ਕਿ ਦਸੰਬਰ 2019 ਤੋਂ ਲੈ ਕੇ ਫਰਵਰੀ 2020 ਦੇ ਦਰਮਿਆਨ ਨਾਗਰਿਕਤਾ ਕਾਨੂੰਨ ਅਤੇ ਰਜਿਸਟਰ ਨੂੰ ਲੈ ਕੇ ਵਿਰੋਧ ਕਰਨ ਵਾਲੇ ਮੁਜ਼ਾਹਰਾਕਾਰੀਆਂ ਦੇ ਵਿਰੁੱਧ ਕੇਂਦਰੀ ਮੰਤਰੀ ਅਨੁਰਾਗ ਠਾਕੁਰ, ਯੂ.ਪੀ. ਦੇ ਮੁੱਖ ਮੰਤਰੀ ਯੋਗੀ ਅਦਿਤਆਨੰਦ, ਕੇਂਦਰੀ ਗ੍ਰਹਿ ਮੰਤਰੀ ਅਮਿਤ ਸ਼ਾਹ ਅਤੇ ਭਾਜਪਾ ਦੇ ਹੋਰ ਆਗੂਆਂ ਪਰਵੇਸ਼ ਸ਼ਰਮਾ, ਕਪਿਲ ਮਿਸ਼ਰਾ, ਤੇਜਿੰਦਰਪਾਲ ਬੱਗਾ ਆਦਿ ਨੇ ਬੇਹੱਦ ਭੜਕਾਊ ਭਾਸ਼ਣ ਦਿੱਤੇ ਸਨ। ਦਿੱਲੀ ਵਿਧਾਨ ਸਭਾ ਦੀਆਂ ਚੋਣਾਂ ਦੀਆਂ ਤਾਰੀਕਾਂ ਜਿਉਂ ਜਿਉਂ ਨੇੜੇ ਆਉਂਦੀਆਂ ਗਈਆਂ। ਇਹ ਭੜਕਾਊ ਸ਼ਬਦਾਵਲੀ ਵਧਦੀ ਗਈ। ਦਿੱਲੀ ਵਿਧਾਨ ਸਭਾ ਦੀਆਂ ਚੋਣਾਂ ਸਮੇਂ ਅਨੁਰਾਗ ਠਾਕੁਰ ਨੇ ਇਕ ਚੋਣ ਰੈਲੀ ਵਿਚ ਨਾਹਰੇ ਲਵਾਏ–“ਦੇਸ਼ ਦੇ ਗਦਾਰੋਂ ਕੋ ਗੋਲੀ ਮਾਰੋ ਸਾਲੋਂ ਕੋ। ਇਸ ਤੋਂ ਪਹਿਲਾਂ ਗੋਪਾਲ ਨਾਂ ਦੇ ਇਕ ਨੌਜਵਾਨ ਨੇ ਜਾਮੀਆ ਯੂਨੀਵਰਸਿਟੀ ਤੇ ਫਿਰ ਕਪਿਲ ਗੁੱਜਰ ਨਾਂ ਦੇ ਆਦਮੀ ਨੇ ਸ਼ਹੀਨ ਬਾਗ ਵਿਚ ਗੋਲੀ ਚਲਾ ਦਿੱਤੀ ਸੀ। ਜਾਮੀਆ ਵਿਚ ਚਲੀ ਗੋਲੀ ਨਾਲ ਇਕ ਵਿਦਿਆਰਥੀ ਜ਼ਖ਼ਮੀ ਹੋ ਗਿਆ ਸੀ।

ਇਉਂ ਹੀ ਦੇਸ਼ ਦੇ ਗ੍ਰਹਿ ਮੰਤਰੀ ਅਮਿਤ ਸ਼ਾਹ ਨੇ ਇਕ ਚੋਣ ਰੈਲੀ ਵਿਚ ਕਿਹਾ ਸੀ– ‘ਈ.ਐਮ.ਵੀ. ਦਾ ਬਟਨ ਐਨੀ ਜ਼ੋਰ ਦੀ ਦਬਾਓ ਕਿ ਕਰੰਟ ਸਿੱਧਾ ਸ਼ਹੀਨ ਬਾਗ ਨੂੰ ਲੱਗੇ।” ਭਾਜਪਾ ਆਗੂ ਪ੍ਰਵੇਸ਼ ਵਰਗਾ ਨੇ ਸ਼ਹੀਨ ਬਾਗ ਵਲ ਇਸ਼ਾਰਾ ਕਰਦਿਆਂ ਕਿਹਾ ਸੀ –“ਇਹ ਲੋਕ ਤੁਹਾਡੇ ਘਰਾਂ ਵਿਚ ਵੜਨਗੇ, ਅਤੇ ਤੁਹਾਡੀਆਂ ਬਹੂ ਬੇਟੀਆਂ ਨਾਲ ਬਲਾਤਕਾਰ ਕਰਨਗੇ, ਉਨ੍ਹਾਂ ਨੂੰ ਮਾਰ ਦੇਣਗੇ। ਅੱਜ ਮੌਕਾ ਹੈ, ਕੱਲ੍ਹੇ ਮੋਦੀ ਤੇ ਸ਼ਾਹ ਤੁਹਾਨੂੰ ਬਚਾਉਣ ਨਹੀਂ ਆਉਣਗੇ।” ਇਸ ਤੋਂ ਬਿਨਾਂ ਪ੍ਰਵੇਸ਼ ਵਰਗਾ ਨੇ ਸ਼ਰੇਆਮ ਧਮਕੀ ਦਿੱਤੀ ਸੀ ਕਿ ਦਿੱਲੀ ਵਿਧਾਨ ਸਭਾ ਚੋਣਾਂ ’ਚ ਭਾਜਪਾ ਦੇ ਜਿੱਤਣ ਪਿਛੋਂ ਸਰਕਾਰੀ ਜ਼ਮੀਨਾਂ ਉਤੇ ਬਣੀਆਂ ਸਾਰੀਆਂ ਮਸਜਿਦਾਂ ਢਾਹ ਦਿੱਤੀਆਂ ਜਾਣਗੀਆਂ।

ਜ਼ਿਕਰਯੋਗ ਹੈਕਿ ਜਿਵੇਂ ਚੋਣਾਂ ਵਿਚ ਫਿਰਕੂ ਆਧਾਰ ਉਤੇ ਲੋਕਾਂ ਨੂੰ ਵੰਡਣ ਦੀ ਘਿਣਾਉਣੀ ਰਾਜਨੀਤੀ ਨੂੰ ਭਾਜਪਾ ਸਿਖਰ ’ਤੇ ਲੈ ਗਈ ਸੀ, ਦੇ ਬਾਵਜੂਦ ਵੀ ਭਾਜਪਾ ਬੁਰੀ ਤਰ੍ਹਾਂ ਹਾਰ ਗਈ। ਪਰ ਦੂਸਰੇ ਪਾਸੇ ਨਾਗਰਿਕਤਾ ਸੋਧ ਕਾਨੂੰਨ ਦੇ ਵਿਰੋਧੀ ਲੋਕਾਂ ਦਾ ਅੰਦੋਲਨ ਹੋਰ ਵੱਧਦਾ ਗਿਆ ਅਤੇ ਉਹਨੂੰ ਦੇਸ਼ ਭਰ ਵਿਚੋਂ ਹਮਾਇਤ ਮਿਲਦੀ ਰਹੀ।

ਦਿੱਲੀ ਘੱਟ ਗਿਣਤੀ ਕਮਿਸ਼ਨ ਦੀ ਰਿਪੋਰਟ ਵਿਚ 23 ਫਰਵਰੀ ਨੂੰ ਦਿੱਲੀ ਪੁਲਿਸ ਦੀ ਹਾਜ਼ਰੀ ਵਿਚ ਭਾਜਪਾ ਆਗੂ ਕਪਿਲ ਮਿਸ਼ਰਾ ਦੇ ਭੜਕਾਊ ਭਾਸ਼ਣ ਦਾ ਵਿਸ਼ੇਸ਼ ਤੌਰ ’ਤੇ ਜ਼ਿਕਰ ਕੀਤਾ ਗਿਆ ਹੈ ਜਿਸ ਪਿਛੋਂ ਮੁਸਲਮਾਨਾਂ ਉਤੇ ਯੋਜਨਾਬੱਧ ਹਮਲੇ ਸ਼ੁਰੂ ਹੋਏ। ਯਾਦ ਹੋਵੇਗਾ ਕਿ ਮਿਸ਼ਰਾ ਨੇ ਕਿਹਾ ਸੀ, “ਅਸੀਂ ਸਿਰਫ਼ ਟਰੰਪ ਦੇ ਜਾਣ ਤੱਕ ਰੁੱਕੇ ਹਾਂ ਉਸ ਤੋਂ ਪਿਛੋਂ ਅਸੀਂ ਖ਼ੁਦ (ਸ਼ਹੀਨ ਬਾਗ) ਹਟਾ ਦਿਆਂਗੇ। ਅਸੀਂ ਪੁਲਿਸ ਦੀ ਵੀ ਨਹੀਂ ਸੁਣਾਂਗੇ।”

130 ਪੇਜਾਂ ਦੀ ਇਸ ਰਿਪੋਰਟ ਵਿਚ ਉਨ੍ਹਾਂ ਹਾਲਤਾਂ ਤੇ ਗਵਾਹੀਆਂ ਦਾ ਬਹੁਤ ਵਿਸਥਾਰ ਹੈ ਕਿ ਕਿਵੇਂ ਉਤਰ ਪੂਰਬੀ ਦਿੱਲੀ ਦੇ, ਸ਼ਿਵ ਵਿਹਾਰ ਖਜੂਰੀ ਖਾਸ, ਮੌਜਪੁਰ, ਕਰਾਵਲ ਨਗਰ, ਜਾਫਰਾਬਾਦ, ਮਸਤਫਾਨਗਰ ਭਾਗੀਰਥੀ ਵਿਹਾਰ ਆਦਿ ਖੇਤਰਾਂ ਵਿਚ ਹਿੰਸਾ ਆਪਸੀ ਭਾਈਚਾਰਿਆਂ ਦਰਮਿਆਨ ਨਹੀਂ ਸੀ ਹੋਈ, ਸਗੋਂ ਯੋਜਨਾਬੱਧ ਸੀ ਅਤੇ ਬਾਹਰੋਂ ਆਏ ਲੋਕਾਂ ਵੱਲ ਸੀ। ਉਹ ਇਨ੍ਹਾਂ ਇਲਾਕਿਆਂ ਵਿਚ ਰਹਿਣ ਵਾਲੇ ਵੀ ਨਹੀਂ ਸਨ। ਇਨ੍ਹਾਂ ਦੰਗਾ ਕਰਨ ਵਾਲਿਆਂ ਕੋਲ, ਲੋਹੇ ਦੀਆਂ ਰਾਡਾਂ, ਪੈਟਰੋਲ ਦੀਆਂ ਬੋਤਲਾਂ, ਕੱਟੇ ਤਮਾਚੇ (ਦੇਸੀ ਪਸਤੌਲ), ਕੁਹਾੜੀਆਂ, ਛਵੀਆਂ, ਗੈਸ ਸਲੰਡਰ ਆਦਿ ਸੀ। ਇਹ ਉਤਰੀ ਪੂਰਬੀ ਦਿੱਲੀ ਦੇ ਵੱਖ-ਵੱਖ ਮੁਹੱਲਿਆਂ, ਗਲੀਆਂ ਬਜ਼ਾਰਾਂ ਵਿਚ ਪੰਜਾਹ ਪੰਜਾਹ, ਸੌ ਸੌ ਦੀਆਂ ਟੋਲੀਆਂ ਬਣਾ ਕੇ ਦਾਖ਼ਲ ਹੋਏ। ਇਨ੍ਹਾਂ ਚੁਣ ਚੁਣ ਕੇ ਮੁਸਲਮਾਨਾਂ ਦੇ ਘਰਾਂ ਨੂੰ ਨਿਸ਼ਾਨਾ ਬਣਾਇਆ, ਦੁਕਾਨਾਂ ਨੂੰ ਲੁੱਟਿਆ। ਭੰਨਤੋੜ ਕੀਤੀ ਅੱਗਾਂ ਲਾਈਆਂ। ਮੁਸਲਮਾਨਾਂ ਨੂੰ ਬੁਰੀ ਤਰ੍ਹਾਂ ਕੁੱਟਿਆ ਮਾਰਿਆ, ਔਰਤਾਂ ਤੇ ਬੱਚਿਆਂ ਨੂੰ ਵੀ ਵਿਸ਼ੇਸ਼ ਨਿਸ਼ਾਨਾ ਬਣਾਇਆ। ਸ਼ਰੇਆਮ ਫਾਇਰਿੰਗ ਕੀਤੀ। ਪਟਰੌਲ ਬੰਬ ਸੁੱਟੇ। ਇਨ੍ਹਾਂ ਲੱਠਮਾਰ ਦੰਗਾਕਰਨ ਵਾਲਿਆਂ ਨੇ ਮਸਜਿਦਾਂ, ਦਰਗਾਹਾਂ, ਮਦਰੱਸਿਆਂ (ਸਕੂਲਾਂ) ਕਬਰਸਤਾਨਾਂ ਵਿਚ ਵੀ ਵਿਆਪਕ ਭੰਨ ਤੋੜ ਕੀਤੀ ਅਤੇ ਅੱਗੇ ਲਾਈਆਂ ਇਹ ਦੰਗਾਕਾਰੀ–“ਜੈ ਸ੍ਰੀ ਰਾਮ’, ‘ਮੁੱਲਾਂ ਨੂੰ ਮਾਰੋ’, ‘ਅਸੀਂ ਦੇਵਾਂਗੇ ਤੁਹਾਨੂੰ ਅਜ਼ਾਦੀ’– ਆਦਿ ਨਾਅਰੇ ਵੀ ਲਾ ਰਹੇ ਸਨ।

23 ਫਰਵਰੀ ਦੀ ਸ਼ਾਮ ਭਾਵ ਰਾਤ ਤੋਂ 27–28 ਫਰਵਰੀ ਤੱਕ ਚਲੀ ਇਸ ਫਿਰਕੂ ਹਿੰਸਾ ਵਿਚ ਸਰਕਾਰੀ ਰਿਕਾਰਡ ਵਿਚ 53 ਲੋਕ ਮਾਰੇ ਜਾਣ ਦਾ ਜ਼ਿਕਰ ਹੈ, ਜਦੋਂ ਕਿ ਹਕੀਕਤ ਵਿਚ ਇਹ ਗਿਣਤੀ ਵਧੇਰੇ ਹੈ। ਇਸ ਤੋਂ ਬਿਨਾਂ ਸੈਂਕੜੇ ਲੋਕ ਜ਼ਖ਼ਮੀ ਵੀ ਹੋਏ ਜਿਨ੍ਹਾਂ ’ਚ ਜ਼ਿਆਦਾਤਰ ਮੁਸਲਮਾਨ ਹੀ ਹਨ।

ਜਾਂਚ ਰਿਪੋਰਟ ਵਿਚ ਸ਼ਿਵ ਵਿਉਹਾਰ, ਫੇਜ਼–17, ਗਲੀ ਨੰ. 19 ਦੀ ਮਿਸਾਲ ਦਿੰਦਿਆਂ ਦੱਸਿਆ ਗਿਆ ਹੈ ਕਿ ਇਥੇ ਕੁੱਲ 30 ਮਕਾਨ ਸਨ ਜਿਨ੍ਹਾਂ ’ਚ 27 ਮੁਸਲਮਾਨਾਂ ਦੇ ਸਨ। ਇਨ੍ਹਾਂ 27 ਮਕਾਨਾਂ ਵਿਚ ਹੀ ਲੁੱਟ ਮਾਰ ਹੋਈ, ਤੋੜ ਫੋੜ ਅਤੇ ਅਗਜਨੀ ਦੀਆਂ ਘਟਨਾਵਾਂ ਹੋਈਆਂ। ਬਾਕੀ ਤਿੰਨਾਂ ਨੂੰ ਕਿਸੇ ਨੇ ਛੂਹਿਆ ਤੱਕ ਨਹੀਂ। ਇਵੇਂ ਹੀ ਦਿੱਲੀ ਦਰਬਾਰ ਬਜ਼ਾਰ ਵਿਚ ਇਕ ਗਲੀ ਵਿਚ ਮੁਸਲਮਾਨਾਂ ਦੀਆਂ 50 ਦੁਕਾਨਾਂ ਸਨ। ਇਨ੍ਹਾਂ ਨੂੰ ਲੁੱਟਿਆ ਗਿਆ ਅਤੇ ਸਾੜ ਦਿੱਤਾ ਗਿਆ। ਜਦੋਂਕਿ ਇਕ ਗਲੀ ਵਿਚ ਸਿਰਫ਼ ਦੋ ਦੁਕਾਨਾਂ ਹੀ ਮੁਸਲਮਾਨਾਂ ਦੀਆਂ ਸਨ। ਇਨ੍ਹਾਂ ਦੰਗਾ ਕਰਨ ਵਾਲਿਆਂ ਨੇ ਸਿਰਫ਼ ਦੋ ਦੁਕਾਨਾਂ ਦੀ ਹੀ ਲੁੱਟ ਮਾਰ ਕੀਤੀ ਅਤੇ ਅੱਗ ਲਾਈ ਬਾਕੀ ਦੁਕਾਨਾਂ ਨੂੰ ਛੱਡਿਆ ਤੱਕ ਨਹੀਂ। ਭਾਗੀਰਥੀ ਵਿਉਹਾਰ ਵਿਚ ਇਕ ਤਿੰਨ ਮੰਜ਼ਿਲ ਮਕਾਨ ਦੀਆਂ ਪਹਿਲੀਆਂ ਦੋ ਮੰਜ਼ਿਲਾਂ ਵਿਚ ਗੈਰ ਮੁਸਲਿਮ ਪਰਿਵਾਰ ਰਹਿੰਦੇ ਸਨ ਜੋ ਕਿ ਕਿਰਾਏਦਾਰ ਸਨ। ਸਭ ਤੋਂ ਉਪਰਲੀ ਮੰਜ਼ਿਲ ਉਤੇ ਮਾਲਕ ਮਕਾਨ ਜੋ ਮੁਸਲਮਾਨ ਸੀ, ਦਾ ਪਰਿਵਾਰ ਰਹਿੰਦਾ ਸੀ। ਹੇਠਲਿਆਂ ਨੂੰ ਛੇੜਿਆ ਨਹੀਂ ਸਿਰਫ਼ ਤੀਸਰੀ ਮੰਜ਼ਿਲ ’ਤੇ ਮੁਸਲਮਾਨ ਪਰਿਵਾਰ ਨੂੰ ਹੀ ਨਿਸ਼ਾਨਾ ਬਣਾਇਆ ਅਤੇ ਲੁੱਟ ਮਾਰ ਕੀਤੀ ਅੱਗ ਲਾ ਦਿੱਤੀ। ਆਦਮੀ ਔਰਤਾਂ ਨੂੰ ਬੁਰੀ ਤਰ੍ਹਾਂ ਕੁੱਟਿਆ। ਇਕ ਥਾਂ ਉਤੇ ਇਕ ਮੁਸਲਮਾਨ ਦੀ ਦੁਕਾਨ ਦੇ ਇਕ ਪਾਸੇ ਡਿਜੀਟਲ ਸਟੂਡੀਓ ਸੀ ਅਤੇ ਦੂਸਰੇ ਪਾਸੇ ਦੇਲਾ ਬੈਂਕ ਦਾ ਏ.ਟੀ.ਐਮ. ਸੀ। ਸਿਰਫ਼ ਵਿਚਕਾਰੀ ਦੁਕਾਨ ਹੀ ਨਿਸ਼ਾਨਾ ਬਣੀ ਕਿਉਂਕਿ ਉਹ ਮੁਸਲਮਾਨ ਦੀ ਸੀ। ਬਾਕੀ ਨੂੰ ਛੇੜਿਆ ਨਹੀਂ ਗਿਆ।

ਜਾਂਚ ਰਿਪੋਰਟ ਵਿਚ ਅਜਿਹੀਆਂ ਕਈ ਮਿਸਾਲਾਂ ਹਨ ਜਿਨ੍ਹਾਂ ਤੋਂ ਸਪਸ਼ਟ ਹੁੰਦਾ ਹੈ ਕਿ ਦੰਗਾ ਕਰਨ ਵਾਲਿਆਂ ਨੂੰ ਪਤਾ ਕਿ ਕਿਹੜਾ ਘਰ ਕਿਸ ਦਾ ਹੈ, ਜਿਹੜਾ ਘਰ, ਦੁਕਾਨਾਂ, ਮੈਰਿਜ ਗੋਦਾਮ ਮੁਸਲਮਾਨਾਂ ਮਾਲਕ ਦਾ ਹੈ। ਭਾਵ ਇਹ ਵਿਸਥਾਰਤ ਜਾਣਕਾਰੀ ਉਨ੍ਹਾਂ ਕੋਲ ਮੌਜੂਦ ਸੀ ਜੋ ਇਹ ਦਰਸਾਉਂਦਾ ਹੈ ਕਿ ਇਹ ਹਿੰਸਾ ਯੋਜਨਾਬੱਧ ਸੀ ਅਤੇ ਇਸ ਦੀ ਪਹਿਲਾਂ ਹੀ ਤਿਆਰ ਸੀ।

ਦਿੱਲੀ ਘੱਟ ਗਿਣਤੀ ਕਮਿਸ਼ਨ ਨੇ ਇਨ੍ਹਾਂ ਹਿੰਸਾ ਵਾਰਦਾਤਾਂ ਦਰਮਿਆਨ ਦਿੱਲੀ ਪੁਲਿਸ ਦੀ ਭੂਮਿਕਾ ਉਤੇ ਗੰਭੀਰ ਸਵਾਲ ਉਠਾਏ ਹਨ। ਜਾਂਚ ਰਿਪੋਰਟ ਵਿਚ ਖਜੂਰੀ ਖਾਸ ਦੇ ਇਕ ਪਤੀ ਪਤਨੀ ਦਾ ਬਿਆਨ ਦਰਜ ਹੈ, ਜੋ ਇਹ ਕਹਿੰਦੇ ਹਨ ਕਿ ਹਿੰਸਕ ਗਰੋਹ ਨੇ ਉਨ੍ਹਾਂ ਦੇ ਘਰ ਪਟਰੌਲ ਬੰਬ ਸੁੱਟਿਆ ਜਿਸ ਕਰਕੇ ਅੱਗ ਲੱਗ ਗਈ। ਇਨ੍ਹਾਂ ਗੁੰਡਿਆਂ ਨੇ ਉਨ੍ਹਾਂ ਦੇ ਘਰ ਦੀ ਲੁੱਟ ਮਾਰ ਕੀਤੀ। ਲੜਕੀ ਦੀ ਸ਼ਾਦੀ ਲਈ ਦਾਜ ਦਾ ਸਮਾਨ ਰੱਖਿਆ ਸੀ, ਜੋ ਸਾਰਾ ਲੁੱਟ ਕੇ ਲੈ ਗਏ ਜਦੋਂ ਉਨ੍ਹਾਂ ਨੇ ਪੁਲਿਸ ਨੂੰ ਫੋਨ ਕੀਤਾ ਤਾਂ ਜਵਾਬ ਮਿਲਿਆ ਕਿ “ਤੁਹਾਨੂੰ ਅਜ਼ਾਦੀ ਚਾਹੀਦੀ ਸੀ ਨਾ, ਹੁਣ ਲੈ ਲਵੋ ਅਜ਼ਾਦੀ।”

ਜਾਂਚ ਰਿਪੋਰਟ ਵਿਚ ਅਜਿਹੀਆਂ ਕਈ ਮਿਸਾਲਾਂ ਤੇ ਗਵਾਹੀਆਂ ਨਾਲ ਦੱਸਿਆ ਗਿਆ ਹੈ ਕਿ ਦੰਗਿਆਂ ਦੇ ਦੌਰਾਨ ਪੁਲਿਸ ਮੂਕ ਦਰਸ਼ਕ ਬਣ ਕੇ ਖਲੋਤੀ ਰਹੀ। ਸਗੋਂ ਇਨ੍ਹਾਂ ਹਿੰਸਕ ਗਰੋਹਾਂ ਨੂੰ ਸੁਰੱਖਿਆ ਛੱਤਰੀ ਹੀ ਮੁਹੱਈਆ ਕਰਵਾਈ। ਇਥੇ ਹੀ ਬੱਸ ਨਹੀਂ ਕਈ ਥਾਵਾਂ ਉਤੇ ਪੁਲਿਸ ਖ਼ੁਦ ਲੁੱਟ ਮਾਰ ਤੇ ਕੁੱਟ ਮਾਰ ਕਰਨ ਵਾਲੀ ਦੰਗਾਕਾਰੀਆਂ ਦੀ ਭੂਮਿਕਾ ਨਿਭਾਉਣ ਦੇ ਰੂਪ ਵਿਚ ਸਾਹਮਣੇ ਆਈ। ਰਿਪੋਰਟ ਵਿਚ ਉਸ ਘਟਨਾ ਦਾ ਜ਼ਿਕਰ ਹੈ ਜਿਹਦੀ ਚਰਚਾ ਸ਼ੋਸ਼ਲ ਮੀਡੀਆ ਵਿਚ ਵੀ ਆਈ ਸੀ, ਕਿ 6–7 ਪੁਲਿਸ ਵਾਲੇ 5 ਮੁਸਲਮਾਨ ਮੁੰਡਿਆਂ ਨੂੰ ਬੁਰੀ ਤਰ੍ਹਾਂ ਕੁੱਟ ਰਹੇ ਸਨ। ਸੜਕ ’ਤੇ ਲੰਮੇ ਪਏ ਜ਼ਖ਼ਮੀ ਇਨ੍ਹਾਂ ਮੁਸਲਮਾਨ ਨੌਜਵਾਨਾਂ ਤੋਂ ਜਨਗਣ ਮਨ ਆਦਿ ਗਾਉਣ ਲਈ ਮਜ਼ਬੂਰ ਕਰ ਰਹੇ ਸਨ। ਇਨ੍ਹਾਂ ਵਿਚੋਂ ਹੀ ਇਕ ਫੈਜ਼ਾਨ ਦੀ ਜ਼ਖ਼ਮਾਂ ਦੀ ਤਾਬ ਨਾ ਸਹਾਰਦਿਆਂ ਮੌਤ ਹੋ ਗਈ ਸੀ।

ਜਾਂਚ ਰਿਪੋਰਟ ਨੋਟ ਕਰਦੀ ਹੈ ਕਿ ਹਰ ਦੰਗੇ ਵਾਂਗੂ ਇਹ ਚੰਗਾ ਵੀ ਔਰਤਾਂ ’ਤੇ ਕਹਿਰ ਬਣ ਕੇ ਆਇਆ। ਤਿੰਨ ਮਹੀਨਿਆਂ ਦੀ ਗਰਭਵਤੀ 37 ਸਾਲਾ ਰੂਬੀਨਾ ਦਾ ਬਿਆਨ ਜਾਂਚ ਰਿਪੋਰਟ ਵਿਚ ਦਰਜ ਹੈ ਕਿ ਉਹਨੂੰ ਨਾ ਸਿਰਫ਼ ਦੰਗਾਕਾਰੀਆਂ ਸਗੋਂ ਪੁਲਿਸ ਨੇ ਵੀ ਬੁਰੀ ਤਰ੍ਹਾਂ ਕੁੱਟਿਆ। ਦੰਗਾਕਾਰੀ–‘ਜੈ ਸ੍ਰੀ ਰਾਮ’ ਅਤੇ “ਲੈ ਲਵੋ ਅਜ਼ਾਦੀ” ਦੇ ਨਾਅਰੇ ਲਾ ਰਹੇ ਸਨ। ਇਸੇ ਤਰ੍ਹਾਂ 26 ਸਾਲਾ ਗਰਭਵਤੀ ਔਰਤ ਸ਼ਾਬਾਨਾ ਨੂੰ ਦੰਗਾਕਾਰੀ ਲਠੈਤਾਂ ਨੇ ਡਾਂਗਾਂ ਨਾਲ ਕੁੱਟਿਆ ਅਤੇ ਉਹਦੇ ਢਿੱਡ ਵਿਚ ਲੱਤ ਮਾਰੀ। 30 ਸਾਲਾ ਸ਼ਬਨਮ ਦਾ ਕਹਿਣਾ ਸੀ ਕਿ 6–7 ਦੰਗਾਕਾਰੀਆਂ ਨੇ ਉਹਨੂੰ ਘੇਰ ਲਿਆ ਕੁੱਟਿਆ ਮਾਰਿਆ ਅਤੇ ਉਸ ਉਤੇ ਯੋਨ ਹਮਲਾ ਵੀ ਕੀਤਾ।

ਗਰਭਵਤੀ ਔਰਤਾਂ ਉਤੇ ਹਮਲਿਆਂ ਅਤੇ ਔਰਤਾਂ ਉਤੇ ਲਿੰਗਕ ਹਮਲਿਆਂ ਦੀਆਂ ਅਨੇਕਾਂ ਮਿਸਾਲਾਂ ਹਨ ਜੋ ਜਾਂਚ ਰਿਪੋਰਟ ਵਿਚ ਦਰਜ ਹਨ। ਜਿਨ੍ਹਾਂ ਤੋਂ ਸਾਹਮਣੇ ਆਉਂਦਾ ਹੈ ਕਿ ਇਨ੍ਹਾਂ ਦੰਗਾਕਾਰੀਆਂ ਨੇ ਮੁਸਲਮਾਨ ਔਰਤਾਂ ਨੂੰ ਘਰਾਂ ਵਿਚ ਦਾਖ਼ਲ ਹੋ ਕੇ ਕੁੱਟਿਆ ਮਾਰਿਆ, ਉਨ੍ਹਾਂ ਦੇ ਕੱਪੜੇ ਪਾੜੇ, ਉਨ੍ਹਾਂ ਦੇ ਗੁਪਤ ਅੰਗਾਂ ਅਤੇ ਛਾਤੀਆਂ ’ਤੇ ਵਾਰ ਕੀਤੇ ਅਤੇ ਬਹੁਤ ਗੰਦੀ ਤੇ ਭੱਦੀ ਸ਼ਬਦਾਵਲੀ ’ਚ ਗਾਲ੍ਹਾਂ ਵੀ ਕੱਢੀਆਂ। ਉਨ੍ਹਾਂ ਨੇ ਉਨ੍ਹਾਂ ਦੀ ਮੁਸਲਿਮ ਪਹਿਚਾਣ ਵਾਲੇ ਹਿਜਾਬ ਵੀ ਖਿੱਚੇ ਅਤੇ ਬੁਰਕੇ ਵੀ ਪਾੜੇ।

ਦਿੱਲੀ ਘੱਟ ਗਿਣਤੀ ਕਮਿਸ਼ਨ ਦੀ ਇਹ ਵਿਸਥਾਰਤ ਰਿਪੋਰਟ ਇਹ ਦੱਸਦੀ ਹੈ ਕਿ ਇਨ੍ਹਾਂ ਦੰਗਿਆਂ ਦੌਰਾਨ ਮੁਸਲਮ ਬਹੁਗਿਣਤੀ ਵਾਲੇ ਮੁਹੱਲਿਆਂ ਅਤੇ ਗਲੀਆਂ ਵਿਚ ਮੌਜੂਦ ਹਿੰਦੂ ਮੰਦਿਰਾਂ ਨੂੰ ਬਿਲਕੁਲ ਨਹੀਂ ਛੇੜਿਆ ਗਿਆ। ਉਹ ਸੁਰੱਖਿਅਤ ਸਨ ਜਿਸ ਤੋਂ ਸਾਫ਼ ਹੁੰਦਾ ਹੈ ਕਿ ਮੁਸਲਮਾਨਾਂ ਉਤੇ ਅਜਿਹੇ ਯੋਜਨਾਬੱਧ ਹਮਲਿਆਂ ਦੇ ਬਾਵਜੂਦ ਉਨ੍ਹਾਂ ਆਪਣਾ ਤਹੱਮਲ ਬਣਾਈ ਰੱਖਿਆ ਸਾਫ਼ ਹੈ ਕਿ ਆਮ ਹਿੰਦੂ ਨਾਗਰਿਕ ਤੇ ਮੁਸਲਮ ਨਾਗਰਿਕਾਂ ਦਰਮਿਆਨ ਕੋਈ ਰੰਜ਼ਿਸ ਜਾਂ ਦੁਸ਼ਮਣੀ ਨਹੀਂ ਸੀ ਅਤੇ ਮੁਸਲਮਾਨ ਆਪਣਾ ਦੁਸ਼ਮਣ ਪਹਿਚਾਨਦੇ ਸਨ।

ਜਾਂਚ ਰਿਪੋਰਟ ਨੇ ਇਹ ਵੀ ਨੋਟ ਕੀਤਾ ਹੈ ਕਿ ਇਸ ਹਿੰਸਾ ਵਿਚ ਮੁਸਲਮਾਨਾਂ ਦੀ ਜਿੰਨੀ ਜਾਇਦਾਦ ਦਾ ਨੁਕਸਾਨ ਹੋਇਆ ਹੈ ਉਸ ਤੋਂ ਬਹੁਤ ਘੱਟ ਮੁਆਵਜ਼ਾ ਮਿਲ ਰਿਹਾ ਹੈ। ਬਹੁਤਿਆਂ ਨੂੰ ਤਾਂ ਅਜੇ ਤੱਕ ਰਿਪੋਰਟ ਤਿਆਰ ਕਰਦੇ ਸਮੇਂ ਕੋਈ ਮੁਆਵਜ਼ਾ ਮਿਲਿਆ ਹੀ ਨਹੀਂ ਹੈ। ਜਾਂਚ ਰਿਪੋਰਟ ਦੰਗਾਕਾਰੀਆਂ ਵਲੋਂ ਲੁੱਟੀ ਗਈ ਅਤੇ ਸਾੜੀ ਗਈ ਜਾਇਦਾਦ/ ਸਮਾਨ ਦਾ ਠੋਸ ਅੰਦਾਜ਼ਾ ਲਾ ਕੇ ਪੂਰਾ ਮੁਆਵਜ਼ਾ ਦੇਣ ਦੀ ਮੰਗ ਵੀ ਕਰਦੀ ਹੈ।

ਅਖੀਰ ’ਚ ਜਾਂਚ ਰਿਪੋਰਟ ਹਾਈਕੋਰਟ ਦੇ ਰਿਟਾਇਰਡ ਜਾਂ ਸੇਵਾ ਵਿਚ ਕਿਸੇ ਜੱਜ ਦੀ ਅਗਵਾਈ ’ਚ 5 ਮੈਂਬਰੀ ਕਮੇਟੀ ਦਾ ਗਠਨ ਕਰਕੇ ਇਸ ਹਿੰਸਾ ਦੀ ਜਾਂਚ ਕਰਨ ਦੀ ਸਿਫਾਰਸ਼ ਵੀ ਕਰਦੀ ਹੈ। ਨਾਲ ਹੀ ਰਿਪੋਰਟ ਕਹਿੰਦੀ ਹੈ ਕਿ ਜਿਨ੍ਹਾਂ ਸ਼ਿਕਾਇਤ ਉਤੇ ਅਜੇ ਤੱਕ ਐਫ. ਆਈ. ਆਰ. ਦਰਜ ਨਹੀਂ ਹੋਈ, ਉਹਨੂੰ ਫੌਰੀ ਦਰਜ ਕੀਤਾ ਜਾਵੇ ਅਤੇ ਜਿਹੜਾ ਵੀ ਦੰਗਾ ਪੀੜਤ ਆਪਣੇ ਬਿਆਨ ਦਰਜ ਕਰਵਾਉਣਾ ਚਾਹੁੰਦਾ ਹੈ ਉਹਨੂੰ ਸੀ.ਆਰ.ਪੀ.ਸੀ. ਦੇ ਸੈਕਸ਼ਨ 164 ਦੇ ਹੇਠ ਦਰਜ ਕੀਤਾ ਜਾਣਾ ਯਕੀਨੀ ਬਣਾਇਆ ਜਾਵੇ।

ਦਿੱਲੀ ਘੱਟ ਗਿਣਤੀ ਕਮਿਸ਼ਨ ਦੀ ਇਸ ਜਾਂਚ ਰਿਪੋਰਟ ਤੋਂ ਸਾਫ਼ ਹੁੰਦਾ ਹੈ ਕਿ 2020 ਦੀ ਇਹ ਫਿਰਕੂ ਹਿੰਦਸਾ ਮੁਕਾਬਲਤਨ 2002 ਵਿਚ ਗੁਜਰਾਤ ਨੁਸਲਕੁਸ਼ੀ ਦੇ ਮੁਕਾਬਲੇ ਇਕ ਛੋਟਾ ਪ੍ਰਯੋਗ ਹੀ ਸੀ। ਜਿਨ੍ਹਾਂ ਨੂੰ ਸੱਤਾ ਵਿਚ ਬੈਠਾ ਫਾਸ਼ਿਸ਼ਟ ਗਰੋਹ ਸਿੱਧਾ ਸੰਚਾਲਿਤ ਕਰ ਰਿਹਾ ਸੀ ਅਤੇ ਦਿਸ਼ਾ ਨਿਰਦੇਸ਼ ਦੇ ਰਿਹਾ ਸੀ। ਇਸ ਹਿੰਸਾ ਦਾ ਸਿੱਧਾ ਮਤਲਬ ਨਾਗਰਿਕਤਾ ਸੋਧ ਕਾਨੂੰਨ ਅਤੇ ਕੌਮੀ ਨਾਗਰਿਕਤਾ ਰਜਿਸਟਰ ਵਿਰੋਧੀ ਲਹਿਰ ਦੀ ਅਵਾਜ਼ ਨੂੰ ਕੁਚਲਣਾ ਹੀ ਸੀ।

ਦੂਸਰੇ ਪਾਸੇ ਦਿੱਲੀ ਪੁਲਸ ਦੀ ਚਾਰਜਸ਼ੀਲ ਬਿਲਕੁਲ ਉਲਟੀ ਤਸਵੀਰ ਪੇਸ਼ ਕਰ ਰਹੀ ਹੈ। ਉਹਦਾ ਕਹਿਣਾ ਹੈ ਕਿ ਇਹ ਦੰਗਾ ਸੀ.ਏ.ਏ. ਤੇ ਐਨ. ਆਰ. ਸੀ. ਕਰਕੇ ਹੋਏ ਅਤੇ ਪੁਲਿਸ ਉਨ੍ਹਾਂ ਵਿਅਕਤੀਆਂ ਤੇ ਆਗੂਆਂ ਨੂੰ ਹੀ ਨਿਸ਼ਾਨਾ ਬਣਾ ਰਹੀ ਹੈ, ਜਿਨ੍ਹਾਂ ਨੇ ਹਿੰਸਾ ਦੇ ਇਸ ਪ੍ਰਕੋਪ ਨੂੰ ਭੁਗਤਿਆ ਹੈ। ਜਿਨ੍ਹਾਂ ਉਤੇ ਜਿਸਮਾਨੀ ਹਮਲੇ ਹੋਏ, ਜਿਨ੍ਹਾਂ ਦੇ ਘਰ ਸਾੜੇ ਗਏ।” ਦਿੱਲੀ ਪੁਲਿਸ ਉਨ੍ਹਾਂ ਉਤੇ ਹੀ ਦੰਗਾ ਕਰਨ ਦੇ ਮੁਕੱਦਮੇ ਦਰਜ ਕਰ ਰਹੀ ਹੈ। ਵਿਦਿਆਰਥੀਆਂ ਤੇ ਪ੍ਰੋਫੈਸਰਾਂ ਬੁੱਧੀਜੀਵੀਆਂ ਨੂੰ ਵੀ ਮੁਕੱਦਮਿਆਂ ’ਚ ਫਾਹਿਆ ਜਾ ਰਿਹਾ ਹੈ। ਸਾਫ਼ ਹੈ ਕਿ ਇਹ ਦੇਸ਼ ਦੇ ਗ੍ਰਹਿ ਮੰਤਰਾਲੇ ਅਤੇ ਗ੍ਰਹਿ ਮੰਤਰੀ ਦੇ ਆਦੇਸ਼ਾਂ ਹੇਠ ਹੀ ਦਿੱਲੀ ਪੁਲਿਸ ਅਜਿਹੀ ਚਾਰਜਸ਼ੀਟ ਤਿਆਰ ਕਰ ਰਹੀ ਹੈ। ਜਿਹੜਾ ਕਿ ਇਕ ਝੂਠ ਦਾ ਪੁਲੰਦਾ ਹੈ ਅਤੇ ਹਾਸੋਹੀਣਾ ਵੀ ਹੈ।

ਦਿੱਲੀ ਪੁਲਿਸ ਨੇ ਕੋਰਟਾਂ ਦੇ ਨੋਟਿਸਾਂ ਦੇ ਬਾਵਜੂਦ, ਕਪਿਲ ਮਿਸ਼ਰਾ, ਅਨੁਰਾਗ ਠਾਕੁਰ ਅਤੇ ਪ੍ਰਵੇਸ਼ ਵਰਮਾ ਆਦਿ ਹੋਰ ਭਾਜਪਾ ਆਗੂਆਂ ਨੂੰ ਸਿੱਧੀ ਤੇ ਸਾਫ਼ ਕਲੀਨ ਚਿੱਟ ਦੇ ਦਿੱਲੀ ਹੈ ਅਤੇ ਕਰੋਨਾ ਮਹਾਂਮਾਰੀ ਦੇ ਲਾਕਡਾਊਨ ਦੀ ਵਿਸ਼ੇਸ਼ ਹਾਲਤ ਦਾ ਲਾਹਾ ਲੈਂਦਿਆਂ ਸੀ.ਏ.ਏ. ਅਤੇ ਐਨ.ਆਰ.ਸੀ. ਵਿਰੋਧੀ ਮੁਜ਼ਾਹਰਾਕਾਰੀਆਂ, ਜਾਮੀਆ, ਜੇ. ਐਨ. ਯੂ. ਅਤੇ ਅਲੀਗੜ੍ਹ ਯੂਨੀਵਰਸਿਟੀ ਦੇ ਵਿਦਿਆਰਥੀਆਂ ਨੂੰ ਦੰਗੇ ਅਤੇ ਸਾਜ਼ਿਸ਼ ਰਚਨ ਦੇ ਨਾਂ ਹੇਠ ਮੁਕੱਦਮੇ ਦਰਜ ਕਰਕੇ ਅਤੇ ਯੂ. ਏ. ਪੀ. ਏ. ਵਰਗੇ ਕਾਲੇ ਕਾਨੂੰਨ ਲਾ ਕੇ ਜੇਲ੍ਹਾਂ ਵਿਚ ਸੁੱਟਿਆ ਜਾ ਰਿਹਾ ਹੈ। ਇਸ ਦੀ ਤਾਜ਼ਾ ਮਿਸਾਲ ਪ੍ਰੋ. ਅਪੂਰਵਾ ਨੰਦ ਤੋਂ ਪੁੱਛੇ ਪੜਤਾਲ ਅਤੇ ਉਹਦੇ ਮੋਬਾਇਲ ਲੈਪਟਾਪ ਦੀ ਜਾਂਚ ਕਰਨ ਦੀ ਹੈ। ਸਾਫ਼ ਹੈ ਕਿ ਗ੍ਰਹਿ ਵਿਭਾਗ ਹਰ ਅਵਾਜ਼ ਉਠਾਉਣ ਵਾਲੀ ਤਾਕਤ ਨੂੰ ਕੁਚਲਣ ਉਤੇ ਉਤਾਰੂ ਹੈ।

1984–2002 ਅਤੇ 2020 ਇਕ ਹੀ ਲੜੀ ਦਾ ਹਿੱਸਾ ਹਨ। ਇਹ ਦੰਗੇ ਇਕ ਯੋਜਨਾਬੱਧ ਅਤੇ ਪਹਿਲਾਂ ਹੀ ਉਲੀਕੇ ਜਾਂ ਨਿਸ਼ਾਨੇ ’ਤੇ ਰੱਖੇ ਲੋਕਾਂ ਸੇਧਤ ਸਨ ਅਤੇ ਹਨ। ਦਰਅਸਲ ਇਹ ਬਿਲਕੁਲ ਨਾਜ਼ੀਆਨਾ ਫਾਸ਼ਿਸ਼ਟਾਂ ਦੀ ਤਰਜ ਉਤੇ ਕੀਤੇ ਗਏ ਕਤਲੇਆਮ ਹਨ। ਦਿੱਲੀ ਘੱਟ ਗਿਣਤੀ ਕਮਿਸ਼ਨ ਨੇਤਾ ਇਹ ਵੀ ਜ਼ਾਹਰ ਕੀਤਾ ਹੈ ਜੋ ਦਿੱਲੀ ਪੁਲਿਸ ਨੇ ਉਨ੍ਹਾਂ ਨੂੰ ਕੋਈ ਸਹਿਯੋਗ ਨਹੀਂ ਦਿੱਤਾ। ਉਧਰ ਕੋਵਿਡ–19 ਦੇ ਲਾਕਡਾਊਨ ਦੌਰਾਨ ਸਰਜੀਕ ਇਮਾਮ, ਮੀਰਾਨ ਹੈਦਰਾ ਸਫਰਾ ਜਰਗਰ ਜੋ ਗਰਭ ਅਵਸਥਾਵਿਚ ਸੀ ਗੁਲਫਿਸ਼ਾ ਖਾਤੂਨ, ਸ਼ਿਫਾ–ਓਰ–ਰਹਿਮਾਨ, ਦੇਵਾਂਗਨਾ ਕਲੀਤ, ਨਤਾਸਾ, ਨਰਵਾਲ, ਖਾਲਿਦ ਸੈਫੀ ਤਾਹਿਰ ਹੁਸੈਨ ਆਦਿ ਉਤੇ ਅੱਤਵਾਦ ਵਿਰੋਧੀ ਕਾਨੂੰਨ ਯੂ. ਏ. ਪੀ. ਏ. ਲਾ ਕੇ ਜੇਲ੍ਹਾਂ ਵਿਚ ਸੁੱਟ ਦਿੱਤਾ ਹੈ। ਦਿੱਲੀ ਪੁਲਿਸ ਜਾਂਚ ਏਜੰਸੀਆਂ, ਰਾਜਕੀ ਮਸ਼ੀਨਰੀ ਅਤੇ ਨਿਆਂ ਪ੍ਰਣਾਲੀ ਭਾਜਪਾ ਅਤੇ ਆਰ. ਐਸ. ਐਸ. ਦੀਆਂ ਸ਼ਾਖਾਵਾਂ ਵਾਂਗੂੰ ਹੀ ਰੋਲ ਨਿਭਾਅ ਰਹੀਆਂ ਹਨ। ਕਮਾਲ ਦੀ ਗੱਲ ਇਹ ਕਿ ਭਾਜਪਾ ਹਕੂਮਤ ’ਤੇ ਉਹਦੀ ਮਾਂ ਜਥੇਬੰਦੀ ਆਰ. ਐਸ. ਐਸ. ਨੇ ਤਾਂ ‘ਤੱਥ ਖੋਜ’ ਵਾਲੇ ਹਥਿਆਰ ਨੂੰ ਅਪਣਾ ਕੇ ਪੁਲਿਸ ਅਤੇ ਨਿਆਂਇਕ ਫੈਸਲਿਆਂ ਨੂੰ ਵਾਜਿਬ ਠਹਿਰਾਉਣ ਦਾ ਰਾਹ ਲੱਭ ਲਿਆ ਹੈ। ਪੁਲਿਸ ਵਲੋਂ ਬਣਾਏ ਜਾ ਰਹੇ ਕੇਸਾਂ ਨੂੰ ਜਾਇਜ਼ ਠਹਿਰਾਇਆ ਜਾ ਰਿਹਾ ਹੈ। ਜਦੋਂ ਕਿ ਦਿੱਲੀ ਪੁਲਿਸ ਆਰ. ਐਸ. ਐਸ. ਦੀ ਸ਼ਾਖਾ ਦੀ ਭੂਮਿਕਾ ਨਿਭਾਉਂਦਿਆਂ ਐਥੋਂ ਤੱਕ ਗਈ ਹੈ ਅਦਾਲਤ ਵਿਚ ਸਫ਼ਾਈ ਦਿੰਦੀ ਹੈ ਕਿ “ਭਾਜਪਾ ਆਗੂਆਂ ਦੀ ਭੂਮਿਕਾ ਦਾ ਕੋਈ ਸਬੂਤ ਹੀ ਨਹੀਂ ਮਿਲਿਆ।” ਦਿੱਲੀ ਪੁਲਿਸ ਦੇ ਸਪੈਸ਼ਲ ਕਮਿਸ਼ਨ ਨੇ ਹਦਾਇਤ ਦਿੱਤੀ ਹੈ ਕਿ ਹਿੰਸਾ ਸਬੰਧੀ ਚਲ ਰਹੀ ਜਾਂਚ ਵਿਚ ਹਿੰਦੂ ਨੌਜਵਾਨਾਂ ਨੂੰ ਗ੍ਰਿਫ਼ਤਾਰ ਨਾ ਕੀਤਾ ਜਾਵੇ। ਅਜਿਹਾ ਕਰਨ ਨਾਲ ਹਿੰਦੂ ਫਿਰਕੇ ਵਿਚ ਰੋਸ ਫੈਲਣ ਦਾ ਡਰ ਹੈ। ਦਿੱਲੀ ਹਾਈਕੋਰਟ ਦੇ ਜਿਸ ਜੱਜ ਨੇ ਕਾਨੂੰਨ ਅਨੁਸਾਰ ਭਾਜਪਾ ਆਗੂਆਂ ਵਿਰੁੱਧ ਕੇਸ ਦਰਜ ਕਰਨ ਦਾ ਹੁਕਮ ਦਿੱਤਾ ਸੀ, ਨੂੰ ਰਾਤੋ ਰਾਤ ਹੀ ਬਦਲ ਦਿੱਤਾ ਗਿਆ ਤੇ ਫਿਰ ਮਨਮਰਜ਼ੀ ਦਾ ਫੈਸਲਾ ਦੂਸਰੇ ਜੱਜ ਤੋਂ ਕਰਵਾ ਲਿਆ।

ਘੱਟ ਗਿਣਤੀ ਕਮਿਸ਼ਨ ਦੀ ਜਾਂਚ ਰਿਪੋਰਟ ’ਚ ਆਖਰੀ ਟਿੱਪਣੀ ਸਮੇਂ ਦੀ ਸਾਰਥਿਕਤਾ ਜ਼ਾਹਿਰ ਕਰਦੀ ਹੈ:

**ਉਸੀ ਕਾ ਸ਼ਹਿਰ, ਵਹੀ ਮੁਦਈ, ਵਹੀ ਮੁਨਸਿਫ,**
**ਹਮੇਂ ਯਕੀਂ ਥਾ, ਹਮਾਰਾ ਕਸੂਰ ਨਿਕਲੇਗਾ।**

ਦੇਸ਼ ਦੇ ਜਮਹੂਰੀ ਤੇ ਇਨਸਾਫ਼ਪਸੰਦ ਤਾਕਤਾਂ ਨੂੰ ਇਨਸਾਫ਼ ਦੀ ਅਵਾਜ਼ ਉਠਾਉਣੀ ਚਾਹੀਦੀ ਹੈ ਅਤੇ ਹਿੰਸਾ ਦੋਸ਼ੀਆਂ ਦੇ ਚਿਹਰੇ ਬੇਪਰਦ ਕਰਨੇ ਚਾਹੀਦੇ ਹਨ।

# ਪੈਪਸੂ ਮੁਜ਼ਾਰਾ ਲਹਿਰ ਦੇ ਨਾਇਕ ਕਾਮਰੇਡ ਜੰਗੀਰ ਸਿੰਘ ਜੋਗਾ ਨੂੰ ਯਾਦ ਕਰਦਿਆਂ

ਦੇਸ਼ ਦੀ ਆਜ਼ਾਦੀ ਲਈ ਅੰਗਰੇਜ਼ਾਂ ਨਾਲ ਲੜਦਿਆਂ ਆਪਣੀ ਪੂਰੀ ਜਵਾਨੀ ਜੇਲ੍ਹਾਂ ਅੰਦਰ ਅਥਾਹ ਤਸੀਹੇ ਝੱਲਦਿਆਂ, ਰਿਆਸਤੀ ਲੋਕਾਂ ਨੂੰ ਅੰਗਰੇਜ਼ਾਂ ਅਤੇ ਰਜਵਾੜਿਆਂ ਦੀ ਤੀਹਰੀ ਗ਼ੁਲਾਮੀ ਦੇ ਜੂਲੇ ਹੇਠੋਂ ਬਾਹਰ ਕੱਢਣ ਵਾਲੇ, ਮੁਜ਼ਾਰਿਆਂ ਨੂੰ ਜ਼ਮੀਨਾਂ ਦੀ ਮਾਲਕੀ ਦੇ ਹੱਕ ਦਿਵਾਉਣ ਵਾਲੇ ਮਹਾਨ ਦੇਸ਼ ਭਗਤ ਉੱਘੇ ਸੁੰਤਤਰਤਾ ਸੰਗਰਾਮੀਏ ਪਰਜਾ ਮੰਡਲ ਲਹਿਰ ਅਤੇ ਪੈਪਸੂ ਮੁਜ਼ਾਰਾ ਲਹਿਰ ਦੇ ਮੋਢੀ ਆਗੂ ਕਾਮਰੇਡ ਜੰਗੀਰ ਸਿੰਘ ਜੋਗਾ ਦੇ ਜੀਵਨ ਸੰਘਰਸ਼ਾਂ, ਸਾਦੀ ਰਹਿਣੀ-ਬਹਿਣੀ ਅਤੇ ਸਪੱਸ਼ਟਤਾ ਦੀਆਂ ਯਾਦਾਂ ਲੋਕ ਚੇਤਿਆਂ ਵਿਚ ਅੱਜ ਵੀ ਵਸੀਆਂ ਹੋਈਆਂ ਹਨ।

ਇਸ ਸੰਘਰਸ਼ੀ ਯੋਧੇ ਦਾ ਜਨਮ 1908 ’ਚ ਮਾਤਾ ਨਿਹਾਲ ਕੌਰ ਦੀ ਕੁੱਖੋਂ ਉੱਤਮ ਸਿੰਘ ਦੇ ਘਰ ਮਲਾਇਆ ਦੇ ਸਹਿਰ ਸ਼ਰਾਮਣ ਵਿਖੇ ਹੋਇਆ। ਰਜਿੰਦਰਾ ਸਕੂਲ ਬਠਿੰਡਾ ਵਿਚ ਦਸਵੀਂ ਦੀ ਪ੍ਰੀਖਿਆ ਦਿੰਦਿਆਂ ਹੀ 14 ਸਾਲ ਦੀ ਉਮਰ ’ਚ ਲਾਹੌਰ ਵਿਖੇ 1922 ’ਚ ਪਿਕਟਿੰਗ ਵਿਚ ਹਿੱਸਾ ਲੈ ਕੇ ਆਪਣੇ ਸਿਆਸੀ ਜੀਵਨ ਦੀ ਸ਼ੁਰੂਆਤ ਕੀਤੀ ਅਤੇ ਇਕ ਸਾਲ ਜੇਲ੍ਹ ਕੱਟੀ। ਬਾਹਰ ਆਉਂਦਿਆਂ ਹੀ ਗੁਰਦੁਆਰਿਆਂ ਨੂੰ ਆਜ਼ਾਦ ਕਰਵਾਉਣ ਦੇ ਮੋਰਚੇ ਵਿਚ ਸ਼ਾਮਲ ਹੋ ਗਏ। ਮੋਰਚੇ ਦੌਰਾਨ ਮੁਲਤਾਨ ਅਤੇ ਲਾਇਲਪੁਰ ਦੀਆਂ ਜੇਲ੍ਹਾਂ ’ਚ ਰਹੇ। 1928 ਵਿਚ ਰਿਆਸਤੀ ਪਰਜਾ ਮੰਡਲ ਲਹਿਰ ਸ਼ੁਰੂ ਹੋਈ। ਇਸ ਲਹਿਰ ਦੀ ਅਗਵਾਈ ਕਰਦਿਆਂ ਮਹਾਰਾਜਾ ਪਟਿਆਲਾ ਵਿਰੁੱਧ ਠੀਕਰੀਵਾਲਾ (ਹੁਣ ਜ਼ਿਲ੍ਹਾ ਬਰਨਾਲਾ) ਵਿਖੇ ਤਕਰੀਰ ਕਰਦਿਆਂ ਗ੍ਰਿਫ਼ਤਾਰ ਹੋਏ। ਸੰਘਰਸ਼ਾਂ ਤੇ ਸਜ਼ਾਵਾਂ ਦਾ ਸਿਲਸਿਲਾ ਚੱਲਦਾ ਰਿਹਾ। ਉਸ ਤੋਂ ਬਾਅਦ 1931 ’ਚ ਫੇਰ ਢਾਈ ਸਾਲ ਦੀ ਜੇਲ੍ਹ ਹੋਈ ਤੇ ਬਰਨਾਲਾ ਜੇਲ੍ਹ ’ਚ ਰਹੇ। ਬਾਹਰ ਆਉਂਦਿਆਂ ਹੀ 1933 ’ਚ ਦਫ਼ਾ 144 ਤੋੜਨ ’ਤੇ ਲਾਹੌਰ, ਰਾਵਲਪਿੰਡੀ, ਕੈਂਮਲਪੁਰ ਅਤੇ ਮੁਲਤਾਨ ਜੇਲ੍ਹ ਭੇਜ ਦਿੱਤਾ। ਇੱਥੇ ਛੇ ਮਹੀਨੇ ਫੇਰ ਬੰਦ ਰਹੇ। 1935 ’ਚ ਕਾਂਗਰਸ ਦੀ ਮਦਦ ਕਰਨ ਦੇ ਜੁਰਮ ਵਿਚ ਇਕ ਸਾਲ ਜਲਾਵਤਨ ਕਰ ਦਿੱਤਾ ਗਿਆ। 1930-40 ’ਚ ਮਾਲੀਆ ਨਾ ਦੇਣ ਦੀ ਲਹਿਰ ਚਲਾਈ, ਫੱਤਾ ਮਾਲੋਕਾ (ਹੁਣ ਜ਼ਿਲ੍ਹਾ ਮਾਨਸਾ) ਤੋਂ ਗ੍ਰਿਫ਼ਤਾਰ ਕਰ ਕੇ ਪਟਿਆਲਾ ਜੇਲ੍ਹ ਭੇਜ ਦਿੱਤੇ ਗਏ। ਸਵਾ ਸਾਲ ਨਰਕ ਵਰਗੀ ਰਾਜੇ ਦੀ ਜੇਲ੍ਹ ’ਚ ਰਹੇ। ਰਿਹਾਅ ਹੁੰਦਿਆਂ ਹੀ ਮਹਾਤਮਾ ਗਾਂਧੀ ਦੀ ਭਾਰਤ ਛੱਡੋ ਲਹਿਰ ’ਚ ਹਿੱਸਾ ਲਿਆ। ਇਸ ਦੋਸ਼ ਵਿਚ ਪੌਣੇ ਦੋ ਸਾਲ ਫੇਰ ਪਟਿਆਲਾ ਜੇਲ੍ਹ ’ਚ ਬੰਦੀ ਰਹੇ।

ਤੇਜਾ ਸਿੰਘ ਸੁਤੰਤਰ ਦੀ ਅਗਵਾਈ ’ਚ ਪੈਪਸੂ ਮੁਜ਼ਾਰਾ ਲਹਿਰ ਚੱਲੀ। ਕਿਸਾਨ ਮੁਜ਼ਾਰਿਆਂ ਦੀ ਇਸ ਸਿੱਧੀ ਲੜਾਈ ’ਚ ਖ਼ੂਨੀ ਟੱਕਰਾਂ ਹੋਈਆਂ। ਅਖ਼ੀਰ ਲੋਕਾਂ ਦੀ ਜਿੱਤ ਹੋਈ ਅਤੇ ਤਿੰਨ ਸੌ ਤੋਂ ਵੱਧ ਪਿੰਡਾਂ ਦੇ ਮੁਜ਼ਾਰਿਆਂ ਨੂੰ



ਜ਼ਮੀਨਾਂ ਦੀ ਮਾਲਕੀ ਦੇ ਹੱਕ ਮਿਲੇ। ਕ੍ਰਿਸ਼ਨਗੜ੍ਹ ਦਾ ਮੋਰਚਾ ਇਸ ਲਹਿਰ ਦਾ ਅਹਿਮ ਦਸਤਾਵੇਜ਼ ਹੈ। ਜੋਗਾ ਜੀ ਇਸ ਲਹਿਰ ਵਿਚ ਮੁੱਢਲੀ ਕਤਾਰ ਦੇ ਜਨਤਕ ਆਗੂ ਵਜੋਂ ਲੋਕਾਂ ਨੂੰ ਲਾਮਬੰਦ ਕਰਦੇ ਰਹੇ। ਸਰਕਾਰ ਨੇ ਵਿਸਵੇਦਾਰਾਂ ਤੋਂ ਬਿਨਾਂ ਮੁਆਵਜ਼ਾ ਜ਼ਮੀਨ ਛੁਡਵਾਉਣ ਦਾ ਐਲਾਨ ਕਰਵਾਉਣ ਲਈ ਮਾਨਸਾ (ਉਸ ਸਮੇਂ ਜ਼ਿਲ੍ਹਾ ਬਠਿੰਡਾ) ਨੂੰ ਚੁਣਿਆ। 29 ਮਈ 1952 ਨੂੰ ਕਿਸਾਨਾਂ ਦਾ ਵੱਡਾ ਇਕੱਠ ਮਾਨਸਾ ਵਿਖੇ ਹੋਇਆ। ਸਾਰੇ ਵੱਡੇ ਵਿਸਵੇਦਾਰਾਂ ਨੂੰ ਪਟਵਾਰੀਆਂ ਸਮੇਤ ਪਹੁੰਚਣ ਦੀ ਹਦਾਇਤ ਸੀ। ਪੈਪਸੂ ਦੇ ਖੇਤੀ ਮੰਤਰੀ ਦਾਰਾ ਸਿੰਘ, ਮਾਲ ਮੰਤਰੀ ਚੌਧਰੀ ਇੰਦਰ ਸਿੰਘ ਅਤੇ ਡਿਪਟੀ ਕਮਿਸ਼ਨਰ ਪ੍ਰੇਮ ਕੁਮਾਰ ਸਮੇਤ ਝੂਲਦੇ ਲਾਲ ਝੰਡਿਆਂ ਵਾਲੀ ਸਟੇਜ ’ਤੇ ਪਹੁੰਚੇ।

ਪੈਪਸੂ ਕਿਸਾਨ ਸਭਾ ਦੇ ਪ੍ਰਧਾਨ ਕਾਮਰੇਡ ਜੋਗਾ ਦੀ ਪ੍ਰਧਾਨਗੀ ਹੇਠ ਹੋਏ ਇਸ ਇਤਿਹਾਸਕ ਸਮਾਗਮ ਵਿਚ ਮੰਤਰੀ ਦਾਰਾ ਸਿੰਘ ਨੇ ਮਰੂਸੀ ਮੁਜ਼ਾਰਿਆਂ ਦੇ ਹਲਾਂ ਹੇਠਲੀ ਜ਼ਮੀਨ ਬਿਨਾਂ ਮੁਆਵਜ਼ਾ ਛੱਡਣ ਦਾ ਵੱਡਾ ਐਲਾਨ ਕੀਤਾ।

ਪਟਿਆਲਾ ਰਿਆਸਤ ਵਿਚ ਰਾਜੇ ਦੀ ਆਗਿਆ ਤੋਂ ਬਿਨਾਂ ਸਕੂਲ ਖੋਲ੍ਹਣ ਦੀ ਮਨਾਹੀ ਸੀ। ਇਲਾਕੇ ਦੇ ਲੋਕਾਂ ਦੇ ਸਹਿਯੋਗ ਨਾਲ ਇਕ ਡੇਰੇ ਦੇ ਮਹੰਤ ਤੋਂ 600 ਵਿੱਘੇ ਜ਼ਮੀਨ ਲੈ ਕੇ ਮਾਨਸਾ ਵਿਚ ਖ਼ਾਲਸਾ ਸਕੂਲ ਖੋਲ੍ਹ ਦਿੱਤਾ। ਰਾਜੇ ਨੂੰ ਜਦ ਪਤਾ ਲੱਗਿਆ ਤਾਂ ਆਪ ’ਤੇ ਮੁਕੱਦਮਾ ਚੱਲਿਆ, ਸਜ਼ਾ ਹੋਈ। ਇਕ ਸਾਲ ਬਰਨਾਲਾ ਜੇਲ੍ਹ ਵਿਚ ਬੰਦ ਰਹੇ। ਬਾਅਦ ਵਿਚ ਜਸਟਿਸ ਗੁਰਨਾਮ ਸਿੰਘ ਨੇ ਇਹ ਸਜ਼ਾ ਘਟਾ ਦਿੱਤੀ ਸੀ। ਅੱਜ ਵੀ ਇਹ ਵਿੱਦਿਅਕ ਸੰਸਥਾ ਪੂਰੇ ਇਲਾਕੇ ਦੇ ਲੋਕਾਂ ਨੂੰ ਵਿੱਦਿਆ ਦਾ ਚਾਨਣ ਵੰਡ ਰਹੀ ਹੈ। 1949 ਵਿਚ ਪੱਕੇ ਤੌਰ ’ਤੇ ਕਮਿਊਨਿਸਟ ਪਾਰਟੀ ਨਾਲ ਜੁੜ ਗਏ। 1953 ਵਿਚ ਉਹ ਨਾਭਾ ਜੇਲ੍ਹ ਵਿਚ ਬੰਦ ਸਨ। ਉਸ ਸਮੇਂ ਹੋਈਆਂ ਵਿਧਾਨ ਸਭਾ ਚੋਣਾਂ ਵਿਚ ਜੇਲ੍ਹ ਵਿਚ ਨਜ਼ਰਬੰਦ ਹੁੰਦਿਆਂ ਵੀ ਲੋਕਾਂ ਨੇ ਵੋਟਾਂ ਪਾ ਕੇ ਵਿਧਾਇਕ ਬਣਾਇਆ। ਉਹ 1962, 1969 ਅਤੇ 1972 ਵਿਚ ਲੋਕ ਸਮਰਥਨ ਨਾਲ ਵਿਧਾਇਕ ਬਣ ਕੇ ਵਿਧਾਨ ਸਭਾ ’ਚ ਲੋਕ ਆਵਾਜ਼ ਨੂੰ ਬੁਲੰਦ ਕਰਦੇ ਰਹੇ। ਵਿਧਾਨ ਸਭਾ ’ਚ ਕਮਿਊਨਿਸਟਾਂ ਦਾ ਇਹ ਗਰੁੱਪ ਸਮੇਂ ਦੀ ਸਰਕਾਰ ਨੂੰ ਪੱਬਾਂ ਭਾਰ ਕਰੀਂ ਰੱਖਦਾ। ਮੁੱਖ ਮੰਤਰੀ ਪ੍ਰਤਾਪ ਸਿੰਘ ਕੈਰੋਂ ਖ਼ਿਲਾਫ਼ ਬੇਵਿਸ਼ਵਾਸੀ ਦਾ ਮਤਾ ਵੀ ਵਿਧਾਨ ਸਭਾ ਵਿਚ ਕਾਮਰੇਡ ਜੋਗਾ ਵੱਲੋਂ ਰੱਖਿਆ ਗਿਆ ਸੀ।

1974-75 ਦੀ ਗੱਲ ਹੈ। ਨਕਸਲਵਾੜੀ ਲਹਿਰ ਚੱਲ ਰਹੀ ਸੀ। ਜੋਗਾ ਜੀ ਦੀ ਪਾਰਟੀ ਅਤੇ ਨਕਸਲਵਾੜੀ ਲਹਿਰ ਦੇ ਆਪਸ ਵਿਚ ਰਾਜਨੀਤਕ ਤੌਰ ’ਤੇ ਕਾਫ਼ੀ ਮਤਭੇਦ ਸਨ। ਇਸ ਲਹਿਰ ਦੌਰਾਨ ਕਿਸੇ ਘਟਨਾ ਕਰਕੇ ਨਕਸਲਵਾੜੀ ਲਹਿਰ ਦੇ ਵਰਕਰਾਂ ਦੀ ਫੜੋ-ਫੜੀ ਹੋ ਰਹੀ ਸੀ। ਇਕ ਵਰਕਰ ਦੀ ਧੀ ਦਾ ਵਿਆਹ ਸੀ। ਪੁਲਿਸ ਉਸ ਦੇ ਵਾਰੰਟ ਲੈ ਕੇ ਹਰ ਰੋਜ਼ ਉਸ ਦੇ ਘਰ ਛਾਪੇ ਮਾਰ ਰਹੀ ਸੀ। ਸਾਰਾ ਪਰਿਵਾਰ ਪਰੇਸ਼ਾਨ ਸੀ ਕਿ ਕੀ ਕੀਤਾ ਜਾਵੇ। ਇਸ ਗੱਲ ਦਾ ਜੋਗਾ ਜੀ ਨੂੰ ਪਤਾ ਲੱਗਾ ਤਾਂ ਉਨ੍ਹਾਂ ਪੁਲਿਸ ਵਾਲਿਆਂ ਨੂੰ ਡੱਟ ਕੇ ਕਿਹਾ, ਇਸ ਵਰਕਰ ਦੀ ਲੜਕੀ ਦੀ ਸ਼ਾਦੀ ਹੈ, ਇਸ ਦੇ ਘਰੇ ਪੁਲਿਸ ਛਾਪੇ ਨਾ ਮਾਰੇ। ਜੇ ਪੁਲਿਸ ਨੇ ਇਸ ਤਰ੍ਹਾਂ ਦੀ ਹਰਕਤ ਕੀਤੀ ਤਾਂ ਇਸ ਦਾ ਸਖ਼ਤ ਵਿਰੋਧ ਕੀਤਾ ਜਾਵੇਗਾ। ਪਿੰਡ ਦੀਆਂ ਧੀਆਂ-ਭੈਣਾਂ ਸਭ ਦੀਆਂ ਸਾਂਝੀਆਂ ਹੁੰਦੀਆਂ ਹਨ।ਇਸ ਤਰ੍ਹਾਂ ਕੁੜੀ ਦਾ ਵਿਆਹ ਬੜੀ ਖ਼ੁਸ਼ੀ ਨਾਲ ਨੇਪਰੇ ਚੜ੍ਹ ਗਿਆ।

ਪੂਰੇ ਇਲਾਕੇ ਦੇ ਵਿਕਾਸ ਦੇ ਨਾਲ-ਨਾਲ ਕਾਮਰੇਡ ਜੋਗਾ ਨੇ ਪਿੰਡ ਦੀ ਤਰੱਕੀ ਲਈ ਵੀ ਪੂਰਾ ਧਿਆਨ ਦਿੱਤਾ। ਇਸੇ ਸੋਚ ਨਾਲ ਕੂਕਾ ਲਹਿਰ ਦੇ ਸ਼ਹੀਦਾਂ ਦੀ ਯਾਦ ਵਿਚ ਉਸ ਸਮੇਂ ਦੇ ਮੁੱਖ ਮੰਤਰੀ ਗਿਆਨੀ ਜ਼ੈਲ ਸਿੰਘ ਤੋਂ 1973 ’ਚ ਵੱਡਾ ਹਸਪਤਾਲ ਅਤੇ ਲਾਇਬ੍ਰੇਰੀ ਮਨਜ਼ੂਰ ਕਰਵਾਈ। ਹਸਪਤਾਲ ਦੀ ਇਮਾਰਤ ਦੀ ਛੱਤ ਪੈ ਰਹੀ ਸੀ। ਜੋਗਾ ਜੀ ਖ਼ੁਦ ਛੱਤ ਪਾਉਣ ਵਾਲਿਆਂ ਕੋਲ ਖੜ੍ਹੇ ਸਨ। ਘਰੋਂ ਕਿਸੇ ਨੇ ਆ ਕੇ ਸੁਨੇਹਾ ਦਿੱਤਾ ਕਿ ਜੋਗਾ ਜੀ ਦਾ ਬੇਟੇ ਨੂੰ ਹਲਕੇ ਕੁੱਤੇ ਨੇ ਵੱਢ ਲਿਆ। ਛੱਤ ਪਵਾ ਕੇ ਆਥਣੇ ਘਰੇ ਆਏ। ਲੜਕੇ ਦੇ ਢਿੱਡ ਵਿਚ ਮਹੀਨਾ ਭਰ ਹਲਕਾਅ ਦੇ ਟੀਕੇ ਲੱਗਦੇ ਰਹੇ। ਪੂਰੀ ਜਿੰਦਗੀ ਜੋਗਾ ਜੀ ਨਾ ਡਰੇ ਨਾ ਝੁਕੇ। ਪੂਰੀ ਜ਼ਿੰਦਗੀ ਉਨ੍ਹਾਂ ਨੇ ਕਿਰਤੀ ਲੋਕਾਂ ਦੇ ਹੱਕਾਂ ਲਈ ਲੜਦੇ ਰਹੇ। ਅਠਾਰਵੀਂ ਬਰਸੀ ’ਤੇ ਆਪਣੇ ਨਿਧੜਕ ਯੋਧੇ ਦੀਆਂ ਕੁਰਬਾਨੀਆਂ ਦੇ ਕਾਰਨਾਮਿਆਂ ਤੇ ਸਾਦਗੀ ਨੂੰ ਯਾਦ ਕਰਦਿਆਂ ਧੁਰ ਹਿਰਦਿਆਂ ’ਚੋਂ ਸਲਾਮ ਕਰਦੇ ਹਾਂ।

**ਦਰਸ਼ਨ ਜੋਗਾ ਦੀ ਕਲਮ ਤੋਂ**
ਮੋ: 98720-01856

# ਕਰੋਨਾ ਤੇ ਹੋ ਰਹੀ ਖੋਜ

(ਸਫ਼ਾ 19 ਦੀ ਬਾਕੀ)

ਵਿਖਾਇਆ ਹੈ। ਬੇਸ਼ੱਕ ਅਜੇ ਵੀ ਕਿਤੇ ਨਾ ਕਿਤੇ ਉਥੇ ਇਹ ਬਿਮਾਰੀ ਫਿਰ ਤੋਂ ਸਿਰ ਚੁੱਕ ਲੈਂਦੀ ਹੈ ਪਰ ਅਜੇ ਤੱਕ ਉਹ ਇਸ ਨੂੰ ਦੇਸ਼ ਭਰ ਵਿਚ ਫੈਲਣ ਤੋਂ ਰੋਕਣ ਵਿਚ ਕਾਮਯਾਬ ਹਨ।

ਕਰੋਨਾ ਤੋਂ ਬਚਣ ਲਈ ਵੈਕਸੀਨ ਬਣਾਉਣ ਉਤੇ ਖੋਜ ਇਸ ਬਿਮਾਰੀ ਦੇ ਜਨਵਰੀ ਵਿਚ ਫੈਲਣ ਤੇ ਹੀ ਸ਼ੁਰੂ ਹੋ ਗਈ ਸੀ। ਸੰਸਾਰ ਸਿਹਤ ਸੰਸਥਾ ਮੁਤਾਬਿਕ ਹੁਣ 140 ਤੋਂ ਵੱਧ ਵੈਕਸੀਨਾਂ ਨੂੰ ਬਣਾਉਣ ਲਈ ਵੱਖ ਵੱਖ ਪ੍ਰਯੋਗਸ਼ਾਲਾਵਾਂ ਵਿਚ ਖੋਜ ਹੋ ਰਹੀ ਹੈ। ਇਨ੍ਹਾਂ ਵਿਚੋਂ 7 ਮਨੁੱਖ ਲਈ ਸੁਰੱਖਿਅਤ ਹਨ ਦੇ ਟੈਸਟ ਪਾਸ ਕਰ ਕੇ ਤੀਸਰੇ ਤੇ ਆਖਰੀ, ਬਿਮਾਰੀ ਨੂੰ ਰੋਕਣ ਵਿਚ ਸਮਰੱਥ ਹਨ, ਦੇ ਪੜਾਅ ਤੇ ਪਹੁੰਚ ਚੁਕੀਆਂ ਹਨ। ਇਸ ਤੋਂ ਬਾਅਦ ਇਨ੍ਹਾਂ ਨੂੰ ਵੱਡੇ ਪੱਧਰ ਤੇ ਵਲੰਟੀਅਰ ਵਿਅੱਕਤੀਆਂ ਵਿਚ ਲਾ ਕੇ ਇਨ੍ਹਾਂ ਦੇ ਕਾਰਗਰ ਹੋਣ ਅਤੇ ਸੁਰੱਖਿਅਤ ਹੋਣ ਬਾਰੇ ਅੰਕੜੇ ਇਕੱਠੇ ਕੀਤੇ ਜਾਣੇ ਹਨ। ਇਨ੍ਹਾਂ ਅੰਕੜਿਆਂ ਦੇ ਆਧਾਰ ਤੇ ਦੇਸ਼ਾਂ ਦੀਆਂ ਸਿਹਤ ਸੰਸਥਾਂਵਾਂ ਇਨ੍ਹਾਂ ਨੂੰ ਵਤਰਣ ਦੀ ਮਨਜ਼ੂਰੀ ਦੇ ਸਕਣਗੀਆਂ। ਬੇਸ਼ੱਕ ਆਮ ਤੌਰ ਤੇ ਕਿਸੇ ਵੈਕਸੀਨ ਨੂੰ ਬਣਾਉਣ ਤੇ ਕਈ ਸਾਲ ਲੱਗ ਜਾਂਦੇ ਹਨ, ਪਰ ਸਾਇੰਸਦਾਨਾ ਨੂੰ ਉਮੀਦ ਹੈ ਕਿ ਕਰੋਨਾ ਨੂੰ ਰੋਕ ਸਕਣ ਵਾਲੀ ਵੈਕਸੀਨ ਸਾਲ, ਡੇਢ ਸਾਲ ਵਿਚ ਬਣ ਕੇ ਤਿਆਰ ਹੋ ਜਾਵੇਗੀ। ਇਨ੍ਹਾਂ ਵਿਚੋਂ ਓਕਸਫੋਰਡ ਯੂਨੀਵਰਸਿਟੀ ਵਿਚ ਬਣਾਈ ਜਾ ਰਹੀ ਵੈਕਸੀਨ ਦੇ ਛੇਤੀ ਮਾਰਕਿਟ ਵਿਚ ਆਉਣ ਦੇ ਅਤੇ ਇਸ ਦੇ ਵਧੀਆ ਨਤੀਜੇ ਦੇਣ ਦੀਆਂ ਜਿਆਦਾ ਸੰਭਾਵਨਾਵਾਂ ਹਨ। ਇਸ ਵਿਚ ਵਾਇਰਸ ਦਾ ਮੁੱਖ ਭਾਗ (ਆਰ ਐਨ ਏ ਅਤੇ ਖੋਲ) ਆਮ ਜ਼ੁਕਾਮ ਦੇ ਵਾਇਰਸ ਤੋਂ ਲੈ ਕੇ ਉਸ ਉੱਤੇ ਕੋਰਨਾ ਦੀਆਂ ਡੰਡੀਆਂ ਜਿਹੀਆਂ, ਜਿਨ੍ਹਾਂ ਨਾਲ ਇਹ ਸੈੱਲ ਨਾਲ ਜੁੜ ਕੇ ਅੰਦਰ ਜਾਂਦਾ ਹੈ, ਪ੍ਰਯੋਗਸ਼ਾਲਾ ਵਿਚ ਬਣਾ ਕੇ ਲਾ ਦਿਤੀਆਂ ਗਈਆਂ ਹਨ। ਸੋ ਇਸ ਦੇ ਖਤਰਨਾਕ ਹੋਣ ਦਾ ਡਰ ਬਹੁਤ ਘਟ ਹੈ ਅਤੇ ਕਾਮਯਾਬ ਹੋਣ ਦੀ ਉਮੀਦ ਬਹੁਤ ਜਿਆਦਾ। ਇਸ ਨੂੰ 500 ਤੋਂ ਵੱਧ ਲੋਕਾਂ ਤੇ ਟੈਸਟ ਕੀਤਾ ਜਾ ਚੁੱਕਾ ਹੈ ਅਤੇ ਅੱਗੇ ਵੱਡੇ ਪੱਧਰ ਤੇ ਇਸ ਨੂੰ ਵੱਖ ਵੱਖ ਦੇਸ਼ਾਂ ਦੇ ਵਲੰਟੀਅਰਾਂ ਵਿਚ ਵਰਤ ਕੇ ਵੇਖਣਾ ਹੈ। ਸਤੰਬਰ ਤੱਕ ਇਸ ਦੇ 10 ਲੱਖ ਤੋਂ ਵੱਧ ਟੀਕੇ ਬਣਾਉਣ ਬਾਰੇ ਯੂਨੀਵਰਸਿਟੀ ਨੇ ਉਮੀਦ ਜਾਹਰ ਕੀਤੀ ਹੈ ਪਰ ਫਿਰ ਵੀ ਆਮ ਵਰਤੋਂ ਲਈ ਇਹ ਅਗਲੇ ਸਾਲ ਦੇ ਸ਼ੁਰੂ ਵਿਚ ਹੀ ਆ ਸਕੇਗੀ। ਯੂਰਪ ਸੰਗਠਨ ਨੇ ਇਸ ਬਿਮਾਰੀ ਦਾ ਦੁਨੀਆਂ ਪੱਧਰ ਤੇ ਟਾਕਰਾ ਕਰਨ ਲਈ ਮਈ 2020 ਵਿਚ ਪਹਿਲ ਕੀਤੀ ਅਤੇ ਸੰਸਾਰ ਵਿਚੋਂ 16 ਅਰਬ ਯੂਰੋ (25 ਅਰਬ ਕਨੇਡੀਅਨ ਡਾਲਰ) ਦਾ ਫੰਡ ਇਕੱਠਾ ਕੀਤਾ। ਉਨ੍ਹਾਂ ਵਲੋਂ ਵੀ ਦੁਨੀਆਂ ਦੇ ਹਰ ਲੋੜਵੰਦ ਲਈ ਵੈਕਸੀਨ ਉਪਲੱਭਦ ਕਰਵਾਉਣ ਦੇ ਯਤਨ ਕੀਤੇ ਜਾ ਰਹੇ ਹਨ। ਇਸ ਫੰਡ ਵਿਚ ਦੁਨੀਆਂ ਦੇ ਹੋਰ ਮੁਲਕਾਂ ਦੇ ਨਾਲ ਨਾਲ ਕਨੇਡਾ ਅਤੇ ਭਾਰਤ ਨੇ ਵੀ ਸਹਿਯੋਗ ਦਿੱਤਾ ਹੈ, ਪਰ ਅਮਰੀਕਾ ਅਪਣੀ, ਸਭ ਪ੍ਰਈਵੇਟ, ਸਭ ਲਾਭ ਲਈ ਦੀ ਨੀਤੀ ਤੇ ਚਲਦਾ ਹੋਇਆ ਇਸ ਸਾਂਝੇ ਯਤਨ ਤੋਂ ਪਾਸੇ ਹੀ ਰਿਹਾ ਹੈ ਅਤੇ ਅਪਣੇ ਤੌਰ ਤੇ ਵੈਕਸੀਨ ਬਣਾ ਰਿਹਾ ਹੈ, ਜੋ ਸਿਰਫ ਇਸ ਦਾ ਮੁੱਲ ਤਾਰ ਸਕਣ ਵਾਲਿਆਂ ਲਈ ਹੀ ਹੋਵੇਗੀ।

ਇਸ ਵਾਇਰਸ ਨੇ ਦੁਨੀਆਂ ਤੇ ਬਹੁਤ ਵੱਡਾ ਅਸਰ ਪਾਇਆ ਹੈ ਅਤੇ ਕਾਫੀ ਲਮੇ ਸਮੇਂ ਤੱਕ ਆਮ ਹਾਲਾਤ ਨਹੀਂ ਬਣ ਸਕਣਗੇ। ਕਿਨੇ ਹੀ ਕੰਮ ਪ੍ਰਭਾਵਿਤ ਹੋ ਰਹੇ ਹਨ। ਖਾਸ ਕਰ ਸੈਰ ਸਪਾਟੇ ਤੇ ਨਿਰਭਰ ਬਿਜ਼ਨਸ ਅਤੇ ਦੇਸ਼ ਇਸ ਬਿਮਾਰੀ ਤੋਂ ਵੱਡਾ ਨੁਕਸਾਨ ਝੱਲ ਰਹੇ ਹਨ। ਹਵਾਈ ਯਾਤਰਾ ਮਹਿੰਗੀ ਹੋ ਗਈ ਹੈ ਅਤੇ ਥੋੜੇ ਹਵਾਈ ਜਹਾਜ ਹਵਾ ਵਿਚ ਉੱਡ ਰਹੇ ਹਨ। ਬੱਸਾਂ ਗਡੀਆਂ ਵਿਚ ਵੀ ਭੀੜ ਨਹੀਂ ਬਣ ਰਹੀ। ਹੋਟਲ ਖਾਲੀ ਪਏ ਹਨ। ਰੈਸਟੋਰੈਂਟ ਓਨਟਾਰੀਓ ਵਿਚ ਖੋਲ੍ਹੇ ਜਾਣ ਦੇ ਬਾਵਜੂਦ ਵੀ ਤਕਰੀਬਨ ਖਾਲੀ ਪਏ ਹਨ। ਸਕੂਲ, ਕਾਲਜ, ਯੂਨੀਵਰਸਿਟੀਆਂ, ਵਿਦਿਆਰਥੀਆਂ ਨੂੰ ਜਮਾਤਾਂ ਵਿਚ ਇਕੱਠੇ ਕਰਨ ਤੋਂ ਝਿਜਕ ਰਹੀਆਂ ਹਨ। ਹਾਂ ਇੱਕ ਉਮੀਦ ਜ਼ਰੂਰ ਹੈ ਕਿ ਮਨੁੱਖ ਜਿਸ ਤਰ੍ਹਾਂ ਪਹਿਲਾਂ ਅਜਿਹੀਆਂ ਮੁਸੀਬਤਾਂ ਵਿਚੋਂ ਲੰਘ ਕੇ ਆਮ ਵਰਗੀ ਜਿੰਦਗੀ ਅੱਗੇ ਤੋਰਦਾ ਰਿਹਾ ਹੈ, ਇਸ ਵਾਰ ਵੀ ਇਹ ਤੱਤੀ ਵਾਅ ਲੰਘ ਜਾਵੇਗੀ ਅਤੇ ਰਹਿ ਗਏ ਲੋਕ ਇਸ ਨੂੰ ਕੁਝ ਸਾਲਾਂ ਬਾਅਦ ਭੁੱਲ ਭੁਲਾ ਜਾਣਗੇ।

ਨਿਰਪਾਲ ਸਿੰਘ ਜਲਾਲਦੀਵਾਲ
94170 - 61740

# ਬੇ.ਗਮਪੁਰਾ ਬਨਾਮ-ਹਿੰਦੂ ਰਾਸ਼ਟਰ ਦਾ ਸੰਕਲਪ

‘ਅੰਨ ਦੇ ਭੜੋਲੇ’ ਵਜੋਂ ਪੂਰੀ ਦੁਨੀਆਂ ਵਿੱਚ ਮਸਹੂਰ ਵਿਸ਼ਵ ਦੇ ਸਭ ਤੋਂ ਵੱਡੇ ਮੈਦਾਨੀ ਭੂ-ਭਾਗ ਗੰਗਾ ਦੇ ਮੈਦਾਨ ਤੇ ਭਾਰਤੀ ਉਪ-ਮਹਾਂਦੀਪ ਵਿੱਚ ਸਦੀਆਂ ਦੇ ਸਫਰ ਦੌਰਾਨ ਪਲੀ ਵਿਗਸੀ ਗੰਗਾ-ਜਮਨੀ ਸਾਂਝੀ ਸਭਿਅਤਾ ਕਾਰਨ ਭਾਰਤ ਨੂੰ ਅਧਿਆਤਮਕ ਦੇਸ਼ ਵਜੋਂ ਸਤਿਕਾਰ ਮਿਲਦਾ ਹੈ। ਇੱਥੋਂ ਦੇ ਲੋਕ ਕਣ ਕਣ ਵਿੱਚ ਰੱਬੀ ਹੋਂਦ ਨੂੰ ਮੰਨਣ ਵਾਲੇ ਧਾਰਮਿਕ ਲੋਕ ਹਨ ਜੋ ਹਰ ਸਥੂਲ ਤੇ ਸੂਖਮ ਵਸਤੂ, ਜੀਵ-ਜਗਤ ਤੇ ਬਨਸਪਤੀ ਵਿੱਚੋ ਸਰਗੁਣ ਤੇ ਨਿਰਗੁਣ ਸਰੂਪ ਵਿੱਚ ਪਰਮਾਤਮਾ ਦੀ ਮੌਜੂਦਗੀ ਨੂੰ ਮਹਿਸੂਸ ਕਰਦੇ ਹੋਏ ਅਨੇਕਾਂ ਰੂਪਾਂ ਵਿੱਚ ਪੂਜਾ ਅਰਚਨਾ ਕਰਦੇ ਹੋਏ ਕਿਸੇ ਅਦਿੱਖ ਸ਼ਕਤੀ ਨੂੰ ਪ੍ਰਸੰਨ ਕਰਕੇ ਮੁਕਤੀ ਦੀ ਲੋਚਾ ਰੱਖਦੇ ਹਨ।

ਸਦੀਆਂ ਦੇ ਵਿਕਾਸ ਅਮਲ ਵਿੱਚੋਂ ਭਾਰਤ ਵਿੱਚ ਵੱਖ ਵੱਖ ਰੰਗਾਂ, ਨਸਲਾਂ, ਭਾਸ਼ਾਵਾਂ ਤੇ ਅਧਾਰਿਤ ਬਹੁ ਰੰਗੇ ਗੁਲਦਸਤੇ ਵਰਗੀ ਬਹੁ-ਰੰਗੀ ਸਭਿਅਤਾ ਦਾ ਪਸਾਰ ਹੋਇਆ ਪਰ ਸਮਾਜ ਦੇ ਇੱਕ ਹਿੱਸੇ ਨੇ ‘ਪਰਜੀਵੀ’ ਮਾਨਸਿਕਤਾ ਕਾਰਨ ਤੇ ਸਮਾਜਿਕ ਆਰਥਿਕ ਪ੍ਰਬੰਧ ਦੀਆਂ ਜ਼ਰੂਰਤਾਂ ਅਨੁਸਾਰ ਸਮਾਜ ਨੂੰ ਵਰਣ ਵਿਵਸਥਾ ਅਧੀਨ ‘ਚਾਰ ਵਰਣਾਂ’ ਵਿੱਚ ਵੰਡ ਦਿੱਤਾ । ਇਸ ਤੋਂ ਵੀ ਅੱਗੇ ਕੇਲੇ ਦੇ ਪੱਤਿਆਂ ਤੇ ਪਿਆਜ ਦੇ ਛਿਲਕਿਆਂ ਦੀ ਤਰ੍ਹਾਂ ਪੂਰੇ ਸਮਾਜ ਨੂੰ ਜਾਤਾਂ, ਉਪ-ਜਾਤਾਂ, ਧਰਮਾਂ-ਫਿਰਕਿਆਂ ਵਿੱਚ ਵੰਡ ਕੇ ਊਚ-ਨੀਚ ਤੇ ਛੂਤ-ਅਛੂਤ ਦੇ ਅਜਿਹੇ ਗਧੀ ਗੇੜ ਵਿੱਚ ਪਾਇਆ ਜਿਸ ਕਾਰਨ ਸਾਰਾ ਭਾਰਤੀ ਸਮਾਜ ਬੁਰੀ ਤਰ੍ਹਾਂ ਖੰਡਿਤ ਕਰ ਦਿੱਤਾ ਗਿਆ ਤੇ ਬ੍ਰਾਹਮਣ ਨੇ ਆਪਣੇ ਆਪ ਨੂੰ ‘ਸਰਵੋਤਮ’ ਬਣਾ ਕੇ ਲੁੱਟ ਦਾ ਸਦੀਵੀ ਤੰਤਰ ਸਥਾਪਤ ਕਰ ਦਿੱਤਾ ਜੋ ਇੱਕੀਵੀਂ ਸਦੀ ਵਿੱਚ ਵੀ ਬਦਸਤੂਰ ਜਾਰੀ ਹੈ।

ਬ੍ਰਾਹਮਣ ਦੇ ਇਸ ਮੱਕੜ ਜਾਲ ਨੂੰ ਤੋੜਨ ਲਈ ਅਤੇ ਸਮੁੱਚੀ ਮਨੁੱਖਤਾ ਨੂੰ ਬਰਾਬਰਤਾ ਦਾ ਦਰਜਾ ਦਿਵਾਉਣ ਲਈ ਭਾਰਤ ਦੇ ਵੱਖ ਵੱਖ ਭਾਗਾਂ ਵਿੱਚ ਸਮੇਂ ਸਮੇਂ ਤੇ ਅਨੇਕਾਂ ਹੀ ਮਹਾਂ ਪੁਰਖਾਂ ਨੇ ਅਵਾਜ਼ਾਂ ਬੁਲੰਦ ਕੀਤੀਆਂ । ਭਗਤੀ ਲਹਿਰ ਅਧੀਨ ਅਨੇਕਾਂ ਭਗਤਾਂ ਵੱਲੋਂ ਸਦੀਆਂ ਤੱਕ ਬ੍ਰਾਹਮਣਵਾਦੀ ਵਿਚਾਰਧਾਰਾ ਨਾਲ਼ ਟੱਕਰ ਲੈ ਕੇ ਅਨੇਕਾਂ ਕੁਰਬਾਨੀਆਂ ਕੀਤੀਆਂ ਗਈਆਂ । ਪੰਜਾਬ ਦੀ ਧਰਤੀ ਤੇ ਪੰਦਰਵੀਂ ਸਦੀ ਵਿੱਚ ਅਵਤਾਰ ਧਾਰਨ ਵਾਲੇ ‘ਮਰਦ ਅਗੰਮੜੇ’ ਗੁਰੂ ਨਾਨਕ ਦੇਵ ਜੀ ਅਤੇ ਮਹਾਨ ਗੁਰੂ ਸਾਹਿਬਾਨ ਵੱਲੋਂ ਮਨੁੱਖਤਾ ਨੂੰ ਊਚ-ਨੀਚ ਵਿੱਚ ਵੰਡਣ ਵਾਲੀ ਬ੍ਰਾਹਮਣਵਾਦੀ ਵਿਚਾਰਧਾਰਾ ਤੇ ਜਾਤਵਾਦੀ ਵਿਵਸਥਾ ਨੂੰ ਤਰਕ ਤੇ ਦਲੀਲਾਂ ਦੇ ਅਧਾਰ ਤੇ ਮੁਕੰਮਲ ਰੂਪ ਵਿੱਚ ਰੱਦ ਕਰ ਦਿੱਤਾ । ਭਗਤੀ ਲਹਿਰ ਦੇ ਮਹਾਨ ਭਗਤਾਂ ਅਤੇ ਸਿੱਖ ਗੁਰੂਆਂ ਵੱਲੋਂ ਗੈਰ ਵਿਗਿਆਨਕ, ਪਾਖੰਡੀ ਅਤੇ ਮਾਨਵਤਾ ਦੀ ਲੁੱਟ ਦਾ ਤਿੱਖਾ ਵਿਰੋਧ ਕੀਤਾ ।

ਭਗਤ ਕਬੀਰ ਜੀ ਦੇ ਸੱਚ ਤੇ ਅਧਾਰਿਤ ਵਿਅੰਗ ਬਾਣਾਂ ਨੇ ਕਿ ,“ਜੇ ਤੂ

ਬ੍ਰਾਹਮਣ ਬ੍ਰਾਹਮਣੀ ਜਾਇਆ ਤਾ
ਆਨ ਬਾਟ ਕਾਹੇ ਨਹੀਂ ਆਇਆ ॥
ਤੁਮ ਕਤ ਬ੍ਰਾਹਮਣ ਹਮ ਕਤ ਸੂਦ
ਹਮ ਕਤ ਲੋਹੂ ਤੁਮ ਕਤ ਦੂਧੁ ॥“

ਵਰਣ ਵਿਵਸਥਾ ਦੀਆਂ ਧੱਜੀਆਂ ਉਡਾ ਦਿੱਤੀਆਂ। ਗੁਰੂ ਨਾਨਕ ਦੇਵ ਜੀ ਦੇ ਮਹਾਨ ਫਲਸਫੇ ਬਾਰੇ ਮਹਾਨ ਫਿਲਾਸਫਰ ‘ਮੁਹੰਮਦ ਇਕਬਾਲ’ ਲਿਖਦੇ ਹਨ,

“ਫਿਰ ਉਠੀ ਤੌਹੀਦ ਕੀ ਆਖਿਰ
ਸਦਾ ਪੰਜਾਬ ਸੇ, ਇੱਕ ਮਰਦ-ਏ-ਕਾਮਿਲ
ਨੇ ਜਗਾਇਆ ਹਿੰਦ ਕੋ ਖ਼ਾਬ ਸੇ।”

ਅਗਿਆਨਤਾ ਦੀ ਗੂੜ੍ਹੀ ਨੀਂਦ ਵਿੱਚ ਸੁੱਤੇ ਭਾਰਤੀਆਂ ਨੂੰ ਭਗਤੀ ਲਹਿਰ ਤੇ ਸਿੱਖ ਲਹਿਰ ਨੇ ਵੱਡਾ ਹਲੂਣਾ ਦਿੱਤਾ। ਭਾਰਤੀ ਸਮਾਜ ਨੂੰ ਪਰਤਾਂ ਵਿੱਚ ਵੰਡ ਕੇ ਕਮਜ਼ੋਰ ਕਰਨ ਵਾਲੇ ਬ੍ਰਾਹਮਣੀ ਵਿਚਾਰਾਂ ਦੀ ਥਾਂ ਭਗਤੀ ਲਹਿਰ ਨੇ ਸਾਰੀ ਮਨੁੱਖਤਾ ਲਈ ‘ਬੇਗ਼ਮਪੁਰੇ ਦੇ ਵਾਸੀ’ ਅਤੇ ‘ਏਕ ਪਿਤਾ ਏਕਸ ਕੇ ਹਮ ਬਾਰਿਕ’ ਵਰਗਾ ਫਲਸਫਾ ਦਿੱਤਾ ਤੇ

“ਖਤਰੀ ਬ੍ਰਾਹਮਣ ਸੂਦੁ ਵੈਸੁ ਉਪਦੇਸੁ
ਚਹੁੰ ਵਰਣਾਂ ਕਉ ਸਾਝਾ॥”

ਦੱਸ ਕੇ ਮਨੁੱਖੀ ਏਕਤਾ ਤੇ ਬਰਾਬਰਤਾ ਦਾ ਹੋਕਾ ਦਿੱਤਾ ਜਿਸ ਕਾਰਨ ਮਹਾਨ ਗੁਰੂ ਸਾਹਿਬਾਨ, ਭਗਤੀ ਲਹਿਰ ਅਤੇ ਸਿੱਖ ਲਹਿਰ ਨੂੰ ਬੇਅੰਤ ਕੁਰਬਾਨੀਆਂ ਕਰਨੀਆਂ ਪਈਆਂ। ਜ਼ਿਕਰਯੋਗ ਹੈ ਕਿ ਗੁਰੂ ਅਰਜਨ ਦੇਵ ਜੀ ਨੂੰ ਅੰਤਾਂ ਦੇ ਤਸੀਹੇ ਦੇ ਕੇ ਸ਼ਹੀਦ ਕਰਨ ਦਾ ਸਭ ਤੋਂ ਵੱਡਾ ਕਾਰਨ ਆਦਿ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਸੰਪਾਦਨਾ ਕਰਨਾ ਹੀ ਸੀ।

ਬੜੇ ਦੁੱਖ ਨਾਲ ਕਹਿਣਾ ਪੈ ਰਿਹਾ ਹੈ ਕਿ ਅਨੇਕਾਂ ਮਹਾਨ ਕੁਰਬਾਨੀਆਂ ਕਰਨ ਤੋਂ ਬਾਅਦ ਅੱਜ ਦੇ ਵਿਗਿਆਨਕ ਯੁੱਗ ਵਿੱਚ ਵੀ ਭਾਰਤ ਦੇ ਲੋਕਾਂ ਨੂੰ ਏਕਤਾ ਦੇ ਸੂਤਰ ਵਿੱਚ ਪਰੋਣ ਵਾਲੀਆਂ ਸ਼ਕਤੀਆਂ ਦੀ ਥਾਂ ਮਨੁੱਖਤਾ ਨੂੰ ਜਾਤਾਂ ਤੇ ਧਰਮਾਂ ਦੇ ਅਧਾਰ ਤੇ ਵੰਡਣ, ਲੜਾਉਣ ਤੇ ਮਰਵਾਉਣ ਵਾਲੀਆਂ ਤਾਕਤਾਂ ਮਜਬੂਤ ਹੋ ਰਹੀਆਂ ਹਨ। ਇਹ ਤਾਕਤਾਂ ਫਿਰਕੂ ਤੇ ਫਾਸ਼ੀਵਾਦੀ ਹਾਕਮਾਂ ਦੀ ਛਤਰ ਛਾਇਆ ਹੇਠ ਲਗਾਤਾਰ ਵਧ ਫੁੱਲ ਰਹੀਆਂ ਹਨ ਤੇ ਸ਼ਰ੍ਹੇਆਮ ਦਲਿਤਾਂ, ਆਦਿਵਾਸੀਆਂ , ਪਛੜੇ ਵਰਗਾਂ ਤੇ ਘੱਟ ਗਿਣਤੀਆਂ ਦਾ ਜਿਊਣਾ ਦੁੱਭਰ ਕਰ ਰਹੀਆਂ ਹਨ। ਬਾਹੂਬਲ ਨਾਲ ਸਦੀਆਂ ਪਹਿਲਾਂ ਜਾਬਰਾਂ ਤੇ ਧਾੜਵੀਆਂ ਦਾ ਟਾਕਰਾ ਕਰਨ ਤੋਂ ਅਸਮਰਥ ਆਪਣੇ ਪੂਰਵਜਾਂ ਦਾ ‘ਬਦਲਾ’ ਲੈਣ ਦੇ ਨਾਂ ਤੇ ਬਹੁਗਿਣਤੀ ਦੀ ਧੌਂਸ ਅਧੀਨ ਘੱਟਗਿਣਤੀ ਭਾਈਚਾਰਿਆਂ ਤੇ ਜਬਰ ਕਰ ਰਹੀਆਂ ਹਨ। ਭਾਰਤ ਦੀਆਂ ਪ੍ਰਗਤੀਵਾਦੀ ਤੇ ਸੈਕੂਲਰ ਤਾਕਤਾਂ ਤੋਂ ਬਿਨਾਂ ਅਖੌਤੀ ਖੱਬੇ ਪੱਖੀ ਲੋਕਾਂ ਵੱਲੋਂ ਫਿਰਕਾਪ੍ਰਸਤੀ ਵਿਰੁੱਧ ਕੋਈ ਸਾਂਝਾ ਮੁਹਾਜ਼ ਨਾ ਉਸਾਰਨਾ ਹੀ ਇਹਨਾਂ ਫਿਰਕੂ ਤਾਕਤਾਂ ਦੀ ਪੁਨਰ ਸੁਰਜੀਤੀ ਦਾ ਵੱਡਾ ਕਾਰਨ ਹੈ ।ਇਸ ਲਈ ਗਰੀਬਾਂ, ਕਮਜੋਰਾਂ ਤੇ ਘੱਟਗਿਣਤੀ ਲੋਕਾਂ ਉੱਪਰ ਹੋ ਰਹੇ ਜਬਰ ਲਈ ਪ੍ਰਗਤੀਵਾਦੀ ਸ਼ਕਤੀਆਂ ਵੀ ਬਰਾਬਰ ਦੀਆਂ ਭਾਈਵਾਲ ਹਨ । ਇਸ ਲਈ ਅੱਜ ਦੇ ਗੰਭੀਰ ਤੇ ਸੰਕਟਮਈ ਸਮੇਂ ਵਿੱਚ ਹਿੰਦੂ ਰਾਸ਼ਟਰ ਦੇ ਫੁੱਟ ਪਾਊ ਸੰਕਲਪ ਦੀ ਥਾਂ ‘ਬੇ.ਗਮਪੁਰਾ’ ਦਾ ਸੰਕਲਪ ਉਭਾਰਨ ਦੀ ਵੱਡੀ ਜਰੂਰਤ ਹੈ । ਆਸ ਹੈ ਕਿ ਫਿਰਕੂ ਤੇ ਫਾਸ਼ੀਵਾਦੀ ਹਾਕਮਾਂ ਵੱਲੋਂ ਆਪਣੀਆਂ ਲੁੱਟ ਤੇ ਅਧਾਰਿਤ ਨੀਤੀਆਂ ਲਈ ਲਗਾਤਾਰ ਉਭਾਰੇ ਜਾ ਰਹੇ ਫਿਰਕੂ ਪੈਂਤੜੇ ਨੂੰ ਰੋਕਣ ਲਈ ਮਜਬੂਤ ਤੇ ਲੋਕ ਪੱਖੀ ਲਹਿਰ ਦੀ ਉਸਾਰੀ ਕੀਤੀ ਜਾਵੇਗੀ ।

# ਰੈਫਰੈਂਡਮ 2020 ਦੀ ਰਾਜਨੀਤੀ ਦਾ ਸੱਚ?

(ਸਫ਼ਾ 11 ਦੀ ਬਾਕੀ)

ਜਿਸ ਤਰ੍ਹਾਂ ਪਹਿਲਾਂ ਗੱਲ ਕੀਤੀ ਗਈ ਹੈ ਕਿ ਜੇ ਖਾਲਿਸਤਾਨ ਦਾ ਅਧਾਰ ਮਹਾਰਾਜਾ ਰਣਜੀਤ ਸਿੰਘ ਦਾ ਰਾਜ ਹੈ ਤਾਂ ਫਿਰ ਪਾਕਿਸਤਾਨ ਵਾਲਾ ਪੰਜਾਬ, ਅਫਗਾਨਿਸਤਾਨ ਦੇ ਕੁਝ ਇਲਾਕੇ, ਜੰਮੂ-ਕਸ਼ਮੀਰ, ਹਿਮਾਚਲ, ਰਾਜਸਥਾਨ, ਹਰਿਆਣੇ ਨੂੰ ਵੀ ਸ਼ਾਮਿਲ ਕਰਨਾ ਚਾਹੀਦਾ ਹੈ? ਹੁਣ ਜਦੋਂ ਪਾਕਿਸਤਾਨ ਸਿੱਖਾਂ ਦਾ 1980 ਤੋਂ ਹਮਦਰਦ ਹੈ ਤੇ ਖਾਲਿਸਤਾਨ ਦੀ ਮੰਗ ਦਾ ਹਮਾਇਤੀ ਵੀ ਹੈ ਤਾਂ ਉਸਨੂੰ ਸਿੱਖਾਂ ਦੇ ਹੱਕ ਵਿੱਚ ਸਿੱਖ ਰਾਜ ਵਾਲੇ ਸਾਰੇ ਇਲਾਕੇ ਸਿੱਖਾਂ ਨੂੰ ਖਾਲਿਸਤਾਨ ਬਣਾਉਣ ਲਈ ਤੋਹਫੇ ਦੇ ਤੌਰ ਤੇ ਦੇਣੇ ਚਾਹੀਦੇ ਹਨ, ਸਗੋਂ ਭਾਰਤ ਤੋਂ ਖਾਲਿਸਤਾਨ ਅਜ਼ਾਦ ਕਰਾਉਣ ਲਈ ਪਾਕਿਸਤਾਨ ਵਿੱਚ ਖਾਲਿਸਤਾਨ ਬਣਾ ਕੇ ਉਥੋਂ ਸੰਘਰਸ਼ ਲੜਿਆ ਜਾਣਾ ਚਾਹੀਦਾ ਹੈ? ਮੌਜੂਦਾ ਭਾਰਤੀ ਸਿਸਟਮ ਵਿੱਚ ਜਦੋਂ ਭਾਰਤ ਸਰਕਾਰ ਨੇ 'ਸਿੱਖਸ ਫਾਰ ਜਸਟਿਸ' ਨੂੰ ਬੈਨ ਕਰ ਦਿੱਤਾ ਹੈ ਤੇ ਗੁਰਪਤਵੰਤ ਸਿੰਘ ਪੰਨੂੰ ਨੂੰ ਅੱਤਵਾਦੀ ਐਲਾਨ ਦਿੱਤਾ ਹੈ ਤਾਂ ਜਿਹੜਾ ਵੀ ਭਾਰਤੀ ਨਾਗਰਿਕ ਰੈਫਰੈਂਡਮ ਲਈ ਵੋਟ ਰਜਿਸਟਰ ਕਰਵਾਏਗਾ, ਉਹ ਦੇਸ਼ ਧ੍ਰੋਹੀ ਬਣੇਗਾ, ਉਸਨੂੰ ਜੇਲ੍ਹੀਂ ਸੁੱਟਿਆ ਜਾਵੇਗਾ, ਜਿਸ ਤਰ੍ਹਾਂ ਕਿ ਪਿਛਲੇ ਦਿਨੀਂ ਕੁਝ ਨੌਜਵਾਨ ਸੁੱਟੇ ਵੀ ਗਏ ਹਨ ਅਜਿਹੇ ਮਾਹੌਲ ਵਿੱਚ ਪੰਜਾਬ ਜਾਂ ਭਾਰਤ ਵਿੱਚੋਂ ਲੋਕ ਵੋਟ ਨਹੀਂ ਪਾ ਸਕਣਗੇ? ਜੇ ਵੋਟ ਨਹੀਂ ਪਾ ਸਕਣਗੇ ਤਾਂ ਉਨ੍ਹਾਂ ਦੀ ਰਾਏ ਤੋਂ ਬਿਨਾਂ ਕੁਝ ਵਿਦੇਸ਼ੀ ਸਿੱਖਾਂ ਦੀ ਰਾਇਸ਼ੁਮਾਰੀ ਦਾ ਕੀ ਮਤਲਬ ਹੋਵੇਗਾ? ਜਦੋਂ 'ਸਿੱਖਸ ਫਾਰ ਜਸਟਿਸ' ਨੂੰ ਪਤਾ ਹੈ ਕਿ ਉਨ੍ਹਾਂ ਦੀ ਜਥੇਬੰਦੀ ਤੇ ਆਗੂ ਭਾਰਤ ਵਿੱਚ ਬੈਨ ਹਨ ਤਾਂ ਉਹ ਕਿਉਂ ਨੌਜਵਾਨਾਂ ਨੂੰ ਵੋਟਿੰਗ ਲਈ ਰਜਿਸਟਰ ਕਰਨ ਵਾਸਤੇ ਉਕਸਾ ਰਹੇ ਹਨ? ਕੀ ਅਜਿਹਾ ਤਾਂ ਨਹੀਂ ਕਿ ਉਹ ਚਾਹੁੰਦੇ ਹਨ ਕਿ ਪੁਲਿਸ ਅਜਿਹੇ ਨੌਜਵਾਨਾਂ ਦੀ ਨਿਸ਼ਾਨਦੇਹੀ ਕਰਕੇ ਕੇਸ ਪਾਵੇ ਤੇ ਫਿਰ ਇਹ ਕੁਝ ਸਾਲ ਉਨ੍ਹਾਂ ਦੇ ਕੇਸ ਲੜਨ ਦੇ ਨਾਮ ਤੇ ਡਾਲਰ ਇਕੱਠੇ ਕਰੀ ਜਾਣ? ਹੁਣ 'ਸਿੱਖਸ ਫਾਰ ਜਸਟਿਸ' ਨੂੰ ਸਵਾਲ ਪੁਛਣੇ ਬਣਦੇ ਹਨ ਕਿ ਉਨ੍ਹਾਂ ਵਲੋਂ 2007 ਵਿੱਚ ਉਲੀਕਿਆ ਆਪਣਾ ਪਹਿਲਾ ਏਜੰਡਾ 'ਸਿੱਖ ਨਸਲਕੁਸ਼ੀ' ਨੂੰ ਮਾਨਤਾ ਦਿਵਾਉਣ ਤੋਂ, ਬਿਨਾਂ ਕੁਝ ਪ੍ਰਾਪਤੀ ਦੇ ਕਿਉਂ ਛੱਡਿਆ ਗਿਆ? ਫਿਰ ਕਾਂਗਰਸੀ ਲੀਡਰਾਂ ਨੂੰ ਸੰਮਨ ਜਾਰੀ ਕਰਾਉਣ ਵਾਲਾ ਏਜੰਡਾ ਵੀ ਬਿਨਾਂ ਕਿਸੇ ਪ੍ਰਾਪਤੀ ਦੇ ਛੱਡਿਆ ਗਿਆ? ਸਿੱਖਸ ਫਾਰ ਜਸਟਿਸ ਨੇ ਕਦੇ ਇਹ ਵੀ ਨਹੀਂ ਦੱਸਿਆ ਕਿ ਕਦੇ ਉਨ੍ਹਾਂ ਭਾਰਤ ਸਰਕਾਰ ਨੂੰ ਲਿਖਤੀ ਰੂਪ ਵਿੱਚ ਰੈਫਰੈਂਡਮ ਕਰਾਉਣ ਲਈ ਮਨਜ਼ੂਰੀ ਮੰਗੀ ਹੈ? ਹੁਣ 'ਰੈਫਰੈਂਡਮ 2020' ਵਿੱਚ ਕੋਈ ਜਾਨ ਨਹੀਂ ਲਗਦੀ ਤੇ ਨਾ ਹੀ ਉਹ ਖਾਲਿਸਤਾਨ ਲਈ ਗੰਭੀਰ ਲਗਦੇ ਹਨ? ਇਸ ਲਈ 'ਸਿੱਖਸ ਫਾਰ ਜਸਟਿਸ' ਨੂੰ ਇਨ੍ਹਾਂ ਸਵਾਲਾਂ ਦੇ ਜਵਾਬ ਲੋਕ ਕਚਹਿਰੀ ਵਿੱਚ ਦੇਣੇ ਚਾਹੀਦੇ ਹਨ ਤਾਂ ਹੀ ਲੋਕ ਉਨ੍ਹਾਂ ਤੇ ਯਕੀਨ ਕਰਨਗੇ? ਅਸੀਂ ਯੂ ਐਨ ਦੇ ਚਾਰਟਰ ਅਨੁਸਾਰ ਲੋਕਾਂ ਨੂੰ ਉਨ੍ਹਾਂ ਦੀਆਂ ਨਿੱਜੀ ਤੇ ਕੌਮੀ ਅਜ਼ਾਦੀਆਂ ਦਾ ਪੂਰਾ ਸਮਰਥਨ ਕਰਦੇ ਹਾਂ ਤੇ ਜੋ ਲੋਕ ਜਾਂ ਕੌਮਾਂ ਆਪਣੇ ਮਨੁੱਖੀ ਅਧਿਕਾਰਾਂ ਅਤੇ 'ਆਤਮ ਨਿਰਣੈ' ਲਈ ਬਿਨਾਂ ਕਿਸੇ ਜਾਤ, ਰੰਗ, ਨਸਲ, ਧਰਮ ਦੇ ਵਿਤਕਰੇ ਤੋਂ ਸੰਘਰਸ਼ ਕਰ ਰਹੀਆਂ ਹਨ, ਉਨ੍ਹਾਂ ਦੇ ਹੱਕ ਵਿੱਚ ਹਾਂ। ਦੁਨੀਆਂ ਵਿੱਚ ਕਿਤੇ ਵੀ ਮਨੁੱਖੀ ਹੱਕਾਂ ਦੀ ਉਲੰਘਣਾ ਹੋਵੇ, ਅਸੀਂ ਉਸਦੀ ਨਿਖੇਧੀ ਕਰਦੇ ਹਾਂ 'ਧਰਮ ਅਧਾਰਿਤ ਸਟੇਟ' ਦਾ ਸੰਕਲਪ ਅੱਜ ਦੀ ਦੁਨੀਆਂ ਵਿੱਚ ਚੱਲ ਨਹੀਂ ਸਕਦਾ ਸਾਰੀ ਦੁਨੀਆਂ ਮਲਟੀ ਕਲਚਰਿਜ਼ਮ ਵੱਲ ਵਧ ਰਹੀ ਹੈ, ਜਿਥੇ ਸਾਰੇ ਲੋਕ ਬਿਨਾਂ ਕਿਸੇ ਜਾਤ, ਧਰਮ, ਰੰਗ, ਕੌਮ, ਨਸਲ, ਲਿੰਗ ਦੇ ਵਿਤਕਰੇ ਤੋਂ ਅਜ਼ਾਦੀ ਨਾਲ ਰਹਿ ਸਕਣ ਪਰ ਜਿਸ ਤਰ੍ਹਾਂ ਸਿੱਖ ਲੀਡਰਸ਼ਿਪ ਤੇ ਸਿੱਖ ਵਿਦਵਾਨ ਆਮ ਸਿੱਖਾਂ ਨੂੰ ਗੁੰਮਰਾਹ ਕਰਕੇ ਬਿਨਾਂ ਕਿਸੇ ਠੋਸ ਤੇ ਸਪੱਸ਼ਟ ਨਿਸ਼ਾਨੇ ਦੇ ਪਿਛਲੇ 100 ਸਾਲ ਤੋਂ ਸਿੱਖਾਂ ਨੂੰ ਮੋਰਚਿਆਂ, ਹਥਿਆਰਬੰਦ ਸੰਗਰਸ਼ਾਂ ਵਿੱਚ ਮਰਾ ਰਹੇ ਹਨ, ਉਸ ਨਾਲ ਸਿੱਖਾਂ ਦਾ ਨਾ ਸਿਰਫ ਭਾਰੀ ਜਾਨੀ ਤੇ ਮਾਲੀ ਨੁਕਸਾਨ ਹੋ ਰਿਹਾ ਹੈ, ਸਗੋਂ ਸਿੱਖ ਤੇ ਅੱਤਵਾਦ ਦਾ ਲੇਬਲ ਵੀ ਲੱਗ ਚੁੱਕਾ ਹੈ। ਉਸ ਤੋਂ ਆਮ ਸਿੱਖਾਂ ਨੂੰ ਸੁਚੇਤ ਹੋਣ ਤੇ ਸਬਕ ਸਿੱਖਣ ਦੀ ਲੋੜ ਹੈ ਅਤੇ ਅਜਿਹੀ ਖ਼ੁਦਗਰਜ਼ ਤੇ ਬੇਈਮਾਨ ਲੀਡਰਸ਼ਿਪ ਨੂੰ ਪਛਾਨਣ ਤੇ ਨਕਾਰਨ ਦੀ ਲੋੜ ਹੈ।

# ਕੇਂਦਰ ਸਰਕਾਰ ਦੀਆਂ ਲੋਕ-ਮਾਰੂ ਨੀਤੀਆਂ ਦੀ ਸ਼ਾਹਦੀ ਭਰਦੀ ਪੰਜਾਬ ਸਰਕਾਰ

(ਸਫ਼ਾ 9 ਦੀ ਬਾਕੀ)

ਕਿੰਨੇ ਸਨਅਤੀ ਪਾਰਕ ਬਨਣਗੇ? ਦੂਜਾ ਪਹਿਲੀਆਂ ਸਨਅਤਾਂ ਜੋ ਸਰਕਾਰੀ ਬੇਰੁਖ਼ੀ ਕਾਰਨ ਹਿਮਾਚਲ ਤੇ ਹੋਰ ਸੂਬਿਆਂ ਵੱਲ ਰੁਖ਼ ਕਰ ਗਈਆਂ ਹਨ, ਉਸ ਬਾਰੇ ਆਹਲੂਵਾਲੀਆ ਗਰੁੱਪ ਕੁਝ ਨਹੀਂ ਬੋਲਿਆ।

ਮਾਹਿਰਾਂ ਦੀ ਇਸ ਕਮੇਟੀ ਨੇ ਕੇਂਦਰੀ ਖੇਤੀ ਆਰਡੀਨੈਂਸਾਂ ਦੀ ਤਰਜ਼ ਤੇ ਕਿਸਾਨਾਂ ਲਈ ਖੁੱਲ੍ਹੀ ਮੰਡੀ ਦੀ ਸਿਫਾਰਸ਼ ਕੀਤੀ ਹੈ। ਕਮੇਟੀ ਨੇ ਇਹ ਵੀ ਸਿਫ਼ਾਰਸ਼ ਕੀਤੀ ਹੈ ਕਿ ਸੂਬਾਈ ਕਾਨੂੰਨ ਵਿਚ ਸੋਧ ਕਰਕੇ ਜ਼ਮੀਨਾਂ ਨੂੰ ਲੰਮੇ ਸਮੇਂ ਲਈ ਲੀਜ਼ ਉੱਤੇ ਦੇਣ ਦੀ ਪ੍ਰਕਿਰਿਆ ਸੌਖੀ ਕੀਤੀ ਜਾਵੇ। ਬੀਜ ਕੰਪਨੀਆਂ ਲਈ ਰਾਹ ਖੋਲ੍ਹਣ, ਕੰਟਰੈਕਟ ਫਾਰਮਿੰਗ ਤਹਿਤ ਕੰਪਨੀਆਂ ਨੂੰ ਬੀਜ ਕਾਰੋਬਾਰ ਕਰਨ ਦੀ ਖੁਲ੍ਹ ਦੇਣ ਦੀ ਸਿਫ਼ਾਰਸ਼ ਇਸ ਕਮੇਟੀ ਵੱਲੋਂ ਮੁੱਖ ਤੌਰ ਤੇ ਕੀਤੀ ਗਈ ਹੈ। ਝੋਨੇ ਹੇਠਲਾ ਰਕਬਾ ਘਟਾਉਣ ਅਤੇ ਹਰਿਆਣਾ ਪੈਟਰਨ ਅਪਨਾਉਣ ਦੀ ਸਿਫ਼ਾਰਸ਼ ਵੀ ਮੁੱਖ ਹੈ। ਹਰਿਆਣਾ ਵਿਚ ਝੋਨਾ ਛੱਡ ਕੇ ਹੋਰ ਫਸਲ ਬੀਜਣ ਤੇ ਕਿਸਾਨ ਨੂੰ 7000 ਰੁਪਏ ਪ੍ਰਤੀ ਏਕੜ ਮਿਲਦੇ ਹਨ। ਪੰਜਾਬ 'ਚ ਇਸ ਵੇਲੇ 76 ਲੱਖ ਏਕੜ ਜ਼ਮੀਨ ਤੇ ਹਰ ਵਰ੍ਹੇ ਝੋਨਾ ਬੀਜਿਆ ਜਾਂਦਾ ਹੈ ਅਤੇ ਗਰੁੱਪ ਨੇ 25 ਲੱਖ ਏਕੜ ਉੱਤੇ ਝੋਨੇ ਦੀ ਖੇਤੀ ਅਗਲੇ 6-7 ਸਾਲਾਂ 'ਚ ਘੱਟ ਕਰਨ ਦੀ ਸਿਫ਼ਾਰਸ਼ ਕੀਤੀ ਹੈ। ਪੁਲਿਸ ਦੀ ਨਫ਼ਰੀ ਘਟਾਉਣ, ਨਗਰ ਕੌਂਸਲਾਂ ਦੀ ਜ਼ਮੀਨ ਜਿਸ ਉੱਤੇ ਲੋਕਾਂ ਦਾ ਕਬਜ਼ਾ ਹੈ, ਮਾਰਕੀਟ ਰੇਟ ਉੱਤੇ ਵੇਚਣ ਅਤੇ ਪੰਜਾਬ ਦੇ ਸਰਕਾਰੀ ਮੁਲਾਜ਼ਮਾਂ ਨੂੰ ਕੇਂਦਰ ਸਰਕਾਰ ਦੇ ਕੇਂਦਰੀ ਸਕੇਲਾਂ ਤਹਿਤ ਤਨਖਾਹ ਦੇਣ ਲਈ ਆਖਿਆ ਗਿਆ ਹੈ। ਮੌਂਟੇਕ ਸਿੰਘ ਆਹਲੂਵਾਲੀਆ ਦਾ ਕਹਿਣਾ ਹੈ ਕਿ ਪੰਜਾਬ ਦੀ ਮਾਲੀ ਸਥਿਤੀ, ਸਿਹਤ, ਸਨਅਤ, ਬਿਜਲੀ ਅਤੇ ਖੇਤੀ ਖੇਤਰ ਨੂੰ ਲੀਹਾਂ ਉੱਤੇ ਲਿਆਉਣ ਲਈ ਪੰਜਾਬ ਸਰਕਾਰ ਨੂੰ ਇਹ ਸਿਫ਼ਾਰਸ਼ਾਂ ਕੀਤੀਆਂ ਗਈਆਂ ਹਨ।

ਜ਼ਮੀਨ ਪੱਧਰ 'ਤੇ ਲੋਕਾਂ ਨਾਲ ਜੁੜੇ ਆਰਥਿਕ ਮਾਹਿਰਾਂ ਨੇ ਇਸ ਰਿਪੋਰਟ ਨੂੰ ਸਿੱਧੇ ਤੌਰ 'ਤੇ ਪੰਜਾਬ ਵਿਰੋਧੀ ਕਰਾਰ ਦਿੱਤਾ ਹੈ ਅਤੇ ਕੇਂਦਰ ਸਰਕਾਰ ਵੱਲੋਂ ਤੇਜੀ ਨਾਲ ਅਪਨਾਈ ਜਾ ਰਹੀ ਨਿੱਜੀਕਰਨ ਅਤੇ ਵਪਾਰੀਕਰਨ ਦੀ ਨੀਤੀ ਨੂੰ ਲਾਗੂ ਕਰਨ ਵੱਲੋਂ ਵਧਦੇ ਕਦਮਾਂ ਨੂੰ ਹੱਲਾ ਸ਼ੇਰੀ ਦੇਣ ਦਾ ਯਤਨ ਕਰਾਰ ਦਿੱਤਾ ਹੈ।

ਪੰਜਾਬ ਸਰਕਾਰ ਵੱਲੋਂ ਪੰਜਾਬ ਦੀ ਵਿੱਤੀ ਹਾਲਾਤ ਦੇ ਸੁਧਾਰ ਲਈ ਕੁਝ ਸਮਾਂ ਪਹਿਲਾਂ ਮੋਂਟੇਕ ਸਿੰਘ ਆਹਲੂਵਾਲੀਆ ਦੀ ਅਗਵਾਈ ਵਿਚ ਜੋ ਕਮੇਟੀ ਕਾਇਮ ਕੀਤੀ ਗਈ ਸੀ ਅਤੇ ਵਿਸ਼ਵ ਪ੍ਰਸਿੱਧ ਅਰਥਸ਼ਾਸ਼ਤਰੀ ਭਾਰਤ ਦੇ ਪ੍ਰਧਾਨ ਮੰਤਰੀ ਮਨਮੋਹਨ ਸਿੰਘ ਨੂੰ ਵੀ ਇਸ ਕਮੇਟੀ ਲਈ ਸਲਾਹ ਦੇਣ ਲਈ ਬੇਨਤੀ ਕੀਤੀ ਸੀ ਤਾਂ ਕਿ ਪੰਜਾਬ ਦੀ ਆਰਥਿਕਤਾ ਦੀ ਡੁਬਦੀ ਬੇੜੀ ਨੂੰ ਕਿਸੇ ਕੰਢੇ ਲਾਇਆ ਜਾ ਸਕੇ ਅਤੇ ਪੰਜਾਬ ਦੇ ਲੋਕ ਵਿਕਾਸ ਦੇ ਰਸਤੇ ਅਤੇ ਚੰਗੇਰੇ ਜੀਵਨ ਲਈ ਅੱਗੇ ਤੁਰ ਸਕਣ। ਪਰ ਮੋਂਟੇਕ ਸਿੰਘ ਆਹਲੂਵਾਲੀਆ ਰਿਪੋਰਟ ਨੇ ਤਾਂ ਪੰਜਾਬ ਦੇ ਆਮ ਲੋਕਾਂ ਲਈ ਲੋਕ-ਮਾਰੂ ਰਿਪੋਰਟ ਪੇਸ਼ ਕਰਕੇ, ਉਨ੍ਹਾਂ ਦੇ ਦੁੱਖਾਂ ਵਿਚ ਹੋਰ ਵਾਧਾ ਕੀਤਾ ਜਾਪਦਾ ਹੈ।

ਪੰਜਾਬ ਦਾ ਬਠਿੰਡਾ ਥਰਮਲ ਪਲਾਂਟ ਬੰਦ ਕਰ ਦਿੱਤਾ ਗਿਆ। ਹਜ਼ਾਰਾਂ ਲੋਕ ਬੇਰੁਜ਼ਗਾਰ ਹੋ ਗਏ। ਦੋ ਸਾਲਾਂ ਬਾਅਦ ਲਹਿਰਾਗਾਗਾ ਥਰਮਲ ਪਲਾਂਟ ਬੰਦ ਹੋ ਜਾਏਗਾ, ਇਸ ਦੀ ਉਮਰ ਪੁੱਗ ਜਾਏਗੀ। ਤਿੰਨੇ ਥਰਮਲ ਪਲਾਂਟਾਂ ਦੀ ਜ਼ਮੀਨ ਸਨਅਤੀ ਪਾਰਕ ਉਸਾਰਨ ਲਈ ਦਿੱਤੀ ਜਾਏਗੀ। ਦੋਨੋਂ ਥਰਮਲ ਪਲਾਂਟਾਂ ਦੇ ਮੁਲਾਜ਼ਮ ਕਿਥੇ ਜਾਣਗੇ? ਕਿਸ ਕਿਸਮ ਦੇ ਸਨਅਤੀ ਪਾਰਕ ਉਸਾਰੇ ਜਾਣਗੇ? ਪੰਜਾਬ ਵਿਚ ਸਨਅਤਾਂ ਲਾਉਣ ਲਈ ਪਹਿਲਾਂ ਲਈ ਪੰਚਾਇਤਾਂ ਦੀ ਜ਼ਮੀਨ ਸਨਅਤਕਾਰਾਂ, ਕਾਰਪੋਰੇਟ ਸੈਕਟਰ ਨੂੰ ਦੇਣ ਲਈ ਹਥਿਆਈ ਜਾ ਰਹੀ ਹੈ। ਪੰਚਾਇਤਾਂ ਤੋਂ ਇਸ ਸਬੰਧੀ ਮਤੇ ਪੁਆਏ ਜਾ ਰਹੇ ਹਨ। ਖੇਤੀ ਲਈ 14.5 ਲੱਖ ਲਗਾਏ ਗਏ ਟਿਊਬਵੈੱਲਾਂ ਨੂੰ ਸੂਰਜੀ ਊਰਜਾ ਨਾਲ ਚਲਾਏ ਜਾਣ ਦੀ ਸਿਫ਼ਾਰਸ਼ ਹੈ, ਜਿਨ੍ਹਾਂ ਨੂੰ ਲਗਾਉਣ ਲਈ 1.25 ਲੱਖ ਏਕੜ ਜ਼ਮੀਨ ਦੀ ਲੋੜ ਪਏਗੀ। ਸੂਰਜੀ ਉਪਕਰਨ ਲਗਾਉਣ ਲਈ ਰਕਮ ਕਿਥੋਂ ਆਏਗੀ? ਕੀ ਖੇਤੀ ਪ੍ਰਧਾਨ ਸੂਬੇ, ਜਿਸ ਦੀ ਆਰਥਿਕਤਾ ਖੇਤੀ ਉੱਤੇ ਅਧਾਰਤ ਹੈ, ਜਿਹੜਾ ਦੇਸ਼ ਦੇ ਅਨਾਜ ਭੰਡਾਰ ਦੀਆਂ 32ਫੀਸਦੀ ਲੋੜਾਂ ਪੂਰੀਆਂ ਕਰਦਾ ਹੈ, ਉਸ ਸੂਬੇ ਦਾ ਖੇਤੀ ਖੇਤਰ ਨਹੀਂ ਘਟੇਗਾ? ਕਿਸਾਨ ਦੀ ਆਮਦਨ ਵਧਣ ਦੀ ਥਾਂ ਕੀ ਘਟੇਗੀ ਨਹੀਂ? ਪੰਜਾਬ 'ਚ ਪਹਿਲੀਆਂ ਸਰਕਾਰਾਂ ਵੱਲੋਂ ਬਣਾਏ ਗਏ ਫੋਕਲ ਪੁਆਇੰਟਾਂ ਲਈ ਸਰਕਾਰ ਵੱਲੋਂ ਲਈ ਜ਼ਮੀਨ ਕਿਸ ਵੱਟੇ ਖਾਤੇ ਪਈ? ਸਨਅਤਕਾਰਾਂ ਨੂੰ ਸੌਂਪੇ ਆਦਰਸ਼ ਸਕੂਲਾਂ ਲਈ ਪੰਚਾਇਤਾਂ ਦੀ ਜ਼ਮੀਨ ਅਤੇ ਲੱਗੇ ਹੋਏ ਕਰੋੜਾਂ ਰੁਪਏ ਦਾ ਖਰਚ ਦਾ ਲਾਭ ਕਿਸ ਨੂੰ ਹੋਇਆ?

ਮਾਹਿਰਾਂ ਦੇ ਗਰੁੱਪ ਵੱਲੋਂ ਕਾਰਪੋਰੇਟ ਸੈਕਟਰ ਅਤੇ ਸਨਅਤਕਾਰਾਂ ਦੀਆਂ ਝੋਲੀਆਂ ਭਰਨ ਲਈ ਕੰਟਰੈਕਟ ਫਾਰਮਿੰਗ ਤਹਿਤ ਬੀਜ ਕੰਪਨੀ ਨੂੰ ਕੰਮ ਕਰਨ ਦੀ ਖੁਲ੍ਹ ਦੇਣ ਦੀ ਸਿਫ਼ਾਰਸ਼ ਕੀਤੀ ਹੈ। ਕੀ ਕਿਸਾਨ 500 ਏਕੜ ਜਾਂ 1000 ਏਕੜ ਦੀ ਇਕੱਠੇ ਹੋ ਕੇ ਫਾਰਮਿੰਗ ਕਰਨ ਦੇ ਸਮਰੱਥ ਹੈ? ਇਹ ਸਮਰੱਥਾ ਸਿਰਫ਼ ਕਾਰਪੋਰੇਟ ਸੈਕਟਰ ਕੋਲ ਹੈ, ਜੋ ਕਿਸਾਨਾਂ ਤੋਂ ਉਨ੍ਹਾਂ ਦੀ ਜ਼ਮੀਨ ਲੈ ਕੇ ਖੇਤ ਕਾਮੇ ਬਨਣ ਲਈ ਉਨ੍ਹਾਂ ਨੂੰ ਮਜ਼ਬੂਰ ਕਰ ਦੇਣਗੇ ਅਤੇ ਆਪ ਵੱਡਾ ਨਫ਼ਾ ਕਮਾਉਣਗੇ। ਪੰਜਾਬ ਦੇ ਕਿਸਾਨ ਕੋਲ ਤਾਂ ਪਹਿਲਾਂ ਹੀ ਛੋਟਾ ਰਕਬਾ ਹੈ, ਜਿਸ ਉੱਤੇ ਖੇਤੀ ਕਰਕੇ ਉਹ ਆਪਣਾ ਨਿਭਾੜਾ ਕਰਦਾ ਹੈ। ਇੰਜ ਕੀ ਇਹ ਰਿਪੋਰਟ ਕਿਸਾਨਾਂ ਪੱਖੀ ਸਿਫ਼ਾਰਸ਼ ਦੀ ਥਾਂ ਸਨਅਤਕਾਰ ਪੱਖੀ ਨਹੀਂ ਹੈ?

ਵਪਾਰੀਕਰਨ, ਨਿੱਜੀਕਰਨ ਵੱਲ ਵਧਦੇ ਕੇਂਦਰ ਸਰਕਾਰ ਦੇ ਕਦਮਾਂ ਨੂੰ ਪੰਜਾਬ 'ਚ ਪੱਕੇ ਪੈਰੀਂ ਕਰਨ ਲਈ ਜਿਥੇ ਇਸ ਕਮੇਟੀ ਨੇ ਕੇਂਦਰੀ ਕਿਸਾਨ ਆਰਡੀਨੈਂਸ ਲਾਗੂ ਕਰਨ ਦੀ ਵਕਾਲਤ ਕੀਤੀ ਹੈ, ਉਥੇ ਵੱਡੇ ਸ਼ਹਿਰਾਂ ਵਿਚ ਬਿਜਲੀ ਵੰਡ ਕੰਮ ਪ੍ਰਾਈਵੇਟ ਹੱਥਾਂ 'ਚ ਦੇਣ ਅਤੇ ਸਨਅਤਕਾਰਾਂ ਨੂੰ ਵਨ ਪਾਰਟ ਟੈਰਿਫ ਦੇਣ ਦੀ ਸਿਫ਼ਾਰਸ਼ ਕਰਕੇ ਉਹਨਾਂ ਦਾ ਪੱਖ ਪੂਰਿਆ ਹੈ ਅਤੇ ਫਿਕਸਡ ਚਾਰਜਿਜ਼ ਦੀ 1500 ਕਰੋੜ ਸਲਾਨਾ ਦੀ ਰਾਸ਼ੀ ਦਾ ਭਾਰ ਦੂਜੇ ਖਪਤਕਾਰਾਂ ਉੱਤੇ ਪਾਉਣ ਦੀ ਸਿਫ਼ਾਰਸ਼ ਹੈ। ਪੰਜਾਬ ਦੀ ਕਾਂਗਰਸ ਸਰਕਾਰ ਪੰਜਾਬ ਦੇ ਕਿਸਾਨਾਂ ਦੇ ਨਾਲ ਖੜੋਣ ਦੀ ਗੱਲ ਕਰਦੀ ਹੈ। ਉਹ ਅਕਾਲੀ-ਭਾਜਪਾ ਪਾਰਟੀਆਂ ਉੱਤੇ ਤਿੰਨ ਕਿਸਾਨ ਆਰਡੀਨੈਂਸਾਂ ਦੇ ਹੱਕ 'ਚ ਖੜ੍ਹੇ ਹੋਣ ਦਾ ਵਿਰੋਧ ਵੀ ਕਰਦੀ ਹੈ। ਕੀ ਕੇਂਦਰ ਸਰਕਾਰ ਦੇ ਕਿਸਾਨ ਮਾਰੂ ਇਹਨਾਂ ਆਰਡੀਨੈਂਸਾਂ ਦੇ ਵਿਰੋਧ 'ਚ ਪੰਜਾਬ ਸਰਕਾਰ ਖੜ੍ਹੀ ਰਹੇਗੀ? ਤਿੰਨ ਕਿਸਾਨ ਆਰਡੀਨੈਂਸ, ਜੋ ਪੰਜਾਬ ਨੂੰ ਤਬਾਹੀ ਵੱਲ ਧੱਕਣ ਦਾ ਵੱਡਾ ਯਤਨ ਹਨ, ਇਹਨਾਂ ਦਾ ਪੰਜਾਬ 'ਚ ਹਰ ਪਾਸੇ ਵਿਰੋਧ ਹੋ ਰਿਹਾ ਹੈ। ਕੀ ਪੰਜਾਬ ਸਰਕਾਰ ਲੋਕਾਂ ਨਾਲ ਖੜ੍ਹੇ ਨਾ ਰਹਿ ਕੇ ਅਤੇ ਆਹਲੂਵਾਲੀਆ ਕਮੇਟੀ ਦੀਆਂ ਸਿਫ਼ਾਰਸ਼ਾਂ ਲਾਗੂ ਕਰਕੇ ਉਹਨਾਂ ਦੀ ਆਪਣੀ ਪਾਰਟੀ ਦੇ ਪੈਰੀਂ ਕੁਹਾੜਾ ਨਹੀਂ ਮਾਰੇਗੀ?

ਪੰਜਾਬ ਦੇ ਮੁਲਾਜ਼ਮ, ਪਹਿਲਾਂ ਹੀ ਪੰਜਾਬ ਦੀ ਸਰਕਾਰ ਤੋਂ ਖ਼ਫ਼ਾ ਹਨ। ਨਿੱਤ ਮੁਜ਼ਾਹਰੇ ਹੋ ਰਹੇ ਹਨ। ਕੇਂਦਰੀ ਸਰਕਾਰ ਦੇ ਮੁਲਾਜ਼ਮਾਂ ਦੀ ਸਕੇਲ ਤਰਜ਼ ਤਹਿਤ ਪਹਿਲਾਂ ਹੀ ਪੰਜਾਬ ਸਰਕਾਰ ਨਵੀਂ ਭਰਤੀ ਕਰ ਰਹੀ ਹੈ, ਪਰ ਜੇਕਰ ਗਰੁੱਪ ਦੇ ਸੁਝਾਅ ਅਨੁਸਾਰ ਸੂਬੇ ਦੇ ਮੁਲਾਜ਼ਮਾਂ ਦੀਆਂ ਕੇਂਦਰੀ ਸਰਕਾਰ ਦੀਆਂ ਤਨਖਾਹਾਂ ਘੱਟ ਕੀਤੀਆਂ ਗਈਆਂ, ਮਹਿੰਗਾਈ ਭੱਤਾ ਫਰੀਜ਼ ਕਰ ਦਿੱਤਾ ਗਿਆ ਤਾਂ ਸੂਬੇ ਦੇ ਮੁਲਾਜ਼ਮਾਂ 'ਚ ਹੋਰ ਰੋਸ ਵਧੇਗਾ ਤੇ ਕਰੋਨਾ ਕਾਲ 'ਚ ਪਹਿਲਾਂ ਹੀ ਪ੍ਰਭਾਵਤ ਹੋਏ ਸਰਕਾਰੀ ਕੰਮਕਾਜ 'ਚ ਹੋਰ ਵੀ ਵਿਘਨ ਪਏਗਾ। ਆਹਲੂਵਾਲੀਆ ਕਮੇਟੀ ਦੀ ਇਹ ਸਿਫ਼ਾਰਸ਼ ਵੀ ਜੇਕਰ ਮੰਨ ਲਈ ਜਾਂਦੀ ਹੈ ਕਿ ਪੁਲਿਸ ਦੀ ਨਫ਼ਰੀ ਪੰਜਾਬ 'ਚ ਅਬਾਦੀ ਅਨੁਪਾਤ ਅਨੁਸਾਰ ਵੱਧ ਹੈ ਤਾਂ "ਕਾਨੂੰਨ ਵਿਵਸਥਾ" ਕਾਇਮ ਰੱਖਣ ਲਈ ਪਹਿਲਾਂ ਹੀ ਔਖਿਆਈਆਂ ਝੱਲ ਰਹੇ ਇਸ ਵਿਭਾਗ ਨੂੰ ਹੋਰ ਵੱਡੀਆਂ ਚੁਣੌਤੀਆਂ ਦਾ ਸਾਹਮਣਾ ਕਰਨਾ ਪਏਗਾ। ਕੁਝ ਨੌਜਵਾਨ ਜਿਹੜੇ ਪੁਲਿਸ ਅਤੇ ਹੋਰ ਮਹਿਕਮਿਆਂ 'ਚ ਰੁਜ਼ਗਾਰ ਪ੍ਰਾਪਤ ਕਰਕੇ ਸੂਬੇ 'ਚ ਸੇਵਾ ਨਿਭਾਉਂਦੇ ਹਨ, ਤਾਂ ਕੀ ਉਹਨਾਂ ਵਿਚ ਪ੍ਰਵਾਸ ਦੀ ਹੋੜ ਹੋਰ ਵੀ ਤਿੱਖੀ ਨਹੀਂ ਹੋਵੇਗੀ? ਉਹ ਪੰਜਾਬ ਛੱਡ ਕੇ ਪ੍ਰਦੇਸ਼ ਜਾਣ ਲਈ ਮਜਬੂਰ ਨਹੀਂ ਹੋਣਗੇ?

ਪੰਜਾਬ ਖੇਤੀ ਖੇਤਰ 'ਚ ਮੋਹਰੀ ਰੋਲ ਅਦਾ ਕਰ ਰਿਹਾ ਹੈ। ਪੰਜਾਬ ਦੀ ਕੁਲ ਧਰਤੀ ਦਾ 82ਫੀਸਦੀ ਖੇਤੀ ਅਧੀਨ ਹੈ ਜਦਕਿ ਰਾਸ਼ਟਰੀ ਪੱਧਰ ਤੇ 40ਫੀਸਦੀ ਜ਼ਮੀਨ ਖੇਤੀ ਯੋਗ ਹੈ। ਸਾਲ 2019-20 'ਚ ਕੀਤੇ ਇਕ ਸਰਵੇ ਅਨੁਸਾਰ ਪੰਜਾਬ ਦੀ ਧਰਤੀ ਨੇ 31.53 ਮਿਲੀਅਨ ਮੀਟਰਿਕ ਟਨ ਅਨਾਜ ਪੈਦਾ ਕੀਤਾ। ਕੁਲ ਮਿਲਾ 7342 ਮੀਟਰਕ ਟਨ ਫਲ ਪੈਦਾ ਕੀਤੇ। ਪੰਜਾਬ ਪੂਰੇ ਦੇਸ਼ ਵਿਚ ਗਰਮ ਕੱਪੜਿਆਂ ਦੀ ਪੈਦਾਵਾਰ ਦਾ 95ਫੀਸਦੀ, ਸਿਲਾਈ ਮਸ਼ੀਨਾਂ ਦਾ 85ਫੀਸਦੀ ਅਤੇ ਖੇਡਾਂ ਦੇ ਸਮਾਨ ਦਾ 75ਫੀਸਦੀ ਪੈਦਾ ਕਰਦਾ ਹੈ। ਪਰ ਇਸ ਸਭ ਕੁਝ ਦੇ ਬਾਵਜੂਦ ਪੰਜਾਬ ਦੀ ਆਰਥਿਕਤਾ ਅਸਥਿਰ ਬਣੀ ਹੋਈ ਹੈ ਕਿਉਂਕਿ ਕੇਂਦਰ ਸਰਕਾਰ ਦਾ ਪੰਜਾਬ ਸਬੰਧੀ ਵਤੀਰਾ ਸਦਾ ਮਤਰੇਆ ਰਿਹਾ ਹੈ। ਇਥੇ ਕੋਈ ਵੱਡੀ ਇੰਡਸਟਰੀ ਨਹੀਂ ਲਗਾਈ ਗਈ। ਖੇਤੀ ਖੇਤਰ ਨੂੰ ਨਰੋਆ ਬਨਾਉਣ ਲਈ ਕੋਈ ਸਾਰਥਿਕ ਕਦਮ ਨਹੀਂ ਪੁੱਟੇ ਗਏ ਸਗੋਂ ਹਰੇ ਇਨਕਲਾਬ ਤੋਂ ਬਾਅਦ ਪੰਜਾਬ ਦੀ ਉਪਜਾਊ ਧਰਤੀ ਦਾ ਨਾਸ ਮਾਰਿਆ ਗਿਆ ਹੈ। ਇਥੇ ਖਾਦਾਂ, ਕੀਟਨਾਸ਼ਕਾਂ ਦਵਾਈਆਂ ਦੇ ਵੱਧ ਪੈਦਾਵਾਰ ਪ੍ਰਾਪਤ ਕਰਨ ਦੀ ਹੋੜ ਨਾਲ ਵਾਤਾਵਰਨ ਦੂਸ਼ਿਤ ਹੋਇਆ। ਪੰਜਾਬ ਦੇ ਜ਼ਮੀਨੀ ਪਾਣੀ ਦਾ ਪੱਧਰ ਨਿੱਤ ਸਾਲ ਨੀਵਾਂ ਗਿਆ। ਖੇਤੀ ਮਹਿੰਗੀ ਹੁੰਦੀ ਗਈ। ਛੋਟਾ ਕਿਸਾਨ ਮਹਿੰਗੀ ਖੇਤੀ ਕਾਰਨ ਖੇਤੀ ਛੱਡਣ 'ਤੇ ਮਜ਼ਬੂਰ ਹੋਇਆ। ਖੇਤ ਮਜ਼ਦੂਰਾਂ ਦੀ ਪਿੰਡਾਂ 'ਚ ਹਾਲਤ 'ਚ ਨਿਘਾਰ ਆਇਆ। ਉਪਰੋਂ ਨਿੱਤ ਨਵੇਂ ਕਿਸਾਨ ਵਿਰੋਧੀ ਆਰਡੀਨੈਂਸਾਂ ਨੇ ਕਿਸਾਨਾਂ ਲਈ ਔਂਕੜਾਂ ਪੈਦਾ ਕੀਤੀਆਂ। ਕਦੇ ਕਿਸਾਨ ਦੀ ਆਮਦਨ ਦੁਗਣੀ ਕਰਨ, ਕਦੇ ਰਾਸ਼ਟਰੀ ਮੰਡੀਆਂ 'ਚ ਅਨਾਜ ਵੇਚਣ ਲਈ ਖੁਲ੍ਹੀ ਮੰਡੀ ਵਾਲੇ 'ਮ੍ਰਿਗਤ੍ਰਿਸ਼ਨਾਮਈ' ਨਾਹਰੇ ਤੇ ਕਾਰੇ ਕਿਸਾਨ ਦਾ ਲੱਕ ਤੋੜਨ (ਕਾਰਪੋਰੇਟ ਸੈਕਟਰ ਦੀਆਂ ਝੋਲੀਆਂ ਭਰਨ ਵਾਲੇ) ਵਾਲੇ ਲਗਾਏ ਜਾ ਰਹੇ ਹਨ। ਬਿਜਲੀ ਸਹੂਲਤ ਉਹਨਾਂ ਤੋਂ ਖੋਹੀ ਜਾ ਰਹੀ ਹੈ। ਸਬਸਿਡੀਆਂ ਖਤਮ ਕਰਨ ਵੱਲ ਅੱਗੇ ਵਧਿਆ ਜਾ ਰਿਹਾ ਹੈ ਅਤੇ ਪੰਜਾਬ ਦੀ ਸਰਕਾਰ ਵੀ ਕੇਂਦਰ ਸਰਕਾਰ ਦਾ ਹੱਥ-ਠੋਕਾ ਬਣ ਕੇ ਨਿੱਜੀਕਰਨ ਵਪਾਰੀਕਰਨ ਦੀਆਂ ਨੀਤੀਆਂ ਨੂੰ ਆਪਣਾ ਖਜ਼ਾਨਾ ਭਰਨ ਦਾ ਅਧਾਰ ਬਣਾ ਰਹੀ ਹੈ। ਜੇਕਰ ਪੰਜਾਬ ਸਰਕਾਰ ਦੀ ਸੋਚ ਲੋਕ ਹਿਤੈਸ਼ੀ ਅਤੇ ਕਲਿਆਣਕਾਰੀ ਹੁੰਦੀ ਹੈ ਤਾਂ ਉਹ ਮੌਨਟੇਕ ਸਿੰਘ ਆਹਲੂਵਾਲੀਆ ਕਮੇਟੀ ਵਿਚ ਲੋਕ ਨੁਮਾਇੰਦਿਆਂ ਨੂੰ ਸ਼ਾਮਲ ਕਰਦੀ ਅਤੇ ਜ਼ਮੀਨੀ ਪੱਧਰ ਉੱਤੇ ਉਹਨਾਂ ਲੋਕਾਂ ਦੀਆਂ ਸਮੱਸਿਆਵਾਂ ਸੁਨਾਉਣ ਦਾ ਰਾਹ ਪੱਧਰਾ ਕਰਦੀ। ਜੇਕਰ ਆਹਲੂਵਾਲੀਆ ਕਮੇਟੀ ਦੀਆਂ ਰਿਪੋਰਟਾਂ ਨੂੰ ਪ੍ਰਵਾਨ ਕੀਤਾ ਜਾਂਦਾ ਹੈ ਤਾਂ ਇਹ ਪੰਜਾਬ ਦੀ ਆਰਥਿਕਤਾ ਦੀ ਤਬਾਹੀ ਤਾਂ ਹੋਏਗਾ ਹੀ ਲੋਕ ਮਾਰੂ ਵੀ ਸਿੱਧ ਹੋਏਗਾ।

# ਪੰਜਾਬੀ ਲਿਖਾਰੀ ਸਭਾ ਕੈਲਗਰੀ ਦੇ ਕਾਰਜਕਾਰੀ ਮੈਂਬਰਾਂ ਨੇ ਸਮਾਜਿਕ ਤੇ ਸਭਿਅਕ ਵਰਤਾਰੇ ਉੱਤੇ ਰਚਨਾਵਾਂ ਤੇ ਵਿਚਾਰਾਂ ਰਾਹੀਂ ਟਿੱਪਣੀ ਕੀਤੀ

ਜੋਰਾਵਰ ਬਾਂਸਲ:-ਪੰਜਾਬੀ ਲਿਖਾਰੀ ਸਭਾ ਕੈਲਗਰੀ ਦੇ ਕਾਰਜਕਾਰੀ ਮੈਂਬਰਾਂ ਨੇ ਪਿਛਲੇ ਮਹੀਨਿਆਂ ਦੀ ਤਰ੍ਹਾਂ ਅਗਸਤ ਮਹੀਨੇ ਦੀ ਮੀਟਿੰਗ ਨੂੰ ਵੀ ਸਿਹਤ ਤੇ ਸਰਕਾਰੀ ਹਿਦਾਇਤਾਂ ਅਨੁਸਾਰ ਮਾਸਕ, ਸੈਨੀਟਾਈਜ਼ਰ ਤੇ ਦੋ ਮੀਟਰ ਦੀ ਦੂਰੀ ਬਣਾ ਕੇ ਆਪਣੀ ਆਪਣੀ ਕੁਰਸੀ ਤੇ ਬੈਠ ਤੇ ਕਿਸੇ ਵੀ ਹੋਰ ਬਾਹਰੀ ਬੁਲਾਰੇ ਤੇ ਚਾਹ ਪਾਣੀ ਆਦਿ ਦਾ ਪ੍ਰਹੇਜ ਕਰਦਿਆਂ ਸਿਰੇ ਚਾੜ੍ਹਿਆ। ਸਭਾ ਦੀ ਮੀਟਿੰਗ ਸ਼ੁਰੂ ਕਰਦਿਆਂ ਜਨਰਲ ਸਕੱਤਰ ਜੋਰਾਵਰ ਬਾਂਸਲ ਨੇ ਸਭ ਨੂੰ ਜੀ ਆਇਆ ਆਖਿਆ। ਕੁਝ ਤਾਜ਼ਾ ਜਾਣਕਾਰੀ ਦੇ ਬਾਅਦ ਸ਼ੋਕ ਮਤੇ ਪੜ੍ਹੇ ਗਏ। ਪਹਿਲਾਂ ਜ਼ਿਕਰ ਹੋਣਹਾਰ ਕਵਿਤਰੀ ਗੁਰਪ੍ਰੀਤ ਗੀਤ ਜੋ ਆਦਮਪੁਰ ਦੇ ਹਸਪਤਾਲ ਵਿੱਚ ਕੈਂਸਰ ਦੀ ਨਾ-ਮੁਰਾਦ ਬੀਮਾਰੀ ਨਾਲ ਜੂਝਦੇ ਸਦੀਵੀ ਵਿਛੋੜਾ ਦੇ ਗਏ। ਜਿਹਨਾਂ ਦੀ ਪਹਿਲੀ ਪੁਸਤਕ 'ਸੁਪਨਿਆਂ ਦੇ ਦਸਤਖ਼ਤ' ਛੱਪ ਕੇ ਰਿਲੀਜ਼ ਲਈ ਤਿਆਰ ਸੀ। ਗੁਰਪ੍ਰੀਤ ਗੀਤ ਡੂੰਘੇ ਅਰਥਾਂ ਦੀ ਕਵਿਤਾ ਲਿਖਦੀ ਸੀ। ਕਿਰਤੀਆਂ ਦੇ ਕਥਾਕਾਰ ਵਜੋਂ ਜਾਣੇ ਜਾਂਦੇ ਕਹਾਣੀਕਾਰ ਭੂਰਾ ਸਿੰਘ ਕਲੇਰ ਜਿਹਨਾਂ 'ਪੰਛੀਆਂ ਦੇ ਆਲ੍ਹਣੇ' 'ਟੁੱਟੇ ਪੱਤੇ' 'ਬੇਗਮ ਫਾਤਿਮਾ' ਤੇ 'ਤ੍ਰਿਹਾਇਆਂ ਧੁੱਖ' ਨਾਮ ਦੀਆਂ ਚਾਰ ਮਹੱਤਵਪੂਰਨ ਪੁਸਤਕਾਂ ਪੰਜਾਬੀ ਸਾਹਿਤ ਦੀ ਝੋਲੀ ਪਾਈਆਂ। ਉਹ ਕਾਫੀ ਸਮੇਂ ਤੋਂ ਬੀਮਾਰ ਸਨ। ਉਹ ਇਸ ਫਾਨੀ ਦੁਨੀਆਂ ਨੂੰ ਅਲਵਿਦਾ ਆਖ ਗਏ। ਉਰਦੂ ਦੇ ਨਾਮਵਰ ਸ਼ਾਇਰ ਰਾਹਤ ਇੰਦੌਰੀ ਵੀ ਸਦੀਵੀ ਵਿਛੋੜਾ ਦੇ ਗਏ ਹਨ। ਪੰਜਾਬੀ ਲਿਖਾਰੀ ਸਭਾ ਨੇ ਇਹਨਾਂ ਸਾਹਿਤਕ ਹਸਤੀਆਂ ਨੂੰ ਸ਼ਰਧਾਜਲੀ ਦਿੱਤੀ ਤੇ ਗਹਿਰੇ ਦੁੱਖ ਦਾ ਪ੍ਰਗਟਾਵਾ ਕੀਤਾ। ਹਰੀਪਾਲ ਨੇ ਇਨਸਾਨੀ ਹੱਕਾਂ ਦੀ ਗੱਲ ਕਰਦਿਆਂ ਮਨੁੱਖੀ ਹੱਕਾਂ ਦੀ ਕਾਰਕੁੰਨ ਇਸਰਾਂ-ਉਲ-ਘੁਮਾਮ ਦੇ ਸਿਰ ਕਲਮ ਕੀਤੇ ਜਾਣ ਦੀ ਸਖਤ ਸ਼ਬਦਾਂ ਵਿੱਚ ਨਿਖੇਧੀ ਕੀਤੀ ਤੇ ਲੇਖਕ, ਪੱਤਰਕਾਰ, ਅਲੋਚਕ ਵਾਰਾਵਾਰਾ ਰਾਓ ਦੇ ਕਰੋਨਾ ਪੀੜਤ ਹੋਣ ਤੇ ਉਹਨਾਂ ਨਾਲ ਕੀਤੇ ਜਾਂਦੇ ਵਰਤਾਰੇ ਦੀ ਨਿਖੇਧੀ ਕੀਤੀ। ਪਰਵਾਰਿਕ ਵਿਸ਼ੇ ਤੇ ਉਹਨਾਂ ਕਿਹਾ ਕਿ ਮਾਂ ਬਾਪ ਨੂੰ ਆਪਣੇ ਬੱਚਿਆਂ ਨੂੰ ਮਿਹਨਤ ਕਰਨ ਦੀ ਆਦਤ ਪਾਉਣੀ ਚਾਹੀਦੀ ਹੈ ਨਾ ਕਿ ਦੌਲਤ ਦੇ ਢੇਰ ਲਾਉਣੇ ਚਾਹੀਦੇ ਹਨ। ਮੰਗਲ ਚੱਠਾ ਨੇ ਰਿਸ਼ਤਿਆਂ ਵਿੱਚ ਆਈ ਗਿਰਾਵਟ ਦੇ ਵਿਸ਼ੇ ਤੇ ਆਪਣੀ ਪ੍ਰਭਾਵਸ਼ਾਲੀ ਰਚਨਾ 'ਪਰਛਾਵੇਂ ਲੱਗਦੇ ਧੁੱਪ ਵਰਗੇ', ਬਲਵੀਰ ਗੋਰਾ ਨੇ ਨਸ਼ਿਆ ਦੀ ਅਲਾਮਤ ਤੇ ਵਿਅੰਗਮਈ ਗੀਤ 'ਯਾਰਾਨਾ ਚਿੱਟੇ ਨਾਲ ਲਾ ਲਿਆ' ਸੁਰ ਵਿੱਚ ਗਾਇਆ ਜੋ ਸਭ ਨੇ ਪਸੰਦ ਕੀਤਾ। ਰਣਜੀਤ ਸਿੰਘ ਨੇ ਲੀਓ ਟਾਲਸਟਾਏ ਦੀ ਪੰਜਾਬੀ ਅਨੁਵਾਦ ਮਿੰਨੀ ਕਹਾਣੀ 'ਪੁੱਤਰ ਦਾ ਪਿਆਰ' ਸੁਣਾਈ ਤੇ ਹੋਰ ਵਿਚਾਰ ਵੀ ਪੇਸ਼ ਕੀਤੇ। ਬਲਜਿੰਦਰ ਸੰਘਾ ਨੇ ਸਰੋਕਾਰਾਂ ਦੀ ਗੱਲ ਕਰਦਿਆਂ ਕਿਹਾ ਕਿ ਰੱਜੇ-ਪੁੱਜੇ ਪੰਜਾਬੀ ਜੋ ਸਭ ਸੁੱਖ ਸਹੂਲਤਾਂ ਹੋਣ ਦੇ ਬਾਵਜੂਦ ਸਟੋਰਾਂ ਵਿੱਚ ਲੱਗੀ ਸੇਲ ਜਾਂ ਫਰੀ ਲੱਗੀਆਂ ਵਸਤਾਂ ਵੇਲੇ ਪੰਜਾਬੀਅਤ ਦੇ ਮਾਣ ਸਨਮਾਨ ਦਾ ਘਾਣ ਕਰਦੇ ਹਨ ਤੇ ਦੁਨੀਆਂ ਵਿੱਚ ਆਪਣੀ ਪੂਰੀ ਕਮਿਊਨਿਟੀ ਦਾ ਸਿਰ ਨੀਵਾਂ ਕਰਦੇ ਹਨ। ਪ੍ਰਧਾਨ ਦਵਿੰਦਰ ਮਲਹਾਂਸ ਨੇ ਰਸੂਲ ਹਮਜ਼ਾਤੋਵ ਦੀ ਸ਼ਾਹਕਾਰ ਰਚਨਾ 'ਮੇਰਾ ਦਾਗਿਸਤਾਨ' ਦੀ ਵਿਸਥਾਰਪੂਰਵਕ ਵਿਆਖਿਆ ਕੀਤੀ। ਇਹ ਕਿਤਾਬ ਕਿਵੇਂ ਜਨਮੀ, ਕਿਵੇਂ ਮੁੱਖਬੰਧ ਤੇ ਨਾਮ ਬਣਿਆ। ਸਭ ਦਾ ਵਰਨਣ ਬਹੁਤ ਹੀ ਰੋਚਕ ਤੇ ਜਾਣਕਾਰੀ ਪੂਰਵਕ ਕੀਤਾ। ਸਾਰੇ ਮੈਂਬਰਾਂ ਦੀ ਵਿਚਾਰ ਚਰਚਾ ਵਿੱਚ ਸੰਸਾਰ ਪੱਧਰ ਦੀਆਂ ਖਬਰਾਂ, ਕੈਨੇਡਾ ਵਿੱਚ ਵੱਧ ਰਹੇ ਪੰਜਾਬੀਆਂ ਦੇ ਸੜਕ ਹਾਦਸੇ ਤੇ ਸੈਰ-ਗਾਹਾਂ ਉੱਪਰ ਡੁੱਬਣ ਵਾਲੀਆਂ ਖ਼ਬਰਾਂ ਉੱਤੇ ਦੁੱਖ ਤੇ ਚਿੰਤਾ ਦਾ ਪ੍ਰਗਟਾਵਾ ਕੀਤਾ। ਅਗਸਤ ਮਹੀਨੇ ਦੀ ਮੀਟਿੰਗ ਬਹੁਤ ਪ੍ਰਭਾਵਸ਼ਾਲੀ ਰਹੀ। ਧੰਨਵਾਦ।

# ਦੇਸ਼ ਦਾ ਭਵਿੱਖ ਤਬਾਹ ਕਰ ਰਹੀ ਭਾਜਪਾ ਸਰਕਾਰ



ਅਮਰੀਕ ਸਿੰਘ
ਕਾਰਜਕਾਰੀ ਪ੍ਰਧਾਨ,
ਇੰਡੀਅਨ ਰੇਲਵੇ
ਇੰਪਲਾਈਜ਼ ਫੈਡਰੇਸ਼ਨ।

ਮੋਦੀ ਸਰਕਾਰ ਦਾ ਨਿੱਜੀਕਰਨ ਦਾ ਏਜੰਡਾ ਹੁਣ ਛੁਪਿਆ ਹੋਇਆ ਏਜੰਡਾ ਨਹੀਂ ਹੈ। ਆਪਣੀ ਪਹਿਲੀ ਪਾਰੀ ਕਿ "ਸੌਗੰਧ ਹੈ ਮੁਝੇ ਇਸ ਮਿੱਟੀ ਕੀ ਮੈਂ ਦੇਸ ਨਹੀਂ ਬਿਕਨੇ ਦੂੰਗਾ" ਤੋਂ ਯੂ-ਟਰਨ ਲੈਂਦਿਆਂ ਮੋਦੀ ਸਰਕਾਰ ਦੂਜੀ ਪਾਰੀ ਵਿੱਚ ਦੇਸ਼ ਦੇ ਹਰ ਵਿਭਾਗ, ਹਰ ਸ਼ੈਅ ਦਾ ਨਿੱਜੀਕਰਨ ਕਰਨ ਦੇ ਹੀ ਨਹੀਂ ਬਲਕਿ ਦੇਸ਼ੀ ਵਿਦੇਸ਼ੀ ਪੂੰਜੀਪਤੀਆਂ ਦੇ ਸਪੁਰਦ ਕਰਨ ਦੇ ਰਸਤੇ ਤੇਜ਼ੀ ਨਾਲ ਪੈ ਚੁੱਕੀ ਹੈ। ਵਿੱਤ ਮੰਤਰੀ ਸੀਤਾਰਮਨ ਸਪੱਸ਼ਟ ਕਹਿ ਚੁੱਕੀ ਹੈ ਕਿ ਦੇਸ਼ ਵਿੱਚ ਇੱਕ ਤੋਂ ਲੈ ਕੇ ਚਾਰ ਵਿਭਾਗ ਹੀ ਸਰਕਾਰੀ ਰਹਿਣਗੇ।ਯਾਨੀ ਹੁਣ ਬਿੱਲੀ ਥੈਲਿਓਂ ਪੂਰੀ ਤਰ੍ਹਾਂ ਬਾਹਰ ਆ ਚੁੱਕੀ ਹੈ। ਮੋਦੀ ਸਰਕਾਰ 'ਰਾਸ਼ਟਰਵਾਦ' ਦੇ ਨਾਮ ਉਪਰ ਦੇਸ਼ ਦੇ ਕੁਲ ਵਿਭਾਗਾਂ ਤੇ ਕੁਲ ਵਸੀਲਿਆਂ ਦੇ ਨਿੱਜੀਕਰਨ ਲਈ ਤੇਜ਼ੀ ਨਾਲ ਅੱਗੇ ਵਧ ਰਹੀ ਹੈ ਅਤੇ ਨਾਲ ਹੀ ਮਜ਼ਦੂਰਾਂ, ਕਿਸਾਨਾਂ, ਨੌਜਵਾਨਾਂ ਸਮੇਤ ਦੇਸ਼ ਦੇ ਸਮੁੱਚੇ ਮਿਹਨਤਕਸ਼ ਲੋਕਾਂ ਨੂੰ ਦੁਨੀਆਂ ਭਰ ਦੀਆਂ ਈਸਟ ਇੰਡੀਆ ਕੰਪਨੀ ਵਰਗੀਆਂ ਤੇ ਉਸ ਤੋਂ ਕਿਤੇ ਵੱਡੀਆਂ ਅਤੇ ਜ਼ਾਲਮ ਹਜ਼ਾਰਾਂ ਕਾਰਪੋਰੇਸ਼ਨਾਂ ਦੇ ਰਹਿਮੋਂ ਕਰਮ ਉੱਪਰ ਛੱਡਣ ਦਾ ਫ਼ੈਸਲਾ ਲੈ ਚੁੱਕੀ ਹੈ। ਹੈਰਾਨੀ ਦੀ ਗੱਲ ਨਹੀਂ ਹੈ ਕਿ ਦੇਸ਼ ਦੇ ਲੋਕ, ਕੁਦਰਤੀ ਵਸੀਲੇ, ਕਿਰਤ ਸ਼ਕਤੀ, ਦੇਸ਼ ਦੀ ਉਪਜ ਆਦਿ ਮੁੜ ਬਹੁਕੌਮੀ ਕਾਰਪੋਰੇਸ਼ਨਾਂ ਦੀ ਗ਼ੁਲਾਮੀ ਵੱਲ ਧੱਕੇ ਜਾ ਰਹੇ ਹਨ ਪ੍ਰੰਤੂ ਰਾਸ਼ਟਰਵਾਦ ਦਾ ਸ਼ੋਰ ਸੰਘ ਪਾੜ-ਪਾੜ ਕੇ ਪਾਇਆ ਜਾ ਰਿਹਾ ਹੈ।

ਕੋਰੋਨਾਵਾਇਰਸ ਸੰਕਟ ਦੌਰਾਨ ਇਕ ਪਾਸੇ ਦੇਸ਼ ਦੇ ਕਰੋਨਾ ਯੋਧਿਆਂ ਦੀ ਤਾਰੀਫ਼, ਹੌਸਲਾ-ਅਫ਼ਜ਼ਾਈ ਤੇ ਸਨਮਾਨ (ਸਿਰਫ ਗੱਲਾਂ ਨਾਲ ਅਤੇ ਥਾਲੀਆਂ-ਤਾੜੀਆਂ ਤੇ ਫੁੱਲਾਂ ਨਾਲ) ਕੀਤਾ ਜਾ ਰਿਹਾ ਸੀ ਦੂਸਰੇ ਪਾਸੇ ਨਿੱਜੀਕਰਨ ਕਰਨ ਲਈ ਕਰੋਨਾ ਸੰਕਟ ਨੂੰ ਮੌਕਾ ਸਮਝ ਕੇ ਦੇਸ਼ ਦੀ ਸਿੱਖਿਆ, ਸਿਹਤ, ਬਿਜਲੀ, ਰੇਲਵੇ, ਬੀਐਸਐਨਐਲ, ਐਲਆਈਸੀ, ਬੀਪੀਸੀਐਲ, ਆਈਓਸੀ, ਆਰਡਨੈਂਸ ਫੈਕਟਰੀਆਂ, ਕੋਲਾ ਉਦਯੋਗ ਆਦਿ ਸਮੇਤ ਦੇਸ਼ ਦੀ ਸਾਰੇ ਸਰਕਾਰੀ ਵਿਭਾਗਾਂ ਤੇ ਸੰਸਥਾਵਾਂ ਉਪਰ ਨਿੱਜੀਕਰਨ ਦਾ ਹਮਲਾ ਬੋਲ ਦਿੱਤਾ ਗਿਆ। ਸਪਸ਼ਟ ਹੈ ਮੋਦੀ ਸਰਕਾਰ ਦੇ ਨੀਤੀ-ਘਾੜੇ ਸ਼ਿਕਾਗੋ ਸਕੂਲ ਆਫ਼ ਇਕਨਾਮਿਕਸ ਅਮਰੀਕਾ ਦੇ ਅਰਥ ਸ਼ਾਸਤਰੀ ਮਿਲਟਨ ਫਰੀਡਮੈਨ (ਜੋ ਸਦਮਾ ਮੱਤ ਦਾ ਜਨਮ ਦਾਤਾ ਹੈ) ਦੇ ਸਬਕ ਕਿ 'ਵੱਡੇ ਸੰਕਟ ਉਡੀਕਦੇ ਰਹੋ ਫੇਰ ਰਾਜ ਦੇ ਵੱਖ-ਵੱਖ ਹਿੱਸੇ ਉਸੇ ਸਮੇਂ ਨਿੱਜੀ ਕਾਰੋਬਾਰੀਆਂ ਨੂੰ ਸੌਂਪ ਦਿਓ। ਜਦੋਂ ਹਾਲੇ ਨਾਗਰਿਕ ਸਦਮੇਂ ਦੀ ਹਾਲਤ 'ਚ ਹੀ ਹੋਣ, ਫੇਰ ਫਟਾਫਟ 'ਸੁਧਾਰਾਂ' ਨੂੰ ਸਥਾਈ ਰੂਪ ਦੇ ਦਿਉ' (ਸੰਕਟ ਚਾਹੇ ਹਕੀਕੀ ਹੋਵੇ ਜਾਂ ਮਨਸੂਈ ਪੈਦਾ ਕੀਤਾ) ਉੱਪਰ ਹੀ ਅਮਲ ਕਰ ਰਹੇ ਹਨ। ਠੀਕ ਉਸੇ ਤਰ੍ਹਾਂ ਜਿਵੇਂ ਅਮਰੀਕਾ ਵਿਚ 9/11 ਦੀ ਘਟਨਾ ਸਮੇਂ ਅਮਰੀਕਾ ਦੇ ਰਾਸ਼ਟਰਪਤੀ ਜਾਰਜ ਡਬਲਿਊ ਬੁਸ਼ ਤੇ ਉਸ ਦਾ ਲਾਣਾ ਇਕ ਪਾਸੇ ਦੇਸ ਦੇ ਅੱਗ ਬੁਝਾਊ ਤੇ ਸਿਹਤ ਕਾਮਿਆਂ (ਜਿਸ ਦੇ ਲਗਭਗ 403 ਕਰਮਚਾਰੀ ਰਾਹਤ ਕਾਰਜ ਕਰਦਿਆਂ ਮੌਤ ਦੇ ਮੂੰਹ ਜਾ ਪਏ ਸਨ) ਨਾਲ ਜੱਫੀਆਂ ਪਾ ਕੇ ਫੋਟੋਆਂ ਖਿਚਵਾ ਰਹੇ ਸਨ ਦੂਜੇ ਪਾਸੇ ਉਹਨਾਂ ਹੀ ਵਿਭਾਗਾਂ ਨੂੰ ਨਿੱਜੀ ਪੂੰਜੀਪਤੀਆਂ ਹਵਾਲੇ ਕਰ ਰਹੇ ਸਨ।

ਦੇਸ਼ ਦੇ ਵਿੱਚ ਕਰੋਨਾ 'ਸਦਮੇਂ' ਸਮੇਂ ਨਿੱਜੀਕਰਨ ਦੀ ਹਨੇਰੀ ਝੁਲਾਉਂਦਿਆਂ ਮੋਦੀ ਸਰਕਾਰ ਬੇਸ਼ਰਮੀ ਨਾਲ ਉਹੀ ਪੁਰਾਣਾ ਘਸਿਆ ਪਿਟਿਆ ਰਾਗ ਜਿਵੇਂ ਕਰਮਚਾਰੀਆਂ ਦੇ ਮਹਿੰਗੇ ਪੈਣ ਦਾ, ਸਰਕਾਰੀ ਵਿਭਾਗਾਂ ਦੇ ਘਾਟੇ ਦਾ, ਵਿਦੇਸ਼ੀ ਪੂੰਜੀ ਤੇ ਤਕਨੀਕ ਦੇ ਆਉਣ ਦਾ, ਮੁਕਾਬਲੇਬਾਜ਼ੀ ਵਧਾਉਣ ਦਾ, ਸੰਸਾਰ ਪੱਧਰੀ ਸੇਵਾਵਾਂ ਦੇਣ ਦਾ ਤੇ ਦੇਸ਼ ਦੇ ਵਿਕਾਸ ਆਦਿ ਦਾ ਅਲਾਪ ਰਹੀ ਹੈ। ਜਦਕਿ 'ਸਦਮਾ ਸਿਧਾਂਤ' ਕਿਤਾਬ ਅਨੁਸਾਰ ਇਹਨਾਂ ਦਾ ਅਸਲ ਉਦੇਸ਼ ਇਹ ਹੈ: 'ਸਟਾਫ ਉਪਰ ਘੱਟ ਤੋਂ ਘੱਟ ਪੈਸਾ ਖ਼ਰਚਿਆ ਜਾਵੇ ਅਤੇ ਜਨਤਾ ਦਾ ਹੋਰ ਵੱਧ ਤੋਂ ਵੱਧ ਪੈਸਾ ਨਿੱਜੀ ਪੂੰਜੀਪਤੀਆਂ ਦੀਆਂ ਤਜ਼ੋਰੀਆਂ ਵਿਚ ਜਾਵੇ'। ਆਓ ਸੰਖੇਪ ਵਿੱਚ ਸਰਕਾਰ ਦੀਆਂ ਦਲੀਲਾਂ ਦੀ ਪੁਣ-ਛਾਣ ਕਰੀਏ।



ਸਰਕਾਰੀ ਨੀਤੀ-ਘਾੜੇ ਚੀਕ-ਚੀਕ ਕੇ ਕਹਿੰਦੇ ਹਨ ਕਿ ਇਕ ਸਰਕਾਰੀ ਕਰਮਚਾਰੀ ਸਰਕਾਰ ਨੂੰ ਪੰਜ ਲੱਖ ਰੁਪਏ ਸਲਾਨਾ ਵਿਚ ਪੈਂਦਾ ਹੈ। ਅਸੀਂ ਜਾਣਦੇ ਹਾਂ ਜਦੋਂ ਉਹ ਦਲੀਲ ਦਿੰਦੇ ਹਨ ਤਾਂ ਉਹਨਾਂ ਦਾ ਸਪਸ਼ਟ ਇਸ਼ਾਰਾ ਦਰਜਾ ਚਾਰ ਅਤੇ ਦਰਜਾ ਤਿੰਨ ਕਰਮਚਾਰੀ ਵੱਲ ਹੀ ਹੁੰਦਾ ਹੈ ਜੋ ਕਿਸੇ ਵੀ ਵਿਭਾਗ ਦੀ ਰੀੜ੍ਹ ਦੀ ਹੱਡੀ ਹੁੰਦੇ ਹਨ। ਅਫਸਰਸ਼ਾਹੀ ਰਾਜਨੀਤਕ ਲੋਕਾਂ ਵਾਂਗ ਕਦੇ ਵੀ ਮਹਿੰਗੀ ਨਹੀਂ ਮੰਨੀ ਜਾਂਦੀ। ਦੇਸ਼ ਦੇ ਨੀਤੀ ਆਯੋਗ ਦੇ ਮੁਤਾਬਕ ਮਾਰਚ 2019 ਵਿੱਚ ਭਾਰਤ ਵਿੱਚ ਪ੍ਰਤੀ ਵਿਅਕਤੀ ਔਸਤ ਆਮਦਨ ਪ੍ਰਤੀ ਮਹੀਨਾ 11254 ਰੁਪਏ ਹੈ। ਉਸ ਹਿਸਾਬ ਨਾਲ ਪ੍ਰਤੀ ਪਰਿਵਾਰ (ਪੰਜ ਮੈਂਬਰੀ) ਔਸਤ ਆਮਦਨ 56270 ਰੁਪਏ ਪ੍ਰਤੀ ਮਹੀਨਾ ਬਣਦੀ ਹੈ। ਭਾਰਤੀ ਰੇਲਵੇ ਦੇ ਪ੍ਰਮੁੱਖ ਅਦਾਰੇ ਰੇਲ ਕੋਚ ਫੈਕਟਰੀ, ਕਪੂਰਥਲਾ ਦੇ ਕੀਤੇ ਇਕ ਅਧਿਐਨ ਮੁਤਾਬਕ ਤਕਨੀਸ਼ੀਅਨਾਂ ਅਤੇ ਸਹਾਇਕਾਂ (ਦਰਜਾ ਤਿੰਨ ਤੇ ਦਰਜਾ ਚਾਰ) ਦੀ ਔਸਤ ਕੁਲ ਤਨਖਾਹ (Gross Salary) 46851 ਰੁਪਏ ਹੈ ਤੇ ਨੈਟ ਤਨਖਾਹ (Net Salary) 26868 ਰੁਪਏ ਬਣਦੀ ਹੈ।ਅਗਰ ਇਸ ਵਿੱਚ ਸੁਪਰਵਾਈਜ਼ਰ, ਮਨਿਸਟਰੀਅਲ ਤੇ ਸੁਰੱਖਿਆ ਸਟਾਫ਼ ਦੀ ਤਨਖ਼ਾਹ ਸ਼ਾਮਲ ਕਰ ਲਈ ਜਾਵੇ ਤਾਂ ਔਸਤ ਕੁਲ ਤਨਖਾਹ 54505 ਰੁਪਏ ਤੇ ਨੈਟ ਤਨਖਾਹ 33801 ਰੁਪਏ ਬਣਦੀ ਹੈ। ਅਗਰ ਇਸ ਵਿਚ ਅਫਸਰਸ਼ਾਹੀ (ਜਿਨ੍ਹਾਂ ਦੀ ਔਸਤਨ ਤਨਖਾਹ ਇੱਕ ਲੱਖ 48 ਹਜ਼ਾਰ 552 ਰੁਪਏ ਬਣਦੀ ਹੈ) ਦੀ ਤਨਖਾਹ ਨੂੰ ਸ਼ਾਮਲ ਕਰ ਲਿਆ ਜਾਵੇ ਤਾਂ ਔਸਤ ਕੁਲ ਤਨਖਾਹ 56471 ਰੁਪਏ ਤੇ ਨੈਟ ਤਨਖਾਹ 35417 ਰੁਪਏ ਹੀ ਬਣਦੀ ਹੈ। ਸਾਫ ਤੇ ਸਪਸ਼ਟ ਹੈ ਭਾਰਤ ਵਿਚ ਪ੍ਰਤੀ ਵਿਅਕਤੀ ਔਸਤ ਆਮਦਨ ਦੇ ਹਿਸਾਬ ਨਾਲ ਕਰਮਚਾਰੀ ਮਹਿੰਗੇ ਨਹੀਂ ਪੈਂਦੇ। ਹਾਂ ਠੇਕੇਦਾਰੀ, ਆਊਟਸੋਰਸਿੰਗ, ਅਸਥਾਈ ਤੇ ਨਿੱਜੀ ਕੰਪਨੀਆਂ ਵਿਚ ਕੰਮ ਕਰਦੇ ਮਜ਼ਦੂਰ ਬੇਇੰਤਹਾ ਲੁੱਟ ਤੇ ਸ਼ੋਸ਼ਣ ਦੇ ਕਾਰਨ ਸਸਤੇ ਜ਼ਰੂਰ ਪੈਂਦੇ ਹਨ।

ਦੂਜੀ ਗੱਲ ਸਰਕਾਰੀ ਵਿਭਾਗਾਂ ਦੇ ਘਾਟੇ ਦੀ, ਸਰਕਾਰੀ ਤੇ ਜਨਤਕ ਅਦਾਰੇ ਸਿਰਫ਼ ਮੁਨਾਫ਼ੇ ਲਈ ਹੀ ਉਸਾਰੇ ਨਹੀਂ ਜਾਂਦੇ। ਇਹਨਾਂ ਨੂੰ ਉਸਾਰਨ ਦੇ ਮਕਸਦ ਬੜੇ ਉੱਚੇ ਤੇ ਸੁੱਚੇ ਹੁੰਦੇ ਹਨ। ਇਹਨਾਂ ਨੂੰ ਮੁਨਾਫਿਆਂ ਦੇ ਸਿੱਧੜ ਜਿਹੇ ਪੈਮਾਨੇ ਨਾਲ ਮਾਪਣਾ ਬਿਲਕੁਲ ਗ਼ਲਤ ਹੈ। ਪ੍ਰੰਤੂ ਜੇਕਰ ਸਰਕਾਰ ਦੇ ਪੈਮਾਨੇ ਮੁਤਾਬਕ ਵੀ ਦੇਖੀਏ ਤਾਂ ਨਰਸਿਮਹਾ ਰਾਓ-ਮਨਮੋਹਨ ਸਿੰਘ ਜੋੜੀ ਵਲੋਂ 1991 ਤੋਂ ਸਾਮਰਾਜੀ ਨੀਤੀਆਂ (ਜਿਨ੍ਹਾਂ ਨੂੰ ਨਿੱਜੀਕਰਨ, ਉਦਾਰੀਕਰਨ, ਸੰਸਾਰੀਕਰਨ ਵੀ ਕਿਹਾ ਜਾਂਦਾ ਹੈ) ਲਈ ਦੇਸ਼ ਦੇ ਦਰਵਾਜ਼ੇ ਚੌਪਟ ਖੋਲ੍ਹਣ ਤੋਂ ਬਾਦ ਸਾਰੇ ਸਰਕਾਰੀ ਅਦਾਰਿਆਂ ਵਿੱਚ ਠੇਕੇਦਾਰੀ, ਆਊਟਸੋਰਸਿੰਗ ਆਦਿ ਵਿੱਚ ਬੇਤਹਾਸ਼ਾ ਵਾਧਾ ਕਰਨ ਦੇ ਬਾਵਜੂਦ, ਵਸਤਾਂ ਅਤੇ ਸੇਵਾਵਾਂ ਦੀਆਂ ਕੀਮਤਾਂ ਵਿਚ ਅੰਧਾ-ਧੁੰਦ ਵਾਧਾ ਕਰਨ ਦੇ ਬਾਵਜੂਦ ਸਰਕਾਰੀ ਅਦਾਰਿਆਂ ਦਾ ਘਾਟਾ ਘਟਣ ਦੀ ਬਜਾਏ ਵੱਧਦਾ ਕਿਉਂ ਜਾ ਰਿਹਾ ਹੈ? ਜੇਕਰ ਰੇਲਵੇ ਦੀ ਹੀ ਗੱਲ ਕਰੀਏ ਤਾਂ ਪਲੇਟਫਾਰਮ ਟਿਕਟ ਜੋ 2011 ਵਿਚ 5 ਰੁਪਏ ਵਿਚ ਮਿਲਦਾ ਸੀ, 2015 ਵਿੱਚ 10 ਰੁਪਏ ਦਾ ਤੇ ਹੁਣ 50 ਰੁਪਏ ਦਾ ਕਰਨ, ਰੇਲਵੇ ਕਿਰਾਏ ਭਾੜੇ ਵਿੱਚ ਪ੍ਰਤੱਖ ਤੇ ਅਪ੍ਰਤੱਖ ਬੇਤਹਾਸ਼ਾ ਵਾਧਾ ਕਰਨ ਤੇ ਹੋਰ ਕਈ ਤਰ੍ਹਾਂ ਦੇ ਬੇਹਿਸਾਬ ਕਰ ਲਗਾਉਣ ਦੇ ਬਾਵਜੂਦ ਤੇ ਲੱਗਭੱਗ 1400 ਕਰੋੜ ਰੁਪਇਆ ਰੱਦ ਕੀਤੀਆਂ ਟਿਕਟਾਂ ਤੋਂ ਕਮਾਉਣ ਦੇ ਬਾਵਯੂਦ ਰੇਲ ਦਾ ਘਾਟਾ ਲਗਾਤਾਰ ਵਧਦਾ ਕਿਓਂ ਜਾ ਰਿਹਾ ਹੈ? ਲਗਭਗ ਪੰਜ ਸਾਲ ਪਹਿਲਾਂ ਦੇਸ਼ ਦੇ ਨੀਤੀ-ਘਾੜਿਆਂ ਵੱਲੋਂ ਸਾਨੂੰ ਦੱਸਿਆ ਜਾ ਰਿਹਾ ਸੀ ਕਿ ਅਗਰ ਰੇਲਵੇ ਸੌ ਰੁਪਏ ਕਮਾਉਂਦੀ ਹੈ ਰੇਲਵੇ ਨੂੰ 92 ਰੁਪਏ ਤਨਖਾਹ, ਭੱਤੇ, ਪੈਨਸ਼ਨ ਤੇ ਰੇਲਵੇ ਦੇ ਰੱਖ ਰਖਾਅ ਉਪਰ ਖ਼ਰਚ ਕਰਨੇ ਪੈਂਦੇ ਹਨ। ਰੇਲ ਦੇ ਵਿਕਾਸ ਲਈ ਰੇਲਵੇ ਕੋਲ ਕੇਵਲ 8 ਫੀਸਦੀ ਪੈਸਾ ਹੀ ਬਚਦਾ ਹੈ। ਲਗਭਗ ਇੱਕ ਸਾਲ ਬਾਅਦ ਇਹ ਅੰਕੜਾ 100/96 ਰੁਪਏ, ਫਿਰ ਜਲਦੀ ਹੀ ਇਹ ਅੰਕੜਾ 100/100 ਰੁਪਏ ਦੱਸਿਆ ਗਿਆ। ਪਿਛਲੇ ਸਾਲ ਤੋਂ ਇਹ ਚੀਕ ਚਿਹਾੜਾ ਪਾਇਆ ਜਾ ਰਿਹਾ ਹੈ ਕਿ ਅਗਰ ਭਾਰਤੀ ਰੇਲਵੇ ਸੌ ਰੁਪਏ ਕਮਾਉਂਦੀ ਹੈ ਉਸ ਨੂੰ 111 ਰੁਪਏ ਖਰਚ ਕਰਨੇ ਪੈਂਦੇ ਹਨ ਯਾਨੀ ਰੇਲਵੇ ਨੂੰ 11 ਫੀਸਦੀ ਘਾਟਾ ਪੈ ਰਿਹਾ ਹੈ। ਹੈਰਾਨੀ ਦੀ ਗੱਲ ਹੈ ਇਹਨਾਂ ਸਮਿਆਂ ਵਿੱਚ ਰੇਲ ਕਰਮਚਾਰੀਆਂ ਦੀ ਸੰਖਿਆ ਤੇਜ਼ੀ ਨਾਲ ਘਟੀ ਹੈ(1995 ਵਿੱਚ ਰੇਲਵੇ ਕਰਮਚਾਰੀਆਂ ਦੀ ਸੰਖਿਆ ਲਗਭਗ 18 ਲੱਖ ਸੀ ਜੋ ਹੁਣ ਘਟ ਕੇ ਲਗਭਗ 11 ਲੱਖ ਰਹਿ ਗਈ ਹੈ) ਤੇ ਠੇਕੇਦਾਰੀ, ਆਊਟਸੋਰਸਿੰਗ ਆਦਿ ਵਿੱਚ ਅੰਧਾ ਧੁੰਦ ਵਾਧਾ ਹੋਇਆ ਹੈ। ਇਸ ਤੋਂ ਵੀ ਹੈਰਾਨੀ ਵਾਲੀ ਗੱਲ ਇਹ ਹੈ ਕਿ ਰੇਲ ਕਰਮਚਾਰੀਆਂ ਤੋਂ ਲੈਕੇ ਰੇਲ ਇੰਜਣ, ਕੋਚ, ਵੈਗਨ, ਤੇ ਰੇਲਵੇ ਢਾਂਚਾ ਪੂਰੀ ਤਰ੍ਹਾਂ ਓਵਰ ਲੋਡਿਡ ਚਲ ਰਿਹਾ ਹੈ। ਇਸ ਸਭ ਕੁਝ ਦੇ ਬਾਵਜੂਦ ਰੇਲ ਘਾਟੇ ਵਿੱਚ ਕਿਵੇਂ ਜਾ ਸਕਦੀ ਹੈ?

ਅਗਲੀ ਗੱਲ ਵਿਦੇਸ਼ੀ ਪੂੰਜੀ ਤੇ ਤਕਨੀਕ ਦੀ- ਅਸਲ ਵਿਚ ਵਿਦੇਸ਼ੀ ਪੂੰਜੀ ਅਤੇ ਤਕਨੀਕ ਦੇ ਨਾਂ ਹੇਠ ਦੇਸ਼ ਦੇ ਲੋਕਾਂ ਨੂੰ ਗੁਮਰਾਹ ਕਰਕੇ ਸਬਜ਼ਬਾਗ਼ ਹੀ ਵਿਖਾਏ ਜਾ ਰਹੇ ਹਨ। ਵਿਦੇਸ਼ੀ ਤਕਨੀਕ, ਵਿਦੇਸ਼ੀ ਪੂੰਜੀ ਆਦਿ ਦੇ ਸਬਜਬਾਗ ਵੇਖਣ ਤੇ ਵਿਖਾਉਣ ਵਾਲਿਆਂ ਨੂੰ ਪੁੱਛਣਾ ਚਾਹੀਦਾ ਹੈ ਕਿ ਕੋਕਾ ਕੋਲਾ, ਪੈਪਸੀ, ਵਾਲਮਾਰਟ ਤੇ ਹੋਰ ਹਜ਼ਾਰਾਂ ਕੰਪਨੀਆਂ ਕੋਲੋਂ ਇਹਨਾਂ ਹੁਣ ਤੱਕ ਕਿਹੜੀ ਤਕਨੀਕ ਹਾਸਲ ਕੀਤੀ ਹੈ? ਉਲਟਾ ਇਨ੍ਹਾਂ ਕੰਪਨੀਆਂ ਨੇ ਕਿੰਨੀਆਂ ਹੀ ਭਾਰਤੀ ਕੰਪਨੀਆਂ ਨੂੰ ਨਿਗਲ ਲਿਆ ਹੈ। ਅਤੇ ਦੇਸ਼ ਦੇ ਲੋਕਾਂ ਦੀ ਅੰਨੀ ਲੁੱਟ ਕਰਕੇ ਮਣਾਂ ਮੂੰਹੀਂ ਸਰਮਾਇਆ ਦੇਸ਼ ਤੋਂ ਬਾਹਰ ਲਿਜਾ ਚੁੱਕੀਆਂ ਹਨ? ਰਹੀ ਗੱਲ ਮੁਕਾਬਲੇਬਾਜ਼ੀ ਦੀ ਤਾਂ ਦੁਨੀਆਂ ਭਰ ਦਾ ਤਜ਼ਰਬਾ ਹੋਰ ਹੀ ਕਹਾਣੀ ਬਿਆਨ ਕਰਦਾ ਹੈ। 'ਸਦਮਾ ਮੱਤ - ਤਬਾਹੀ ਪਸੰਦ ਸਰਮਾਏਦਾਰੀ ਦਾ ਉਭਾਰ' ਕਿਤਾਬ ਦੀ ਲੇਖਕਾ ਨਿਓਮੀ ਕਲਾਈਨ ਏਸ਼ੀਆ ਦੀ ਲੁੱਟ-ਮਾਰ ਬਾਰੇ ਦੱਸਦਿਆਂ ਕਹਿੰਦੀ ਹੈ ਕਿ 'ਵਿਦੇਸ਼ੀ ਫਰਮਾਂ ਉੱਥੇ (ਦੱਖਣੀ ਕੋਰੀਆ ਵਿਚ) ਆਪਣੇ ਕਾਰੋਬਾਰ ਉਸਾਰਨ ਅਤੇ ਮੁਕਾਬਲੇਬਾਜ਼ੀ 'ਚ ਪੈਣ ਨਹੀਂ ਗਈਆਂ ਸਨ ਸਗੋਂ ਸਮੁੱਚਾ ਢਾਂਚਾ, ਕਿਰਤ ਸ਼ਕਤੀ, ਖ਼ਰੀਦਦਾਰਾਂ ਦੀ ਮੰਡੀ ਅਤੇ ਬ੍ਰੈਂਡ ਮੁੱਲ ਜੋ ਕੋਰੀਆ ਦੀਆਂ ਕੰਪਨੀਆਂ ਨੇ ਦਹਾਕੇ ਲਾ ਕੇ ਉਸਾਰਿਆ ਸੀ, ਉਸ ਉੱਪਰ ਕਾਬਜ਼ ਹੋਣ, ਉਨ੍ਹਾਂ ਨੂੰ ਖੇਰੂੰ-ਖੇਰੂੰ ਕਰਨ ਤੇ ਇਹਨਾਂ ਨੂੰ ਠੱਪ ਕਰ ਦੇਣ ਦੇ ਮਕਸਦ ਨਾਲ ਗਈਆਂ ਸਨ ਤਾਂ ਜੋ ਆਪਣੀਆਂ ਦਰਾਮਦਾਂ ਦਾ ਮੁਕਾਬਲਾ ਖਤਮ ਕੀਤਾ ਜਾ ਸਕੇ'। ਦੱਖਣੀ ਕੋਰੀਆ ਵਿਚ ਬਹੁ-ਕੌਮੀ ਕਾਰਪੋਰੇਸ਼ਨਾਂ ਨੇ ਸਥਾਨਕ ਫਰਮਾਂ ਦਾ ਸਫ਼ਾਇਆ ਕਰ ਦਿੱਤਾ ਸੀ। ਬਹੁਕੌਮੀ ਕਾਰਪੋਰੇਸ਼ਨਾਂ ਭਾਰਤ ਵਿਚ ਕੀ ਗੁਲ ਖਿਲਾਉਂਣਗੀਆਂ ਕੀ ਕਿਸੇ ਨੂੰ ਕੋਈ ਭੁਲੇਖਾ ਹੈ? ਸਪਸ਼ਟ ਹੈ ਕਿ ਨਿੱਜੀਕਰਨ ਦੇਸ਼ ਤੇ ਸਮਾਜ ਦੇ ਹਿੱਤ ਵਿੱਚ ਨਹੀਂ ਹੈ।

ਰਹੀ ਗੱਲ ਸੰਸਾਰ ਪੱਧਰੀ ਸੇਵਾਵਾਂ ਦੇਣ ਦੀ ਤਾਂ ਦੇਸ਼-ਦੁਨੀਆ ਦਾ ਤਜ਼ਰਬਾ ਦੱਸਦਾ ਹੈ ਕਿ ਚੰਦ ਪੂੰਜੀਪਤੀਆਂ ਦੀਆਂ ਸਹੂਲਤਾਂ ਦੀ ਕੀਮਤ 'ਤੇ ਦੇਸ਼ ਦੇ ਵੱਡੀ ਗਿਣਤੀ ਗਰੀਬ ਤੇ ਮਿਹਨਤਕਸ਼ ਲੋਕਾਂ ਨੂੰ ਊਰਜਾ, ਆਵਾਜਾਈ, ਸੰਚਾਰ, ਸਿੱਖਿਆ ਤੇ ਸਿਹਤ ਸੇਵਾਵਾਂ ਦੇ ਖੇਤਰ ਵਿਚੋਂ ਬਾਹਰ ਧੱਕ ਕੇ ਨਰਕ ਭੋਗਣ ਲਈ ਮਜਬੂਰ ਕੀਤਾ ਜਾਵੇਗਾ।

ਮੋਦੀ ਸਰਕਾਰ ਜਦੋਂ ਦੇਸ਼ ਵਿਚ ਨਿੱਜੀਕਰਨ ਦੀ ਹਨੇਰੀ ਝੁਲਾ ਰਹੀ ਹੈ, ਵਿਦੇਸ਼ੀ ਕੰਪਨੀਆਂ ਅਤੇ ਵਿਦੇਸੀ ਪੂੰਜੀ ਲਈ ਲਾਲ ਗਲੀਚੇ ਵਿਛਾ ਰਹੀ ਹੈ ਅਤੇ ਇਸ ਨਾਲ ਦੇਸ਼ ਦੇ ਵਿਕਾਸ ਕਰਨ ਦੀ ਦੁਹਾਈ ਪਾ ਰਹੀ ਹੈ ਤਾਂ ਅਸੀਂ ਜਾਣਦੇ ਹਾਂ ਕਿ ਦੇਸ਼ ਕੋਈ ਕਾਗ਼ਜ਼ ਤੇ ਬਣਾਇਆ ਨਕਸ਼ਾ ਨਹੀਂ ਹੁੰਦਾ, ਦੇਸ਼ ਅੰਬਾਨੀ-ਅਡਾਨੀ ਵਰਗੇ ਚੰਦ ਪੂੰਜੀਪਤੀ ਵੀ ਨਹੀਂ ਹੁੰਦੇ। ਦੇਸ਼, ਦੇਸ਼ ਦੇ ਸਮੁੱਚੇ ਨਾਗਰਿਕਾਂ ਨਾਲ ਬਣਦਾ ਹੈ।

ਸੰਸਾਰ ਆਰਥਿਕ ਫੋਰਮ (ਆਕਸਫਾਮ) ਦੀਆਂ ਪਿਛਲੀਆਂ ਰਿਪੋਰਟਾਂ ਸਾਡੀਆਂ ਅੱਖਾਂ ਖੋਲਣ ਲਈ ਕਾਫੀ ਹਨ। ਅੰਬਾਨੀ-ਅਡਾਨੀ ਵਰਗੇ 9 ਧਨਾਢਾਂ ਦੀ ਧਨ-ਦੌਲਤ ਦੇਸ਼ ਦੇ ਕੁੱਲ ਸਾਲਾਨਾ ਬਜਟ ਤੋਂ ਕਿਤੇ ਜ਼ਿਆਦਾ ਵੱਧ ਚੁੱਕੀ ਹੈ। ਦੇਸ਼ ਦੇ ਇਕ ਫੀਸਦੀ ਅਮੀਰ ਦੇਸ਼ ਦੇ 70 ਫ਼ੀਸਦੀ ਗਰੀਬ ਲੋਕਾਂ ਨਾਲੋਂ ਚਾਰ ਗੁਣਾ ਵੱਧ ਧਨ-ਸੰਪਤੀ ਦੇ ਮਾਲਕ ਬਣ ਚੁੱਕੇ ਹਨ। ਜਦੋਂਕਿ ਦੇਸ਼ ਦੇ 66 ਫੀਸਦੀ ਮਿਹਨਤਕਸ਼ ਅਤੇ ਗਰੀਬ ਲੋਕਾਂ ਦੇ ਹਿੱਸੇ ਦੇਸ਼ ਦੇ ਕੁੱਲ ਘਰੇਲੂ ਉਤਪਾਦਨ ਵਿੱਚੋਂ ਮਹਿਜ਼ ਇੱਕ ਫ਼ੀਸਦੀ ਪੈਸਾ ਹੀ ਹਿੱਸੇ ਆਇਆ ਹੈ ਤਾਂ ਸਾਨੂੰ ਸਮਝ ਲੈਣਾ ਚਾਹੀਦਾ ਹੈ ਕਿ ਦੇਸ਼ ਵਿਚ ਨਿੱਜੀਕਰਣ ਕਿਸ ਲਈ ਤੇ ਕਿਉਂ ਕੀਤਾ ਜਾ ਰਿਹਾ ਹੈ।

ਹੋਰ ਵੀ ਚਿੰਤਾਜਨਕ ਗੱਲ ਇਹ ਹੈ ਕਿ ਮੋਦੀ ਸਰਕਾਰ ਨੇ ਅੰਤਰਰਾਸ਼ਟਰੀ ਮੁਦਰਾ ਕੋਸ਼, ਸੰਸਾਰ ਬੈਂਕ ਵਰਗੀਆਂ ਸਾਮਰਾਜੀ ਸੰਸਥਾਵਾਂ ਦੇ ਦਿਸ਼ਾ-ਨਿਰਦੇਸ਼ਾਂ ਉਪਰ ਤੇ ਦੁਨੀਆਂ ਭਰ ਦੀਆਂ ਕਾਰਪੋਰੇਸ਼ਨਾਂ ਤੇ ਪੂੰਜੀਪਤੀਆਂ ਦੀ ਚਾਕਰੀ ਕਰਦਿਆਂ ਨਾ ਸਿਰਫ ਦੇਸ਼ ਦੇ ਸਰਕਾਰੀ ਵਿਭਾਗਾਂ ਤੇ ਸੰਸਥਾਵਾਂ ਦੇ ਨਿੱਜੀਕਰਨ ਲਈ ਅੱਤ ਚੁੱਕੀ ਹੋਈ ਹੈ ਬਲਕਿ ਦੇਸ਼ ਦੇ ਮਜ਼ਦੂਰਾਂ, ਕਿਸਾਨਾਂ ਨੌਜਵਾਨਾਂ ਤੇ ਮਿਹਨਤਕਸ਼ ਲੋਕਾਂ ਨਾਲ ਖੁੱਲ੍ਹੀ ਮੰਡੀ ਦੇ ਨਾਮ ਉਪਰ ਕੀਮਤਾਂ ਨੂੰ ਕੰਟਰੋਲ ਮੁਕਤ ਕਰ, ਕਿਰਤ ਕਾਨੂੰਨਾਂ ਦਾ ਘਾਣ ਕਰ, ਕਿਸਾਨਾਂ ਦੀਆਂ ਫਸਲਾਂ ਦੇ ਘੱਟੋ ਘੱਟ ਸਮਰਥਨ ਮੁੱਲ ਨੂੰ ਖਤਮ ਕਰ, ਹਰ ਕਿਸਮ ਦੀਆਂ ਸਬਸਿਡੀਆਂ ਦਾ ਖ਼ਾਤਮਾ ਕਰ ਦੇਸ਼ ਦੇ ਸਮੁੱਚੇ ਮਿਹਨਤਕਸ਼ ਲੋਕਾਂ ਵਿਰੁੱਧ ਸਿੱਧੀ ਲੜਾਈ ਦਾ ਐਲਾਨ ਕਰ ਦਿੱਤਾ ਹੈ।

ਸੰਖੇਪ ਵਿੱਚ ਸਾਰ-ਤੱਤ ਇਹ ਹੈ ਕਿ ਅਗਰ ਮੋਦੀ ਸਰਕਾਰ ਆਪਣੇ ਨਾਪਾਕ ਮਨਸੂਬਿਆਂ ਵਿੱਚ ਕਾਮਯਾਬ ਹੋ ਗਈ ਤਾਂ ਕੀ ਹੋਵੇਗਾ। ਵਿਸ਼ਵ ਪ੍ਰਸਿੱਧ ਕਿਤਾਬ 'ਸਦਮਾ ਮੱਤ' ਇੱਥੇ ਫਿਰ ਸਾਡਾ ਰਾਹ ਰੁਸਨਾਉਂਦੀ ਹੋਈ ਦੱਸਦੀ ਹੈ ਕਿ ਸਦਮਾ ਨੀਤੀਆਂ ਦਾ ਸਹਾਰਾ ਲੈ ਕੇ ਜਿੰਨ੍ਹਾਂ- ਜਿੰਨ੍ਹਾਂ ਦੇਸ਼ਾਂ ਵਿੱਚ ਨਿੱਜੀਕਰਨ ਕੀਤਾ ਗਿਆ। ਉੱਥੇ-ਉੱਥੇ ਖ਼ੁਦਕੁਸ਼ੀਆਂ ਦੀ ਦਰ ਇਕਦਮ ਦੁੱਗਣੀ ਹੋ ਗਈ, ਵੇਸਵਾਗਮਨੀ, ਗ਼ਰੀਬੀ, ਮਹਿੰਗਾਈ, ਬੇਰੁਜ਼ਗਾਰੀ, ਭ੍ਰਿਸ਼ਟਾਚਾਰ, ਫਿਰਕਾਪ੍ਰਸਤੀ ਤੇ ਜੁਰਮਾਂ ਆਦਿ ਵਿੱਚ ਇੰਨਾ ਵਾਧਾ ਹੋਇਆ ਕਿ ਉਹਨਾਂ ਮੁਲਕਾਂ ਵਿਚ ਖ਼ਾਨਾਜੰਗੀ ਵਰਗਾ ਮਹੌਲ ਬਣ ਗਿਆ। ਆਪਣੇ ਦੇਸ਼ ਵਿੱਚ ਵੀ ਅਸੀਂ ਅਜਿਹਾ ਮਾਹੌਲ ਬਣਿਆ ਅਤੇ ਬਣਦਾ ਵੀ ਵੇਖ ਰਹੇ ਹਾਂ। ਕੀ ਅਸੀਂ ਆਪਣੀਆਂ ਆਉਣ ਵਾਲੀਆਂ ਨਸਲਾਂ ਲਈ ਅਜਿਹਾ ਦੇਸ਼ ਤੇ ਸਮਾਜ ਛੱਡ ਕੇ ਜਾਵਾਂਗੇ? ਅਸੀਂ ਦੇਸ਼ ਤੇ ਦੇਸ਼ ਦੇ ਲੋਕਾਂ ਨੂੰ ਬਚਾਉਣ ਲਈ ਲੜਾਈ ਲੜ੍ਹ ਆਪਣੇ ਸ਼ਾਨਾਮੱਤੇ ਇਤਿਹਾਸ ਤੇ ਇਤਿਹਾਸਕ ਨਾਇਕਾਂ ਦੀਆਂ ਅਤੇ ਆਪਣੇ ਫੁੱਲਾਂ ਵਰਗੇ ਬੱਚਿਆਂ ਤੇ ਭਵਿੱਖ ਦੀ ਅੱਖਾਂ ਵਿੱਚ ਅੱਖ ਮਿਲਾਉਣੀ ਹੈ ਜਾਂ ਅੱਖਾਂ ਚੁਰਾਉਣੀਆਂ ਹਨ। ਇਸਦਾ ਫੈਸਲਾ ਦੇਸ਼ ਦੇ ਲੋਕਾਂ ਨੇ ਕਰਨਾ ਹੈ।

ਇਕ ਗੱਲ ਤਾਂ ਸਪਸ਼ਟ ਹੈ ਕਿ ਜਿਵੇਂ ਸ਼ਹੀਦ ਭਗਤ ਸਿੰਘ ਹੁਰਾਂ ਨੇ ਕਿਹਾ ਸੀ 'ਜੰਗ ਤਾਂ ਹਰ ਹਾਲ ਜਾਰੀ ਰਹੇਗੀ। ਉਦੋਂ ਤੱਕ ਜਦੋਂ ਤੱਕ ਮਨੁੱਖ ਹੱਥੋਂ ਮਨੁੱਖ ਤੇ ਕੌਮ ਹੱਥੋਂ ਕੌਮ ਦੀ ਲੁੱਟ ਖਤਮ ਨਹੀਂ ਹੋ ਜਾਂਦੀ'। ਸਵਾਲ ਤਾਂ ਇਹ ਹੈ ਕਿ ਕੀ ਅਸੀਂ ਇਹ ਜੰਗ ਖੁਦ ਲੜਨੀ ਤੇ ਜਿੱਤਣੀ ਹੈ ਜਾਂ ਕਰਜ਼ ਦੇ ਰੂਪ ਵਿੱਚ ਆਪਣੇ ਬੱਚਿਆਂ ਲਈ ਛੱਡ ਉਨ੍ਹਾਂ ਦੇ ਗੁਨਾਹਗਾਰ ਬਣਨਾ ਹੈ। ਆਓ ਇਸ ਦਾ ਫ਼ੈਸਲਾ ਕਰੀਏ। ਅੱਜ ਸਮਾਂ ਇਸ ਗੱਲ ਦੀ ਮੰਗ ਕਰਦਾ ਹੈ ਕਿ ਦੇਸ ਵਿਚ ਮਜ਼ਦੂਰਾਂ, ਕਿਸਾਨਾਂ, ਨੌਜਵਾਨਾਂ, ਕਰਮਚਾਰੀਆਂ, ਵਿਦਿਆਰਥੀਆਂ ਤੇ ਸਮੁੱਚੇ ਮਿਹਨਤਕਸ਼ ਲੋਕਾਂ ਦਾ ਸਾਂਝਾ ਤੇ ਵਿਸ਼ਾਲ ਮੰਚ ਉਸਾਰਿਆ ਜਾਵੇ ਤੇ ਮੋਦੀ ਸਰਕਾਰ ਦੀਆਂ ਸਾਮਰਾਜੀ ਨੀਤੀਆਂ ਨੂੰ ਚੁਣੌਤੀ ਦਿੱਤੀ ਜਾਵੇ।



# ਕਰੋਨਾ ਤੇ ਹੋ ਰਹੀ ਖੋਜ



ਡਾ ਬਲਜਿੰਦਰ ਸਿੰਘ ਸੇਖੋਂ
001 905 781 1197




ਜਦ ਤੋਂ ਕਰੋਨਾ ਦਾ ਕਹਿਰ ਸ਼ੁਰੂ ਹੋਇਆ ਹੈ ਇਸ ਬਾਰੇ ਨਵੀਂ ਖੋਜ ਤੋਂ ਨਵੇਂ ਤੱਥ ਸਾਹਮਣੇ ਆ ਰਹੇ ਹਨ। ਕਰੋਨਾ ਜਿਸ ਦੇ ਨਾ ਧੜ, ਨਾ ਸਿਰ, ਨਾ ਪੈਰ, ਜੋ ਕਿਸੇ ਨੂੰ ਬਿਮਾਰ ਕਰਕੇ ਖੁਸ਼ ਨਹੀਂ ਹੋ ਸਕਦਾ ਅਤੇ ਨਾ ਹੀ ਅਪਣੇ ਨਾਲ ਦਿਆਂ ਦੇ ਜਾਣ ਤੇ ਦੁਖੀ ਹੋ ਸਕਦਾ ਹੈ, ਕਿਉਂਕਿ ਇਨ੍ਹਾਂ ਗੱਲਾਂ ਨੂੰ ਮਹਿਸੂਸ ਕਰਨ ਵਾਲਾ ਦਿਮਾਗ ਇਸ ਵਿਚ ਨਹੀਂ, ਨੇ ਸਾਰੀ ਦੁਨੀਆਂ ਨੂੰ ਵੱਖਤ ਪਾਇਆ ਹੋਇਆ ਹੈ। ਇਹ ਤਾਂ ਪੂਰਾ ਸੂਰਾ ਇੱਕ ਸੈੱਲ (ਮਨੁੱਖੀ ਸਰੀਰ ਤਕਰੀਬਨ 30 ਖਰਬ ਸੈੱਲਾਂ ਦਾ ਬਣਿਆਂ ਹੁੰਦਾ ਹੈ) ਵੀ ਨਹੀਂ। ਇਸ ਨੂੰ ਅਪਣੀ ਅਗਲੀ ਪੁਸ਼ਤ ਪੈਦਾ ਕਰਨ ਲਈ ਕਿਸੇ ਹੋਰ ਦੇ ਸੈੱਲ ਵਿਚਲੀਆਂ ਅੰਗੜੀਆਂ ਦਾ ਸਹਾਰਾ ਲੈਣਾ ਪੈਂਦਾ ਹੈ। ਇਸ ਦੀ ਇਹੀ ਮਜ਼ਬੂਰੀ, ਜਦ ਇਹ ਅਪਣੇ ਵਾਧੇ ਲਈ ਮਨੁੱਖ ਦੇ ਸੈੱਲ ਵਰਤਦਾ ਹੈ, ਮਨੱਖ ਵਿਚ ਬਿਮਾਰੀ ਦਾ ਕਾਰਨ ਬਣਦੀ ਹੈ। ਕਿਸੇ ਜੀਵ ਤੋਂ ਬਾਹਰ ਇਹ ਨਿਰਜੀਵ ਹੈ ਪਰ ਕਿਸੇ ਸੈੱਲ ਵਿਚ ਜਾ ਕੇ ਉਸ ਤੇ ਅਪਣਾ ਕਬਜ਼ਾ ਕਰ ਲੈਂਦਾ ਹੈ ਅਤੇ ਉਸ ਦੇ ਅਪਣੇ ਸਾਰੇ ਕੰਮ ਕਾਜ ਛੱਡਾ ਅਪਣੇ ਆਪ ਵਰਗੇ ਹੋਰ ਵਾਇਰਸ ਬਣਾਉਣ ਲਈ ਮਜ਼ਬੂਰ ਕਰ ਦਿੰਦਾ ਹੈ। ਸਾਡਾ ਸਰੀਰ ਇਸ ਦੇ ਵਿਰੁਧ ਲੜਨ ਅਤੇ ਇਸ ਨੂੰ ਖਤਮ ਕਰਨ ਤੇ ਸਾਰਾ ਤਾਣ ਲਾ ਦਿੰਦਾ ਹੈ। ਜਦ ਇਸ ਦੇ ਕਣ ਸਾਹ ਨਾਲ ਫੇਫੜਿਆਂ ਵਿਚ ਚਲੇ ਜਾਂਦੇ ਹਨ ਤਾਂ ਸਰੀਰ ਇਨ੍ਹਾਂ ਖਿਲਾਫ ਲੜਨ ਤੇ ਵਾਹ ਲਾਉਂਦਾ ਅਪਣਾ ਤਾਪਮਾਨ ਵਧਾ ਲੈਂਦਾ ਹੈ, ਜਿਸ ਨੂੰ ਅਸੀਂ ਬੁਖਾਰ ਕਹਿੰਦੇ ਹਾਂ। ਜਦ ਪੰਜ ਛੇ ਦਿਨ ਇਹ ਨਾ ਕਾਬੂ ਵਿਚ ਆਵੇ ਤਾਂ ਕਈ ਵਾਰ ਸਰੀਰ ਲੋੜੋਂ ਵੱਧ ਤਾਣ ਲਾਉਂਦਾ ਹੋਇਆ, ਫੇਫੜਿਆਂ ਵਿਚ ਅਪਣੇ ਸਾਰੇ ਫੌਜੀ (ਚਿੱਟੇ ਰਕਤਾਣੂ ਅਤੇ ਸੁਨੇਹੇ ਦੇਣ ਵਾਲੇ ਛੋਟੇ ਪ੍ਰੋਟੀਨ ਵਗੈਰਾ) ਵੱਡੀ ਮਾਤਰਾ ਵਿਚ ਇਕੱਠੇ ਕਰ ਲੈਂਦਾ ਹੈ, ਜਿਸ ਕਾਰਨ ਫੇਫੜਿਆਂ ਵਿਚ ਸੋਜ ਆ ਜਾਂਦੀ ਹੈ, ਚਿਪਕਣੇ ਤਰਲ ਪਦਾਰਥ ਸੈੱਲਾਂ ਵਿਚੋਂ ਰਿਸਣ ਲਗਦੇ ਹਨ ਅਤੇ ਮਹੀਨ ਸਾਹ ਥੈਲੀਆਂ, ਜਿਨ੍ਹਾਂ ਵਿਚੋਂ ਆਕਸੀਜਨ ਨੇ ਖੂਨ ਵਿਚ ਰਲਣਾ ਹੁੰਦਾ ਹੈ, ਉਤੇ ਇਨ੍ਹਾਂ ਫਾਲਤੂ ਲੇਸਦਾਰ ਰਸਾਇਣਾ ਦਾ ਲੇਪ ਜਿਹਾ ਹੋ ਜਾਂਦਾ ਹੈ, ਜਿਸ ਨਾਲ ਖੂੰਨ ਵਿਚ ਆਕਸੀਜਨ ਘੱਟ ਜਾਣ ਲਗਦੀ ਹੈ, ਸਾਹ ਘੁਟਣ ਲਗਦਾ ਹੈ ਅਤੇ ਕਈ ਵਾਰ ਹਸਪਤਾਲ ਵਿਚ ਵਾਧੂ ਆਕਸੀਜਨ ਦੇਣ ਜਾਂ ਮਸ਼ੀਨ ਨਾਲ ਸਾਹ ਦੇਣ ਉਪਰੰਤ ਵੀ ਮਰੀਜ਼ ਦੀ ਜਾਨ ਚਲੀ ਜਾਂਦੀ ਹੈ। ਬੁਖਾਰ, ਸੁੱਕੀ ਖੰਘ ਅਤੇ ਥਕਾਵਟ ਇਸ ਬਿਮਾਰੀ ਦੀਆਂ ਆਮ ਅਲਾਮਤਾ ਹਨ ਪਰ ਕਈ ਮਰੀਜ਼ਾਂ ਵਿਚ ਗਲਾ ਖਰਾਬ ਹੋਣਾ, ਸਿਰ ਦਰਦ, ਸਰੀਰ ਦੇ ਪੱਠਿਆਂ ਵਿਚ ਦਰਦ, ਦਸਤ ਲਗਣ, ਸਰੀਰ ਤੇ ਪਿੱਤ ਵਾਂਗ ਦਾਣੇ, ਹੱਥਾਂ ਤੇ ਪੈਰਾਂ ਦੀਆਂ ਉਂਗਲਾਂ ਦਾ ਬਦਰੰਗ ਹੋਣ ਜਿਹੀਆਂ ਨਿਸ਼ਾਨੀਆਂ ਵੀ ਵੇਖੀਆਂ ਗਈਆਂ ਹਨ।

ਕਰੋਨਾ ਵਾਇਰਸ ਦੀ ਇਹ ਬਿਮਾਰੀ ਜੰਗਲ ਵਿਚ ਲੱਗੀ ਅੱਗ ਵਾਂਗ ਹੈ, ਜਿਸ ਨਾਲ ਸੁੱਕਾ ਘਾਹ ਬੂਟ, ਸੁਕੀਆਂ ਝਾੜੀਆਂ ਜਾਂ ਸੁੱਕੇ ਦਰਖਤ ਸੜ ਕੇ ਨਵੇਂ ਬੂਟਿਆਂ ਲਈ ਰਾਹ ਪੱਧਰਾ ਕਰਦੇ ਹਨ। ਇਹ ਬਿਮਾਰੀ ਵੀ ਕਮਜ਼ੋਰ, ਕਿਸੇ ਨਾ ਕਿਸੇ ਬਿਮਾਰੀ ਤੋਂ ਪੀੜਤ ਜਾ ਵੱਡੀ ਉਮਰ ਕਾਰਨ ਕਮਜ਼ੋਰ ਹੋ ਚੁੱਕੀ ਸਰੀਰ ਸੁਰੱਖਿਆ ਪ੍ਰਣਾਲੀ ਵਾਲੇ ਮਰੀਜ਼ਾਂ ਦੀ ਜਾਨ ਲੈ ਰਹੀ ਹੈ। ਪਰ ਮਨੁੱਖ ਲਈ ਅਪਣਾ ਹਰ ਸਨੇਹੀ ਪਿਆਰਾ ਹੈ ਅਤੇ ਉਹ ਕਿਨੀ ਵੀ ਵੱਡੀ ਉਮਰ ਦਾ ਜਾਂ ਕਿਸੇ ਬਿਮਾਰੀ ਕਾਰਨ ਕਮਜ਼ੋਰ ਹੀ ਕਿਉਂ ਨਾ ਹੋਵੇ, ਉਸ ਦੇ ਜਾਣ ਦਾ ਬਹੁਤ ਦੁੱਖ ਹੁੰਦਾ ਹੈ। ਕਨੇਡਾ ਵਿਚ ਇਸ ਬਿਮਾਰੀ ਦੇ ਆਉਣ ਤੇ 80× ਮੌਤਾਂ 80 ਸਾਲ ਦੀ ਉਮਰ ਤੋਂ ਵੱਧ ਵਿਅੱਕਤੀਆਂ ਦੀਆਂ ਹੋਈਆਂ। ਜਿਆਦਾ ਤਰ ਮਰੀਜ਼ ਥੋੜੇ ਬਹੁਤ ਤੰਗ ਹੋ ਕੇ ਠੀਕ ਹੋ ਜਾਂਦੇ ਹਨ ਅਤੇ ਮਰਨ ਵਾਲਿਆਂ ਦੀ ਗਿਣਤੀ ਕੁਲ ਮਰੀਜ਼ਾਂ ਦਾ 3.8× ਹੀ ਹੈ ਪਰ ਦੁਨੀਆਂ ਭਰ ਵਿਚ ਕੁਲ ਮਰੀਜ਼ਾਂ ਦਾ ਅੰਕੜਾ ਦੋ ਕਰੋੜ ਦੇ ਨੇੜੇ ਤੇੜੇ ਜਾਣ ਨਾਲ ਕੁਲ ਮੌਤਾਂ 7 ਲੱਖ ਦੇ ਨੇੜੇ ਪਹੁੰਚ ਗਈਆਂ ਹਨ। ਇਸ ਦੇ ਤੇਜੀ ਨਾਲ ਵੱਧਣ ਦਾ ਕਾਰਨ, ਬਿਮਾਰੀ ਦੇ ਕਣਾਂ ਦਾ ਮਰੀਜ਼ ਵਿਚ ਨਿਸ਼ਾਨੀਆਂ ਆਉਣ ਤੋਂ ਪਹਿਲਾਂ ਹੀ ਨੱਕ, ਮੂੰਹ ਜਾਂ ਅੱਖਾਂ ਦੇ ਪਾਣੀ ਵਿਚੋਂ ਨਿਕਲ ਅੱਗੇ ਫੈਲਣਾ ਹੈ। ਉਸ ਵਿਅਕਤੀ ਵਿਚ ਕਿਉਂਕਿ ਬਿਮਾਰੀ ਦਾ ਕੋਈ ਲੱਛਣ ਨਹੀਂ ਹੁੰਦਾ ਇਸ ਲਈ ਨਾ ਤਾਂ ਉਹ ਆਪ ਨਾ ਹੀ ਉਸ ਨੂੰ ਮਿਲਣ ਗਿਲਣ ਵਾਲੇ ਸਾਵਧਾਨੀਆਂ ਵਰਤਦੇ ਹਨ।

ਇਸ ਬਿਮਾਰੀ ਨੂੰ ਫੈਲਣ ਤੋਂ ਰੋਕਣ, ਇਸ ਤੋਂ ਬਚਣ ਅਤੇ ਇਲਾਜ ਲਈ ਵੱਡੀ ਪੱਧਰ ਤੇ ਯਤਨ ਹੋ ਰਹੇ ਹਨ। ਇਸ ਤੋਂ ਬਚਣ ਲਈ ਮਾਸਕ ਪਾਏ ਜਾਣ ਕਿ ਨਾ ਦਾ ਮੁੱਦਾ ਕਾਫੀ ਗਰਮ ਰਿਹਾ ਹੈ। ਸੰਸਾਰ ਸਿਹਤ ਸੰਸਥਾ ਦੇ ਬੁਲਾਰੇ ਦਾ ਪਹਿਲਾਂ ਪਹਿਲ ਇਹ ਕਹਿਣਾ ਸੀ ਕਿ ਇਹ ਹਵਾ ਰਾਹੀਂ ਨਹੀਂ ਫੈਲਦਾ, ਜੇਕਰ ਫੈਲਦਾ ਹੁੰਦਾ ਤਾਂ ਇੱਕ ਕਮਰੇ ਵਿਚ ਕਿਸੇ ਮਰੀਜ਼ ਨਾਲ ਬੈਠੇ ਸਾਰੇ ਲੋਕ ਬਿਮਾਰ ਹੋਣੇ ਚਾਹੀਦੇ ਸਨ, ਜੋ ਵੇਖਣ ਵਿਚ ਨਹੀਂ ਆ ਰਿਹਾ। ਇਸ ਬਾਰੇ ਸਿੱਧੀ ਖੋਜ ਤਾਂ ਕੋਈ ਨਹੀਂ ਹੋਈ ਪਰ ਤਕਰੀਬਨ 200 ਡਾਕਟਰਾਂ ਵਲੋਂ ਸੰਸਾਰ ਸਿਹਤ ਸੰਸਥਾ ਦੇ ਮੁਖੀ ਨੂੰ ਲਿਖੇ ਪੱਤਰ ਦੇ ਆਧਾਰ ਤੇ ਉਸ ਨੇ ਜਿਥੇ ਬੰਦ ਕਮਰਾ ਹੋਵੇ, ਲੋਕ ਨੇੜੇ ਨੇੜੇ ਬੈਠੇ ਹੋਣ, ਉਸ ਥਾਂ ਮਾਸਕ ਪਾਉਣ ਦੀ ਸਿਫਾਰਿਸ਼ ਕੀਤੀ ਹੈ। ਇਨ੍ਹਾਂ ਡਾਕਟਰਾਂ ਦਾ ਤਰਕ ਸੀ ਕਿ ਇਹ ਵਾਇਰਸ ਆਮ ਜ਼ੁਕਾਮ ਕਰਨ ਵਾਲੇ ਕਿਟਾਣੂਆਂ ਨਾਲ ਮਿਲਦਾ ਹੈ, ਜੇਕਰ ਉਹ ਹਵਾ ਰਾਹੀਂ ਫੈਲ ਸਕਦੇ ਹਨ ਤਾਂ ਇਹ ਕਿਉਂ ਨਹੀਂ ਫੈਲੇਗਾ।

ਮਾਤਾ, ਪੋਲੀਓ, ਡੈਂਗੂ, ਏਡਜ਼, ਖਸਰਾ, ਈਬੋਲਾ, ਹਲਕਾਅ, ਜ਼ੁਕਾਮ ਆਦਿ ਵਾਂਗਰ ਕਰੋਨਾ ਵੀ ਵਾਇਰਸ ਦੀ ਬਿਮਾਰੀ ਹੈ। ਇੱਕ ਵਾਰ ਬਿਮਾਰੀ ਸ਼ੁਰੂ ਹੋ ਜਾਵੇ ਤਾਂ ਰੋਕਣ ਲਈ ਸਾਡੇ ਕੋਲ ਕੋਈ ਦਵਾਈ ਨਹੀਂ। ਦੂਸਰੇ ਕਿਟਾਣੂਆਂ ਜਿਵੇਂ ਬੈਕਟੀਰੀਆ (ਕੋਹੜ, ਹੈਜ਼ਾ, ਟੀ ਬੀ, ਪਲੇਗ) ਆਦਿ ਨੂੰ ਸਰੀਰ ਵਿਚੋਂ ਖਤਮ ਕਰਨ ਲਈ ਕਈ ਕਿਸਮ ਦੀਆਂ ਦਵਾਈਆਂ ਹਨ ਜਿਵੇਂ ਪੈਂਨਸਲੀਨ, ਸਟਰੈਪਟੋਮਾਈਸੀਨ ਆਦਿ। ਵਾਇਰਸ ਦੀ ਬਿਮਾਰੀ ਹੋਣ ਤੇ ਸਾਡੇ ਸਰੀਰ ਦੀ ਸੁਰੱਖਿਆ ਪ੍ਰਣਾਲੀ ਹੀ ਇਨ੍ਹਾਂ ਦਾ ਟਾਕਰਾ ਕਰਕੇ ਇਨ੍ਹਾਂ ਨੂੰ ਖਤਮ ਕਰ ਸਕਦੀ ਹੈ। ਜਿਸ ਵਿਅੱਕਤੀ ਦੀ ਸੁਰੱਖਿਆ ਪ੍ਰਣਾਲੀ ਨੇ ਇਸ ਨੂੰ ਖਤਮ ਕਰ ਲਿਆ ਤੇ ਉਹ ਰਾਜ਼ੀ ਹੋ ਗਿਆ ਤਾਂ ਜੇਕਰ ਉਸ ਨੂੰ ਦੁਬਾਰਾ ਵਾਇਰਸ ਬਿਮਾਰ ਕਰਨ ਦੀ ਕੋਸ਼ਿਸ਼ ਕਰੇ ਤਾਂ ਸੁਰੱਖਿਆ ਪ੍ਰਣਾਲੀ ਦੇ ਪਹਿਲਾਂ ਹੀ ਤਿਆਰ ਬੈਠੇ ਟੀ ਸੈੱਲ (ਇਕ ਕਿਸਮ ਦੇ ਸਿਪਾਹੀ) ਉਸ ਨੂੰ ਸਰੀਰ ਵਿਚ ਫੈਲਣ ਤੋਂ ਰੋਕ ਦਿੰਦੇ ਹਨ। ਜਾਂ ਫਿਰ ਇਨ੍ਹਾਂ ਵਾਇਰਸਾਂ ਤੋਂ ਬਚਣ ਲਈ ਵੈਕਸੀਨ ਬਣਾਈ ਜਾਂਦੀ ਹੈ, ਜੋ ਆਮ ਕਰਕੇ ਉਸ ਵਾਇਰਸ ਦੇ ਕਮਜ਼ੋਰ ਕੀਤੇ ਕਣ ਹੀ ਹੁੰਦੇ ਹਨ, ਜੋ ਕਿਸੇ ਵਿਅੱਕਤੀ ਨੂੰ ਬਿਮਾਰ ਨਹੀਂ ਕਰਦੇ ਪਰ ਸਰੀਰ ਦੀ ਸੁਰੱਖਿਆ ਪ੍ਰਣਾਲੀ ਨੂੰ ਇਸ ਦੇ ਖਿਲਾਫ ਚੇਤਿਨ ਕਰ ਜਾਂਦੇ ਹਨ ਅਤੇ ਅਸਲ ਬਿਮਾਰੀ ਆਉਣ ਤੇ ਪਹਿਲਾਂ ਹੀ ਤਿਆਰ ਬਾਰ ਤਿਆਰ ਸਿਪਾਹੀ ਉਸ ਦਾ ਅੰਦਰ ਆਉਣ ਤੇ ਹੀ ਨਾਸ਼ ਕਰ ਦਿੰਦੇ ਹਨ। ਜਿਨੀ ਦੇਰ ਵੈਕਸੀਨ ਨਹੀਂ ਬਣਦੀ, ਉਨੀ ਦੇਰ ਇਸ ਤੋਂ ਬਚਣ ਦੀ ਲੋੜ ਹੈ। ਇਸ ਲਈ ਬੇਲੋੜਾ ਘਰੋਂ ਬਾਹਰ ਨਾ ਜਾਣਾ, ਇੱਕ ਦੂਸਰੇ ਤੋਂ ਛੇ ਫੁੱਟ ਦੀ ਦੂਰੀ ਬਣਾਈ ਰੱਖਣੀ, ਬੰਦ ਥਾਂਵਾਂ ਤੇ ਮਾਸਕ ਪਾਉਣਾ, ਕਿਸੇ ਵੀ ਅਣਜਾਣ ਥਾਂ ਤੇ ਹੱਥ ਲਗਣ ਤੇ ਨੱਕ ਮੂੰਹ ਨੂੰ ਲਾਉਣ ਤੋਂ ਪਹਿਲਾਂ ਸਾਬਣ ਨਾਲ ਚੰਗੀ ਤਰ੍ਹਾਂ ਧੋਣਾ, ਜਾਂ ਅਲਕੋਹਲ ਨਾਲ ਕਿਟਾਣੂ ਰਹਿਤ ਕਰਨਾ, ਵਰਗੀਆਂ ਸਾਵਧਾਨੀਆਂ ਨੂੰ ਅਪਣਾਉਣਾ ਜਰੂਰੀ ਹੈ। ਇਸ ਬਿਮਾਰੀ ਦੇ ਇਲਾਜ ਲਈ ਕਈਆਂ ਵਲੋਂ, ਖਾਸ ਕਰ ਬਾਰ ਬਾਰ ਅਮਰੀਕਾ ਦੇ ਪ੍ਰਧਾਨ ਡੋਨਲਡ ਟਰੰਪ ਵਲੋਂ ਪ੍ਰਚਾਰ ਕੀਤੇ ਗਏ ਨਿਰਅਧਾਰ ਟੋਟਕਿਆਂ ਨੂੰ ਰੱਦ ਕਰਨ ਲਈ ਸਾਇੰਸਦਾਨਾ ਨੂੰ ਖੋਜ ਕਰਨੀ ਪਈ ਅਤੇ ਅਖੀਰ ਉਨ੍ਹਾਂ ਕਹਿ ਦਿੱਤਾ ਕਿ ਮਲੇਰੀਏ ਦੀ ਦਵਾਈ ਹਾਈਡਰੋਕਸੀ ਕਲੋਰੋਕਿਊਂਨ ਕੋਰਨਾ ਨੂੰ ਰੋਕਣ ਵਿਚ ਕੋਈ ਮਦਦ ਨਹੀਂ ਕਰਦੀ, ਸਗੋਂ ਇਹ ਕਈ ਮਰੀਜ਼ਾਂ ਵਿਚ ਦਿਲ ਦੀਆਂ ਮੁਸ਼ਕਲਾਂ ਪੈਦਾ ਕਰਦੀ ਹੈ। ਭਾਰਤ ਦੇ ਯੋਗ ਗੁਰੂ ਰਾਮਦੇਵ ਵਲੋਂ ਵੀ ਇੱਕ ਦੇਸੀ ਦਵਾਈ ਨੂੰ ਰਾਮ ਬਾਣ ਕਹਿ ਕੇ ਪ੍ਰਚਾਰਨ ਦਾ ਸ਼ੁਰੂ ਕੀਤਾ ਕੰਮ, ਸਰਕਾਰ ਨੂੰ ਛੇਤੀ ਬੰਦ ਕਰਵਾਉਣਾ ਪਿਆ। ਇਕ ਦਵਾਈ ਜਿਸ ਦੀ ਈਬੋਲਾ ਦੇ ਇਲਾਜ ਲਈ ਖੋਜ ਕੀਤੀ ਗਈ ਸੀ, ਰੈਮਡੀਸੀਵਾਇਰ, ਵੀ ਇਸ ਵਾਇਰਸ ਕਾਰਨ ਹੁੰਦੀਆਂ ਮੌਤਾਂ ਦੀ ਦਰ ਘਟਾਉਣ ਵਿਚ ਕਾਮਯਾਬ ਨਹੀਂ ਹੈ,

ਇਸ ਬਿਮਾਰੀ ਦੇ ਫੈਲਾਅ ਦੇ ਰੁਕਣ ਦਾ ਦੂਸਰਾ ਕਾਰਨ ਬਣਦਾ ਹੈ ਕਾਫੀ ਲੋਕਾਂ ਦਾ ਬਿਮਾਰ ਹੋ ਜਾਣਾ, ਜਿਸ ਨੂੰ ਝੁੰਡ ਸੁਰੱਖਿਆ (ਹਰਡ ਇਮਿਊਨਿਟੀ) ਕਿਹਾ ਜਾਂਦਾ ਹੈ। ਜਦ ਕੋਈ ਬਿਮਾਰ ਹੋ ਕੇ ਠੀਕ ਹੋ ਜਾਂਦਾ ਹੈ ਤਾਂ ਉਸ ਦਾ ਸਰੀਰ ਵਾਇਰਸ ਤੋਂ ਬਿਮਾਰ ਨਹੀਂ ਹੁੰਦਾ, ਸੋ ਉਸ ਵਿਚ ਇਹ ਵਾਇਰਸ ਇੱਕ ਤੋਂ ਕਰੋੜਾਂ ਦੀ ਗਿਣਤੀ ਵਿਚ ਨਹੀਂ ਵੱਧ ਸਕਦਾ। ਜਦ ਵਾਇਰਸ ਇੱਕ ਤੋਂ ਦੂਸਰੇ ਵਿਅੱਕਤੀ ਵਿਚ ਜਾਂਦਾ ਹੈ, ਜੇਕਰ ਉਸ ਨੂੰ ਬਿਮਾਰੀ ਨਹੀਂ ਲੱਗੀ ਤਾਂ ਇਸ ਦੀ ਗਿਣਤੀ (ਅਬਾਦੀ) ਕਰੋੜਾਂ ਗੁਣਾ ਵਧ ਜਾਂਦੀ ਹੈ ਅਤੇ ਉਹ ਵਿਅਕਤੀ ਅੱਗੇ ਕਿਨੇ ਹੀ ਲੋਕਾਂ ਨੂੰ ਬਿਮਾਰੀ ਲਾ ਸਕਦਾ ਹੈ। ਪਰ ਜੇਕਰ ਉਹ ਪਹਿਲਾਂ ਰਾਜ਼ੀ ਹੋ ਚੁੱਕਿਆ ਹੋਵੇ ਤਾਂ ਵਾਇਰਸ ਦੇ ਕਣ ਉਸ ਦੇ ਸਰੀਰ ਤੇ ਜਾ ਕੇ ਖਤਮ ਹੋ ਜਾਂਦੇ ਹਨ ਅਤੇ ਬਿਮਾਰੀ ਦਾ ਵਧਣਾ ਰੁੱਕ ਜਾਂਦਾ ਹੈ। ਇਸ ਨੁਕਤੇ ਨੇ ਕੁਝ ਕੁ ਰੋਲ ਨਿਭਾਇਆ ਫਰਾਂਸ ਅਤੇ ਇਟਲੀ ਵਿਚ ਜਿਥੇ ਅਬਾਦੀ ਦੀ ਵੱਡੀ ਗਿਣਤੀ ਬਿਮਾਰ ਹੋ ਗਈ ਅਤੇ ਇਹ ਬਿਮਾਰੀ ਕੁਦਰਤੀ ਤੌਰ ਤੇ ਹੀ ਘਟ ਗਈ। ਇਨ੍ਹਾਂ ਦੇਸ਼ਾਂ ਵਿਚ ਵੱਡੀ ਗਿਣਤੀ ਵਿਚ ਮੌਤਾਂ ਦਾ ਕਾਰਨ ਬੁਢਿਆਂ ਦੀ ਗਿਣਤੀ ਜਿਆਦਾ ਹੋਣਾ ਸੀ। ਓਨਟਾਰੀਓ ਵਿਚ ਵੀ ਪਹਿਲਾਂ ਪਹਿਲ ਇਸ ਵਾਇਰਸ ਨਾਲ ਹੋਣ ਵਾਲੀਆਂ ਮੌਤਾਂ ਵਿਚ 80× ਲੋਕ 80 ਸਾਲ ਦੀ ਉਮਰ ਤੋਂ ਵੱਡੇ ਸਨ। ਦੂਸਰਾ ਤਰੀਕਾ ਹੈ ਇਸ ਨੂੰ ਦੇਸ਼ ਵਿਚੋਂ ਪੂਰੀ ਤਰ੍ਹਾਂ ਖਤਮ ਕਰਨ ਦਾ, ਇਹ ਚੀਨ ਅਤੇ ਦੱਖਣੀ ਕੋਰੀਆ ਨੇ ਕਰ

(ਬਾਕੀ ਸਫ਼ਾ 16 'ਤੇ)

## ਇੱਕ ਵਾਰ ਦੋਸ਼ੀ ਕਰਾਰ ਦੇ ਕੇ ਫੇਰ ਕਿਤੇ ਕਹੋ ਇਹ ਤਾਂ ਆਦਤੋਂ ਅਪਰਾਧੀ ਹੈ



ਚੱਲ ਖਹਿੜਾ ਛੁੱਟਿਆ...

ਅਦਾਲਤ ਦੀ ਮਾਣਹਾਨੀ ਦੇ ਮਾਮਲੇ ਵਿੱਚ ਸੀਨੀਅਰ ਵਕੀਲ ਪ੍ਰਸ਼ਾਂਤ ਭੂਸ਼ਣ ਨੇ ਮੁਆਫ਼ੀ ਮੰਗਣ ਤੋਂ ਇਨਕਾਰ ਕਰ ਦਿੱਤਾ ਸੀ। ਸੁਪਰੀਮ ਕੋਰਟ ਵੱਲੋਂ ਅੱਜ ਉਨ੍ਹਾਂ ਨੂੰ 01 ਰੁਪਈਆ ਜ਼ੁਰਮਾਨਾ ਕੀਤਾ ਗਿਆ ਹੈ। 15 ਸਤੰਬਰ ਤੱਕ ਜ਼ੁਰਮਾਨਾ ਨਾ ਜਮ੍ਹਾਂ ਕਰਾਉਣ ਦੀ ਸੂਰਤ ਵਿੱਚ ਤਿੰਨ ਮਹੀਨੇ ਦੀ ਸਜ਼ਾ ਭੁਗਤਣੀ ਪੈ ਸਕਦੀ ਹੈ। ਨਾਲ ਹੀ 3 ਸਾਲ ਤੱਕ ਪ੍ਰੈਕਟਿਸ ਕਰਨ 'ਤੇ ਰੋਕ ਵੀ ਲੱਗ ਸਕਦੀ ਹੈ। ਚੱਲ ਮਾਮਲਾ ਨਿੱਬੜਿਆ ਤੇ ਖਹਿੜਾ ਛੁੱਟਿਆ। ਇਹ ਖਹਿੜਾ ਕਿਸ ਦਾ ਛੁੱਟਿਆ......

- ਸੁਖਵੀਰ ਜੋਗਾ

## 'ਸਰੋਕਾਰਾਂ ਦੀ ਆਵਾਜ਼' ਦੇ ਡਿਜ਼ਾਇਨਰ ਨੂੰ ਸਦਮਾ ਭਣੋਈਆ ਸਵਰਗਵਾਸ

'ਸਰੋਕਾਰਾਂ ਦੀ ਆਵਾਜ਼' ਦੇ ਡਿਜ਼ਾਇਨਰ ਅਤੇ ਪੰਜਾਬ ਤੋਂ ਵਿਸ਼ੇਸ਼ ਪ੍ਰਤੀਨਿਧ ਬਲਜਿੰਦਰ ਸਿੰਘ ਵੜੈਚ ਨੂੰ ਉਸ ਸਮੇਂ ਭਾਰੀ ਸਦਮਾ ਪੁੱਜਿਆ ਜਦੋਂ ਉਨ੍ਹਾਂ ਭਣੋਈਏ ਸ੍ਰ. ਰਣਜੀਤ ਸਿੰਘ ਸੋਹਾਣਾ (ਮੋਹਾਲੀ) ਦੀ ਅਚਾਨਕ ਮੌਤ ਹੋ ਗਈ। ਇਸ ਅਚਾਨਕ ਹੋਈ ਦੁਖਦਾਇਕ ਮੌਤ ਨਾਲ ਸਾਰੇ ਪਰਿਵਾਰ ਨੂੰ ਭਾਰੀ ਸਦਮਾ ਪਹੁੰਚਿਆ ਹੈ। ਸ੍ਰ. ਰਣਜੀਤ ਸਿੰਘ ਸੋਹਾਣਾ ਇਕ ਵਧੀਆ, ਸ਼ਾਂਤ ਅਤੇ ਸੰਤ ਸੁਭਾਅ ਦੇ ਮਾਲਕ ਸਨ। ਨਿੱਘੇ ਸੁਭਾਅ ਦੇ ਇਨਸਾਨ ਵਜੋਂ ਬਹੁਤ ਹੀ ਕਰੀਬ ਤੋਂ ਦੇਖਿਆ ਜੋ ਹਰ ਕਿਸੇ ਨਾਲ ਪਿਆਰ ਨਾਲ ਬੋਲਣਾ ਕਿਸੇ ਨਾਲ ਵੱਧ ਘੱਟ ਨਾ ਗੱਲ ਕਰਨ ਵਾਲਾ ਇਨਸਾਨ ਸਦਾ ਲਈ ਇਸ ਦੁਨੀਆ ਨੂੰ ਅਲਵਿਦਾ ਕਹਿ ਗਿਆ। ਪ੍ਰਮਾਤਮਾ ਰਣਜੀਤ ਸਿੰਘ ਦੇ ਪਰਿਵਾਰ ਅਤੇ ਸਾਕ ਸਬੰਧੀਆਂ ਨੂੰ ਭਾਣਾ ਮੰਨਣ ਦਾ ਬਲ ਬਖਸ਼ੇ। ਅਦਾਰਾ 'ਸਰੋਕਾਰਾਂ ਦੀ ਆਵਾਜ਼' ਅਤੇ 'ਪ੍ਰੋਗਰੈਸਿਵ ਕਲਚਰਲ ਐਸੋਸੀਏਸ਼ਨ ਕੈਲਗਰੀ' ਇਸ ਦੁੱਖ ਦੀ ਘੜੀ ਵਿਚ ਪਰਿਵਾਰ ਨਾਲ ਦੁੱਖ ਸਾਂਝਾ ਕਰਦਾ ਹੋਇਆ ਸ਼ਰਧਾਂਜਲੀ ਅਰਪਿਤ ਕਰਦਾ ਹੈ।








# ਹਜੂਮੀ ਹਿੰਸਾ ਨਾਲ ਜੂਝ ਰਹੀ ਪੱਤਰਕਾਰੀ



ਬੂਟਾ ਸਿੰਘ ਨਵਾਂਸ਼ਹਿਰ
94634-74342

11 ਅਗਸਤ ਨੂੰ ਉੱਤਰ-ਪੂਰਬੀ ਦਿੱਲੀ ਦੇ ਸੁਭਾਸ਼ ਨਗਰ ਵਿਚ ਕਾਰਵਾਂ ਮੈਗਜ਼ੀਨ ਦੇ ਤਿੰਨ ਪੱਤਰਕਾਰਾਂ ਉੱਪਰ ਹਿੰਸਕ ਹਜੂਮ ਦਾ ਹਮਲਾ ਆਪਮੁਹਾਰੀ ਮਾਮੂਲੀ ਭੜਕਾਹਟ ਨਹੀਂ ਸੀ। ਇਹ ਆਰ.ਐੱਸ.ਐੱਸ-ਭਾਜਪਾ ਵੱਲੋਂ ਮੀਡੀਆ ਨੂੰ ਦਹਿਸ਼ਤ ਅਤੇ ਸੱਤਾ ਦੀ ਧੌਂਸ ਨਾਲ ਕੰਟਰੋਲ ਕਰਨ ਦੀ ਨੀਤੀ ਦਾ ਹਿੱਸਾ ਹੈ। ਇਹ ਜੱਗ ਜ਼ਾਹਿਰ ਹਕੀਕਤ ਹੈ ਕਿ ਜ਼ਿਆਦਾਤਰ ਮੀਡੀਆ ਆਰ.ਐੱਸ.ਐੱਸ.-ਭਾਜਪਾ ਦਾ ਪ੍ਰਚਾਰ ਵਿਭਾਗ ਬਣ ਚੁੱਕਾ ਹੈ ਅਤੇ ਪੂਰੀ ਬੇਸ਼ਰਮੀ ਨਾਲ ਹਿੰਦੂ ਰਾਸ਼ਟਰ ਦੇ ਏਜੰਡੇ ਨੂੰ ਪ੍ਰਚਾਰ ਰਿਹਾ ਹੈ। ਪੱਤਰਕਾਰੀ ਦੇ ਅਸੂਲਾਂ ਨੂੰ ਪ੍ਰਣਾਏ ਗਿਣਤੀ ਦੇ ਪ੍ਰਕਾਸ਼ਨ ਸਮੂਹ ਹੀ ਬਚੇ ਹਨ ਜਿਹਨਾਂ ਨੇ ਆਪਣੀ ਜ਼ਮੀਰ ਨਹੀਂ ਵੇਚੀ। ਉਹ ਤੱਥਪੂਰਨ ਰਿਪੋਰਟਿੰਗ ਕਰਦਿਆਂ ਦਹਿਸ਼ਤ ਅਤੇ ਧਮਕੀਆਂ ਦਾ ਸਾਹਮਣਾ ਵੀ ਕਰ ਰਹੇ ਹਨ ਅਤੇ ਸੰਕਟ ਦੇ ਵਕਤ ਆਪਣੇ ਪੱਤਰਕਾਰਾਂ ਨਾਲ ਡੱਟ ਕੇ ਖੜ੍ਹਦੇ ਵੀ ਹਨ। ਇਸੇ ਹਿੱਸੇ ਨੂੰ ਦਬਾਉਣ ਲਈ ਹਜੂਮੀ ਹਿੰਸਾ ਦਾ ਸਹਾਰਾ ਲਿਆ ਜਾ ਰਿਹਾ ਹੈ।

ਸੀਏਏ-ਐੱਨਆਰਸੀ ਖ਼ਿਲਾਫ਼ ਉੱਠੀ ਵਿਆਪਕ ਲੋਕ ਆਵਾਜ਼ ਨੂੰ ਦਬਾਉਣ ਲਈ ਫਰਵਰੀ 2020 ’ਚ ਆਰ.ਐੱਸ.ਐੱਸ.-ਭਾਜਪਾ ਵੱਲੋਂ ‘ਦੇਸ਼ ਕੇ ਗ਼ੱਦਾਰੋਂ ਕੋ, ਗੋਲੀ ਮਾਰੋ ਸਾਲੋਂ ਕੋ’ ਦਾ ਨਾਅਰਾ ਦੇ ਕੇ ਉੱਤਰ-ਪੂਰਬੀ ਦਿੱਲੀ ਵਿਚ ਪੁਲਿਸ ਦੀ ਮਿਲੀਭੁਗਤ ਨਾਲ ਜੋ ਕਤਲੇਆਮ ਅਤੇ ਲੁੱਟਮਾਰ ਕਰਵਾਈ ਸੀ ਉਸ ਵਿਚ 53 ਲੋਕ ਮਾਰੇ ਗਏ ਸਨ। ਗੁਜਰਾਤ ਕਤਲੇਆਮ-2002 ’ਚ ਹਮਲਾਵਰ ਹਜੂਮ ਦਾ ਨਾਅਰਾ ਸੀ - ‘ਯੇ ਅੰਦਰ ਕੀ ਬਾਤ ਹੈ, ਪੁਲਿਸ ਹਮਾਰੇ ਸਾਥ ਹੈ’, ਦਿੱਲੀ ਵਿਚ ਹਮਲਾਵਰ ‘ਦਿੱਲੀ ਪੁਲਿਸ ਜ਼ਿੰਦਾਬਾਦ!’ ਦੇ ਨਾਅਰੇ ਲਗਾ ਰਹੇ ਸਨ। ਪੁਲਿਸ ਦੀ ਐਨੀ ਉੱਘੜਵੀਂ ਮਿਲੀਭੁਗਤ ਦੇ ਬਾਵਜੂਦ ਮੀਡੀਆ ਦੇ ਜ਼ਿਆਦਾਤਰ ਹਿੱਸੇ ਵੱਲੋਂ ਇਸ ਨੂੰ ਦੰਗੇ ਬਣਾ ਕੇ ਪੇਸ਼ ਕੀਤਾ ਗਿਆ ਜਦਕਿ ਇਹ ਘੱਟਗਿਣਤੀ ਦੀ ਹੱਕ-ਜਤਾਈ ਨੂੰ ਕੁਚਲਣ ਲਈ ਇਕ ਪੂਰੀ ਤਰ੍ਹਾਂ ਯੋਜਨਾਬੱਧ ਕਤਲੇਆਮ ਸੀ। ਪਹਿਲਾਂ ਹੀ ਹਾਸ਼ੀਏ ਉੱਪਰ ਰਹਿ ਰਹੀ ਮੁਸਲਿਮ ਘੱਟਗਿਣਤੀ ਉੱਪਰ ਢਾਹੇ ਗਏ ਇਸ ਕਹਿਰ ਦੇ ਤੱਥ ਅਜੇ ਪੂਰੀ ਤਰ੍ਹਾਂ ਨਸ਼ਰ ਵੀ ਨਹੀਂ ਸੀ ਹੋਏ ਕਿ ਘਿਣਾਉਣੀ ਹਿੰਸਾ ਦੀ ਹਕੀਕਤ ਕੋਰੋਨਾ ਅਤੇ ਕਰਫ਼ਿਊ ਦੀਆਂ ਖ਼ਬਰਾਂ ਹੇਠ ਦਫ਼ਨ ਹੋ ਗਈ। ਇਹਨਾਂ ਹਾਲਾਤ ਵਿਚ ਕਾਰਵਾਂ ਨੇ ਫਰਵਰੀ ਕਤਲੇਆਮ ਤੋਂ ਬਾਦ ਦੀ ਜ਼ਮੀਨੀ ਹਕੀਕਤ ਨੂੰ ਸਾਹਮਣੇ ਲਿਆਉਣ ਲਈ ਇਨਸਾਫ਼ ਲਈ ਸੰਘਰਸ਼ ਪ੍ਰਤੀ ਦਿੱਲੀ ਪੁਲਿਸ ਦੇ ਰਵੱਈਏ ਬਾਰੇ ਵਿਸਤਾਰਤ ਰਿਪੋਰਟਿੰਗ ਸ਼ੁਰੂ ਕੀਤੀ। ਇਸ ਰਿਪੋਰਟ ਨੇ ਉਹਨਾਂ ਮਜ਼ਲੂਮਾਂ ਦੀ ਦਾਸਤਾਨ ਨੂੰ ਜ਼ੁਬਾਨ ਦਿੱਤੀ ਜੋ ਨਾ ਸਿਰਫ਼ ਭਗਵੇਂ ਲਸ਼ਕਰਾਂ ਅਤੇ ਪੁਲਿਸ ਦੀ ਮਿਲੀਭੁਗਤ ਦੇ ਚਸ਼ਮਦੀਦ ਗਵਾਹ ਸਨ ਅਤੇ ਉਹਨਾਂ ਵਿੱਚੋਂ ਕਈਆਂ ਨੇ ਇਸ ਮਿਲੀਭੁਗਤ ਦਾ ਕਹਿਰ ਆਪਣੇ ਪਿੰਡਿਆਂ ਉੱਪਰ ਝੱਲਿਆ ਹੈ ਸਗੋਂ ਉਹ ਅੱਜ ਵੀ ਇਸ ਨਾਪਾਕ ਗੱਠਜੋੜ ਦੀਆਂ ਧਮਕੀਆਂ ਤੋਂ ਬੇਪ੍ਰਵਾਹ ਹੋ ਕੇ ਇਨਸਾਫ਼ ਲਈ ਲੜ ਰਹੇ ਹਨ।

ਕਾਨੂੰਨ ਦਾ ਡਰ ਨਾ ਹੋਣ ਕਾਰਨ ਆਰ.ਐੱਸ.ਐੱਸ-ਭਾਜਪਾ ਵੱਲੋਂ ਲਾਮਬੰਦ ਕੀਤੇ ਫਿਰਕੂ ਲਸ਼ਕਰਾਂ ਦੇ ਹੌਸਲੇ ਹੋਰ ਵੀ ਬੁਲੰਦ ਹੋ ਗਏ। ਇਸ ਦਾ ਅਸਰ ਰਾਮ ਮੰਦਰ ਦੇ ‘ਭੂਮੀ-ਪੂਜਨ’ ਦੀ ਰਸਮ ਨੂੰ ਮਿਲੇ ਪੁਰਜੋਸ਼ ਹੁੰਗਾਰੇ ਦੇ ਰੂਪ ’ਚ ਦੇਖਿਆ ਗਿਆ। ਜਦ 5 ਅਗਸਤ ਨੂੰ ਆਰ.ਐੱਸ.ਐੱਸ ਮੁਖੀ ਮੋਹਨ ਭਾਗਵਤ ਨੇ ਨਰਿੰਦਰ ਮੋਦੀ ਨਾਲ ਮਿਲ ਕੇ ਅਯੁੱਧਿਆ ਵਿਚ ਰਾਮ ਮੰਦਰ ਦਾ ਨੀਂਹ-ਪੱਥਰ ਰੱਖਿਆ ਤਾਂ ਇਸ ਹੈਂਕੜਬਾਜ਼ ਕਾਰਵਾਈ ਦੇ ਜਸ਼ਨ ਸੰਘ ਪਰਿਵਾਰ ਵੱਲੋਂ ਪੂਰੇ ਮੁਲਕ ਵਿਚ ਮਨਾਏ ਗਏ। ਉੱਤਰ-ਪੂਰਬੀ ਦਿੱਲੀ ਦੇ ਸੁਭਾਸ਼ ਨਗਰ ਦੇ ਭਗਵੇਂ ਹਮਾਇਤੀਆਂ ਨੇ ਤਾਂ ਹੋਰ ਵੀ ਜ਼ਿਆਦਾ ਜੋਸ਼ ਦਿਖਾਇਆ। ਉਹਨਾਂ ਨੇ ਨਾ ਸਿਰਫ਼ ਆਪਣੇ ਘਰਾਂ ਉੱਪਰ ਆਰ.ਐੱਸ.ਐੱਸ. ਦੇ ਭਗਵੇਂ ਝੰਡੇ ਲਗਾਏ ਸਗੋਂ ਮੁਸਲਿਮ ਗਲੀਆਂ ਦੇ ਗੇਟਾਂ ਉੱਪਰ ਵੀ ਧੱਕੇ ਨਾਲ ਝੰਡੇ ਬੰਨ੍ਹ ਦਿੱਤੇ ਗਏ। ‘ਜੈ ਸ਼੍ਰੀ ਰਾਮ’ ਅਤੇ ਮੁਸਲਿਮ ਵਿਰੋਧੀ ਭੜਕਾਊ ਨਾਅਰੇ ਵੀ ਲਗਾਏ ਗਏ। ਇਹ ਉਹੀ ਇਲਾਕਾ ਹੈ ਜਿੱਥੇ ਫਰਵਰੀ ਵਿਚ ਭਗਵੇਂ ਲਸ਼ਕਰਾਂ ਨੇ ਵਿਆਪਕ ਫਿਰਕੂ ਹਿੰਸਾ ਨੂੰ ਅੰਜਾਮ ਦਿੱਤਾ ਸੀ, ਮਾਰੂਫ਼ ਅਲੀ ਨੂੰ ਸਰੇਆਮ ਗੋਲੀ ਮਾਰ ਕੇ ਮਾਰ ਦਿੱਤਾ ਸੀ ਅਤੇ ਦੋ ਹੋਰ ਨੌਜਵਾਨਾਂ ਸ਼ਮਸ਼ਾਦ ਅਤੇ ਰੇਹਾਨ ਨੂੰ ਵੀ ਗੋਲੀ ਮਾਰ ਕੇ ਬੁਰੀ ਤਰ੍ਹਾਂ ਜ਼ਖ਼ਮੀ ਕਰ ਦਿੱਤਾ ਗਿਆ ਸੀ।



ਝੰਡੇ ਲਹਿਰਾਉਣ ਅਤੇ ਹਿੰਦੂਤਵੀ ਨਾਅਰੇ ਲਗਾਉਣ ਦੀ ਭੜਕਾਊ ਹਰਕਤ ਤੋਂ ਮੁਸਲਿਮ ਫਿਰਕੇ ਦਾ ਦਹਿਸ਼ਤਜ਼ਦਾ ਹੋਣਾ ਸੁਭਾਵਿਕ ਸੀ। ਕੁਛ ਮੁਸਲਿਮ ਔਰਤਾਂ ਨੇ ਇਸ ਬਾਬਤ 6 ਅਗਸਤ ਨੂੰ ਭਜਨਪੁਰਾ ਥਾਣੇ ਵਿਚ ਰਪਟ ਦਰਜ ਕਰਾਉਣ ਦੀ ਕੋਸ਼ਿਸ਼ ਕੀਤੀ ਲੇਕਿਨ ਪੁਲਿਸ ਨੇ ਰਪਟ ਦਰਜ ਨਹੀਂ ਕੀਤੀ। ਪੀੜਤ ਪਰਿਵਾਰਾਂ ਦੇ ਵਕੀਲ ਵੱਲੋਂ ਵਾਰ-ਵਾਰ ਥਾਣੇ ਫ਼ੋਨ ਕਰਕੇ ਪੁਲਿਸ ਨੂੰ ਸਵਾਲ ਕੀਤੇ ਜਾਣ ’ਤੇ 8 ਅਗਸਤ ਦੀ ਰਾਤ ਨੂੰ ਪੁਲਿਸ ਨੇ ਔਰਤਾਂ ਨੂੰ ਥਾਣੇ ਸੱਦਿਆ। 10 ਮੁਸਲਿਮ ਔਰਤਾਂ ਇਸੇ ਸੰਬੰਧੀ ਥਾਣੇ ਗਈਆਂ। ਜਦ ਔਰਤਾਂ ਨੇ ਐੱਫ.ਆਈ.ਆਰ. ਦੀ ਨਕਲ ਮੰਗੀ ਤਾਂ ਥਾਣੇ ਦੇ ਅੰਦਰ 17 ਸਾਲ ਦੀ ਇਕ ਲੜਕੀ, ਉਸ ਦੀ ਮਾਂ ਅਤੇ ਇਕ ਹੋਰ ਔਰਤ ਨੂੰ ਪੁਲਿਸ ਅਧਿਕਾਰੀਆਂ ਵੱਲੋਂ ਬੁਰੀ ਤਰ੍ਹਾਂ ਜ਼ਲੀਲ ਕੀਤਾ ਗਿਆ। ਉਹਨਾਂ ਦੇ ਵਾਰ-ਵਾਰ ਬੇਰਹਿਮੀ ਨਾਲ ਥੱਪੜ ਮਾਰੇ ਗਏ, ਉਹਨਾਂ ਉੱਪਰ ਜਿਨਸੀ ਹਮਲਾ ਕਰਕੇ ਇਕ ਔਰਤ ਸ਼ੰਨੋ ਦੇ ਕੱਪੜੇ ਪਾੜ ਦਿੱਤੇ। ਪੁਲਿਸ ਦੇ ਇਸ ਹਿੰਸਕ ਪ੍ਰਤੀਕਰਮ ਦੀ ਅਸਲ ਵਜ੍ਹਾ ਇਹਨਾਂ ਔਰਤਾਂ ਦਾ ਦੋਸ਼ੀਆਂ ਵਿਰੁੱਧ ਕਾਨੂੰਨੀ ਕਾਰਵਾਈ ਕਰਾਉਣ ਲਈ ਦ੍ਰਿੜਤਾ ਨਾਲ ਡੱਟੇ ਰਹਿਣਾ ਹੈ। ਸ਼ੰਨੋ ਨੇ 18 ਅਪ੍ਰੈਲ ਨੂੰ ਵੀ ਇਸੇ ਥਾਣੇ ਵਿਚ ਵੀਡੀਓ ਸਬੂਤਾਂ ਸਮੇਤ ਉਹਨਾਂ ਹਿੰਦੂ ਹਮਲਾਵਰਾਂ ਦੀ ਸ਼ਨਾਖ਼ਤ ਦੱਸ ਕੇ ਸ਼ਿਕਾਇਤ ਦਰਜ ਕਰਾਉਣ ਦੀ ਕੋਸ਼ਿਸ਼ ਕੀਤੀ ਸੀ ਜੋ ਮੁਸਲਮਾਨਾਂ ਉੱਪਰ ਹਮਲਿਆਂ ਲਈ ਜ਼ੁੰਮੇਵਾਰ ਸਨ ਅਤੇ ਜਿਹਨਾਂ ਨੇ ਉਹਨਾਂ ਦੀਆਂ ਦੁਕਾਨਾਂ ਲੁੱਟੀਆਂ ਅਤੇ ਜਲਾ ਦਿੱਤੀਆਂ ਸਨ। ਇਸ ਤੋਂ ਭੜਕ ਕੇ ਜੂਨ ਮਹੀਨੇ ਸ਼ੰਨੋ ਅਤੇ ਉਸ ਦੇ ਬੱਚਿਆਂ ਨੂੰ ਇਕ ਐਕਸੀਡੈਂਟ ਰਾਹੀਂ ਮਾਰਨ ਦੀ ਕੋਸ਼ਿਸ਼ ਕੀਤੀ ਗਈ ਸੀ। ਪਹਿਲਾਂ ਉਹ ਇਸ ਨੂੰ ਐਕਸੀਡੈਂਟ ਹੀ ਸਮਝਦੇ ਰਹੇ ਜਦ ਦੋਸ਼ੀਆਂ ਨੇ ਉਹਨਾਂ ਨੂੰ ਸਿੱਧਾ ਧਮਕਾਇਆ ਕਿ ਜੇ ਸ਼ਿਕਾਇਤ ਵਾਪਸ ਨਾ ਲਈ ਤਾਂ ਅਗਲੇ ਐਕਸੀਡੈਂਟ ਵਿਚ ਉਹ ਨਹੀਂ ਬਚਣਗੇ, ਫਿਰ ਉਹਨਾਂ ਨੂੰ ਮਹਿਸੂਸ ਹੋਇਆ ਕਿ ਇਹ ਤਾਂ ਉਹਨਾਂ ਨੂੰ ਮਾਰਨ ਦੀ ਸਾਜ਼ਿਸ਼ ਸੀ।

ਹਿੰਦੂ ਰਾਸ਼ਟਰਵਾਦ ਦੇ ਪ੍ਰਭਾਵ ਹੇਠ ਸਮਾਜ ਅਤੇ ਰਾਜ-ਮਸ਼ੀਨਰੀ ਦਾ ਭਗਵਾਂਕਰਨ ਹੁਣ ਸਾਫ਼ ਨਜ਼ਰ ਆ ਰਿਹਾ ਹੈ। ਦਿੱਲੀ ਪੁਲਿਸ ਇਸ ਕਤਲੇਆਮ ਦੇ ਤੱਥਾਂ ਦੀ ਛਾਣਬੀਣ ਦੀ ਹਰ ਗੰਭੀਰ ਕੋਸ਼ਿਸ਼ ਨੂੰ ਨਾਕਾਮ ਬਣਾਉਣ ਲਈ ਹਰ ਹਰਬਾ ਵਰਤ ਰਹੀ ਹੈ। ਸ਼ਿਕਾਇਤ-ਕਰਤਾਵਾਂ ਨੂੰ ਝੂਠੇ ਕੇਸਾਂ ਵਿਚ ਫਸਾ ਕੇ ਜੇਲ੍ਹ ਵਿਚ ਸਾੜਨ ਅਤੇ ਜਾਨੋਂ ਮਾਰਨ ਦੀਆਂ ਧਮਕੀਆਂ ਦਿੱਤੀਆਂ ਜਾ ਰਹੀਆਂ ਹਨ। ਪਿਛਲੇ ਦਿਨੀਂ ਦਿੱਲੀ ਘੱਟਗਿਣਤੀ ਕਮਿਸ਼ਨ ਨੇ ਵੀ ਆਪਣੀ ਰਿਪੋਰਟ ਵਿਚ ਪੁਲਿਸ ਦੀ ਮਿਲੀਭੁਗਤ ਦੀ ਪੁਸ਼ਟੀ ਕੀਤੀ ਹੈ। ਕਮਿਸ਼ਨ ਨੇ ਸਾਫ਼ ਲਿਖਿਆ ਹੈ ਕਿ ਦਿੱਲੀ ਪੁਲਿਸ ਵੱਲੋਂ ਉਹਨਾਂ ਨੂੰ ਜਾਂਚ ਵਿਚ ਕੋਈ ਸਹਿਯੋਗ ਨਹੀਂ ਦਿੱਤਾ ਗਿਆ। ਪੁਲਿਸ ਦਾ ਵਤੀਰਾ ਗ਼ੈਰਸਹਿਯੋਗੀ ਹੀ ਨਹੀਂ ਸਗੋਂ ਉੱਘੜਵੇਂ ਰੂਪ ’ਚ ਮਜ਼ਲੂਮਾਂ ਵਿਰੋਧੀ ਅਤੇ ਬਦਲਾਲਊ ਹੈ। ਹਾਲੀਆ ਮਾਮਲੇ ਵਿਚ ਥਾਣਾ ਮੁਖੀ ਸਮੇਤ ਪੁਲਿਸ ਅਧਿਕਾਰੀ ਸ਼ਿਕਾਇਤ-ਕਰਤਾਵਾਂ ਨੂੰ ਕਹਿ ਰਹੇ ਸਨ ਕਿ ਜਦ ਪੂਰੇ ਮੁਲਕ ਵਿਚ ਦੀਵੇ ਜਗਾ ਕੇ ਅਤੇ ਭਗਵੇਂ ਝੰਡੇ ਲਹਿਰਾ ਕੇ ਜਸ਼ਨ ਮਨਾਏ ਜਾ ਰਹੇ ਹਨ ਤਾਂ ਉਹਨਾਂ ਦੇ ਮੁਹੱਲੇ ਵਿਚ ਧੱਕੇ ਨਾਲ ਭਗਵੇਂ ਝੰਡੇ ਲਗਾਉਣਾ ਗ਼ਲਤ ਨਹੀਂ ਹੈ, ਉਹਨਾਂ ਨੂੰ ਇਤਰਾਜ਼ ਕਿਉਂ ਹੈ।

ਕਾਰਵਾਂ ਦੇ ਤਿੰਨ ਪੱਤਰਕਾਰ ਭਗਵੇਂ ਝੰਡੇ ਲਗਾਉਣ ਦੇ ਇਸੇ ਘਟਨਾਕ੍ਰਮ ਦੀ ਰਿਪੋਰਟ ਤਿਆਰ ਕਰਨ ਲਈ ਸੁਭਾਸ਼ ਨਗਰ ਵਿਚ ਗਏ ਸਨ। ਜਦ ਉਹ ਭਗਵੇਂ ਝੰਡੇ ਦੀ ਤਸਵੀਰ ਖਿੱਚ ਰਹੇ ਸਨ ਤਾਂ ਹਿੰਦੂਤਵ ਹਮਾਇਤੀਆਂ ਨੇ ਉਹਨਾਂ ਉੱਪਰ ਹਮਲਾ ਕਰ ਦਿੱਤਾ। ਪੌਣੇ ਘੰਟੇ ਬਾਦ ਉੱਥੇ ਪਹੁੰਚੇ ਪੁਲਿਸ ਅਧਿਕਾਰੀਆਂ ਦੀ ਹਮਲਾਵਰਾਂ ਨੂੰ ਰੋਕਣ ’ਚ ਬੇਦਿਲੀ ਸਾਫ਼ ਦੇਖੀ ਗਈ, ਜਦਕਿ ਸੌ ਦੇ ਕਰੀਬ ਹਜੂਮ ਨੇ ਪੱਤਰਕਾਰਾਂ ਨੂੰ ਘੇਰਾ ਪਾਇਆ ਹੋਇਆ ਸੀ ਅਤੇ ਔਰਤ ਪੱਤਰਕਾਰ ਉੱਪਰ ਜਿਨਸੀ ਹਮਲਾ ਕੀਤਾ ਜਾ ਰਿਹਾ ਸੀ। ਜਦ ਪੱਤਰਕਾਰਾਂ ਨੇ ਥਾਣੇ ਜਾ ਕੇ ਐੱਫ. ਆਈ. ਆਰ. ਦਰਜ ਕਰਾਉਣੀ ਚਾਹੀ ਤਾਂ ਪੁਲਿਸ ਅਧਿਕਾਰੀਆਂ ਵੱਲੋਂ ਇਹ ਦਲੀਲ ਦੇ ਕੇ ਐੱਫ.ਆਈ.ਆਰ. ਦਰਜ ਨਹੀਂ ਕੀਤੀ ਗਈ ਕਿ ਪਹਿਲਾਂ ਦੋਨਾਂ ਧਿਰਾਂ ਦਾ ਪੱਖ ਸੁਣ ਕੇ ਜਾਂਚ ਕੀਤੀ ਜਾਵੇਗੀ ਅਤੇ ਉਸ ਤੋਂ ਬਾਦ ਹੀ ਐੱਫ.ਆਈ.ਆਰ. ਬਾਰੇ ਤੈਅ ਕੀਤਾ ਜਾਵੇਗਾ। ਪੁਲਿਸ ਅਧਿਕਾਰੀਆਂ ਨੂੰ ਸਾਫ਼ ਪਤਾ ਹੈ ਕਿ ਇਹ ਮਹਿਜ਼ ਪੱਤਰਕਾਰਾਂ ਉੱਪਰ ਹਮਲਾ ਨਹੀਂ ਹੈ। ਧਾਰਮਿਕ ਪਛਾਣ ਦੇ ਆਧਾਰ ’ਤੇ ਮੁਸਲਿਮ ਪੱਤਰਕਾਰ ਨੂੰ ਮਾਰਨ ਦੀ ਕੋਸ਼ਿਸ਼ ਅਤੇ ਔਰਤ ਪੱਤਰਕਾਰ ਉੱਪਰ ਜਿਨਸੀ ਹਮਲੇ ਕਾਰਨ ਇਹ ਮਾਮਲਾ ਬੇਹੱਦ ਗੰਭੀਰ ਸੀ ਅਤੇ ਤੁਰੰਤ ਕਾਰਵਾਈ ਦੀ ਮੰਗ ਕਰਦਾ ਸੀ। ਕਾਨੂੰਨੀ ਤੌਰ ’ਤੇ ਪੁਲਿਸ ਐੱਫ.ਆਈ.ਆਰ. ਲਿਖਣ ਦੀ ਪਾਬੰਦ ਸੀ ਅਤੇ ਅਧਿਕਾਰੀਆਂ ਵੱਲੋਂ ਐੱਫ.ਆਈ.ਆਰ. ਨਾ ਲਿਖਣ ਲਈ ਬਹਾਨੇ ਬਣਾਉਣ ਦਾ ਅਸਲ ਮਨੋਰਥ ਖੋਜੀ ਪੱਤਰਕਾਰਾਂ ਦੀ ਰਿਪੋਰਟਿੰਗ ਨੂੰ ਬੰਦ ਕਰਾਉਣਾ ਹੈ। ਇਹ ਪੁਲਿਸ ਅਧਿਕਾਰੀਆਂ ਦੀ ਹਮਲੇ ਦੇ ਦੋਸ਼ੀਆਂ ਨੂੰ ਬਚਾਉਣ ਅਤੇ ਸ਼ਹਿ ਦੇਣ ਅਤੇ ਦੂਜੇ ਪਾਸੇ ਖੋਜੀ ਪੱਤਰਕਾਰਾਂ ਨੂੰ ਡਰਾਕੇ ਚੁੱਪ ਕਰਾਉਣ ਦੀ ਘਿਣਾਉਣੀ ਚਾਲ ਹੈ। ਆਮ ਹੀ ਇਹ ਵਾਪਰਦਾ ਹੈ ਕਿ ਸਵਾਲਾਂ ਦਾ ਸਾਹਮਣਾ ਹੋਣ ’ਤੇ ਪੁਲਿਸ ਅਧਿਕਾਰੀ ਹਰ ਗੱਲ ਤੋਂ ਸਾਫ਼ ਮੁੱਕਰ ਜਾਂਦੇ ਹਨ। ਕਾਰਵਾਂ ਦੀ ਰਿਪੋਰਟ ਅਤੇ ਪੱਤਰਕਾਰਾਂ ਉੱਪਰ ਹਮਲਾ ਇਸ ਦਾ ਸਬੂਤ ਹੈ ਕਿ ਫਰਵਰੀ ਵਾਲੀ ਹਿੰਸਾ ਖ਼ਤਮ ਨਹੀਂ ਹੋਈ, ਉਹ ਹੁਣ ਤੱਕ ਅਗਸਤ ਵਿਚ ਵੀ ਜਾਰੀ ਹੈ। ਇਸ ਸਾਜ਼ਿਸ਼ ਅਤੇ ਮਿਲੀਭੁਗਤ ਨੂੰ ਬੇਪਰਦ ਕਰਦੇ ਰਹਿਣਾ ਮੀਡੀਆ ਲਈ ਸਭ ਤੋਂ ਵੱਡੀ ਚੁਣੌਤੀ ਹੈ।

ਇਸ ਤਮਾਮ ਮਾਹੌਲ ਦੇ ਬਾਵਜੂਦ ਤਸੱਲੀ ਇਸ ਗੱਲ ਦੀ ਹੈ ਕਿ ਕਾਰਵਾਂ ਅਦਾਰਾ ਉਸ ਦੇ ਪੱਤਰਕਾਰ ਬੇਖ਼ੌਫ਼ ਡੱਟੇ ਹੋਏ ਹਨ। ਹਮਲੇ ਦਾ ਸ਼ਿਕਾਰ ਹੋਏ ਦੋਨਾਂ ਪੱਤਰਕਾਰਾਂ ਪ੍ਰਭਜੀਤ ਸਿੰਘ ਅਤੇ ਸ਼ਾਹਿਦ ਤਾਂਤਰੇ ਨੇ ਪ੍ਰੈੱਸ ਕਲੱਬ ਵਿਚ ਆਪਣੀ ਹੱਡਬੀਤੀਂ ਬਿਆਨ ਕੀਤੀ। ਔਰਤ ਪੱਤਰਕਾਰ, ਜਿਸ ਨੇ ਉੱਥੋਂ ਭੱਜ ਕੇ ਮਸਾਂ ਜਾਨ ਬਚਾਈ ਸੀ, ਦਾ ਭੇਜਿਆ ਲਿਖਤੀ ਬਿਆਨ ਪੜ੍ਹਿਆ ਗਿਆ। ਜਮਹੂਰੀ ਤੇ ਮਨੁੱਖੀ ਹੱਕਾਂ ਬਾਰੇ ਜਾਗਰੂਕ ਹਿੱਸਿਆਂ ਨੇ ਪੱਤਰਕਾਰਾਂ ਦੇ ਹੱਕ ਵਿਚ ਆਵਾਜ਼ ਉਠਾਈ ਹੈ। ਲੇਕਿਨ ਇਹ ਬੇਹੱਦ ਚਿੰਤਾਜਨਕ ਹੈ ਕਿ ਕੁਛ ਪੱਤਰਕਾਰ ਸੰਸਥਾਵਾਂ ਨੂੰ ਛੱਡ ਕੇ ਜ਼ਿਆਦਾਤਰ ਨੇ ਇਸ ਹਮਲੇ ਉੱਪਰ ਚੁੱਪ ਧਾਰੀ ਹੋਈ ਹੈ।

ਹਮਲੇ ਤੋਂ ਬਾਦ ਪ੍ਰੈੱਸ ਕਲੱਬ ਆਫ਼ ਇੰਡੀਆ ਵੱਲੋਂ ਇਸ ਦੇ ਖ਼ਿਲਾਫ਼ ਮੀਟਿੰਗ ਹੋਈ ਜਿਸ ਨੂੰ ਅਰੁੰਧਤੀ ਰਾਏ, ਪ੍ਰਸ਼ਾਂਤ ਭੂਸ਼ਨ, ਕਾਰਵਾਂ ਦੇ ਰਾਜਨੀਤਕ ਸੰਪਾਦਕ ਹਰਤੋਸ਼ ਸਿੰਘ ਬਲ ਅਤੇ ਪ੍ਰੈੱਸ ਕਲੱਬ ਦੇ ਪ੍ਰਧਾਨ ਆਨੰਦ ਸਹਾਏ ਨੇ ਸੰਬੋਧਨ ਕੀਤਾ। ਅਰੁੰਧਤੀ ਰਾਏ ਨੇ ਕਿਹਾ, “ਦੋ-ਤਿੰਨ ਛੋਟੀਆਂ ਮੀਡੀਆ ਸੰਸਥਾਵਾਂ ਹੀ ਹਨ ਜਿਹਨਾਂ ਦੀ ਕੰਗਰੋੜ ਵਿਚ ਅਜੇ ਵੀ ਦਮ ਹੈ। ਲੇਕਿਨ ਇਸ ਵਿਸ਼ਾਲ ਜੇਲ੍ਹ ਵਿਚ ਜੇ ਉਹਨਾਂ ਨੂੰ ਐਸੀ ਛੋਟੀ ਖਿੜਕੀ ਵੀ ਨਜ਼ਰ ਆਉਂਦੀ ਹੈ ਤਾਂ ਉਸ ਨੂੰ ਬੰਦ ਕਰਨ ਦੀ ਕੋਸ਼ਿਸ਼ ਕਰ ਰਹੇ ਹਨ। ਉਹਨਾਂ ਨੂੰ ਉਹ ਲੋਕ ਬਰਦਾਸ਼ਤ ਨਹੀਂ ਜੋ ਮੇਨਸਟਰੀਮ ਨੈਰੇਟਿਵ ਦੇ ਖ਼ਿਲਾਫ਼ ਲਿਖਣ। ਐਸਾ ਕਰਨ ਵਾਲਿਆਂ ਦਾ ਸੜਕ ਉੱਪਰ ਸ਼ੋਸ਼ਣ ਹੋ ਰਿਹਾ ਹੈ। ਸਾਡੀਆਂ ਸੜਕਾਂ ਵੀ ਸਾਥੋਂ ਖੋਹ ਲਈਆਂ ਗਈਆਂ ਹਨ। ਇਹ ਨਫ਼ਰਤ ਦੀ ਵਿਚਾਰਧਾਰਾ ਹੁਣ ਆਮ ਲੋਕਾਂ ਵਿਚ ਜਾ ਪਹੁੰਚੀ ਹੈ।” ਪ੍ਰਸ਼ਾਂਤ ਭੂਸ਼ਣ ਨੇ ਕਿਹਾ, “ਇਸ ਵਕਤ ਦਿੱਲੀ ਵਿਚ ਕਾਨੂੰਨ ਵਿਵਸਥਾ ਪੂਰੀ ਤਰ੍ਹਾਂ ਬ੍ਰੇਕਡਾਊਨ ਹੈ। ਬੀਜੇਪੀ ਦੇ ਗੁੰਡੇ ਜਿੱਥੇ ਚਾਹੁਣ ਕੁਛ ਵੀ ਕਰ ਸਕਦੇ ਹਨ ਪੁਲਿਸ ਉਹਨਾਂ ਦੇ ਖ਼ਿਲਾਫ਼ ਕੋਈ ਕਾਰਵਾਈ ਨਹੀਂ ਕਰਦੀ। ... ਇੱਥੇ ਕਾਨੂੰਨ ਦਾ ਰਾਜ ਬਚਿਆ ਹੀ ਨਹੀਂ ਹੈ। ਦੰਗੇ ਕਪਿਲ ਮਿਸ਼ਰਾ ਦੇ ਬਿਆਨ ਨਾਲ ਸ਼ੁਰੂ ਹੋਏ, ਲੇਕਿਨ ਉਸ ਦੇ ਖ਼ਿਲਾਫ਼ ਕੋਈ ਕਾਰਵਾਈ ਨਹੀਂ ਹੋਈ। ਅੱਜ ਹਜੂਮ ਉਹਨਾਂ ਪੱਤਰਕਾਰਾਂ ਨੂੰ ਸੜਕਾਂ ਉੱਪਰ ਮਾਰ ਰਿਹਾ ਹੈ ਜਿਹਨਾਂ ਦਾ ਕੰਮ ਉਹਨਾਂ ਨੂੰ ਪਸੰਦ ਨਹੀਂ। ਉਹ ਘੱਟਗਿਣਤੀ ਭਾਈਚਾਰੇ ਦੇ ਲੋਕਾਂ ਨੂੰ ਮਾਰ ਰਹੇ ਹਨ। ਉਹ ਉਹਨਾਂ ਲੋਕਾਂ ਨੂੰ ਮਾਰ ਰਹੇ ਹਨ ਜੋ ਸਰਕਾਰ ਦੇ ਖ਼ਿਲਾਫ਼ ਬੋਲ ਰਹੇ ਹਨ। ਐਸਾ ਹੀ ਹਜੂਮ ਸੋਸ਼ਲ ਮੀਡੀਆ ਉੱਪਰ ਮੌਜੂਦ ਹੈ। ਅਸੀਂ ਦੇਖ ਰਹੇ ਹਾਂ ਕਿ ਕਿਸ ਤਰ੍ਹਾਂ ਦੀਆਂ ਗੰਦੀਆਂ ਗਾਹਲਾਂ ਅਤੇ ਧਮਕੀਆਂ ਦਿੱਤੀਆਂ ਜਾਂਦੀਆਂ ਹਨ। ... ਇਹ ਗੰਭੀਰ ਹਾਲਤ ਹੈ। ਜੇ ਅਸੀਂ ਹੁਣ ਵੀ ਨਾ ਜਾਗੇ ਤਾਂ ਸਭ ਕੁਛ ਗੜਬੜ ਹੋ ਜਾਵੇਗਾ।” ਉਹਨਾਂ ਨੇ ਮਰਹੂਮ ਰਾਹਤ ਇੰਦੌਰੀ ਦੇ ਇਸ ਸ਼ੇਅਰ ਨਾਲ ਆਪਣੀ ਗੱਲ ਮੁਕਾਈ, “ਲਗੇਗੀ ਆਗ ਤੋ ਆਏਂਗੇ ਘਰ ਕਈ ਜ਼ਦ ਮੇਂ, ਯਹਾਂ ਪੇ ਸਿਰਫ਼ ਹਮਾਰਾ ਮਕਾਨ ਥੋੜ੍ਹੀ ਹੈ।” ਕਾਰਵਾਂ ਦੇ ਰਾਜਨੀਤਕ ਸੰਪਾਦਕ ਹਰਤੋਸ਼ ਸਿੰਘ ਬਲ ਨੇ ਕਿਹਾ, “ਇਹ ਸਰਕਾਰ ਦੀ ਵਿਚਾਰਧਾਰਾ ਦਾ ਸੜਕ ਉੱਪਰ ਰਿਫ਼ਲੈਕਸ਼ਨ ਹੈ।” ਆਨੰਦ ਸਹਾਏ ਨੇ ਕਿਹਾ ਕਿ “ਸਿਰਫ਼ ਬਤੌਰ ਮੀਡੀਆ, ਸਿਰਫ਼ ਬਤੌਰ ਵਾਚਡੌਗ ਹੀ ਨਹੀਂ, ਸਗੋਂ ਲੋਕਾਂ ਦੀ ਜ਼ਮੀਰ ਨੂੰ ਜਗਾਉਣ ਵਾਲਿਆਂ, ਉਹਨਾਂ ਨੂੰ ਸਮਝਾਉਣ ਵਾਲਿਆਂ ਦੇ ਤੌਰ ’ਤੇ ਸਾਨੂੰ ਚੀਜ਼ਾਂ ਨੂੰ ਜੋੜ ਕੇ ਪੂਰੀ ਤਸਵੀਰ ਉਹਨਾਂ ਨੂੰ ਦਿਖਾਉਣੀ ਹੋਵੇਗੀ। ਸਾਨੂੰ ਪਹੇਲੀ ਦੇ ਅਦਿੱਖ ਹਿੱਸਿਆਂ ਨੂੰ ਖੋਜਣਾ ਪਵੇਗਾ... ਇਹੀ ਸਾਡਾ ਕੰਮ ਹੈ।”






# ਗੁਰਸ਼ਰਨ ਸਿੰਘ, ਪ੍ਰੋ. ਅਜਮੇਰ ਸਿੰਘ ਔਲਖ ਅਤੇ ਸ਼ਹੀਦ ਭਗਤ ਸਿੰਘ ਦੀ ਯਾਦ 'ਚ

## ਪਲਸ ਮੰਚ ਵੱਲੋਂ ਲੜੀਵਾਰ ਸਮਾਗਮਾਂ ਦਾ ਐਲਾਨ



**ਬਲਜਿੰਦਰ ਸਿੰਘ**

ਪੰਜਾਬ ਲੋਕ ਸਭਿਆਚਾਰਕ ਮੰਚ (ਪਲਸ ਮੰਚ), ਸ਼ਰੋਮਣੀ ਨਾਟਕਕਾਰ ਅਤੇ ਪਲਸ ਮੰਚ ਦੇ ਬਾਨੀ ਪ੍ਰਧਾਨ ਗੁਰਸ਼ਰਨ ਸਿੰਘ ਦਾ 16 ਸਤੰਬਰ ਨੂੰ ਜਨਮ ਦਿਹਾੜਾ 27 ਸਤੰਬਰ ਨੂੰ ਗੁਰਸ਼ਰਨ ਭਾਅ ਜੀ ਦੇ ਵਿਛੋੜੇ ਵਾਲੇ ਦਿਨ ਉਹਨਾਂ ਅਤੇ ਪ੍ਰੋ. ਅਜਮੇਰ ਸਿੰਘ ਔਲਖ ਦੀ ਯਾਦ ਵਿੱਚ ਇਨਕਲਾਬੀ ਰੰਗ ਮੰਚ ਦਿਹਾੜਾ ਅਤੇ 28 ਸਤੰਬਰ ਸ਼ਹੀਦ ਭਗਤ ਸਿੰਘ ਦਾ ਜਨਮ ਦਿਹਾੜਾ ਮਨਾਏਗਾ।

ਪਲਸ ਮੰਚ ਦੇ ਪ੍ਰਧਾਨ ਅਮੋਲਕ ਸਿੰਘ ਅਤੇ ਜਨਰਲ ਸਕੱਤਰ ਕੰਵਲਜੀਤ ਖੰਨਾ ਨੇ ਲਿਖਤੀ ਪ੍ਰੈਸ ਬਿਆਨ ਜਾਰੀ ਕਰਦਿਆਂ ਦੱਸਿਆ ਕਿ ਅੱਜ ਇੱਥੇ ਪਲਸ ਮੰਚ ਦੀ ਸੂਬਾ ਕਮੇਟੀ ਦੀ ਮੀਟਿੰਗ 'ਚ ਫੈਸਲਾ ਕੀਤਾ ਗਿਆ ਕਿ ਇਹ ਤਿੰਨੇ ਸਮਾਗਮ ਢੁਕਵੇਂ ਅੰਦਾਜ਼ 'ਚ ਪੰਜਾਬ ਭਰ 'ਚ ਬਹੁਤ ਹੀ ਪ੍ਰਭਾਵਸ਼ਾਲੀ ਢੰਗ ਨਾਲ ਮਨਾਏ ਜਾਣਗੇ। ਉਹਨਾਂ ਦੱਸਿਆ ਕਿ ਕਰੋਨਾ ਦਾ ਹਵਾਲਾ ਦੇਕੇ ਲੋਕਾਂ ਦੇ ਸਰੋਕਾਰਾਂ ਨਾਲ ਜੁੜੇ ਸਮਾਗਮਾਂ ਨੂੰ ਰੋਕੇ ਜਾਣਾ ਧੱਕੜ ਅਤੇ ਗੈਰ ਜਮਹੂਰੀ ਵਰਤਾਰਾ ਨਾ ਮਨਜ਼ੂਰ ਕਰਦਿਆਂ ਇਹ ਸਾਰੇ ਸਮਾਗਮ ਕੀਤੇ ਜਾਣਗੇ ਤਾਂ ਜੋ ਵੱਧ ਤੋਂ ਵੱਧ ਥਾਵਾਂ 'ਤੇ ਵੱਡੀ ਗਿਣਤੀ ਵਿੱਚ ਲੋਕਾਂ ਨੂੰ ਸ਼ਾਮਲ ਕੀਤਾ ਜਾ ਸਕੇ।

ਇਹਨਾਂ ਸਮਾਗਮਾਂ 'ਚ ਗ਼ਦਰ ਪਾਰਟੀ ਦੇ ਬਾਨੀ ਪ੍ਰਧਾਨ ਬਾਬਾ ਸੋਹਨ ਸਿੰਘ ਭਕਨਾ ਦੀ 150ਵੀਂ ਅਤੇ ਨਾਮਵਰ ਕਵੀ ਸੰਤੋਖ ਸਿੰਘ ਧੀਰ ਦੀ 100ਵੀਂ ਜਨਮ ਵਰ੍ਹੇਗੰਢ ਮਨਾਉਂਦਿਆਂ ਉਹਨਾਂ ਦੀ ਅਮਿਟ ਦੇਣ ਨੂੰ ਸਲਾਮ ਕੀਤਾ ਜਾਏਗਾ।

ਉਹਨਾਂ ਦੱਸਿਆ ਕਿ ਚੜ੍ਹਦੇ ਸਤੰਬਰ ਤੋਂ ਹੀ ਇਹਨਾਂ ਸਮਾਗਮਾਂ ਦੀ ਸਫਲਤਾ ਲਈ ਪਲਸ ਮੰਚ ਅਤੇ ਇਸਦੇ ਸੰਗੀ-ਸਾਥੀ ਤਿਆਰੀ ਮੁਹਿੰਮ ਵਿੱਢਣ ਜਾ ਰਹੇ ਹਨ।

ਇਸਦੇ ਨਾਲ ਹੀ ਲੜੀਵਾਰ ਸਮਾਗਮਾਂ ਦਾ ਸਮਾਂ ਅਤੇ ਸਥਾਨ ਵੇਰਵੇ ਸਹਿਤ ਅੰਤਿਮ ਛੋਹਾਂ ਦੇਕੇ ਜਾਰੀ ਕੀਤਾ ਜਾਏਗਾ।

ਪਲਸ ਮੰਚ ਦੀ ਮੀਟਿੰਗ 'ਚ ਪਾਸ ਮਤਿਆਂ ਰਾਹੀਂ ਮੰਗ ਕੀਤੀ ਗਈ ਕਿ ਬੁੱਧੀਜੀਵੀਆਂ,ਕਵੀਆਂ ਨੂੰ ਬਿਨਾਂ ਸ਼ਰਤ ਰਿਹਾਅ ਕੀਤਾ ਜਾਵੇ। ਕਰੋਨਾ ਦੀ ਓਟ ਲੈ ਕੇ ਜਨਤਕ ਇਕੱਠਾਂ ਤੇ ਮੜ੍ਹੀਆਂ ਪਾਬੰਦੀਆਂ ਖਤਮ ਕੀਤੀਆਂ ਜਾਣ ਅਤੇ ਪ੍ਰਸ਼ਾਤ ਭੂਸ਼ਣ ਵਰਗੇ ਉੱਘੇ ਵਕੀਲਾਂ ਨੂੰ ਪਰੇਸ਼ਾਨ ਕਰਨਾ ਬੰਦ ਕੀਤਾ ਜਾਏ।

ਮੀਟਿੰਗ 'ਚ ਪਲਸ ਮੰਚ ਦੀ 14 ਮਾਰਚ 1982 ਨੂੰ ਅਧਾਰਸ਼ਿਲਾ ਰੱਖਣ ਵਾਲਿਆਂ ਦੀ ਅਗਲੀ ਕਤਾਰ ਵਿੱਚ ਸ਼ਾਮਲ ਪ੍ਰੋ. ਹਮਦਰਦ ਵੀਰ ਨੌਸ਼ਹਿਰਵੀ, ਪ੍ਰੋ. ਰਾਕੇਸ਼ ਰਮਨ ਅਤੇ ਰਾਹਿਤ ਇੰਦਰੀ ਦੇ ਵਿਛੋੜੇ ਕਾਰਨ ਉਹਨਾਂ ਦੀ ਕਰਨੀ ਨੂੰ ਯਾਦ ਕਰਦਿਆਂ ਸ਼ਰਧਾਂਜਲੀ ਅਰਪਣ ਕੀਤੀ ਗਈ।

# Canadians Protested against arrest of Intellectuals in India. Demanded release of Prof Varvara Rao and other




Brampton, 09August: Large number of Canadians held a protest rally in Chinguacousy Park here and marched on roads against un-democratic policies of Indian Government. They were demanding release of poet Prof. Varavara Rao and other jailed pro-people intellectuals. This protest was organized by eight progressive organizations. On this occasion stage was conv...ened by Dr Hardeep Singh of progressive paper Sarokaron de Awaz. Harbans Singh of Sarokaran de Awaz, Baldev Rehpa of North American Tarksheel Society, Com Harinder Hundal of GTA West club (Canadian Communist Party), Amrit Dhillon of Indo-Canadian Workers Association, Harparminder Gadri of Alliance of Progressive Canadians, Malook Singh Kahlon of Canadians Sahit Sabha, Com Moe of Fidai Gurellas of Iran party, Com. Philip Fernandes of Communist Party of Canada(Marxist - Leninist), Navdeep Jodhan of NRI Inqlabi Manch, Communist party of India Com Jagjeet Joga and other addressed the gathering. Devinder toor of Sarokaran de Awaz thanked all the participants.

All speakers condemned the Indian Government for taking away democratic rights of religious minorities, Dalits, Adiwasi people of India. Modi government backed by infamous RSS fanatic organization making their way to turn India as religious majoritarian. Modi govt has failed on all fronts to solve problem of un-employment, rampant corruption , fall of GDP , rising prices and inflation. Ignoring all these problems BJP is playing cheap gimmicks of hate against minorities and neighbouring countries. The every social activist and intellectual standing by interest of common men are being targeted, harassed or Jailed. Speakers demanded release of Prof Varavara Rao, Prof G.N.Saibaba , lawyer Sudha Bhardwaj, Gautam Navlakha and dozens of other jailed intellectuals. Others prominent activists who were present Balwinder Barnala, Dr Baljinder Sekhon, Surjit Sahota, Rogers carter, Com. Shamshad, Com Balwant Singh, Nirmal Sandhu, Dr Pardeep Jodhan, Kuldeep Boparai, Sarabjit Kaur, Kuldeep Singh, Com Sukhdev Dhaliwal, Jarnail Acharwal, Com Baljit Bains, Jagmohan Gill Dhudeke and others.

ESTATEVIEW®
(Real Estater & Property Management)
Baljinder Bath
Real Estate Associate

Baljinder Bath
Our Brokerage provides Following Services :
All Kind of Real Estate Services
REAL ESTATE
• Help Buyer / Seller
• Free Home Evaluations
• Commercial Buy / Sell / Lease
• Builders / Developers / Investors
PROPERTY MANAGEMENT
• Find Tenants, Collect Rents
• Take Care of Service Calls
• Manage Condo Corporation / Boards
• Non Resident Canadians' NR4 Tax Handling
403-402-6700
E: baljinderbath@yahoo.com
Brokerage Office : 403-400-0000
# 601 - 4656 Westwinds Dr NE
Calgary, AB T3J 3Z5
All our Realtors / Property Managers are Professionally Trained & Licensed
Not All Associates Provide all services. Please contact Associate to find out more.

For Honest and Best Results
Please Call :
Cell. (403)-680-1895
Fax. (403)-457-1216
Email : taranmand@shaw.ca
MLS MULTIPLE LISTING SERVICE REALTOR
REAL ESTATE BOARD

Taranjit "T. J." Mand
Real Estate Associate
Max Value Reality Ltd.


Amandeep Gill
Financial Security Advisor
offering Life, Health,
Group Insurance and Investments
Desjardins
Financial Security®
Independent Network
FINANCIAL SERVICES
• Life Insurance (WL, UL, Term)
• Critical Illness Insurance
• Disability Insurance
• Registered Education Savings Plan (RESP)
• Registered Retirement Savings Plan (RRSP)
• Tax Free Savings Account (TFSA)
• Drug & Dental Plan
• Super Visa Insurance
• Mortgage & Loans
209-5401 Temple Drive N.E.
Calgary, AB T1Y 3R7
Office : 403-455-1720
Cell : 403-919-6962
amandeep.gill@dfsin.ca

Trust Your Memories to the Professionals
Dream Productions inc.
Wedding, Birthday, Engagement, Slide Show, Music Video, T.V. Program, Modeling Picture, Concert, Community Event Etc.

We can Also Arrange
Decoration
Party Rentals
Customer satisfaction is our pride!
VIDEO
Video film with single, double & multiple camera system (Broadcast Quality)
PHOTOGRAPHY
Digital Photography (Coloured, black and white) digital enhancement
MUSIC
DJ, Lighting, screen Projector live sound etc.
403-835-2762
or
29 DREAM
(37326)
Special Packages Available For All Occasions

# ਔਰਤਾਂ ਵਿਰੁੱਧ ਜੁਰਮ- ਡੂੰਘੀ ਚਿੰਤਾ ਦਾ ਵਿਸ਼ਾ

## 23 ਸਾਲ ਦੇ ਲੰਮੇ ਅਰਸੇ ਤੱਕ ਆਮ ਲੋਕਾਂ ਵੱਲੋਂ ਕਿਸੇ ਮਸਲੇ 'ਤੇ ਲੜੇ ਜਾਣ ਵਾਲੇ ਮਿਸਾਲੀ ਜਨਤਕ ਘੋਲ ਦੀ ਗਾਥਾ

ਨਰੈਣ ਦੱਤ





ਮੁਅੱਜਿਸ ਦਸਤੋ,

ਮਹਿਲ ਕਲਾਂ ਜ਼ਿਲ੍ਹਾ ਬਰਨਾਲਾ ਦੀ ਲੜਕੀ ਕਿਰਤਨਜੀਤ ਕੌਰ ਨਾਲ ਹੋਏ ਬਲਾਤਕਾਰ ਅਤੇ ਕਤਲ ਕੀਤੇ ਜਾਣ ਦੀ ਘਟਨਾ ਨੇ ਜਨਤਕ ਆਧਾਰ 'ਤੇ ਆਮ ਲੋਕਾਂ ਵੱਲੋਂ ਲਗਾਤਾਰ 23 ਸਾਲ ਲੜੇ ਗਏ ਇਤਿਹਾਸਕ ਘੋਲ ਤੋਂ ਤਾਂ ਤੁਸੀਂ ਭਲੀਭਾਂਤ ਵਾਕਫ ਹੀ ਹੋਵੋਂਗੇ। ਅੱਜ ਇਸ ਸੰਘਰਸ਼ ਨੂੰ ਮਹਿਲ ਕਲਾਂ ਘੋਲ ਦੇ ਨਾਂ ਨਾਲ ਜਾਣਿਆ ਜਾਂਦਾ ਹੈ। ਭਾਵੇਂ ਕਿ ਅਸੀਂ ਜਾਣਦੇ ਹਾਂ ਕਿ ਭਾਰਤ ਅੰਦਰ ਅਤੇ ਮਹਿਲ ਕਲਾਂ ਅੰਦਰ ਵੀ ਔਰਤਾਂ 'ਤੇ ਤਸ਼ੱਦਦ ਦੀ ਇਹ ਕੋਈ ਪਹਿਲੀ ਜਾਂ ਆਖਰੀ ਘਟਨਾ ਨਹੀਂ ਹੈ ਪਰ ਔਰਤਾਂ ਖਿਲਾਫ਼ ਜਬਰ ਦੀ ਘਟਨਾ ਖਿਲਾਫ਼ ਅਜਿਹੇ ਜਨਤਕ ਸੰਘਰਸ਼ ਦੀ ਕਿਧਰੇ ਕੋਈ ਮਿਸਾਲ ਨਹੀਂ ਮਿਲਦੀ। ਜਦੋਂ ਦਹਾਕਿਆਂ ਤੋਂ ਪੁਲੀਸ ਤੇ ਸਿਆਸਤਦਾਨਾ ਦੀ ਛਤਰਛਾਇਆ ਹੇਠ ਪਲ ਰਹੇ ਗੁੰਡਾ ਅਨਸਰਾਂ ਨੇ ਕਿਸੇ ਮਾਸੂਮ ਨਾਬਾਲਗ ਲੜਕੀ ਨੂੰ ਅਗਵਾ ਕੀਤਾ, ਉਸ ਨਾਲ ਸਮੂਹਕ ਤੌਰ 'ਤੇ ਬਲਾਤਕਾਰ ਕੀਤਾ ਅਤੇ ਉਸ ਨੂੰ ਜਾਨੋ ਮਾਰ ਮੁਕਾਇਆ ਸੀ। ਇਹ ਲਾਮਿਸਾਲ ਸੀ। ਇਹ ਮੁੱਦਾ ਭਾਵੇਂ ਆਮ ਜਿਹਾ ਮਸਲਾ ਜਾਪੇ ਕਿਉਂਕਿ ਆਮ ਰੂਪ 'ਚ ਹੀ ਭਾਰਤ ਅੰਦਰ ਲੜਕੀਆਂ ਨੂੰ ਅਗਵਾ ਕਰ ਲਿਆ ਜਾਂਦਾ ਹੈ। ਪਰ ਇਹ ਵਿਸ਼ੇਸ਼ ਮੁੱਦਾ ਅਜਿਹਾ ਵਿਸ਼ਾਲ ਜਨਤਕ ਘੋਲ ਕਿਵੇਂ ਬਣਿਆ, ਇਹ ਮਸਲਾ ਹੈ ਜਿਹੜਾ ਸਾਨੂੰ ਸਾਡੇ ਭਵਿੱਖ ਅੰਦਰ ਲੜੇ ਜਾਣ ਵਾਲੇ ਲੋਕ ਸੰਘਰਸ਼ਾਂ ਲਈ ਬਹੁਤੇਰੇ ਸਬਕ ਸਿਖਾ ਸਕਦਾ ਹੈ। ਅਜਿਹੇ ਲੰਮੇ ਅਰਸੇ ਤੱਕ ਲੱਖਾਂ ਲੋਕਾਂ ਨੇ ਇਸ ਘੋਲ ਅੰਦਰ ਸਰਗਰਮ ਸ਼ਮੂਲੀਅਤ ਕੀਤੀ। ਲੋਕਾਂ ਵੱਲੋਂ ਸ਼ਹੀਦ ਦਾ ਰੁਤਬਾ ਪ੍ਰਾਪਤ ਕਿਰਨਜੀਤ ਕੌਰ ਜਬਰ ਦੀਆਂ ਅਜਿਹੀਆਂ ਘਟਨਾਵਾਂ ਵਿਰੁੱਧ ਔਰਤਾਂ ਲਈ ਇੱਕ ਚਾਨਣ ਮੁਨਾਰਾ ਬਣ ਗਈ। ਇਸ ਲੋਕ ਘੋਲ ਨੇ ਔਰਤਾਂ ਵਿਰੁੱਧ ਜਬਰ ਦੇ ਹਕੀਕੀ ਕਾਰਨ ਤਲਾਸਣ ਅਤੇ ਸੰਘਰਸ਼ ਦੀ ਸੇਧ ਸਥਾਪਤੀ ਖਿਲਾਫ਼ ਸੇਧਣ ਦੇ ਉਚਤਮ ਪੜਾਅ ਤੱਕ ਅੱਪੜਿਆ। ਸਾਨੂੰ ਇਹ ਜਿਹਣ 'ਚ ਰੱਖਣਾ ਚਾਹੀਦਾ ਹੈ ਕਿ ਔਰਤਾਂ ਖਿਲਾਫ਼ ਜਬਰ ਦਾ ਮੁੱਖ ਕਾਰਨ ਮੌਜੂਦਾ ਲੋਕ ਦੋਖੀ ਢਾਂਚਾ ਹੈ। ਇਓਂ ਇਸ ਸੰਘਰਸ਼ ਦੀ ਮਸ਼ਾਲ ਨੂੰ ਬਲਦਿਆਂ ਰੱਖਣ ਲਈ ਸਾਡੇ ਸੰਘਰਸ਼ ਦੀ ਮੁੱਖ ਧਾਰ ਇਸ ਲੋਕ ਦੋਖੀ ਢਾਂਚੇ ਨੂੰ ਬਦਲਕੇ ਲੋਕ-ਪੱਖੀ ਢਾਂਚਾ ਸਥਾਪਤ ਕਰਨ ਵੱਲ ਹੋਣੀ ਚਾਹੀਦੀ ਹੈ।

ਕਿਰਨਜੀਤ ਕੌਰ ਮਹਿਲ ਕਲਾਂ- ਸਮੂਹਕ ਬਲਾਤਕਾਰ ਤੇ ਕਤਲ ਕਾਂਡ

ਇਸ ਕਤਲ ਕਾਂਡ ਦਾ ਇਤਿਹਾਸ

ਜਨਤਕ ਸੰਘਰਸ਼ ਦੇ ਮੁੱਖ ਨੁਕਤੇ:-

-29 ਜੁਲਾਈ 1997 ਨੂੰ ਮਹਿਲ ਕਲਾਂ ਪਿੰਡ (ਜ਼ਿਲ੍ਹਾ ਬਰਨਾਲਾ) ਦੀ 17 ਸਾਲਾ ਵਿਦਿਆਰਥਣ ਕਿਰਨਜੀਤ ਕੌਰ ਨੂੰ ਅਗਵਾ ਕੀਤਾ ਗਿਆ, ਉਸ ਨਾਲ ਸਮੂਹਕ ਬਲਾਤਕਾਰ ਕਰਨ ਉਪਰੰਤ ਉਸਨੂੰ ਕਤਲ ਕਰ ਦਿੱਤਾ ਗਿਆ।

- ਇਸ ਕਾਰੇ ਨੂੰ ਅੰਜ਼ਾਮ ਦੇਣ ਵਾਲੇ ਉਸੇ ਪਿੰਡ ਦੇ ਸਰਦੇ-ਪੁਜਦੇ ਘਰਾਂ ਨਾਲ ਸਬੰਧਿਤ ਸਮਾਜ ਵਿਰੋਧੀ ਗੁੰਡੇ ਅਨਸਰ ਸਨ ਜਿਹਨਾਂ ਦੀਆਂ ਤੰਦਾਂ ਸਥਾਨਕ ਸਿਆਸੀ ਆਗੂਆਂ ਅਤੇ ਪੁਲੀਸ ਨਾਲ ਜੁੜੀਆਂ ਹੋਈਆਂ ਸਨ।

- ਪੁਲਸ ਦਾ ਰਵੱਈਆ ਟਾਲੂ ਸੀ, ਇਸ ਲਈ ਇਨਸਾਫ਼ਪ੍ਰਾਪਤੀ ਲਈ 2 ਅਗਸਤ 1997 ਨੂੰ ਇਸ ਕਾਂਡ ਨਾਲ ਸਬੰਧਿਤ ਐਕਸ਼ਨ ਕਮੇਟੀ ਦਾ ਗਠਨ ਕੀਤਾ ਗਿਆ।

- ਇਸ ਸੰਘਰਸ਼ 'ਚ ਕੁੱਦੇ ਹਜ਼ਾਰਾਂ ਲੋਕਾਂ ਦੇ ਜਨਤਕ ਦਬਾਅ ਹੇਠ ਕਿਰਨਜੀਤ ਕੌਰ ਦੀ ਮ੍ਰਿਤਕ ਦੇਹ 11 ਅਗਸਤ ਨੂੰ ਖੁਦਵਾਈ ਉਪਰੰਤ ਬਰਾਮਦ ਕੀਤੀ ਗਈ।

- ਸ਼ੈਸ਼ਨ ਜੱਜ ਦੀ ਅਦਾਲਤ 'ਚ ਘਟਨਾਕ੍ਰਮ ਦੀਆਂ ਗਵਾਹੀਆਂ (Circumstantial Evience) 'ਤੇ ਅਧਾਰਤ ਸੀ ਜਿਸ ਦਾ ਫੈਸਲਾ 16 ਅਗਸਤ 2001 ਨੂੰ ਸੁਣਆਇਆ ਗਿਆ। ਚਾਰ ਦੋਸ਼ੀਆਂ ਨੂੰ ਉਮਰ ਕੈਦ ਦੀ ਸਜ਼ਾ ਸੁਣਾਈ ਗਈ। ਹਾਈਕੋਰਟ ਅਤੇ ਸੁਪਰੀਮ ਕੋਰਟ ਨੇ ਇਸ ਫੈਸਲੇ ਨੂੰ ਬਰਕਰਾਰ ਰੱਖਿਆ।

**ਨਵੀਆਂ ਚਣੌਤੀਆਂ:**

- (ਝੂਠੇ ਕੇਸ ਦਾ ਦੋਸ਼ੀ) ਮਨਜੀਤ ਧਨੇਰ ਕਿਰਨਜੀਤ ਬਲਾਤਕਾਰ ਅਤੇ ਕਤਲ ਕਾਂਡ 'ਚ ਇੱਕ ਗਵਾਹ ਵਜੋਂ ਪੇਸ਼ ਹੋਇਆ ਸੀ।

- 3 ਮਾਰਚ 2001 ਨੂੰ ਦੋ ਗੁੱਟਾ ਵਿਚਾਲੇ ਲੜਾਈ ਝਗੜਾ ਹੋ ਗਿਆ ਅਤੇ ਉਸ ਲੜਾਈ ਦੌਰਾਨ ਕਿਰਨਜੀਤ ਕਾਂਡ ਮਾਮਲੇ ਵਿੱਚ ਦੋਸ਼ੀ ਦਾ 82 ਸਾਲਾ ਦਾਦਾ ਦਲੀਪ ਸਿੰਘ ਜ਼ਖਮੀ ਹੋ ਗਿਆ ਅਤੇ 10 ਦਿਨ ਬਾਅਦ ਮਰ ਗਿਆ।

- ਇਸ ਮਾਮਲੇ 'ਚ ਅਗਵਾਈ ਕਰ ਰਹੀ ਐਕਸ਼ਨ ਕਮੇਟੀ ਦੇ ਤਿੰਨ ਮੈਂਬਰਾਂ (ਜੋ ਬੇਦੋਸ਼ੇ ਸਨ) ਉਪਰ ਚਾਰ ਹੋਰਨਾ ਸਮੇਤ ਓਕਤ ਦਲੀਪ ਸਿੰਘ ਦੇ ਕਤਲ ਦਾ ਕੇਸ ਦਰਜ ਕਰ ਦਿੱਤਾ ਗਿਆ।

- ਇਸ ਮਸਲੇ 'ਤੇ ਉੱਠੇ ਜਨਤਕ ਦਬਾਅ ਦੇ ਮੱਦੇ ਨਜ਼ਰ ਪੁਲਸ ਨੇ ਐਕਸ਼ਨ ਕਮੇਟੀ ਦੇ ਤਿੰਨੇ ਮੈਂਬਰਾਂ ਨੂੰ ਖਾਨਾ ਨੰਬਰ 2 'ਚ ਦਰਜ਼ ਕਰ ਲਿਆ ਅਤੇ ਸੈਸ਼ਨ ਕੋਰਟ ਨੂੰ ਅਦਾਲਤ 'ਚੋਂ ਕੇਸ਼ ਵਾਪਸ ਲੈਣ ਲਈ ਪ੍ਰਾਸੀਕਿਊਸ਼ਨ ਡਾਇਰੈਕਟਰ ਨੇ ਕਾਰਵਾਈ ਆਰੰਭ ਦਿੱਤੀ। ਪਰ ਸ਼ੈਸ਼ਨ ਕੋਰਟ ਨੇ ਸਰਕਾਰੀ ਵਕੀਲ ਦੇ ਇਸ ਦਾਅਵੇ ਨੂੰ ਬਰਖਾਸਤ ਕਰ ਦਿੱਤਾ।

- ਸ਼ੈਸ਼ਨ ਕੋਰਟ ਨੇ 28 ਮਾਰਚ 2005 ਨੂੰ ਸੁਣਾਏ ਆਪਣੇ ਇੱਕ ਫੈਸਲੇ ਰਾਹੀਂ ਐਕਸ਼ਨ ਕਮੇਟੀ ਦੇ ਤਿੰਨ ਮੈਂਬਰਾਂ -ਮਨਜੀਤ ਧਨੇਰ, ਨਰਾਇਣ ਦੱਤ ਅਤੇ ਪ੍ਰੇਮ ਕੁਮਾਰ - ਨੂੰ ਦੋਸ਼ੀ ਕਰਾਰ ਦੇ ਕੇ 30 ਮਾਰਚ 2005 ਨੂੰ ਉਮਰ ਕੈਦ ਦੀ ਸਜ਼ਾ ਸੁਣਾਈ।

- 24 ਜੁਲਾਈ 2007 ਨੂੰ ਉਠੇ ਵਿਆਪਕ ਜਨਤਕ ਰੋਹ ਨੂੰ ਦੇਖਦਿਆਂ ਅਤੇ ਲੋਕਾਂ ਦੀ ਮੰਗ ਨੂੰ ਵਾਜਬ ਸਮਝਦਿਆਂ ਪੰਜਾਬ ਦੇ ਗਵਰਨਰ ਨੇ ਐਕਸ਼ਨ ਕਮੇਟੀ ਦੇ ਤਿੰਨਾਂ ਮੈਂਬਰਾਂ ਦੀ ਸਜ਼ਾ ਰੱਦ ਕਰ ਦਿੱਤੀ।

- ਕਿਰਨਜੀਤ ਕੌਰ ਬਲਾਤਕਾਰ ਕਾਂਡ ਦੇ ਦੋਸ਼ੀ ਪਰਿਵਾਰ ਨੇ ਸਜ਼ਾ ਰੱਦ ਕਰਨ ਦੇ ਇਸ ਹੁਕਮ ਨੂੰ ਪੰਜਾਬ ਹਰਿਆਣਾ ਹਾਈਕੋਰਟ 'ਚ ਚਣੌਤੀ ਦਿੱਤੀ।

- 11 ਮਾਰਚ 2008 ਨੂੰ ਪੰਜਾਬ ਹਰਿਆਣਾ ਹਾਈਕੋਰਟ ਨੇ ਗਵਰਨਰ ਦੇ ਹੁਕਮਾਂ ਨੂੰ ਪਾਸੇ ਕਰ ਦਿੱਤਾ। ਇਸ ਖਿਲਾਫ਼ ਐਕਸ਼ਨ ਕਮੇਟੀ ਮੈਂਬਰਾਂ ਵੱਲੋਂ ਪਾਈ ਅਪੀਲ ਝੂਠੇ ਤੌਰ 'ਤੇ ਫੈਸਲਾ ਸੁਣਾਉਂਦਿਆਂ ਹਾਈਕੋਰਟ ਨੇ 2 ਕਮੇਟੀ ਮੈਂਬਰਾਂ ਨਰੈਣ ਦੱਤ ਅਤੇ ਪ੍ਰੇਮ ਕੁਮਾਰ ਨੂੰ ਬਰੀ ਕਰ ਦਿੱਤਾ ਪਰ ਮਨਜੀਤ ਧਨੇਰ ਦੀ ਸਜ਼ਾ ਬਰਕਰਾਰ ਰੱਖੀ।

- ਪੰਜਾਬ ਸਰਕਾਰ ਨੇ ਗਵਰਨਰ ਪੰਜਾਬ ਦੇ ਸਜ਼ਾ ਰੱਦ ਕਰਨ ਦੇ ਹੁਕਮਾਂ ਨੂੰ ਦਰ ਕਿਨਾਰ ਕਰਨ ਦੇ ਖਿਲਾਫ਼ ਸੁਪਰੀਮ ਕੋਰਟ ਵਿੱਚ ਚਣੌਤੀ ਦਿੱਤੀ ਜਿੱਥੇ ਜਸਟਿਸ ਜੀ ਐਸ ਸਿੰਘਵੀ ਅਤੇ ਜਸਟਿਸ ਏ ਕੇ ਗਾਂਗੂਲੀ ਨੇ 24 ਫਰਵਰੀ 2011 ਨੂੰ ਇਹ ਹੁਕਮ ਸੁਣਾਇਆ, ਇਹਨਾਂ ਕਾਰਨਾਂ ਕਰਕੇ ਅਦਾਲਤ ਦੇ ਹੱਥ ਬੰਨ੍ਹੇ ਹੋਏ ਹਨ ਕਿ ਉਹ ਗਵਰਨਰ ਦੇ ਹੁਕਮਾਂ ਦੀ ਤਾਈਦ ਨਹੀਂ ਕਰ ਸਕਦੀ। ਅਸੀਂ ਗਵਰਨਰ ਦੇ ਹੁਕਮਾਂ ਨੂੰ ਪਾਸੇ ਰੱਖਦਿਆਂ ਮਾਨਯੋਗ ਗਵਰਨਰ ਨੂੰ ਕਾਨੂੰਨ ਅਨੁਸਾਰ ਇਸ ਮਾਮਲੇ ਨੂੰ ਮੁੜ ਵਿਚਾਰਨ ਲਈ ਕਹਿੰਦੇ ਹਾਂ।

- ਇਓਂ ਸੁਪਰੀਮ ਕੋਰਟ ਵੱਲੋਂ ਸਜ਼ਾ ਰੱਦ ਕਰਨ ਦੀ ਅਰਜ਼ੀ 'ਤੇ ਸੁਣਾਏ ਹੁਕਮ ਅਨੁਸਾਰ ਗਵਰਨਰ ਪੰਜਾਬ ਕੋਲ ਇਹ ਅਰਜ਼ੀ ਲਮਕਦੀ ਪਈ ਸੀ।

- ਸੁਪਰੀਮ ਕੋਰਟ ਅੰਦਰ ਸਾਡੇ ਕੇਸ ਦੀ ਪੈਰਵਾਈ ਮੈਡਮ ਕਾਮਿਨੀ ਜੈਸਵਾਲ ਕਰ ਰਹੇ ਸਨ।

- 3 ਸਤੰਬਰ 2019 ਨੂ ਸੁਪਰੀਮ ਕੋਰਟ ਨੇ ਪੰਜਾਬ ਹਰਿਆਣਾ ਹਾਈਕੋਰਟ ਦੇ ਹੁਕਮ ਦੀ ਤਾਈਦ ਕਰ ਦਿੱਤੀ।

- ਲੋਕ ਘੁਲਾਟੀਏ ਮਨਜੀਤ ਧਨੇਰ ਦੀ ਸਜ਼ਾ ਰੱਦ ਕਰਵਾਉਣ ਲਈ ਸੰਘਰਸ਼ ਕਮੇਟੀ ਪੰਜਾਬ ਦੇ ਝੰਡੇ ਥੱਲੇ ਕਿਸਾਨਾਂ, ਮਜ਼ਦੂਰਾਂ, ਮੁਲਾਜ਼ਮਾਂ, ਜਮਹੂਰੀ ਸਮਾਜਕ ਜਥੇਬੰਦੀਆਂ, ਬੁਧੀਜੀਵੀਆਂ, ਨੌਜਵਾਨਾਂ, ਵਿਦਿਆਰਥੀਆਂ, ਔਰਤਾਂ ਦੀਆਂ ਵੱਖ ਵੱਖ ਜਥੇਬੰਦੀਆਂ ਪਹਿਲਾਂ ਹੀ ਜੁੜ ਚੁੱਕੀਆਂ ਸਨ।

- 10 ਸਤੰਬਰ 2019 ਨੂੰ ਗਵਰਨਰ ਪੰਜਾਬ ਨੂੰ ਇੱਕ ਵੱਡਾ ਜਨਤਕ ਵਫਦ ਮਿਲਿਆ ਅਤੇ ਮਨਜੀਤ ਧਨੇਰ ਦੀ ਸਜ਼ਾ ਰੱਦ ਕਰਨ ਦੀ ਮੰਗ ਕੀਤੀ।

- ਉਸੇ ਦਿਨ ਹੀ ਪ੍ਰੈਸ ਕਲੱਬ ਚੰਡੀਗੜ੍ਹ ਵਿਖੇ ਸੰਘਰਸ਼ ਕਮੇਟੀ ਨੇ ਪ੍ਰੈਸ ਕਾਨਫਰੰਸ ਕਰਕੇ 20 ਸਤੰਬਰ ਤੋਂ ਮੁਖ ਮੰਤਰੀ ਪੰਜਾਬ ਦੇ ਜੱਦੀ ਸ਼ਹਿਰ ਪਟਿਆਲਾ ਵਿਖੇ ਪੱਕਾ ਮੋਰਚਾ ਲਾ ਕੇ ਸੰਘਰਸ਼ ਦਾ ਐਲਾਨ ਕਰ ਦਿੱਤਾ ।

- ਪਟਿਆਲੇ ਸ਼ਹਿਰ ਅੰਦਰ ਰੋਕਾਂ ਲਾਉਣ ਕਰਕੇ ਪਟਿਆਲਾ ਨੇੜਲੀ ਮਹਿਮਦਪੁਰ ਮੰਡੀ ਵਿਖੇ 20 ਸਤੰਬਰ ਤੋਂ 26 ਸਤੰਬਰ 2020 ਤੱਕ ਸੱਤ ਦਿਨਾਂ ਦਾ ਪੱਕਾ ਮੋਰਚਾ ਲਾਇਆ ਗਿਆ।

- ਮਨਜੀਤ ਧਨੇਰ ਨੂੰ ਐਕਸ਼ਨ ਕਮੇਟੀ ਦੀ ਅਗਵਾਈ ਵਿੱਚ ਇੱਕ ਵਿਸ਼ਾਲ ਇਕੱਠ ਨੇ 30 ਸਤੰਬਰ 2019 ਸ਼ੈਸ਼ਨ ਅਦਾਲਤ ਬਰਨਾਲਾ ਦੀ ਕਚਿਹਰੀ ਵਿੱਚ ਪੇਸ਼ ਕੀਤਾ ਕਿਉਂਕਿ ਇਹ ਦਿਨ ਆਤਮ ਸਮੱਰਪਣ ਕਰਨ ਦੀ ਆਖਰੀ ਤਰੀਕ ਸੁਪਰੀਮ ਕੋਰਟ ਨੇ ਮਨਜੀਤ ਧਨੇਰ ਨੂੰ ਸੁਣਾਈ ਸੀ।

- 30 ਸਤੰਬਰ 2019 ਨੂੰ ਅਨਾਜ ਮੰਡੀ ਬਰਨਾਲਾ ਵਿਖੇ 30 ਹਜ਼ਾਰ ਲੋਕਾਂ ਦੇ ਵਿਸ਼ਾਲ ਇਕੱਠ 'ਚ ਸੰਘਰਸ਼ ਕਮੇਟੀ ਨੇ ਮਨਜੀਤ ਧਨੇਰ ਦੀ ਰਿਹਾਈ ਤੱਕ ਬਰਨਾਲਾ ਜੇਲ੍ਹ, ਜਿੱਥੇ ਮਨਜੀਤ ਧਨੇਰ ਨੂੰ ਕੈਦ ਸੰਘਰਸ਼ ਕਮੇਟੀ ਚ ਰੱਖਿਆ ਜਾਣਾ ਸੀ) ਦੇ ਬਾਹਰ ਆਪਣਾ ਸੰਘਰਸ਼ ਜਾਰੀ ਰੱਖਣ ਦਾ ਐਲਾਨ ਕੀਤਾ।

- ਇਸ ਅਰਸੇ ਦੌਰਾਨ ਸੰਘਰਸ਼ ਕਮੇਟੀ ਦੀਆਂ ਪੰਜਾਬ ਸਰਕਾਰ ਨਾਲ ਦੋ ਮੀਟਿੰਗਾਂ ਹੋਈਆਂ ਜਿਹਨਾਂ ਸੰਘਰਸ਼ ਕਮੇਟੀਚ ਪੰਜਾਬ ਸਰਕਾਰ ਦੇ ਰਵੱਈਏ ਦੀ ਖੁੱਲ੍ਹਕੇ ਪਾਜ ਉਘੜਾਈ ਕੀਤੀ ਗਈ ਕਿ ਪਿਛਲੇ 8 ਸਾਲ ਤੋਂ ਲੋਕਾਂ ਵੱਲੋਂ ਆਪਣੀ ਹੱਕੀ ਮੰਗ ਨੂੰ ਲੈ ਕੇ ਕੀਤੇ ਜਾ ਰਹੇ ਸੰਘਰਸ਼ 'ਚ ਵੱਡਾ ਮੁੱਦਾ ਬਣਕੇ ਉਭਰੇ ਮਸਲੇ ਨੂੰ ਹੱਲ ਕਰਨ ਦੀ ਸਰਕਾਰ ਦੀ ਕੋਈ ਨੀਤ ਨਹੀਂ ਹੈ।

- 30 ਸਤੰਬਰ ਤੋਂ 15 ਨਵੰਬਰ 2019 ਤੱਕ 46 ਦਿਨ ਲਗਾਤਾਰ ਚੱਲੇ ਸੰਘਰਸ਼ 'ਚ ਹਜ਼ਾਰਾਂ ਲੋਕਾਂ ਨੇ ਸਰਗਰਮ ਸਮੂਲੀਅਤ ਕੀਤੀ। ਲੋਕਾਂ ਦੀ ਸਮੂਲੀਅਤ ਮਿਸਾਲੀ ਸੀ। ਇਸ ਸੰਘਰਸ਼ ਅੰਦਰ ਕਿਸਾਨਾਂ, ਮਜ਼ਦੂਰਾਂ, ਮੁਲਾਜਮਾਂ, ਔਰਤਾਂ, ਵਿਦਿਆਰਥੀਆਂ, ਮੈਡੀਕਲ ਪ੍ਰੈਕਟੀਸ਼ਨਰਾਂ, ਆਂਗਣਵਾੜੀ ਵਰਕਰਾਂ, ਤਰਕਸ਼ੀਲਾਂ, ਨੌਜਵਾਨਾਂ, ਜਮਹੂਰੀ ਹੱਕਾਂ ਦੀਆਂ ਜਥੇਬੰਦੀਆਂ, ਲਿਖਾਰੀਆਂ, ਕਵੀਆਂ, ਕਲਾਕਾਰਾਂ, ਵਕੀਲਾਂ ਦਾ ਹੁੰਗਾਰਾ ਆਪ ਮੁਹਾਰਾ ਸੀ ਅਤੇ ਉਤਸ਼ਾਹੀ ਸੀ।

- ਅਖੀਰ ਨੂੰ 13 ਸਤੰਬਰ 2020 ਨੂੰ ਗਵਰਨਰ ਪੰਜਾਬ ਨੇ ਮਨਜੀਤ ਧਨੇਰ ਦੀ ਸਜ਼ਾ ਰੱਦ ਕਰਨ ਦੀ ਅਰਜ਼ੀ ਨੂੰ ਮਨਜ਼ੂਰੀ ਦੇ ਦਿੱਤੀ। ਇਸ ਸਬੰਧ 'ਚ ਨੋਟੀਫੀਕੇਸ਼ਨ 14 ਨਵਬੰਰ ਨੂੰ ਜਾਰੀ ਕੀਤਾ ਗਿਆ ਅਤੇ ਮਨਜੀਤ ਸਿੰਘ ਧਨੇਰ ਨੂੰ ਦੇਰ ਰਾਤ 8.15 ਵਜੇ ਸੰਘਰਸ਼ ਕਮੇਟੀ ਦੇ ਮੈਂਬਰਾਂ ਅਤੇ ਸੈਂਕੜੇ ਸਰਗਰਮ ਕਾਰਕੁਨਾਂ ਦੇ ਇਕੱਠ 'ਚ ਬਰਨਾਲਾ ਜੇਲ੍ਹ ਤੋਂ ਰਿਹਾ ਕੀਤਾ ਗਿਆ।

- ਇਸ ਲੋਕ ਘੋਲ ਦੇ ਸ਼ਾਨਾਮੱਤੀ ਜਿੱਤ ਦੇ ਜਲੌਅ ਅਤੇ ਬੁਲੰਦ ਨਾਅਰਿਆਂ ਤੇ ਇਲਕਲਾਬੀ ਗੂੰਜਾਂ ਗੁੰਜਾਉਂਦਿਆਂ ਜਦੋਂ ਮਨਜੀਤ ਧਨੇਰ ਬਾਹਰ ਨਿਕਲਿਆ ਤਾਂ ਇਹ ਚਾਅ ਵਿਆਹ ਸਮਾਗਮ ਤੋਂ ਘੱਟ ਨਹੀਂ ਸੀ। ਹਕੀਕਤ 'ਚ ਇਹ ਬਹੁਤ ਸਿਰੜੀ ਜਦੋਜਹਿਦ ਅਤੇ ਬਹੁਤ ਮਿਹਨਤ ਨਾਲ ਹਾਸਲ ਕੀਤਾ ਇਨਸਾਫ ਸੀ।

- 15 ਨਵੰਬਰ 2020 ਦੀ ਸਵੇਰ ਨੂੰ ਜੇਲ੍ਹ ਦੇ ਬਾਹਰ ਹਜ਼ਾਰਾਂ ਲੋਕਾਂ ਦਾ ਠਾਠਾਂ ਮਾਰਦਾ ਇਕੱਠ ਮਨਜੀਤ ਧਨੇਰ ਨੂੰ ਇਨਕਲਾਬੀ ਇਸਤਕਬਾਲ ਕਰਨ ਲਈ ਹਾਜ਼ਰ ਸੀ। ਫੁੱਲਾਂ ਦੇ ਹਾਰ ਪਹਿਨਕੇ ਜਦੋਂ ਮਨਜੀਤ ਧਨੇਰ ਸਟੇਜ਼ 'ਤੇ ਸਾਹਮਣੇ ਆਇਆ ਤਾਂ ਪੰਡਾਲ ਅੰਦਰ ਜਿਵੇਂ ਇੱਕ ਜਿੱਤ ਦੇ ਜਸ਼ਨ ਸਨ। ਸਾਰਾ ਮਹੌਲ ਹੀ ਉਤਸ਼ਾਹ ਨਾਲ ਭਰ ਗਿਆ ਅਤੇ ਢੋਲ ਦੀ ਤਾਲ ਦੀ ਤਾਲ 'ਤੇ ਭੰਗੜੇ ਪੈ ਰਹੇ ਸਨ।

- ਤਿੰਨ ਕਿਲੋਮੀਟਰ ਲੰਮਾ ਕਾਫ਼ਲਾ ਬਰਨਾਲਾ ਸ਼ਹਿਰ ਤੋਂ ਸ਼ੁਰੂ ਹੋ ਕੇ ਵੱਖ ਵੱਖ ਪਿੰਡਾਂ 'ਚੋਂ ਗੁਜ਼ਰਦਿਆਂ ਮਨਜੀਤ ਧਨੇਰ ਦੇ ਜੱਦੀ ਪਿੰਡ ਧਨੇਰ ਤਿੰਨ ਘੰਟਿਆਂ 'ਚ ਅੱਪੜਿਆ। ਰਾਹ ਵਿੱਚ ਥਾਂ ਥਾਂ ਔਰਤਾਂ ਸਮੇਤ ਲੋਕਾਂ ਨੇ ਆਪਣੇ ਮਹਿਬੂਬ ਆਗੂ ਨੂੰ ਸਨਮਾਨਤ ਕੀਤਾ। ਇਤਿਹਾਸਕ ਸੰਘਰਸ਼ ਦੇ ਇਹ ਯਾਦਗਾਰੀ ਪਲ ਸਨ।

- ਇਸ ਸੰਘਰਸ਼ ਦੇ ਕੀਮਤੀ ਸਬਕ ਅਤੇ ਤਜਰਬੇ ਦੇ ਰੂਪ ਵਿੱਚ ਅਸੀਂ ਇਹ ਕਹਿਣਾ ਚਾਹੁੰਦੇ ਹਾਂ ਕਿ ਮਨਜੀਤ ਧਨੇਰ ਨੂੰ ਅਸੀਂ ਔਰਤਾਂ ਖਿਲਾਫ਼ ਜਬਰ ਦੇ ਵਿਰੁੱਧ ਸੰਘਰਸ਼ 'ਚ ਕੁੱਦਣ ਕਰਕੇ ਝੂਠੇ ਕੇਸ ਵਿੱਚ ਫਸਾਇਆ ਗਿਆ ਸੀ। ਔਰਤਾਂ ਉੱਤੇ ਇਹ ਜਬਰ ਨਿਤ ਦਿਨ ਵਧਦਾ ਜਾ ਰਿਹਾ ਹੈ। ਬਹੁਤ ਸਾਰੀਆਂ ਖਿੱਚਾਂ ਅਤੇ ਦਬਾਵਾਂ ਦੇ ਬਾਵਜੂਦ ਗੁੰਡਾ-ਪੁਲੀਸ- ਸਿਆਸਤਦਾਨਾ ਦਾ ਨਾਪਾਕ ਗੱਠਜੋੜ ਖਿਲਾਫ਼ ਅਸੀ? ਸੰਘਰਸ਼ ਨੂੰ ਜਾਰੀ ਰੱਖਿਆ ਹੋਇਆ ਹੈ। 23 ਸਾਲਾਂ ਤੱਕ ਲੜੇ ਗਏ ਇਸ ਸੰਘਰਸ਼ ਦੇ ਲੱਖਾਂ ਲੋਕਾਂ ਦੀ ਹਮਾਇਤ ਪ੍ਰਾਪਤ ਹੋਈ ਹੈ। ਲੋਕ ਤਾਕਤ ਦੇ ਸਰਗਰਮ ਅਤੇ ਉਤਸ਼ਾਹੀ ਘਾਲਣਾ ਦੇ ਨਤੀਜ਼ੇ ਵਜੋਂ ਵੱਡੀਆਂ ਚਣੌਤੀਆਂ ਨੂੰ ਸਰ ਕਰਦਾ ਸੰਘਰਸ਼ ਜੇਤੂ ਹੋ ਨਿਬੜਿਆ।




Dr. Baltej Parhar, Chiropractor

Tired of living in pain? Relying on pain medications to get you through the day ? Always getting the same answers or treatments with no results?

Dr. Parhar Strives to ensure his patients are pain-free and able to move again so they can get back to work and doing the things they love. Call and book your consultation today!

* Insurance Billing * Multidisciplinary care * Cold Laser Therapy
* 1 on 1 appointments * Rehab facility on-site * Educational Classes

ਕੀ ਤੁਸੀਂ ਦਰਦ ਨਾਲ ਜੀਉਂਦੇ ਥੱਕ ਗਏ ਹੋ? ਡਾ . ਪਰਹਾਰ ਨੂੰ ਜਵਾਬ ਲੱਭਣ ਵਿੱਚ ਤੁਹਾਡੀ ਮੱਦਦ ਕਰਨ ਦਿਓ ਤਾਂ ਜੋ ਤੁਸੀਂ ਉਨ੍ਹਾਂ ਚੀਜ਼ਾਂ ਨੂੰ ਵਾਪਸ ਕਰ ਸਕੋ ਜੋ ਤੁਸੀਂ ਪਸੰਦ ਕਰਦੇ ਹੋ। ਅੱਜ ਹੀ ਸਲਾਹ-ਮਸ਼ਵਰੇ ਲਈ ਕਾਲ ਕਰੋ ਜਾਂ ਈ-ਮੇਲ ਕਰੋ।

FLEXOLOGY WELLNESS CLINIC

#3 2015 32nd Ave NE Calgary, AB T2E 6Z3

Ph. 403-764-3539 (FLEX)

Email: baltej.parhar@flexology.ca

FLEXOLOGY WELLNESS

# ਅਦਾਲਤੀ 'ਮਾਣਹਾਨੀ' ਅਤੇ ਨਿਆਂ ਪਾਲਿਕਾ ਦੀ ਸੜਾਂਦ (ਸਫ਼ਾ 1 ਦੀ ਬਾਕੀ)

ਹਿਤ 'ਚ ਉਠਾਉਣਾ ਜ਼ਰੂਰੀ ਹੈ।

ਪ੍ਰਸ਼ਾਂਤ ਭੂਸ਼ਨ ਵਿਰੁੱਧ ਅਜੇ 2009 'ਚ ਤਹਿਲਕਾ ਰਸਾਲੇ ਨੂੰ ਦਿੱਤੀ ਇਕ ਇੰਟਰਵਿਊ ਦਾ ਇਕ ਹੋਰ ਮਾਮਲਾ ਵੀ ਸੁਣਵਾਈ ਅਧੀਨ ਹੈ। ਇੰਟਰਵਿਊ ਵਿਚ ਉਸ ਨੇ ਸੁਪਰੀਮ ਕੋਰਟ ਦੇ ਬਹੁਤ ਸਾਰੇ ਜੱਜਾਂ ਦਾ ਨਾਂਅ ਲੈ ਕੇ ਭ੍ਰਿਸ਼ਟਾਚਾਰ ਦੇ ਸੰਗੀਨ ਇਲਜ਼ਾਮ ਲਗਾਉਂਦਿਆਂ ਕਿਹਾ ਸੀ ਕਿ ਪਿਛਲੇ 16 ਪ੍ਰਮੁੱਖ ਜੱਜਾਂ ਵਿੱਚੋਂ ਘੱਟੋਘੱਟ ਅੱਧੇ ਭ੍ਰਿਸ਼ਟ ਸਨ। ਉਸ ਨੇ ਮੁਲਕ ਦੇ ਬੌਧਿਕ ਹਲਕਿਆਂ ਦੀ ਇਸ ਮੰਗ ਦੀ ਹਮਾਇਤ ਵੀ ਕੀਤੀ ਸੀ ਕਿ ਅਦਾਲਤੀ ਭ੍ਰਿਸ਼ਟਾਚਾਰ ਦੇ ਮਾਮਲਿਆਂ ਦੀ ਨਿਰਪੱਖ ਜਾਂਚ ਲਈ ਇਕ ਅਜ਼ਾਦ ਸੰਸਥਾ ਬਣਾਈ ਜਾਵੇ। ਸਿਤਮਜ਼ਰੀਫ਼ੀ ਇਹ ਹੈ ਕਿ ਪ੍ਰਸ਼ਾਂਤ ਭੂਸ਼ਣ ਵੱਲੋਂ ਲਗਾਏ ਇਲਜ਼ਾਮ ਨਾ ਖਾਰਜ ਕੀਤੇ ਗਏ ਅਤੇ ਨਾ ਉਹਨਾਂ ਦੀ ਜਾਂਚ ਕਰਾਈ ਗਈ, ਬਸ ਅਦਾਲਤੀ ਮਾਣਹਾਨੀ ਦਾ ਮਾਮਲਾ ਬਣਾ ਕੇ ਮੁਕੱਦਮਾ ਚਲਾਇਆ ਗਿਆ ਜੋ ਅਜੇ ਸੁਣਵਾਈ ਅਧੀਨ ਹੈ।

ਕੌੜੀ ਹਕੀਕਤ ਇਹ ਹੈ ਕਿ ਜੱਜਾਂ ਦੀ ਹਉਮੈ ਇਹ ਸੱਚ ਸੁਣਨ ਲਈ ਤਿਆਰ ਨਹੀਂ। ਇਹੀ ਵਜ੍ਹਾ ਸੀ ਕਿ ਜਦ 20 ਅਗਸਤ ਨੂੰ ਅਟਾਰਨੀ ਜਨਰਲ ਕੇ.ਕੇ. ਵੇਨੂਗੋਪਾਲ ਨੇ ਪ੍ਰਸ਼ਾਂਤ ਭੂਸ਼ਨ ਨੂੰ ਸਜ਼ਾ ਸੁਣਾਉਣ ਲਈ ਜੁੜੇ ਬੈਂਚ ਦਾ ਧਿਆਨ ਸੁਪਰੀਮ ਕੋਰਟ ਦੇ ਨੌਂ ਜੱਜਾਂ ਦੀਆਂ ਟਿੱਪਣੀਆਂ ਵੱਲ ਦਿਵਾਉਣ ਦੀ ਕੋਸ਼ਿਸ਼ ਕੀਤੀ ਤਾਂ ਉਸ ਨੂੰ ਰੋਕ ਦਿੱਤਾ ਗਿਆ। ਉਹ ਤਾਂ ਬਸ ਇਹੀ ਚੇਤੇ ਕਰਾ ਰਿਹਾ ਸੀ ਕਿ ਉਸ ਕੋਲ ਸੁਪਰੀਮ ਕੋਰਟ ਦੇ ਸਾਬਕਾ ਨੌਂ ਜੱਜਾਂ ਦੇ ਨਾਂਅ ਹਨ ਜਿਹਨਾਂ ਨੇ ਕਿਹਾ ਹੈ ਕਿ ਉਚੇਰੀ ਜੁਡੀਸ਼ਰੀ ਵਿਚ ਭ੍ਰਿਸ਼ਟਾਚਾਰ ਹੈ, ਉਹਨਾਂ ਵਿੱਚੋਂ ਸੱਤ ਨੇ ਰਿਟਾਇਰ ਹੋਣ ਤੋਂ ਤੁਰੰਤ ਬਾਦ ਇਹ ਟਿੱਪਣੀਆਂ ਕੀਤੀਆਂ ਹਨ ਜਦਕਿ ਦੋ ਨੇ ਸਰਵਿਸ ਦੌਰਾਨ। ਇਹ ਅਧੂਰਾ ਸੱਚ ਵੀ ਕਿਉਂਕਿ ਬੈਂਚ ਦੇ ਫ਼ੈਸਲੇ ਉੱਪਰ ਸਵਾਲ ਖੜ੍ਹੇ ਕਰ ਸਕਦਾ ਸੀ ਇਸ ਲਈ ਉਸ ਨੂੰ ਰੋਕ ਦਿੱਤਾ ਗਿਆ।

ਇਹ ਅਦਾਲਤੀ ਵਤੀਰਾ ਅਹੁਦੇ ਦੀ ਹਉਮੈਂ ਦਾ ਪ੍ਰਤੀਕ ਹੈ ਅਤੇ ਇਹ ਗ਼ਰੂਰ ਪਹਿਲਾਂ ਵੀ ਆਪਣੇ ਰੰਗ ਦਿਖਾ ਚੁੱਕਾ ਹੈ। ਮਾਰਚ 2002 'ਚ ਮਸ਼ਹੂਰ ਲੇਖਿਕਾ ਅਰੁੰਧਤੀ ਰਾਏ ਨੂੰ ਸੁਪਰੀਮ ਕੋਰਟ ਨੇ ਅਦਾਲਤ ਦੀ 'ਹੱਤਕ' ਕਰਨ ਲਈ ਇਕ ਦਿਨ ਦੀ ਕੈਦ ਅਤੇ 2000 ਰੁਪਏ ਜੁਰਮਾਨੇ ਦੀ ਸਜ਼ਾ ਦਿੱਤੀ ਸੀ ਕਿਉਂਕਿ ਅਦਾਲਤ ਨੂੰ ਉਸ ਦੇ ਹਲਫ਼ਨਾਮੇ ਵਿਚ 'ਪਛਤਾਵਾ' ਨਜ਼ਰ ਨਹੀਂ ਸੀ ਆਇਆ ਜੋ ਉਸ ਨੇ ਆਪਣੇ ਉੱਪਰ ਅਦਾਲਤ ਵਿਰੁੱਧ ਨਾਅਰੇ ਲਾਉਣ ਦੇ ਦੋਸ਼ਾਂ ਦੀ ਸਫ਼ਾਈ ਪੇਸ਼ ਕਰਨ ਲਈ ਦਿੱਤਾ ਸੀ। ਇਸੇ ਤਰ੍ਹਾਂ, ਮਈ 2017 'ਚ ਸੁਪਰੀਮ ਕੋਰਟ ਦੇ ਸੱਤ ਮੈਂਬਰੀ ਬੈਂਚ ਨੇ ਖ਼ੁਦ ਹੀ ਨੋਟਿਸ ਲੈ ਕੇ ਕਲਕੱਤਾ ਹਾਈਕੋਰਟ ਦੇ ਜਸਟਿਸ ਸੀ.ਐੱਸ. ਕਰਨਨ ਨੂੰ ਛੇ ਮਹੀਨੇ ਦੀ ਸਜ਼ਾ ਦੇ ਦਿੱਤੀ ਸੀ ਕਿਉਂਕਿ ਉਸ ਨੇ ਮੋਦੀ ਨੂੰ ਚਿੱਠੀ ਲਿਖ ਕੇ ਸਿਟਿੰਗ ਜੱਜਾਂ ਦੇ ਭ੍ਰਿਸ਼ਟਾਚਾਰ, ਜਾਤਪਾਤ ਸਮੇਤ ਅਦਾਲਤੀ ਢਾਂਚੇ ਦੇ ਨਿਘਾਰ ਉੱਪਰ ਤੱਥਪੂਰਨ ਸਵਾਲ ਉਠਾਏ ਸਨ (ਮਜ਼ੇ ਦੀ ਗੱਲ ਇਹ ਹੈ ਕਿ ਉਸ ਨੂੰ ਸਜ਼ਾ ਦੇਣ ਦੇ ਫ਼ੈਸਲੇ ਦਾ ਸਵਾਗਤ ਕਰਨ ਵਾਲਿਆਂ ਵਿਚ ਪ੍ਰਸ਼ਾਂਤ ਭੂਸ਼ਣ ਵੀ ਸੀ)। ਇਹ ਵੀ ਗ਼ੌਰਤਲਬ ਹੈ ਕਿ ਜਸਟਿਸ ਕਰਣਨ ਨੂੰ ਸਜ਼ਾ ਸੁਣਾਉਣ ਵਾਲੇ ਪੰਜ ਜੱਜਾਂ ਵਿੱਚੋਂ ਚਾਰ ਉਹ ਜੱਜ ਸਨ ਜਿਹਨਾਂ ਨੇ 12 ਜਨਵਰੀ 2018 ਨੂੰ ਤੱਤਕਾਲੀ ਚੀਫ਼ ਜਸਟਿਸ ਵਿਰੁੱਧ ਜਨਤਕ ਪ੍ਰੈੱਸ ਕਾਨਫਰੰਸ ਕਰਕੇ ਜਸਟਿਸ ਦੀਪਕ ਮਿਸ਼ਰਾ ਉੱਪਰ ਮਨਮਾਨੀਆਂ ਦੇ ਇਲਜ਼ਾਮ ਲਗਾਏ ਸਨ। ਜਸਟਿਸ ਕਰਨਨ ਨੂੰ ਸੁਣਾਈ ਸਜ਼ਾ ਨੇ ਸੀਨੀਅਰ ਜੱਜਾਂ ਦੇ ਦੋਹਰੇ ਮਿਆਰ ਵੀ ਬੇਪਰਦ ਕਰ ਦਿੱਤੇ ਜਿਹਨਾਂ ਨੂੰ ਚੀਫ਼ ਜਸਟਿਸ ਦੀਆਂ ਮਨਮਾਨੀਆਂ ਵਿਰੁੱਧ ਆਪਣੀ ਪ੍ਰੈੱਸ ਕਾਨਫਰੰਸ ਤਾਂ ਪੂਰੀ ਤਰ੍ਹਾਂ ਜਾਇਜ਼ ਲੱਗਦੀ ਸੀ ਲੇਕਿਨ ਜਸਟਿਸ ਕਰਨਨ ਵੱਲੋਂ ਉਠਾਏ ਸਵਾਲ ਉਹਨਾਂ ਨੂੰ ਅਦਾਲਤ ਦੀ ਹੱਤਕ ਨਜ਼ਰ ਆਏ ਅਤੇ ਉਸ ਨੂੰ ਸਜ਼ਾ ਦੇਣਾ ਜ਼ਰੂਰੀ ਸਮਝਿਆ ਗਿਆ। ਇਹਨਾਂ ਚਾਰਾਂ ਵਿੱਚੋਂ ਇਕ ਸ਼ਖ਼ਸ ਰੰਜਨ ਗੋਗੋਈ ਰਾਫ਼ਾਲ ਸੌਦੇ, ਅਯੁੱਧਿਆ ਵਿਵਾਦ, ਅਸਾਮ ਵਿਚ ਐੱਨ.ਆਰ.ਸੀ. ਦੀ ਨਿਗਰਾਨੀ, ਕਸ਼ਮੀਰ ਦੀਆਂ ਹੈਬੀਅਸ ਕਾਰਪਸ ਆਦਿ ਬਹੁਤ ਹੀ ਗੰਭੀਰ ਮੁੱਦਿਆਂ ਉੱਪਰ ਸੱਤਾਧਾਰੀ ਆਰ.ਐੱਸ.ਐੱਸ.-ਭਾਜਪਾ ਪੱਖੀ ਦੀ ਸੇਵਾ ਦੇ ਇਵਜ਼ ਵਿਚ ਹੁਣ ਰਾਜ ਸਭਾ ਦੀ ਮੈਂਬਰੀ ਮਾਣ ਰਿਹਾ ਹੈ। ਉਸ ਨੂੰ ਆਸਾਮ ਚੋਣਾਂ ਵਿਚ ਭਾਜਪਾ ਵੱਲੋਂ ਮੁੱਖ ਮੰਤਰੀ ਅਹੁਦੇ ਦਾ ਉਮੀਦਵਾਰ ਬਣਾਏ ਜਾਣ ਦੇ ਵੀ ਚਰਚੇ ਹਨ। ਰਾਫ਼ਾਲ ਸੌਦੇ, ਜਸਟਿਸ ਲੋਇਆ ਦੀ ਮੌਤ ਅਤੇ ਭੀਮਾ-ਕੋਰੇਗਾਓਂ ਸਾਜ਼ਿਸ਼ ਮਾਮਲਿਆਂ ਵਿਚ ਸਰਵਉੱਚ ਅਦਾਲਤ ਵੱਲੋਂ ਮਹੱਤਵਪੂਰਨ ਸਬੂਤਾਂ ਨੂੰ ਦਰਕਿਨਾਰ ਕਰਕੇ ਸੱਤਾਧਾਰੀ ਭਾਜਪਾ ਨੂੰ ਕਲੀਨਚਿਟਾਂ ਦੇਣ ਦੇ ਫ਼ੈਸਲੇ ਸਭ ਨੂੰ ਪਤਾ ਹਨ। ਚੀਫ਼ ਜਸਟਿਸ ਨੇ ਪੰਜ ਬੁੱਧੀਜੀਵੀਆਂ ਦੇ ਮਾਮਲੇ ਵਿਚ ਰਾਤੋਰਾਤ ਬੈਂਚ ਦਾ ਫ਼ੈਸਲਾ ਬਦਲ ਕੇ ਸਰਕਾਰ ਪੱਖੀ ਨਵਾਂ ਫ਼ੈਸਲਾ ਲਿਖਵਾ ਦਿੱਤਾ ਸੀ।

ਪ੍ਰਸ਼ਾਂਤ ਭੂਸ਼ਣ ਵਿਰੁੱਧ ਹਾਲੀਆ ਮਾਮਲਾ ਆਪਣੇ ਆਪ ਵਿਚ ਹੀ ਅਦਾਲਤੀ ਘਾਲੇਮਾਲੇ ਦੀ ਮਿਸਾਲ ਹੈ। ਇਕ ਨਿੱਜੀ ਦਰਖ਼ਾਸਤ, ਜੋ ਕਿ ਅਟਾਰਨੀ ਜਨਰਲ ਦੀ ਅਗਾਊਂ ਸਹਿਮਤੀ ਤੋਂ ਬਿਨਾਂ ਦਾਇਰ ਹੀ ਨਹੀਂ ਹੋ ਸਕਦੀ, ਨੂੰ ਆਧਾਰ ਬਣਾ ਕੇ ਸੁਪਰੀਮ ਕੋਰਟ ਨੇ ਫਟਾਫਟ ਫ਼ੈਸਲਾ ਸੁਣਾ ਦਿੱਤਾ ਜਦਕਿ ਮੁਲਕ ਦੇ ਭਵਿੱਖ ਨਾਲ ਜੁੜੇ ਬੇਸ਼ੁਮਾਰ ਮਹੱਤਵਪੂਰਨ ਮਾਮਲੇ ਠੰਡੇ ਬਸਤੇ ਵਿਚ ਪਾਏ ਹੋਏ ਹਨ। ਕਸ਼ਮੀਰ, ਮੁਕਾਬਲਿਆਂ ਵਿਚ ਹੱਤਿਆਵਾਂ, ਸੀਏਏ ਆਦਿ ਮਾਮਲਿਆਂ ਨੂੰ ਸੁਪਰੀਮ ਕੋਰਟ ਲਗਾਤਾਰ ਨਜ਼ਰਅੰਦਾਜ਼ ਕਰ ਰਹੀ ਹੈ। ਸ਼ਾਇਦ ਹੀ ਕਿਸੇ ਨੂੰ ਭੁਲੇਖਾ ਹੋਵੇ ਕਿ ਐਨੇ ਮਹੱਤਵਪੂਰਨ ਮਾਮਲਿਆਂ ਨੂੰ ਦਰਕਿਨਾਰ ਕਰਕੇ ਅਦਾਲਤ ਦੀ ਕਥਿਤ ਹੱਤਕ ਪ੍ਰਤੀ ਬੈਂਚ ਦੀ ਇਸ ਤੱਤਪਰਤਾ ਪਿੱਛੇ ਅਦਾਲਤੀ ਕਾਰਗੁਜ਼ਾਰੀ ਉੱਪਰ ਜਾਇਜ਼ ਸਵਾਲ ਉਠਾਉਣ ਵਾਲਿਆਂ ਦੀ ਜ਼ੁਬਾਨਬੰਦੀ ਕਰਨ ਦੀ ਮਨਸ਼ਾ ਕੰਮ ਕਰਦੀ ਹੈ। ਬੈਂਚ ਨੇ ਆਪਣੇ ਫ਼ੈਸਲੇ ਵਿਚ ਫ਼ਿਕਰਮੰਦੀ ਜ਼ਾਹਿਰ ਕੀਤੀ ਕਿ ਦੁਨੀਆ ਜਮਹੂਰੀਅਤ ਲਈ ਭਾਰਤ ਵੱਲ ਦੇਖ ਰਹੀ ਹੈ, ਇਸ ਤਰ੍ਹਾਂ ਦੀਆਂ ਟਿੱਪਣੀਆਂ ਸਾਡੀ ਜਮਹੂਰੀਅਤ ਦਾ ਅਕਸ ਵਿਗਾੜਦੀਆਂ ਹਨ। ਆਰ.ਐੱਸ.ਐੱਸ.-ਭਾਜਪਾ ਸਰਕਾਰ ਦੇ ਮਨਮਾਨੇ ਫ਼ੈਸਲਿਆਂ ਜ਼ਰੀਏ ਮਨੁੱਖੀ ਅਤੇ ਜਮਹੂਰੀ ਹੱਕਾਂ ਅਤੇ ਸੰਵਿਧਾਨਕ ਮੁੱਲਾਂ ਦੀ ਦੁਰਦਸ਼ਾ ਨਾਲ ਕੁਲ ਆਲਮ ਵਿਚ ਭਾਰਤ ਦਾ ਜੋ ਅਕਸ ਬਣ ਚੁੱਕਾ ਹੈ ਉਹ ਸੁਪਰੀਮ ਕੋਰਟ ਲਈ ਕਦੇ ਫ਼ਿਕਰਮੰਦੀ ਦਾ ਵਿਸ਼ਾ ਨਹੀਂ ਬਣਿਆ। ਪਤਾ ਨਹੀਂ ਜੱਜ ਸਾਹਿਬਾਨ ਕਥਿਤ ਜਮਹੂਰੀਅਤ ਦੇ ਭਰਮ ਵਿਚ ਕਿਉਂ ਜਿਊਣਾ ਚਾਹੁੰਦੇ ਹਨ। ਜਦਕਿ ਸੁਪਰੀਮ ਕੋਰਟ ਦੇ ਹੀ ਪੰਜ ਸੀਨੀਅਰ ਜੱਜਾਂ ਨੇ ਪ੍ਰੈੱਸ ਕਾਨਫਰੰਸ ਕਰਕੇ ਸਾਫ਼ ਕਿਹਾ ਸੀ ਕਿ ਸੁਪਰੀਮ ਕੋਰਟ ਵਿਚ ਜਮਹੂਰੀਅਤ ਫੇਲ੍ਹ ਹੋ ਚੁੱਕੀ ਹੈ। ਉਹਨਾਂ ਜੱਜਾਂ ਦੇ ਮਾਮਲੇ ਨੂੰ ਜਨਤਕ ਕਰਨ ਪਿੱਛੇ ਕੀ ਹਿਤ ਕੰਮ ਸਨ ਇਹ ਵੱਖਰਾ ਮਾਮਲਾ ਹੈ। ਲੇਕਿਨ ਉਹਨਾਂ ਅਦਾਲਤੀ ਨਿਘਾਰ ਨੂੰ ਜਨਤਕ ਕਰਨਾ ਮਾਇਨੇ ਰੱਖਦਾ ਸੀ।

ਦੁਨੀਆ ਇਹ ਵੀ ਤਾਂ ਦੇਖ ਰਹੀ ਹੈ ਕਿ 'ਦੁਨੀਆ ਦੀ ਸਭ ਤੋਂ ਵੱਡੀ ਜਮਹੂਰੀਅਤ' ਦਾ ਅਸਲ ਚਿਹਰਾ ਕੀ ਹੈ ਅਤੇ ਸਰਬਉੱਚ ਅਦਾਲਤ ਕਰੋੜਾਂ ਲੋਕਾਂ ਦੀ ਜ਼ਿੰਦਗੀ ਉੱਪਰ ਅਸਰ ਪਾਉਣ ਵਾਲੇ ਮਾਮਲਿਆਂ 'ਚ ਕੀ ਕਰ ਰਹੀ ਹੈ। ਆਰ.ਐੱਸ.ਐੱਸ.-ਭਾਜਪਾ ਸਰਕਾਰ ਸੰਵਿਧਾਨਕ ਬੁਨਿਆਦ ਅਤੇ ਸੰਵਿਧਾਨਕ ਅਮਲ ਦੀਆਂ ਸਰੇਆਮ ਧੱਜੀਆਂ ਉਡਾ ਕੇ ਆਰਡੀਨੈਂਸਾਂ ਰਾਹੀਂ ਮਨਮਾਨੀਆਂ ਕਰ ਰਹੀ ਹੈ। ਜਿਹਨਾਂ ਲੋਕਾਂ ਦੇ ਹਿਤਾਂ ਦੇ ਨਾਂਅ 'ਤੇ ਤਾਨਾਸ਼ਾਹ ਫ਼ੈਸਲੇ ਲਏ ਜਾ ਰਹੇ ਹਨ ਉਹਨਾਂ ਦੀ ਰਾਇ ਹੀ ਨਹੀਂ ਲਈ ਜਾਂਦੀ। ਸੀਏਏ ਸੋਧ ਕਾਨੂੰਨ ਪਾਸ ਕਰਕੇ ਪੂਰੇ ਮੁਸਲਿਮ ਭਾਈਚਾਰੇ ਦੀ ਨਾਗਰਿਕਤਾ ਉੱਪਰ ਸਵਾਲੀਆ ਚਿੰਨ੍ਹ ਲਾ ਦਿੱਤਾ ਗਿਆ। ਪੂਰੇ ਜੰਮੂ-ਕਸ਼ਮੀਰ ਨੂੰ ਪਿਛਲੇ ਇਕ ਸਾਲ ਤੋਂ ਖੁੱਲ੍ਹੀ ਜੇਲ੍ਹ ਬਣਾਇਆ ਹੋਇਆ ਹੈ। ਇੰਟਰਨੈੱਟ ਸੇਵਾਵਾਂ ਵੀ ਬਹਾਲ ਨਹੀਂ ਕੀਤੀਆਂ ਜਾ ਰਹੀਆਂ। ਆਰਥਕ ਨੀਤੀਆਂ ਨੇ ਮੁਲਕ ਦਾ ਸਿੱਖਿਆ ਤੇ ਸਿਹਤ ਸੇਵਾਵਾਂ ਦਾ ਢਾਂਚਾ ਬੁਰੀ ਤਰ੍ਹਾਂ ਤਹਿਸ-ਨਹਿਸ ਕਰ ਦਿੱਤਾ ਹੈ। ਰੁਜ਼ਗਾਰ ਅਤੇ ਮੁਨਾਫ਼ਾ ਦੇਣ ਵਾਲੇ ਸਰਕਾਰੀ ਖੇਤਰ ਦੇ ਅਦਾਰੇ ਧੜਾਧੜ ਲੰਗੋਟੀਏ ਕਾਰਪੋਰੇਟ ਯਾਰਾਂ ਨੂੰ ਸੌਂਪਕੇ ਇਕ ਤਰ੍ਹਾਂ ਨਾਲ ਮੁਲਕ ਹੀ ਵੇਚਿਆ ਜਾ ਰਿਹਾ ਹੈ। ਕੋਰੋਨਾ ਮਹਾਮਾਰੀ ਦੇ ਬਹਾਨੇ ਤਾਲਾਬੰਦੀ ਥੋਪਣ ਨਾਲ ਬੇਵੱਸ ਹੋਏ ਦਹਿ-ਲੱਖਾਂ ਕਿਰਤੀ ਸੜਕਾਂ ਉੱਪਰ ਵਿਲਕਦੇ ਅਤੇ ਭੁੱਖੇ-ਤਿਹਾਏ ਦਮ ਤੋੜਦੇ ਪੂਰੀ ਦੁਨੀਆ ਨੇ ਦੇਖੇ। ਇਸੇ ਦੌਰਾਨ ਕਿਰਤੀਆਂ ਦੇ ਹੱਕ ਅਤੇ ਕਿਸਾਨਾਂ ਤੋਂ ਖੇਤੀਬਾੜੀ ਖੋਹਣ ਦੇ ਆਰਡੀਨੈਂਸ ਪਾਸ ਕੀਤੇ ਗਏ। ਸੁਪਰੀਮ ਕੋਰਟ ਸੰਵਿਧਾਨ ਅਤੇ ਲੋਕ ਵਿਰੋਧੀ ਇਸ ਅਮਲ ਨੂੰ ਪੂਰੀ ਤਰ੍ਹਾਂ ਨਜ਼ਰਅੰਦਾਜ਼ ਕਰ ਰਹੀ ਹੈ ਅਤੇ ਲੋਕ ਹਿਤ ਪਟੀਸ਼ਨਾਂ ਦੀ ਸੁਣਵਾਈ ਨਾ ਕਰਕੇ ਇਹ ਇਸ ਧਾੜਵੀ ਲੁੱਟ ਅਤੇ ਉਜਾੜੇ ਦੀ ਸੱਤਾਧਾਰੀ ਮੁਹਿੰਮ ਦੀ ਨਿਗਰਾਨ ਚੌਕੀ ਬਣ ਕੇ ਰਹਿ ਗਈ ਹੈ।

ਸੱਤਾਧਾਰੀ ਸੰਘ ਬਰਗੇਡ ਵੱਲੋਂ ਭੀਮਾ-ਕੋਰੇਗਾਓਂ ਦੇ ਪੂਰੀ ਤਰ੍ਹਾਂ ਝੂਠੇ ਸਾਜ਼ਿਸ਼ ਕੇਸ ਵਿਚ ਫਸਾਏ ਨੌਂ ਉੱਘੇ ਬੁੱਧੀਜੀਵੀ ਇਕ ਸਾਲ ਤੋਂ ਬਿਨਾਂ ਜ਼ਮਾਨਤ, ਬਿਨਾਂ ਮੁਕੱਦਮਾ ਜੇਲ੍ਹਾਂ ਵਿਚ ਸੜ ਰਹੇ ਹਨ। ਸੁਪਰੀਮ ਕੋਰਟ ਵੱਲੋਂ ਵਿਸ਼ੇਸ਼ ਜਾਂਚ ਟੀਮ ਬਣਾ ਕੇ ਉਹਨਾਂ ਵਿਰੁੱਧ ਇਲਜ਼ਾਮਾਂ ਦੀ ਜਾਂਚ ਕਰਵਾਉਣ ਦੀ ਨਹਾਇਤ ਜਾਇਜ਼ ਮੰਗ ਵੀ ਰੱਦ ਕਰ ਦਿੱਤੀ ਗਈ। ਪਿਛਲੇ ਮਹੀਨਿਆਂ ਵਿਚ ਗੌਤਮ ਨਵਲੱਖਾ, ਡਾ. ਆਨੰਦ ਤੇਲਤੁੰਬੜੇ ਅਤੇ ਪ੍ਰੋਫੈਸਰ ਹੈਨੀ ਬਾਬੂ ਨੂੰ ਵੀ ਗ੍ਰਿਫ਼ਤਾਰ ਕਰ ਲਿਆ ਗਿਆ, ਦੋ ਹੋਰ ਪ੍ਰੋਫੈਸਰਾਂ ਨੂੰ ਗ੍ਰਿਫ਼ਤਾਰ ਕਰਨ ਲਈ ਤਫ਼ਤੀਸ਼ ਵਿਚ ਸ਼ਾਮਲ ਕਰ ਲਿਆ ਗਿਆ ਹੈ। ਸੁਪਰੀਮ ਕੋਰਟ ਦੀਆਂ ਨਜ਼ਰਾਂ ਹੇਠ ਆਰ.ਐੱਸ.ਐੱਸ.-ਭਾਜਪਾ ਦੇ ਦਹਿਸ਼ਤੀ ਗਰੋਹਾਂ ਨੇ ਜੇ.ਐੱਨ.ਯੂ., ਜਾਮੀਆ ਮਿਲੀਆ ਅਤੇ ਸ਼ਾਹੀਨ ਬਾਗ਼ ਦੇ ਸ਼ਾਂਤਮਈ ਅੰਦੋਲਨਾਂ ਉੱਪਰ ਦਹਿਸ਼ਤੀ ਹਮਲੇ ਕੀਤੇ। ਫਰਵਰੀ ਕਤਲੇਆਮ ਵਿਚ 53 ਲੋਕ ਮਾਰੇ ਗਏ ਅਤੇ ਹਜ਼ਾਰਾਂ ਮੁਸਲਮਾਨ ਉਜਾੜ ਦਿੱਤੇ ਗਏ। ਅੱਜ ਤੱਕ ਦਹਿਸ਼ਤੀ ਹਿੰਸਾ ਲਈ ਜ਼ਿੰਮੇਵਾਰ ਇਕ ਵੀ ਭਾਜਪਾ ਆਗੂ ਵਿਰੁੱਧ ਪਰਚਾ ਦਰਜ ਨਹੀਂ ਹੋਇਆ ਜਦਕਿ ਦਿੱਲੀ ਪੁਲਿਸ ਵੱਲੋਂ ਸਰੇਆਮ ਨਿਰਆਧਾਰ ਇਲਜ਼ਾਮਾਂ ਤਹਿਤ ਸੀਏਏ ਵਿਰੋਧੀ ਨਿਆਂਪਸੰਦ ਨਾਗਰਿਕਾਂ ਅਤੇ ਰੌਸ਼ਨਖ਼ਿਆਲ ਵਿਦਿਆਰਥਣਾਂ ਨੂੰ ਯੂਏਪੀਏ ਤਹਿਤ ਜੇਲ੍ਹਾਂ ਵਿਚ ਡੱਕ ਦਿੱਤਾ ਗਿਆ। ਇਹਨਾਂ ਤਮਾਮ ਗ੍ਰਿਫ਼ਤਾਰੀਆਂ ਤੋਂ ਇਹ ਵੀ ਸਪਸ਼ਟ ਹੋ ਗਿਆ ਕਿ ਕਾਲੇ ਕਾਨੂੰਨ ਯੂਏਪੀਏ ਵਿਚ 2019 'ਚ ਮੋਦੀ ਸਰਕਾਰ ਵੱਲੋਂ ਕੀਤੀ ਗਈ ਸੋਧ ਦਾ ਇਕੋਇਕ ਮਨੋਰਥ ਵਿਅਕਤੀਆਂ ਨੂੰ ਦਹਿਸ਼ਤਗਰਦ ਕਰਾਰ ਦੇ ਕੇ ਆਲੋਚਕ ਆਵਾਜ਼ਾਂ ਨੂੰ ਜੇਲ੍ਹ ਵਿਚ ਸਾੜਨਾ ਸੀ। ਸੁਪਰੀਮ ਕੋਰਟ ਨੇ ਅੱਜ ਤੱਕ ਇਸ ਦਾ ਨੋਟਿਸ ਨਹੀਂ ਲਿਆ ਕਿ ਜਮਹੂਰੀਅਤ ਕਹਾਉਣ ਵਾਲੇ ਸਟੇਟ ਵਿਚ ਯੂਏਪੀਏ ਵਰਗੇ ਕਾਨੂੰਨ ਦੀ ਮਹਿਜ਼ ਵਿਚਾਰਾਂ ਦੇ ਆਧਾਰ 'ਤੇ ਆਲੋਚਕ ਆਵਾਜ਼ਾਂ ਵਿਰੁੱਧ ਵਰਤੋਂ ਦੀ ਕੀ ਵਾਜਬੀਅਤ ਹੈ। ਇੰਡੀਅਨ ਐਕਸਪ੍ਰੈੱਸ (22 ਅਗਸਤ ਅੰਕ) ਨੇ ਸੁਪਰੀਮ ਕੋਰਟ ਵਿਚ ਆਏ 10 ਮਾਮਲਿਆਂ ਛਾਣਬੀਣ ਛਾਪੀ ਹੈ। ਵਿਚਾਰ ਪ੍ਰਗਟਾਵੇ ਦੀ ਆਜ਼ਾਦੀ ਦੇ ਇਹਨਾਂ ਮਾਮਲਿਆਂ ਵਿਚ ਸੁਪਰੀਮ ਕੋਰਟ ਨੇ ਮੁਲਜ਼ਮਾਂ ਨੂੰ ਕੋਈ ਰਾਹਤ ਨਹੀਂ ਦਿੱਤੀ, ਸਿਰਫ਼ ਜਿਹਨਾਂ ਦੋ ਮਾਮਲਿਆਂ (ਰਿਪਬਲਿਕ ਟੀਵੀ ਵਾਲੇ ਅਰਨਬ ਗੋਸਵਾਮੀ ਅਤੇ ਪੱਤਰਕਾਰ ਅਮੀਸ਼ ਦੇਵਗਨ ਦੇ ਮਾਮਲੇ) ਵਿਚ ਸਰਕਾਰ ਨੇ ਜ਼ਮਾਨਤ ਦੇਣ ਦਾ ਆਪ ਹੀ ਵਿਰੋਧ ਨਹੀਂ ਕੀਤਾ, ਉਹਨਾਂ ਹੀ ਮੁਲਜ਼ਮਾਂ ਨੂੰ ਰਾਹਤ ਮਿਲੀ।

ਲਿਹਾਜ਼ਾ, ਪ੍ਰਸ਼ਾਂਤ ਭੂਸ਼ਣ ਵੱਲੋਂ ਉਠਾਏ ਸਵਾਲ ਸਟੇਟ ਦੀਆਂ ਲੋਕ ਵਿਰੋਧੀ ਨੀਤੀਆਂ, ਸਮਾਜੀ ਅਨਿਆਂ ਅਤੇ ਭ੍ਰਿਸ਼ਟਾਚਾਰ ਵਿਰੁੱਧ ਨਾਗਰਿਕਾਂ ਦੇ ਸਵਾਲ ਉਠਾਉਣ ਦੇ ਜਮਹੂਰੀ ਹੱਕ ਦੀ ਰਾਖੀ ਦਾ ਹਿੱਸਾ ਹਨ। ਮੁਲਕ ਦੇ ਅਵਾਮ ਨੂੰ ਸਮਝ ਲੈਣਾ ਚਾਹੀਦਾ ਹੈ ਕਿ ਜੇ ਸੁਪਰੀਮ ਕੋਰਟ ਵੀ ਇਸ ਹੱਕ ਦੀ ਸੰਘੀ ਘੁੱਟਣ ਵਾਲਿਆਂ ਵਿਚ ਸ਼ਾਮਲ ਹੈ ਤਾਂ ਜਮਹੂਰੀ ਕਦਰਾਂ-ਕੀਮਤਾਂ ਦੀ ਰਾਖੀ ਅਤੇ ਇਸ ਦੇ ਨਾਲ ਹੀ ਯੂਏਪੀਏ ਵਰਗੇ ਕਾਲੇ ਕਾਨੂੰਨਾਂ ਅਤੇ ਅਦਾਲਤੀ ਮਾਣਹਾਨੀ ਦੀਆਂ ਤਾਨਾਸ਼ਾਹ ਧਾਰਾਵਾਂ ਨੂੰ ਖ਼ਤਮ ਕਰਾਉਣ ਦੀ ਲੜਾਈ ਲੜਨਾ ਕਿੰਨਾ ਜ਼ਰੂਰੀ ਹੈ।

# ਜਿਹਨਾਂ ਨੂੰ ਜੱਜਾਂ ਬਾਰੇ ਗੱਲ ਨਹੀਂ ਕਰਨ ਦਿੱਤੀ ਗਈ, ਉਹਨਾਂ ਨੇ ਜੋ ਕਿਹਾ ਉਹ ਇਹ ਸੀ:

ਜਸਟਿਸ ਈ.ਐੱਸ. ਵੈਂਕਟਾਰਮਈਆ (ਭਾਰਤ ਦੇ 19ਵੇਂ ਚੀਫ਼ ਜਸਟਿਸ – 19 ਜੂਨ 1989 ਤੋਂ 17 ਦਸੰਬਰ 1989): ਉਹਨਾਂ ਨੇ ਆਪਣੀ ਸੇਵਾ-ਮੁਕਤੀ ਤੋਂ ਪਹਿਲਾਂ ਪੱਤਰਕਾਰ ਕੁਲਦੀਪ ਨਈਅਰ ਨੂੰ ਦੱਸਿਆ "ਭਾਰਤ ਵਿਚ ਨਿਆਂਪਾਲਿਕਾ ਆਪਣੇ ਮਿਆਰਾਂ ਤੋਂ ਗਿਰ ਗਈ ਹੈ। ਐਸੇ ਜੱਜ ਲਾਏ ਜਾਂਦੇ ਹਨ ਜੋ "ਜੋ ਸ਼ਾਹੀ ਪਾਰਟੀਆਂ ਅਤੇ ਵਿਸਕੀ ਦੀਆਂ ਬੋਤਲਾਂ ਨਾਲ ਪ੍ਰਭਾਵਿਤ ਹੋਣ ਦੇ ਇੱਛਕ ਹੋਣ।" ਉਹਨਾਂ ਨੇ ਹੋਰ ਇਹ ਕਿਹਾ, "ਹਰ ਹਾਈਕੋਰਟ ਵਿਚ ਘੱਟੋਘੱਟ ਚਾਰ-ਪੰਜ ਜੱਜ ਐਸੇ ਹੁੰਦੇ ਹਨ ਜੋ ਨਿੱਤ ਸ਼ਾਮ ਨੂੰ ਕਿਸੇ ਵਕੀਲ ਦੇ ਘਰ ਜਾਂ ਬਦੇਸ਼ੀ ਸਫ਼ਾਰਤਖ਼ਾਨੇ ਵਿਖੇ ਦਾਰੂ ਅਤੇ ਖਾਣੇ ਦੀਆਂ ਦਾਅਵਤਾਂ ਵਿਚ ਜਾਂਦੇ ਹਨ। ਐਸੇ ਜੱਜਾਂ ਦੀ ਗਿਣਤੀ 90 ਦੇ ਕਰੀਬ ਹੈ ਅਤੇ ਵਿਹਾਰਕ ਤੌਰ 'ਤੇ ਮੁਲਕ ਦੀਆਂ ਸਾਰੀਆਂ ਹੀ 22 ਹਾਈਕੋਰਟਾਂ ਵਿਚ ਜੱਜਾਂ ਦੇ ਨੇੜਲੇ ਰਿਸ਼ਤੇਦਾਰਾਂ ਦੀ ਭਰਮਾਰ ਹੈ।" ਉਹਨਾਂ ਦੇ ਐਸੇ ਜੱਜਾਂ ਦਾ ਤਬਾਦਲਾ ਹੋਰ ਹਾਈਕੋਰਟਾਂ ਵਿਚ ਕਰਨ ਦਾ ਪੱਖ ਲਿਆ।

ਤੱਤਕਾਲੀ ਚੀਫ਼ ਜਸਟਿਸ ਆਫ਼ ਇੰਡੀਆ ਜਸਟਿਸ ਐੱਸ.ਪੀ. ਭਾਰੂਚਾ ਨੇ ਆਪਣੇ ਇਕ ਭਾਸ਼ਣ ਵਿਚ ਰੋਣਾ ਰੋਇਆ ਕਿ ਭਾਰਤ ਦੇ 20ਫ਼ੀ ਸਦੀ ਜੱਜ ਭ੍ਰਿਸ਼ਟ ਹਨ। ਇਹ ਭਾਸ਼ਣ ਉਹਨਾਂ ਨੇ 28 ਨਵੰਬਰ 2001 ਨੂੰ ਸੁਪਰੀਮ ਕੋਰਟ ਦੇ ਲਾਅਨ ਵਿਚ ਕਾਨੂੰਨ ਦਿਵਸ ਮੌਕੇ ਦਿੱਤਾ। ਇਸ ਭਾਸ਼ਣ ਨੂੰ ਆਧਾਰ ਬਣਾ ਕੇ ਉਹਨਾਂ ਦੇ ਖ਼ਿਲਾਫ਼ ਦਾਇਰ ਕੀਤੀ ਪਟੀਸ਼ਨ ਬਾਦ ਵਿਚ ਰਾਜਸਥਾਨ ਹਾਈਕੋਰਟ ਵੱਲੋਂ ਰੱਦ ਕਰ ਦਿੱਤੀ ਗਈ।

ਕਰਨਾਟਕਾ ਹਾਈਕੋਰਟ ਦੇ ਜਸਟਿਸ ਮਿਸ਼ੇਲ ਸਲਦਾਹਨਾ ਨੇ ਕਿਹਾ ਕਿ 33ਫ਼ੀ ਸਦੀ ਨਿਆਂਪਾਲਿਕਾ ਭ੍ਰਿਸ਼ਟ ਹੈ।

ਜਸਟਿਸ ਮਾਰਕੰਡੇ ਕਾਟਜੂ ਨੇ ਪ੍ਰੈੱਸ ਕੌਂਸਲ ਆਫ਼ ਇੰਡੀਆ ਦੇ ਚੇਅਰਮੈਨ ਹੁੰਦਿਆਂ ਸੁਪਰੀਮ ਕੋਰਟ ਵਿਚ ਭ੍ਰਿਸ਼ਟਾਚਾਰ ਦੇ ਇਲਜ਼ਾਮ ਲਗਾਏ। ਉਹਨਾਂ ਨੇ ਕਿਹਾ ਕਿ ਭਾਰਤ ਦੇ ਤਿੰਨ ਚੀਫ਼ ਜਸਟਿਸਾਂ ਨੇ ਗੱਠਜੋੜ ਦੀ ਭਾਈਵਾਲ ਡੀਐੱਮਕੇ ਦੇ ਦਬਾਓ ਹੇਠ ਤੱਤਕਾਲੀ ਯੂਪੀਏ ਦੀ ਕੇਂਦਰ ਸਰਕਾਰ ਦੇ ਕਹਿਣ 'ਤੇ ਮਦਰਾਸ ਹਾਈਕੋਰਟ ਦੇ ਇਕ ਵਧੀਕ ਜੱਜ ਨੂੰ ਐਕਸਟੈਂਸ਼ਨ ਦਿੱਤੀ ਸੀ। ਉਹਨਾਂ ਨੇ ਸਾਫ਼ ਕਿਹਾ, "ਮੈਂ ਭਾਰਤੀ ਨਿਆਂਪਾਲਿਕਾ ਉੱਪਰ ਇਸ ਦੇ ਆਪਣੇ ਹੀ ਮੈਂਬਰਾਂ ਦੇ ਭ੍ਰਿਸ਼ਟਾਚਾਰ ਨੂੰ ਵਾਰ-ਵਾਰ ਦਬਾਉਣ ਦਾ ਇਲਜ਼ਾਮ ਲਾਉਂਦਾ ਹਾਂ। ... ਇਹ ਸਿਆਸਤਦਾਨਾਂ ਅਤੇ ਨੌਕਰਸ਼ਾਹਾਂ ਦੇ ਭ੍ਰਿਸ਼ਟਾਚਾਰ ਵਿਰੁੱਧ ਬੋਲਣ ਦਾ ਢੌਂਗ ਰਚਦੀ ਹੈ ਲੇਕਿਨ ਆਪਣੇ ਹੀ ਭਾਈਚਾਰੇ ਨੂੰ ਗਿਣ-ਮਿੱਥ ਕੇ ਬਚਾਉਂਦੀ ਹੈ।

ਜਸਟਿਸ ਜੇ. ਚੇਲਮੇਸ਼ਵਰ ਨੇ ਦੀ ਇਕਨਾਮਿਕ ਟਾਈਮਜ਼ ਨਾਲ ਇਕ ਇੰਟਰਵਿਊ ਵਿਚ ਕਿਹਾ,"ਭ੍ਰਿਸ਼ਟਾਚਾਰ ਹੈ। ਮੁਲਕ ਦੀ ਇਕ ਹਾਈਕੋਰਟ ਦੇ ਸਾਬਕਾ ਜੱਜ ਨੂੰ ਗ੍ਰਿਫ਼ਤਾਰ ਕੀਤਾ ਗਿਆ ਸੀ... ਜੇ ਇਸ ਸੰਸਥਾ ਦੀ ਬਦਨਾਮੀ ਹੁੰਦੀ ਹੈ ਤਾਂ ਜਮਹੂਰੀਅਤ ਮਹਿਫ਼ੂਜ਼ ਨਹੀਂ ਹੈ। ਇਸ ਸੰਸਥਾ ਨੂੰ ਬਚਾਉਣ ਦੀ ਮੈਂ ਪੂਰੀ ਕੋਸ਼ਿਸ਼ ਕੀਤੀ। ... ਮੇਰੀ ਜਾਚੇ ਇਹ ਕਹਿਣਾ ਈਮਾਨਦਾਰੀ ਨਹੀਂ ਕਿ ਜੱਜ ਸਿਆਸਤ ਤੋਂ ਨਿਰਲੇਪ ਹੁੰਦੇ ਹਨ। ਧਿਆਨ ਦਿਓ, ਮੈਂ ਪਾਰਟੀ ਸਿਆਸਤ ਦੀ ਗੱਲ ਨਹੀਂ ਕਰ ਰਿਹਾ। ਸਵਾਲ ਇਹ ਹੈ ਕਿ ਜੱਜ ਨਿਰਪੱਖ ਹੋ ਕੇ ਮੌਜੂਦਾ ਰਾਜਨੀਤਕ ਘਟਨਾਵਾਂ ਨਾਲ ਕਿਵੇਂ ਨਜਿੱਠ ਸਕਦੇ ਹਨ। ਕੋਈ ਸਿੱਧਾ ਦਬਾਓ ਨਹੀਂ ਹੈ, ਲੇਕਿਨ ਉੱਥੇ ਦਬਾਓ ਪਾਉਣ ਦੇ ਸੂਖ਼ਮ ਤਰੀਕੇ ਚੱਲਦੇ ਹਨ।"

ਸਾਬਕਾ ਚੀਫ਼ ਜਸਟਿਸ ਆਫ਼ ਇੰਡੀਆ ਜਸਟਿਸ ਐੱਮ.ਐੱਨ ਵੈਂਕਟਾਚਲਈਆ ਨੇ 2011 'ਚ ਆਊਟਲੁੱਕ ਨਾਲ ਗੱਲਬਾਤ ਕਰਦਿਆਂ ਕਿਹਾ "ਇਕ ਅਰਬ ਤੋਂ ਵਧੇਰੇ ਵਸੋਂ ਵਾਲੇ ਮੁਲਕ ਵਿਚ ਸੁਪਰੀਮ ਕੋਰਟ ਵਿਚ ਸਿਰਫ਼ 25 ਜੱਜ ਹਨ। ਉਹਨਾਂ 'ਚੋਂ ਵੀ ਕੁਛ ਭ੍ਰਿਸ਼ਟ ਹੋ ਜਾਂਦੇ ਹਨ। ਸਭ ਤੋਂ ਘਿਣਾਉਣਾ ਜੁਰਮ ਹੈ ਚੀਫ਼ ਜਸਟਿਸ ਆਫ਼ ਇੰਡੀਆ ਦੀ ਵਾਰ-ਵਾਰ ਆਲੋਚਨਾ ਹੋਣਾ ਜਾਂ ਇਸ ਸ਼ੱਕ ਦੀ ਗੁੰਜਾਇਸ਼ ਦੇਣਾ ਕਿ ਉਹ ਭ੍ਰਿਸ਼ਟਾਚਾਰ ਵਿਚ ਸ਼ਾਮਲ ਹੈ।"

ਜਸਟਿਸ ਵੀ.ਆਰ. ਕ੍ਰਿਸ਼ਨਾ ਆਇਰ ਉਹਨਾਂ ਵਿਚ ਸ਼ਾਮਲ ਸੀ ਜਿਹਨਾਂ ਨੇ ਮੰਗ ਕੀਤੀ ਕਿ ਭ੍ਰਿਸ਼ਟਾਚਾਰ ਦੇ ਇਲਜ਼ਾਮਾਂ ਕਾਰਨ ਸਾਬਕਾ ਚੀਫ਼ ਜਸਟਿਸ ਕੇ.ਜੀ. ਬਾਲਾਕ੍ਰਿਸ਼ਨਨ ਦੇ ਕੌਮੀ ਮਨੁੱਖੀ ਅਧਿਕਾਰ ਕਮਿਸ਼ਨ ਦੇ ਚੇਅਰਮੈਨ ਦੇ ਅਹੁਦੇ ਤੋਂ ਅਸਤੀਫ਼ਾ ਦੇਵੇ। ਕੇਰਲਾ ਹਾਈਕੋਰਟ ਦੇ ਦੋ ਸਾਬਕਾ ਜੱਜ ਪੀ.ਕੇ. ਸ਼ਮਸੁਦੀਨ ਅਤੇ ਕੇ.ਸੁਕੁਮਾਰਨ ਨੇ ਵੀ ਜਸਟਿਸ ਬਾਲਾਕ੍ਰਿਸ਼ਨ ਉੱਪਰ ਗੰਭੀਰ ਇਲਜ਼ਾਮ ਲਗਾਏ। ਉਹਨਾਂ ਨੇ ਰਾਸ਼ਟਰਪਤੀ ਪ੍ਰਣਬ ਮੁਖਰਜੀ ਨੂੰ ਚਿੱਠੀ ਲਿਖ ਕੇ ਮੰਗ ਕੀਤੀ ਕਿ ਜਾਂਚ ਕਰਵਾ ਕੇ ਉਹਨਾਂ ਸੀਨੀਅਰ ਜੱਜਾਂ ਵਿਰੁੱਧ ਕਾਰਵਾਈ ਕੀਤੀ ਜਾਵੇ ਜਿਹਨਾਂ ਬਾਰੇ ਸ਼ੱਕ ਹੈ ਕਿ ਉਹ ਨੈਤਿਕ ਪੱਖੋਂ ਨਿੱਘਰੇ ਹੋਏ ਹਨ।" ਉਹਨਾਂ ਇਹ ਵੀ ਕਿਹਾ ਕਿ ਪਹਿਲਾਂ ਭਾਵੇਂ ਨਿਆਂਪਾਲਿਕਾ ਰਾਜਨੀਤੀ ਦੀ ਤਰ੍ਹਾਂ ਭ੍ਰਿਸ਼ਟਾਚਾਰ ਨਾਲ ਦਾਗ਼ੀ ਨਹੀਂ ਸੀ ਲੇਕਿਨ ਇਹ 'ਬੀਤੇ ਦੀ ਗੱਲ ਬਣਦੀ ਜਾ ਰਹੀ ਹੈ'।

ਜਸਟਿਸ ਜੇ.ਐੱਸ. ਵਰਮਾ, ਜੋ ਮਾਰਚ 1997 ਤੋਂ ਜਨਵਰੀ 1998 ਤੱਕ ਚੀਫ਼ ਜਸਟਿਸ ਰਹੇ, ਨੇ ਨਿਊਜ਼ ਚੈਨਲ ਸੀਐੱਨਐੱਨ-ਆਈਬੀਐੱਨ ਨੂੰ ਦੱਸਿਆ, "ਮੈਂ ਇਹ ਨਹੀਂ ਕਹਿ ਸਕਦਾ ਕਿ ਸੁਪਰੀਮ ਕੋਰਟ ਵਿਚ ਇਕ ਵੀ ਭ੍ਰਿਸ਼ਟ ਜੱਜ ਨਹੀਂ ਹੈ। ਇਹ ਜੱਗ ਜ਼ਾਹਿਰ ਹੈ।" ਉਹਨਾਂ ਮੰਨਿਆ ਕਿ "ਨਿਆਂਪਾਲਿਕਾ ਅੰਦਰ ਸੜਾਂਦ ਡੂੰਘਾਈ ਤੱਕ ਫੈਲ ਚੁੱਕੀ ਹੈ।" ਉਹਨਾਂ ਕਿਹਾ ਕਿ ਜਦ ਲੋਕ ਸਰਬਉੱਚ ਅਦਾਲਤ ਵਿਚ ਭ੍ਰਿਸ਼ਟਾਚਾਰ ਦੀਆਂ ਗੱਲਾਂ ਕਰਦੇ ਹਨ ਤਾਂ ਮੈਂ ਮਹਿਸੂਸ ਕਰਦਾ ਹਾਂ ਕਿ ਇਹ ਮੇਰੇ ਮੂੰਹ ਉੱਪਰ ਚਪੇੜ ਹੈ।

2011 'ਚ ਭ੍ਰਿਸ਼ਟਾਚਾਰ ਬਾਰੇ ਇਕ ਕਿਤਾਬ ਲੋਕਅਰਪਣ ਕਰਦਿਆਂ ਕਿਹਾ ਸੁਪਰੀਮ ਕੋਰਟ ਦੇ ਜੱਜ ਜਸਟਿਸ ਏ.ਕੇ. ਗਾਂਗੁਲੀ ਨੇ ਕਿਹਾ, "ਮੈਨੂੰ ਖ਼ੁਸ਼ੀ ਹੈ ਕਿ ਪ੍ਰੋਫੈਸਰ ਰਾਜ ਕੁਮਾਰ ਨੇ ਨਿਆਂਪਾਲਿਕਾ ਵਿਚ ਭ੍ਰਿਸ਼ਟਾਚਾਰ ਦੀ ਗੱਲ ਕੀਤੀ ਹੈ। ... ਜੇ ਅੱਜ ਹਾਈਕੋਰਟ ਦੇ ਜੱਜ ਇਹਨਾਂ ਚੀਜ਼ਾਂ ਦੇ ਮੁਲਜ਼ਿਮ ਹਨ ਤਾਂ ਭ੍ਰਿਸ਼ਟਾਚਾਰ ਦੇ ਖ਼ਾਤਮੇ ਦਾ ਕੀ ਬਣੇਗਾ?

(ਦੀ ਵਾਇਰ ਵੱਲੋਂ ਸੰਗ੍ਰਹਿ ਕੀਤੇ ਵੇਰਵੇ ਦਾ ਸੰਖੇਪ)

----------

ਸੰਘ ਦੇ ਵਿਹੜੇ ਵਿਚ ਨੱਚ ਰਹੀ ਸੁਪਰੀਮ ਕੋਰਟ

ਹਾਲ ਹੀ ਵਿਚ ਭਾਰਤ ਦੇ ਸੀਨੀਅਰ ਪੱਤਰਕਾਰ ਕਰਨ ਥਾਪਰ ਅਤੇ ਇਤਿਹਾਸਕਾਰ ਰਾਮ ਚੰਦਰ ਗੁਹਾ ਨੇ ਸੁਪਰੀਮ ਕੋਰਟ ਉੱਪਰ ਬਹੁਤ ਚੁੱਭਵੀਆਂ ਟਿੱਪਣੀਆਂ ਕੀਤੀਆਂ ਹਨ। ਸੁਪਰੀਮ ਕੋਰਟ ਦੇ ਜਸਟਿਸ ਅਰੁਣ ਮਿਸ਼ਰਾ, ਜਸਟਿਸ ਬੀ.ਆਰ. ਗਵੱਈ ਅਤੇ ਜਸਟਿਸ ਕ੍ਰਿਸ਼ਨਾ ਮੁਰਾਰੀ ਦੇ ਬੈਂਚ ਵੱਲੋਂ ਮਾਣਹਾਨੀ ਦੇ ਮਾਮਲੇ ਵਿਚ ਵਕੀਲ ਪ੍ਰਸ਼ਾਂਤ ਭੂਸ਼ਣ ਨੂੰ ਦੋਸ਼ੀ ਕਰਾਰ ਦਿੱਤੇ ਜਾਣ ਦੇ ਫ਼ੈਸਲੇ ਬਾਰੇ ਟਿੱਪਣੀ ਕਰਦਿਆਂ ਸੀਨੀਅਰ ਪੱਤਰਕਾਰ ਕਰਨ ਥਾਪਰ ਨੇ ਲਿਖਿਆ–

"ਸੁਪਰੀਮ ਕੋਰਟ ਨਿਆਂ ਸਥਾਪਤ ਕਰਨ ਲਈ ਬਣਾਈ ਗਈ ਸੀ, ਪਰ ਸੁਪਰੀਮ ਕੋਰਟ ਸਾਲ 2014 ਤੋਂ ਸੰਘ ਦੇ ਵਿਹੜੇ ਵਿੱਚ ਨੱਚ ਰਹੀ ਹੈ।"

ਇਸੇ ਤਰ੍ਹਾਂ, ਬੀਤੇ ਦਿਨ 'ਦੀ ਇੰਡੀਅਨ ਐਕਸਪ੍ਰੈਸ' ਵਿਚ ਲਿਖੇ ਆਪਣੇ ਲੇਖ ਵਿਚ ਇਤਿਹਾਸਕਾਰ ਰਾਮਚੰਦਰ ਗੁਹਾ ਨੇ ਵਿਸਥਾਰ 'ਚ ਦੱਸਿਆ ਹੈ ਕਿ ਕਿਵੇਂ ਸੁਪਰੀਮ ਕੋਰਟ "ਨਿਆਂ ਅਤੇ ਲੋਕਤੰਤਰ ਦੀ ਰੱਖਿਆ" ਦੀ ਬਜਾਏ ਸਕਤੀ ਦੇ ਸਾਧਨ ਵਜੋਂ ਕੰਮ ਕਰ ਰਹੀ ਹੈ। ਉਸ ਦੇ ਲੇਖ ਦਾ ਸਾਰਅੰਸ਼ ਇਸ ਤਰ੍ਹਾਂ ਹੈ:

ਇਹ ਉਹੀ ਸੁਪਰੀਮ ਕੋਰਟ ਹੈ ਜੋ ਸੀਬੀਆਈ ਨੂੰ ਜੱਜ ਲੋਇਆ ਦੇ ਕਤਲ

ਦੀ ਜਾਂਚ ਕਰਨ ਦੀ ਆਗਿਆ ਨਹੀਂ ਦਿੰਦੀ?

ਇਹ ਉਹੀ ਸੁਪਰੀਮ ਕੋਰਟ ਹੈ ਜੋ ਰਫ਼ਾਲ ਸੌਦੇ ਦੀ ਜਾਂਚ ਦੀ ਇਜਾਜ਼ਤ ਨਹੀਂ ਦਿੰਦੀ?

ਇਹ ਉਹੀ ਸੁਪਰੀਮ ਕੋਰਟ ਹੈ ਜੋ ਕੋਰੋਨਾ ਦੌਰ ਵਿਚ, ਜਦ ਕਿਰਤੀ ਸੜਕਾਂ ਉੱਪਰ ਮਰ ਰਹੇ ਸਨ ਤਾਂ ਉਨ੍ਹਾਂ ਦੇ ਹਿਤਾਂ ਲਈ ਪਟੀਸ਼ਨਾਂ ਨੂੰ ਨਹੀਂ ਸੁਣਦੀ?

ਇਹ ਉਹੀ ਸੁਪਰੀਮ ਕੋਰਟ ਹੈ ਜੋ ਈਵੀਐਮ ਮਸ਼ੀਨ ਬਾਰੇ ਸੁਣਵਾਈ ਨਹੀਂ ਕਰਦੀ?

ਇਹ ਸੁਪਰੀਮ ਕੋਰਟ ਹੈ ਜਿੱਥੋਂ ਭਾਜਪਾ ਦੇ ਸੰਸਦ ਮੈਂਬਰ ਵਿਜੇ ਮਾਲਿਆ ਦੇ ਘੁਟਾਲਿਆਂ ਦੀ ਫ਼ਾਈਲ ਗ਼ਾਇਬ ਹੋ ਗਈ?

ਇਹ ਉਹੀ ਸੁਪਰੀਮ ਕੋਰਟ ਹੈ ਜੋ ਨਿਰੰਤਰ ਰਾਖਵਾਂਕਰਨ ਵਿਰੋਧੀ ਫ਼ੈਸਲੇ ਦੇ ਰਹੀ ਹੈ, ਇਸ ਨੂੰ ਆਰਥਕ ਅਧਾਰ 'ਤੇ ਉੱਚ ਜਾਤੀਆਂ ਲਈ 10% ਰਾਖਵਾਂਕਰਨ ਸੰਵਿਧਾਨ ਵਿਰੋਧੀ ਨਹੀਂ ਜਾਪਦਾ, ਜਦਕਿ ਓ ਬੀ ਸੀ ਦੇ ਰਾਖਵੇਂ ਕਰਨ ਨੂੰ (ਮੰਡਲ ਕਮਿਸਨ) ਨੂੰ 2 ਸਾਲਾਂ ਤੱਕ ਰੋਕਿਆ ਗਿਆ ਹੈ!

ਇਹ ਉਹੀ ਸੁਪਰੀਮ ਕੋਰਟ ਹੈ, ਜਿਸ ਨੇ ਬਿਨਾਂ ਕਿਸੇ ਸਬੂਤ ਦੇ, ਬਾਬਰੀ ਮਸਜਿਦ ਨੂੰ ਰਾਮ ਜਨਮ ਭੂਮੀ ਐਲਾਨ ਦਿੱਤਾ। ਸੰਘ ਦੇ ਵਿਹੜੇ ਵਿਚ ਨੱਚਦਿਆਂ ਇਕ ਪਾਸੇ ਇਸ ਨੇ ਕਿਹਾ ਕਿ ਉੱਥੇ ਇਕ ਮੰਦਰ ਸੀ, ਨਾ ਕਿ ਰਾਮ ਮੰਦਰ, ਫਿਰ ਉੱਥੇ ਬਾਬਰੀ ਮਸਜਿਦ ਬਣਾਉਣ ਦਾ ਆਦੇਸ਼ ਦੇ ਦਿੱਤਾ।

ਇਹ ਉਹੀ ਸੁਪਰੀਮ ਕੋਰਟ ਹੈ, ਜੋ "ਕਸਮੀਰ ਤੋਂ ਧਾਰਾ 370 ਨੂੰ ਹਟਾਉਣਾ ਕਾਨੂੰਨੀ ਹੈ ਜਾਂ ਨਹੀਂ" ਇਸ ਦੀ ਸੁਣਵਾਈ ਨਹੀਂ ਕਰ ਰਹੀ। ਪੂਰੇ ਇਕ ਸਾਲ ਤੋਂ ਇਸ ਮਾਮਲੇ ਉੱਪਰ ਕੁੰਡਲੀ ਮਾਰੀ ਬੈਠੀ ਹੈ।

ਇਹ ਉਹੀ ਸੁਪਰੀਮ ਕੋਰਟ ਹੈ, ਜਿਸ ਕੋਲ ਕਸਮੀਰ ਵਿਚ ਲੋਕਾਂ ਨੂੰ ਖੁੱਲ੍ਹੀ ਜੇਲ੍ਹ ਵਿਚ ਕੈਦ ਰੱਖਣ ਵਿਰੁੱਧ ਪਟੀਸ਼ਨਾਂ ਸੁਣਨ ਦਾ ਸਮਾਂ ਨਹੀਂ ਹੈ ਜਦ ਕਿ ਉੱਥੇ ਮਨੁੱਖੀ ਹੱਕਾਂ ਦਾ ਲਗਾਤਾਰ ਘਾਣ ਹੋ ਰਿਹਾ ਹੈ।

ਲਗਭਗ ਹਰ ਮਾਮਲੇ ਵਿੱਚ ਸੁਪਰੀਮ ਕੋਰਟ ਸੰਘ-ਬੀਜੇਪੀ (ਸੱਤਾ) ਦੇ ਵਿਹੜੇ ਵਿੱਚ ਨੱਚ ਰਹੀ ਹੈ।

ਇਹ ਦੇਸ਼ ਦੀ ਸਭ ਤੋਂ ਵੱਡੀ ਰਾਜਨੀਤਿਕ ਸੰਸਥਾ ਹੈ, ਜਿਸ ਵਿਚ ਜੱਜਾਂ ਨੂੰ ਬਿਨਾਂ ਕਿਸੇ ਚੋਣ ਜਾਂ ਪ੍ਰੀਖਿਆ ਦੇ ਨਿਯੁਕਤ ਕੀਤਾ ਜਾਂਦਾ ਹੈ ਅਤੇ ਉਨ੍ਹਾਂ ਵਿੱਚੋਂ ਬਹੁਤ ਸਾਰੇ ਪਰਿਵਾਰਾਂ ਅਤੇ ਕੁਝ ਖ਼ਾਸ ਜਾਤਾਂ (ਉੱਚ ਜਾਤੀਆਂ - ਖਾਸ ਕਰਕੇ ਬ੍ਰਾਹਮਣ) ਵਿੱਚੋਂ ਨਿਯੁਕਤ ਕੀਤੇ ਜਾਂਦੇ ਹਨ।

ਇਹ ਬਹੁਤ ਸਾਰੇ ਉੱਚ ਜਾਤੀ ਦੇ ਆਦਮੀਆਂ ਦੀ ਇਕ ਮਨੂੰਵਾਦੀ-ਬ੍ਰਾਹਮਣੀ ਸੰਸਥਾ ਹੈ, ਜੋ ਹੁਣ ਸੰਘ ਦੇ ਵਿਹੜੇ ਵਿਚ ਖੁੱਲ੍ਹ ਕੇ ਨੱਚ ਰਹੇ ਹਨ!

ਇਹ ਸੰਸਥਾ ਅਸਹਿਮਤੀ ਦੀਆਂ ਆਵਾਜ਼ਾਂ ਨੂੰ ਕੁਚਲਣ ਵਿਚ ਪੂਰੀ ਤਰ੍ਹਾਂ ਆਰ.ਐੱਸ.ਐੱਸ.-ਬੀਜੇਪੀ ਦੇ ਨਾਲ ਖੜ੍ਹੀ ਹੈ।

ਪ੍ਰਸ਼ਾਂਤ ਭੂਸ਼ਣ ਨੂੰ ਦੋਸ਼ੀ ਠਹਿਰਾਉਣਾ ਆਰ.ਐੱਸ.ਐੱਸ.-ਬੀਜੇਪੀ ਦੇ ਵਿਹੜੇ ਵਿਚ ਉਸ ਦੇ ਨੱਚਣ ਦਾ ਇਕ ਹੋਰ ਸਬੂਤ ਹੈ।

ਚੌਕੀਦਾਰ ਕਹਾਉਣ ਵਾਲੇ ਸ਼ਖ਼ਸ ਦਾ ਮਨਸ਼ਾ ਮੁਲਕ ਦੇ ਤਮਾਮ ਜਮਹੂਰੀ ਅਦਾਰਿਆਂ - ਜਿਵੇਂ ਕਿ ਅਦਾਲਤਾਂ, ਮੀਡੀਆ, ਚੋਣ ਕਮਿਸ਼ਨ ਆਦਿ ਦਾ ਭੋਗ ਪਾ ਕੇ ਲੋਕਤੰਤਰ ਨੂੰ ਖ਼ਤਮ ਕਰਨ ਦਾ ਹੈ।

## ਸਿੱਖ ਧਰਮ ਬਨਾਮ ਪੁਜਾਰੀਵਾਦ

# ਭਾਈ ਰਣਜੀਤ ਸਿੰਘ ਢੱਡਰੀਵਾਲਾ ਵਲੋਂ ਜਥੇਦਾਰਾਂ ਨੂੰ ਕੀਤਾ ਚੈਲਿੰਜ!



ਹਰਚਰਨ ਸਿੰਘ ਪਰਹਾਰ
403-681-8689
hp8689@gmail.com



ਸਿੱਖ ਧਰਮ ਹੋਰਨਾਂ ਵੱਡੇ ਧਰਮਾਂ ਦੇ ਮੁਕਾਬਲੇ ਕਾਫੀ ਨਵਾਂ ਹੈ। ਗੁਰੂਆਂ ਕੋਲ ਪੁਰਾਣੇ ਧਰਮਾਂ, ਧਰਮ ਗੁਰੂਆਂ, ਧਰਮ ਗ੍ਰੰਥਾਂ ਦਾ ਤਜ਼ਰਬਾ ਮੌਜੂਦ ਸੀ। ਇਸ ਲਈ ਉਨ੍ਹਾਂ ਨੇ ਆਪਣੀ ਤੇ ਆਪਣੇ ਸਮੇਂ ਤੋਂ ਪਹਿਲੇ ਇਨਕਲਾਬੀ ਮਹਾਂਪੁਰਸ਼ਾਂ ਦੀ ਹੱਥ ਲਿਖਤ ਬਾਣੀ ਨੂੰ ਇਕੱਤਰ ਕਰਕੇ ਗੁਰੂ ਗ੍ਰੰਥ ਸਾਹਿਬ ਦੇ ਰੂਪ ਵਿੱਚ ਇਸ ਢੰਗ ਨਾਲ ਸ਼ਾਮਲ ਕਰ ਦਿੱਤਾ ਕਿ ਉਸ ਵਿੱਚ ਕੋਈ ਤਬਦੀਲੀ ਨਾ ਹੋ ਸਕੇ। ਵਿਰੋਧੀ ਕਾਬਿਜ ਜਮਾਤਾਂ ਲਈ ਇਹ ਵੱਡਾ ਚੈਲਿੰਜ ਸੀ, ਗੁਰੂ ਅਰਜਨ ਸਾਹਿਬ ਜੀ ਨੂੰ ਸ਼ਹੀਦ ਕਰਨ ਦੇ ਹੋਰ ਕਾਰਨਾਂ ਦੇ ਨਾਲ ਇਹ ਵੀ ਇੱਕ ਵੱਡਾ ਕਾਰਨ ਸੀ, ਉਨ੍ਹਾਂ ਵਲੋਂ ਰਚੇ 'ਆਦਿ ਗ੍ਰੰਥ' ਨੂੰ ਆਪਣੇ ਕਬਜ਼ੇ ਵਿੱਚ ਕਰ ਲਿਆ ਜਾਵੇ। ਇਹੀ ਕਾਰਨ ਹੈ ਕਿ ਗੁਰੂ ਅਰਜਨ ਸਾਹਿਬ ਜੀ ਦੀ ਸ਼ਹੀਦੀ ਤੋਂ ਬਾਅਦ ਦਸਵੇਂ ਗੁਰੂ ਜੀ ਤੱਕ 'ਆਦਿ ਗ੍ਰੰਥ' ਬਾਰੇ ਕੋਈ ਜ਼ਿਕਰ ਨਹੀਂ ਮਿਲਦਾ ਕਿਉਂਕਿ ਉਨ੍ਹਾਂ ਨੇ ਇਸਨੂੰ ਕਿਸੇ ਸੁਰੱਖਿਅਤ ਥਾਂ ਤੇ ਸੰਭਾਲ ਕੇ ਰੱਖ ਲਿਆ ਸੀ। ਗੁਰੂ ਨਾਨਕ ਸਾਹਿਬ ਨੇ ਆਪਣੇ ਸਮੇਂ ਵਿੱਚ ਜਿਥੇ ਆਪਣੀ ਬਾਣੀ ਰਾਹੀਂ ਭਾਰਤ ਵਿੱਚ ਪ੍ਰਚਲਤ ਪੁਜਾਰੀਆਂ ਅਧਾਰਿਤ ਵਿਰਕਿਆਂ ਹਿੰਦੂ, ਬੋਧੀ, ਜੈਨੀ, ਜੋਗੀ, ਸਨਿਆਸੀ, ਇਸਲਾਮ ਆਦਿ ਦੀਆਂ ਪ੍ਰੰਪਰਾਵਾਂ, ਮਨੌਤਾਂ, ਮਰਿਯਾਦਾਵਾਂ ਨੂੰ ਤਰਕ, ਦਲੀਲ, ਬਿਬੇਕ, ਵਿਚਾਰ ਰਾਹੀਂ ਚੈਲਿੰਜ ਸ਼ੁਰੂ ਕੀਤਾ, ਉਥੇ ਸਮੇਂ ਦੇ ਬਾਬਰਾਂ ਤੇ ਮਲਕ ਭਾਗੋਆਂ ਨਾਲ ਵੀ ਟੱਕਰ ਲੈਣੀ ਸ਼ੁਰੂ ਕਰ ਦਿੱਤੀ। ਜਿਸਦੇ ਨਤੀਜੇ ਵਜੋਂ ਗੁਰੂ ਨਾਨਕ ਸਾਹਿਬ ਦੇ ਸਮੇਂ ਤੋਂ ਹੀ ਵੱਖ-ਵੱਖ ਧਰਮਾਂ ਦੇ ਪੁਜਾਰੀਆਂ ਤੇ ਖਾਸਕਰ ਬ੍ਰਾਹਮਣ ਪੁਜਾਰੀਆਂ ਨੇ ਗੁਰੂ ਨਾਨਕ ਸਾਹਿਬ ਦੀ ਵਿਚਾਰਧਾਰਾ ਦਾ ਵਿਰੋਧ ਸ਼ੁਰੂ ਕਰ ਦਿੱਤਾ ਸੀ। ਗੁਰੂ ਨਾਨਕ ਸਾਹਿਬ ਤੋਂ ਲੈ ਕੇ ਗੁਰੂ ਗੋਬਿੰਦ ਸਿੰਘ ਜੀ ਤੱਕ ਸਾਰੇ ਗੁਰੂਆਂ ਦੇ ਬੱਚਿਆਂ ਤੇ ਪਰਿਵਾਰਾਂ ਨੂੰ ਹੀ ਗੁਰੂਆਂ ਦੇ ਖਿਲਾਫ ਖੜਾ ਕਰ ਲਿਆ ਸੀ। ਇਥੋਂ ਤੱਕ ਕਿ ਗੁਰੂ ਨਾਨਕ ਸਾਹਿਬ ਦੇ ਵੱਡੇ ਪੁੱਤਰ ਸ੍ਰੀ ਚੰਦ ਰਾਹੀਂ ਗੁਰੂਆਂ ਦੀ ਲਹਿਰ ਦੇ ਮੁਕਾਬਲੇ ਤੇ ਸਮਾਂਤਰ ਉਦਾਸੀ ਮੱਤ ਚਲਾ ਦਿੱਤਾ ਸੀ। ਗੁਰੂਆਂ ਦੇ ਮੌਕੇ ਦੀਆਂ ਹਕੂਮਤਾਂ ਨਾਲ ਟਕਰਾਅ ਦੇ ਬਹੁਤ ਸਾਰੇ ਕਾਰਨਾਂ ਵਿੱਚੋਂ ਇੱਕ ਕਾਰਨ ਬ੍ਰਾਹਮਣ ਪੁਜਾਰੀਆਂ, ਮੁਸਲਮਾਨ ਕਾਜੀਆਂ ਤੇ ਗੁਰੂਆਂ ਦੇ ਪਰਿਵਾਰਾਂ ਵਲੋਂ ਨਿਭਾਈ ਵਿਰੋਧੀ ਭੂਮਿਕਾ ਵੀ ਸੀ। ਜਿਥੇ ਪੁਜਾਰੀਆਂ ਤੇ ਵਿਰੋਧੀਆਂ ਵਲੋਂ ਗੁਰੂਆਂ ਖਿਲਾਫ ਬੜੇ ਔਖੇ ਹਾਲਾਤ ਬਣਾ ਦਿੱਤੇ ਗਏ ਸਨ, ਉਥੇ ਉਨ੍ਹਾਂ ਨੇ ਗੁਰੂਆਂ ਦੇ ਸਮਿਆਂ ਵਿੱਚ ਹੀ ਕਈ ਅਜਿਹੇ ਗ੍ਰੰਥ ਲਿਖਣੇ ਸ਼ੁਰੂ ਕਰ ਦਿੱਤੇ ਸਨ, ਜਿਨ੍ਹਾਂ ਨੂੰ ਬਾਅਦ ਵਿੱਚ ਸਿੱਖੀ ਨੂੰ ਪੁਜਾਰੀਵਾਦ ਦੀ ਝੋਲੀ ਪਾਉਣ ਲਈ ਵਰਤਿਆ ਜਾਣਾ ਸੀ। ਜਿਉਂ ਹੀ ਗੁਰੂ ਗੋਬਿੰਦ ਸਿੰਘ ਦਾ ਸਮਾਂ ਖਤਮ ਹੁੰਦਾ ਹੈ, ਇਹ ਸਾਰੀਆਂ ਗੁਰੂ ਘਰ ਵਿਰੋਧੀ ਤਾਕਤਾਂ ਸਿੱਖੀ ਤੇ ਕਾਬਿਜ ਹੋਣੀਆਂ ਸ਼ੁਰੂ ਹੋ ਗਈਆਂ ਸਨ। ਗੁਰੂ ਸਾਹਿਬ ਵਲੋਂ ਆਪਣੇ ਆਖਰੀ ਸਮੇਂ ਵਿੱਚ ਪੰਜਾਬ ਭੇਜੇ ਆਪਣੇ ਅਗਲੇ ਜਾਨਸ਼ੀਨ (ਗੁਰੂ) ਬਾਬਾ ਬੰਦਾ ਸਿੰਘ ਬਹਾਦਰ ਨੂੰ ਸ਼ਹੀਦ ਕਰਾਉਣ ਵਿੱਚ ਇਨ੍ਹਾਂ ਤਾਕਤਾਂ ਦੀ ਮੁੱਖ ਭੂਮਿਕਾ ਸੀ ਕਿਉਂਕਿ ਉਨ੍ਹਾਂ ਨੂੰ ਡਰ ਸੀ ਕਿ ਬਾਬਾ ਬੰਦਾ ਸਿੰਘ ਬਹਾਦਰ ਨੂੰ ਸਿੱਖ ਜਾਂ ਖਾਲਸੇ ਆਪਣਾ ਅਗਲਾ ਗੁਰੂ ਨਾ ਮੰਨ ਲੈਣ। ਗੁਰੂ ਗੋਬਿੰਦ ਸਿੰਘ ਤੇ ਉਨ੍ਹਾਂ ਦੇ ਚਾਰੇ ਪੁੱਤਰਾਂ ਨੂੰ ਸ਼ਹੀਦ ਕਰਨ ਤੋਂ ਬਾਅਦ, ਉਹ ਖਾਲਸਾ ਪੰਥ ਨੂੰ ਪੱਕੇ ਤੌਰ 'ਤੇ ਲੀਡਰਲੈਸ ਕਰਨ ਲਈ ਹਰ ਯਤਨ ਕਰ ਰਹੇ ਸਨ ਤੇ ਜਦੋਂ ਹੀ ਬਾਬਾ ਬੰਦਾ ਸਿੰਘ ਬਹਾਦਰ ਦੀ ਸ਼ਹਾਦਤ ਤੋਂ ਬਾਅਦ ਮੁਗਲੀਆਂ ਹਕੂਮਤ ਨਾਲ ਬੰਦਈ ਖਾਲਸੇ ਦੀ ਸਿੱਧੀ ਟੱਕਰ ਹੋ ਗਈ ਤੇ ਬੰਦਈ ਖਾਲਸੇ ਨੂੰ ਜੰਗਲਾਂ ਪਹਾੜਾਂ ਤੇ ਰਾਜਸਥਾਨ ਦੇ ਮਾਰੂਥਲਾਂ ਵਿੱਚ ਜਾਣਾ ਪਿਆ ਤਾਂ ਇਹ ਤਾਕਤਾਂ ਸ੍ਰੀ ਚੰਦੀਆਂ, ਪ੍ਰਿਥੀ ਚੰਦੀਆਂ, ਧੀਰਮੱਲੀਆਂ, ਰਾਮਰਾਈਆਂ, ਨਿਰੰਜਣੀਆਂ, ਉਦਾਸੀਆਂ, ਨਿਰਮਲਿਆਂ ਆਦਿ ਦੇ ਰੂਪ ਵਿੱਚ ਆ ਕਾਬਿਜ ਹੋਈਆਂ। ਇਥੇ ਇਹ ਵੀ ਵਰਨਣਯੋਗ ਹੈ ਕਿ ਤੱਤ ਖਾਲਸਾ ਗੁਰੂ ਘਰ ਵਿਰੋਧੀ ਧਿਰ ਸੀ ਤੇ ਅਸਲੀ ਖਾਲਸੇ ਬੰਦਈ ਹੀ ਸਨ। ਪਰ ਬਾਅਦ ਵਿੱਚ ਤੱਤ ਖਾਲਸੇ ਨੇ ਸਿੱਖੀ ਤੇ ਕਬਜ਼ਾ ਕਰ ਲਿਆ, ਜੋ ਕਿ ਅੱਜ ਤੱਕ ਜਾਰੀ ਹੈ। ਇਹੀ ਉਹ 85 ਸਾਲ ਦਾ ਸਮਾਂ ਸੀ, ਜਦੋਂ 1716 (ਬੰਦਾ ਸਿੰਘ ਬਹਾਦਰ ਦੀ ਸ਼ਹਾਦਤ) ਤੋਂ 1801 (ਮਹਾਰਾਜਾ ਰਣਜੀਤ ਸਿੰਘ ਵਲੋਂ ਖਾਲਸਾ ਰਾਜ ਦੀ ਸਥਾਪਨਾ) ਤੱਕ ਇਨ੍ਹਾਂ ਨਿਰਮਲੇ ਵਿਦਵਾਨਾਂ (ਕਾਂਸ਼ੀ ਦੇ ਬ੍ਰਾਹਮਣ ਵਿਦਵਾਨਾਂ) ਨੇ ਅਨੇਕਾਂ ਗ੍ਰੰਥ ਲਿਖੇ ਤੇ ਉਦਾਸੀ ਮਹੰਤਾਂ (ਹਰਿਦੁਆਰ ਦੇ ਪਾਂਡਿਆਂ) ਰਾਹੀਂ ਸਿੱਖਾਂ ਵਿੱਚ ਇਨ੍ਹਾਂ ਦਾ ਪ੍ਰਚਾਰ ਕੀਤਾ। ਇਨ੍ਹਾਂ ਗ੍ਰੰਥਾਂ ਨੂੰ ਲਿਖਣ ਦਾ ਮੁੱਖ ਮਕਸਦ ਇਹੀ ਸੀ ਕਿ ਗੁਰੂ ਗ੍ਰੰਥ ਸਾਹਿਬ ਵਿੱਚ ਉਹ ਤਬਦੀਲੀ ਕਰ ਨਹੀਂ ਸਕਦੇ ਸਨ ਤੇ ਹੋਰ ਗ੍ਰੰਥ ਇਤਨੇ ਖੜ੍ਹੇ ਕਰ ਦਿੱਤੇ ਜਾਣ ਕੇ ਗੁਰੂ ਗ੍ਰੰਥ ਸਾਹਿਬ ਇਨ੍ਹਾਂ ਵਿੱਚੋਂ ਇੱਕ ਗ੍ਰੰਥ ਬਣ ਜਾਵੇ। ਦੂਜਾ ਕੰਮ ਉਨ੍ਹਾਂ ਇਹ ਕੀਤਾ ਕਿ ਗੁਰੂ ਗ੍ਰੰਥ ਸਾਹਿਬ ਨੂੰ ਮੱਥੇ ਟਿਕਾਉਣ, ਗੋਲਕ ਰੱਖ ਕੇ ਪੈਸੇ ਇਕੱਠੇ ਕਰਨ ਤੇ ਹੁਣ ਪਾਠਾਂ ਰਾਹੀਂ ਇਨਕਮ ਦਾ ਸਾਧਨ ਬਣਾ ਦਿੱਤਾ ਤੇ ਕਥਾ ਗੁਰਦੁਆਰਿਆਂ ਵਿੱਚ ਇਨ੍ਹਾਂ ਗ੍ਰੰਥਾਂ ਦੀ ਪ੍ਰਚਲਤ ਕਰ ਦਿੱਤੀ। ਇਨ੍ਹਾਂ ਗ੍ਰੰਥਾਂ ਵਿੱਚੋਂ ਮੁੱਖ ਭਾਈ ਬਾਲੇ ਵਾਲੀ ਜਨਮ ਸਾਖੀ, ਵਲਾਇਤ ਵਾਲੀ ਜਨਮ ਸਾਖੀ, ਮਿਹਰਬਾਨ ਵਾਲੀ ਜਨਮ ਸਾਖੀ, ਜਨਮ ਸਾਖੀ ਗੁਰੂ ਨਾਨਕ ਸ਼ਾਹ ਕੀ, ਗੁਰ ਬਿਲਾਸ ਪਾਤਸ਼ਾਹੀ ਛੇਵੀਂ, ਗੁਰ ਬਿਲਾਸ ਪਾਤਸ਼ਾਹੀ ਦਸਵੀਂ, ਗੁਰੂਆਂ ਦੇ ਨਾਮ ਤੇ ਹੁਕਮਨਾਮੇ ਤੇ ਗੁਰੂਆਂ ਦੇ ਪ੍ਰਮੁੱਖ ਸਿੱਖਾਂ ਦੇ ਨਾਮ ਤੇ ਰਹਿਤਨਾਮੇ, ਵਾਰ ਪਾਤਸ਼ਾਹੀ ਦਸਵੀਂ ਕੀ, ਵਿਦਿਆ ਸਾਗਰ ਗ੍ਰੰਥ, ਸੌ ਸਾਖੀਆਂ (ਭਵਿੱਖ ਬਾਣੀਆਂ), ਸ੍ਰੀ ਗੁਰ ਸੋਭਾ, ਮਹਿਮਾ ਪ੍ਰਕਾਸ਼, ਜਨਮ ਸਾਖੀ ਭਾਈ ਮਨੀ ਸਿੰਘ, ਗੁਰੂ ਕੀਆਂ ਸਾਖੀਆਂ, ਗੁਰ ਪਰਨਾਲੀ, ਗੋਸ਼ਟੀ ਬਾਬਾ ਨਾਨਕ, ਗੋਸ਼ਟੀਆਂ ਮੇਹਰਬਾਨ ਜੀ ਕੀਆਂ, ਭਗਤ ਰਤਨਾਵਲੀ, ਬੰਸਾਵਲੀਨਾਮਾ ਦਸ ਪਾਤਸ਼ਾਹੀਆਂ ਕਾ, ਅਮਰਨਾਮਾ, ਸ਼ਸਤਰਨਾਮ ਮਾਲ੍ਹਾ, ਬਚਿੱਤਰ ਨਾਟਕ, ਦਸਮ ਗ੍ਰੰਥ (ਜਿਸ ਵਿੱਚ ਵੱਖ-ਵੱਖ ਕਵੀਆਂ ਦੀਆਂ ਰਚਨਾਵਾਂ ਸ਼ਾਮਿਲ ਹਨ) ਆਦਿ ਹਨ। ਫਿਰ ਇਨ੍ਹਾਂ ਗ੍ਰੰਥਾਂ ਦੇ ਆਧਾਰ ਤੇ ਸੂਰਜ ਪ੍ਰਕਾਸ਼ ਗ੍ਰੰਥ (ਕਵੀ ਸੰਤੋਖ ਸਿੰਘ), ਪ੍ਰਾਚੀਨ ਪੰਥ ਪ੍ਰਕਾਸ਼ (ਰਤਨ ਸਿੰਘ ਭੰਗੂ), ਸ੍ਰੀ ਗੁਰ ਪੰਥ ਪ੍ਰਕਾਸ਼ (ਗਿਆਨੀ ਗਿਆਨ ਸਿੰਘ), ਗੁਰੂ ਨਾਨਕ ਚਮਤਕਾਰ ਤੇ ਦਸਮ ਚਮਤਕਾਰ (ਭਾਈ ਵੀਰ ਸਿੰਘ) ਨੇ ਲਿਖੇ ਸਨ।ਇਸ ਤੋਂ ਬਾਅਦ 1801-1839 (ਸਿੱਖ ਰਾਜ) ਦੌਰਾਨ ਮਹਾਰਾਜਾ ਰਣਜੀਤ ਸਿੰਘ ਨੇ ਗੁਰੂਆਂ ਜਾਂ ਸਿੱਖ ਇਤਿਹਾਸ ਨਾਲ ਸਬੰਧਤ ਸਥਾਨਾਂ ਨੂੰ ਵੱਡੀਆਂ-ਵੱਡੀਆਂ ਜਮੀਨਾਂ ਤੇ ਪੈਸਾ ਦਿੱਤਾ, ਜਿਸ ਨਾਲ ਇਥੇ ਕਾਬਜ ਉਦਾਸੀ ਮਹੰਤ ਤੇ ਨਿਰਮਲੇ ਸੰਤ ਬਹੁਤ ਮਜਬੂਤ ਹੋ ਗਏ ਤੇ ਮਹਾਰਾਜਾ ਰਣਜੀਤ ਸਿੰਘ ਦੀ ਮੌਤ ਤੋਂ ਬਾਅਦ ਅੰਗਰੇਜ਼ਾਂ ਨੇ ਸਿੱਖਾਂ ਨੂੰ ਕਾਬੂ ਕਰਨ ਲਈ ਇਨ੍ਹਾਂ ਸੰਤਾਂ ਤੇ ਮਹੰਤਾਂ ਨੂੰ ਕਾਬੂ ਕਰ ਲਿਆ। ਬਹੁਤ ਸਾਰੇ ਗ੍ਰੰਥ ਤੇ ਪ੍ਰੰਪਰਾਵਾਂ ਅੰਗਰੇਜਾਂ ਵਲੋਂ ਵੀ ਚਲਾਈਆਂ ਗਈਆਂ। ਇਥੇ ਇਹ ਵਰਨਣਯੋਗ ਹੈ ਕਿ ਗੁਰੂ ਨਾਨਕ ਸਾਹਿਬ ਦੇ ਪੁੱਤਰ ਸ੍ਰੀ ਚੰਦ ਰਾਹੀਂ ਸ਼ੁਰੂ ਕੀਤੀ ਗਈ ਉਦਾਸੀ ਲਹਿਰ ਵਿੱਚ ਗੁਰੂ ਕਾਲ ਦੌਰਾਨ ਗੁਰੂ ਪਰਿਵਾਰਾਂ ਵਿਚਲੇ ਵਿਰੋਧੀ (ਧੀਰਮੱਲੀਏ, ਰਾਮਰਾਈਏ, ਸੋਢੀ, ਭੱਲੇ, ਮੀਣੇ, ਮਸੰਦ, ਨਿਰੰਜਣੀਏ ਆਦਿ) ਰਲਦੇ ਗਏ ਤੇ ਗੁਰੂ ਕਾਲ ਤੋਂ ਬਾਅਦ ਇਨ੍ਹਾਂ ਦਾ ਕੰਟਰੋਲ ਹਰਿਦੁਆਰ ਤੋਂ ਆਏ ਪਾਂਡਿਆਂ ਨੇ ਕਰ ਲਿਆ। ਇਸਦੇ ਨਾਲ ਹੀ ਬ੍ਰਾਹਮਣ (ਵਿਦਵਾਨ) ਪੁਜਾਰੀ ਜੋ ਲੰਬੇ ਸਮੇਂ ਤੋਂ ਸਿੱਖੀ ਲਹਿਰ ਨੂੰ ਖਤਮ ਕਰਨ ਦੀ ਤਾਕ ਵਿੱਚ ਸੀ, ਕਾਂਸ਼ੀ ਤੋਂ ਨਿਰਮਲੇ ਸੰਤਾਂ ਦੇ ਰੂਪ ਵਿੱਚ ਵਿਦਵਾਨ ਬਣ ਕੇ ਆ ਪ੍ਰਗਟ ਹੋਇਆ ਸਾਡੀ ਸਮਝ ਤੇ ਇਤਿਹਾਸਕ ਖੋਜ ਅਨੁਸਾਰ, ਅੱਜ ਦੀ ਸਿੱਖੀ ਵਿੱਚ ਪ੍ਰਚਲਤ ਸਾਰੀਆਂ ਮਰਿਯਾਦਾਵਾਂ, ਪ੍ਰੰਪਰਾਵਾਂ, ਮਨੌਤਾਂ ਆਦਿ ਉਦਾਸੀ ਮਹੰਤਾਂ (ਹਰਿਦੁਆਰ ਦੇ ਪਾਂਡਿਆਂ) ਅਤੇ ਉਪਰ ਦੱਸੇ ਸਾਰੇ ਗ੍ਰੰਥ ਨਿਰਮਲੇ ਸੰਤਾਂ (ਕਾਂਸ਼ੀ ਦੇ ਬ੍ਰਾਹਮਣ ਵਿਦਵਾਨਾਂ) ਵਲੋਂ ਲਿਖੇ ਹੋਏ ਹਨ। ਇਸ ਲਈ ਮੌਜੂਦਾ ਸਿੱਖੀ ਵਿੱਚ 'ਗੁਰੂ ਗ੍ਰੰਥ ਸਾਹਿਬ' ਦੀ ਬੀੜ ਨੂੰ ਛੱਡ ਕੇ ਸਭ ਮਰਿਯਾਦਾਵਾਂ, ਗੁਰੂਆਂ ਦੀ ਵਿਚਾਰਧਾਰਾ ਤੋਂ ਉਲਟ ਉਦਾਸੀਆਂ ਤੇ ਨਿਰਮਲਿਆਂ ਦੀ ਪ੍ਰਚਾਰੀ ਤੇ ਬਣਾਈ ਹੋਈ ਸਿੱਖੀ ਅਧਾਰਿਤ ਹਨ।

19ਵੀਂ ਸਦੀ ਦੇ ਆਖਰੀ ਦੋ ਦਹਾਕਿਆਂ ਵਿੱਚ 'ਸਿੰਘ ਸਭਾ ਲਹਿਰ' ਰਾਹੀਂ ਸਿੱਖੀ ਦੀ ਪੁਨਰ ਜਾਗਰਤੀ ਲਹਿਰ ਸ਼ੁਰੂ ਹੋਈ, ਜਿਸਦੇ ਅਸਰ ਨਾਲ 20ਵੀਂ ਸਦੀ ਦੇ ਦੂਜੇ ਦਹਾਕੇ ਵਿੱਚ ਇਨ੍ਹਾਂ ਸੰਤਾਂ-ਮਹੰਤਾਂ ਕੋਲੋਂ ਸਿੱਖਾਂ ਨੇ ਗੁਰਦੁਆਰੇ ਅਜ਼ਾਦ ਕਰਾਏ ਤੇ ਸ਼੍ਰੋਮਣੀ ਕਮੇਟੀ ਹੋਂਦ ਵਿੱਚ ਆਈ।ਇਸ ਤੋਂ ਪਹਿਲਾਂ ਕਿ ਇਨ੍ਹਾਂ ਆਜ਼ਾਦ ਕਰਾਏ ਗੁਰਦੁਆਰਿਆਂ ਤੇ ਸਿੱਖ ਕੰਟਰੋਲ ਕਰਕੇ ਗੁਰੂਆਂ ਦੀ ਸਿੱਖੀ ਬਹਾਲ ਕਰਦੇ, ਰਾਜਨੀਤਕ ਲੋਕ ਦੁਬਾਰਾ ਸ਼੍ਰੋਮਣੀ ਕਮੇਟੀ ਅਤੇ ਉਨ੍ਹਾਂ ਹੀ ਨਿਰਮਲਿਆਂ (ਦਮਦਮੀ ਟਕਸਾਲ ਵੀ ਨਿਰਮਲਿਆਂ ਦਾ ਹੀ ਇੱਕ ਡੇਰਾ ਸੀ) ਤੇ ਨਾਕਸਰੀਏ ਸਾਧਾਂ ਰਾਹੀਂ ਫਿਰ ਕਾਬਿਜ ਹੋ ਗਏ। ਪਿਛਲੀ ਸਦੀ ਦੇ ਆਖਰੀ ਦੋ ਦਹਾਕਿਆਂ ਵਿੱਚ (ਸਿੰਘ ਸਭਾ ਲਹਿਰ ਦੇ 100 ਸਾਲ ਬਾਅਦ) ਮਿਸ਼ਨਰੀ ਸਿੱਖਾਂ ਨੇ ਕਿਤਾਬਾਂ ਲਿਖ ਕੇ ਸਿੱਖ ਜਾਗਰਤੀ ਦੀ ਨਵੀਂ ਲਹਿਰ ਚਲਾਈ, ਫਿਰ ਇਸ ਸਦੀ ਦੇ ਸ਼ੁਰੂ ਵਿੱਚ 'ਗੁਰਮਤਿ ਗਿਆਨ ਮਿਸ਼ਨਰੀ ਕਾਲਿਜ' ਨੇ ਆਪਣੇ ਪ੍ਰਚਾਰਕ ਤਿਆਰ ਕਰਕੇ ਲਹਿਰ ਨੂੰ ਅੱਗੇ ਵਧਾਇਆ। ਇਸੇ ਸਮੇਂ ਦੌਰਾਨ ਪਿਛਲੇ 20-25 ਸਾਲਾਂ ਵਿੱਚ ਇਹ ਲਹਿਰ ਪ੍ਰਚੰਡ ਹੋਈ, ਜਿਸਦਾ ਵਿਰੋਧ ਉਸ ਸਮੇਂ ਤੋਂ ਕਾਬਿਜ ਤੇ ਹਮਲਾਵਰ ਧਿਰਾਂ ਵਲੋਂ ਅਕਾਲ ਤਖਤ ਦੇ ਪੁਜਾਰੀਆਂ ਰਾਹੀਂ ਜਾਰੀ ਹੈ। ਇਸ ਸਮੇਂ ਦੌਰਾਨ ਅਨੇਕਾਂ ਵਿਦਵਾਨਾਂ ਤੇ ਪ੍ਰਚਾਰਕਾਂ ਨੂੰ ਜ਼ਲੀਲ ਕਰਕੇ, ਡਰਾ ਕੇ, ਜਾਨੋਂ ਮਾਰ ਕੇ, ਪੰਥ ਵਿੱਚੋਂ ਛੇਕ ਕੇ, ਪੁਜਾਰੀਵਾਦ ਖਿਲਾਫ ਲਹਿਰ ਨੂੰ ਦਬਾਉਣ ਦੇ ਯਤਨ ਜਾਰੀ ਹਨ। ਪਿਛਲੇ 5-6 ਸਾਲਾਂ ਤੋਂ ਪੁਜਾਰੀ ਸ਼੍ਰੇਣੀ ਜਾਂ ਸਾਧ ਸ਼੍ਰੇਣੀ ਵਿੱਚੋਂ ਨਿਕਲ ਕੇ ਬੇਬਾਕੀ ਨਾਲ ਪੁਜਾਰੀਵਾਦ ਅਤੇ ਉਦਾਸੀਆਂ ਤੇ ਨਿਰਮਲਿਆਂ ਦੀ ਸਿੱਖੀ ਖਿਲਾਫ ਖੁੱਲ੍ਹ ਕੇ ਪ੍ਰਚਾਰ ਕਰ ਰਹੇ ਭਾਈ ਰਣਜੀਤ ਸਿੰਘ ਢੱਡਰੀਵਾਲਾ, ਹੁਣ ਉਨ੍ਹਾਂ ਦੇ ਮੁੱਖ ਨਿਸ਼ਾਨੇ ਤੇ ਹੈ। ਉਸਦੇ ਵਿਰੋਧ ਦਾ ਵੱਡਾ ਕਾਰਨ ਇਹ ਵੀ ਹੈ ਕਿ ਉਸ ਮਗਰ ਲੱਖਾਂ ਲੋਕ ਹਨ, ਨੌਜਵਾਨ ਪੀੜ੍ਹੀ ਵੱਡੀ ਤੇ ਉਸ ਨਾਲ ਜੁੜ ਰਹੀ ਹੈ। ਉਹ ਹਰ ਗੱਲ ਦਲੀਲ ਨਾਲ ਕਰਦਾ ਹੈ। ਹੋਰ ਵਿਦਵਾਨਾਂ ਜਾਂ ਮਿਸ਼ਨਰੀਆਂ ਨੂੰ ਉਹ ਉਠਦੇ ਸਾਰ ਹੀ ਦਬੋਚ ਲੈਂਦੇ ਸਨ। ਪਰ ਢੱਡਰੀਵਾਲਾ ਨੂੰ ਹੱਥ ਪਾਉਣ ਲਈ ਡਰਦੇ ਹਨ ਕਿਉਂਕਿ ਪੁਜਾਰੀਆਂ ਦੇ ਮਾਲਕ, ਸਿਆਸੀ ਲੋਕ ਆਪਣੀਆਂ ਸਿਆਸੀ ਗਿਣਤੀਆਂ ਮਿਣਤੀਆਂ ਵੀ ਕਰਦੇ ਹਨ ਬੇਸ਼ਕ ਇਸ ਲਹਿਰ ਨੂੰ ਸ਼ੁਰੂ ਕਰਨ ਵਾਲੇ ਮਿਸ਼ਨਰੀ, ਜਾਗਰੂਕ, ਵਿਦਵਾਨ ਆਦਿ ਇਸ ਔਖੇ ਸਮੇਂ ਵਿੱਚ ਛੋਟੇ ਵਿਰੋਧਾਂ, ਨਿੱਜੀ ਰੰਜ਼ਸ਼ਾਂ, ਈਰਖਾ ਤੇ ਅਗਿਆਨਤਾ ਵੱਸ ਭਾਈ ਰਣਜੀਤ ਸਿੰਘ ਦੇ ਵਿਰੋਧ ਵਿੱਚ ਆ ਖੜੇ ਹੋਏ ਹਨ। ਮਿਸ਼ਨਰੀਆਂ ਤੇ ਜਾਗਰੂਕਾਂ ਦੀ ਸਾਜ਼ਸ਼ੀ ਚੁੱਪ ਤਖਤਾਂ ਦੇ ਪੁਜਾਰੀਆਂ ਤੇ ਟਕਸਾਲੀਆਂ ਨੂੰ ਸ਼ਹਿ ਦੇ ਰਹੀ ਹੈ। ਕਿਸੇ ਸਮੇਂ ਕਾਲਾ ਅਫਗਾਨਾ, ਮਿਸ਼ਨਰੀ ਪ੍ਰਚਾਰਕ, ਸਿੰਘ ਸਭਾ ਕਨੇਡਾ, ਸਪੋਕਸਮੈਨ, ਪ੍ਰੋ. ਦਰਸ਼ਨ ਸਿੰਘ, ਭਾਈ ਘੱਗਾ, ਭਾਈ ਧੁੰਦਾ ਤੇ ਹੋਰ ਅਨੇਕਾਂ ਵਿਦਵਾਨਾਂ ਦੀ ਟੀਮ ਇਸ ਸੰਘਰਸ਼ ਨੂੰ ਕਾਫੀ ਅੱਗੇ ਲੈ ਗਈ ਸੀ ਅਤੇ ਪੁਜਾਰੀਵਾਦ ਤੇ ਡੇਰਵਾਦ ਨੂੰ ਭਾਜੜਾਂ ਪੁਆ ਦਿੱਤੀਆਂ ਸਨ। ਪਰ ਉਹ ਆਪਣੀ ਏਕਤਾ ਬਹੁਤਾ ਚਿਰ ਕਾਇਮ ਨਾ ਰੱਖ ਸਕੇ ਤੇ ਕਈ ਧੜਿਆਂ ਵਿੱਚ ਵੰਡੇ ਗਏ।ਹੁਣ ਭਾਈ ਰਣਜੀਤ ਸਿੰਘ ਇਸ ਲਹਿਰ ਦੀ ਅਗਵਾਈ ਕਰ ਰਹੇ ਹਨ ਤਾਂ ਉਨ੍ਹਾਂ ਧੜਿਆਂ ਵਲੋਂ ਵਿਰੋਧ ਵਿੱਚ ਖੜਨਾ ਮੰਦਭਾਗਾ ਹੈ। ਜੇ ਉਹ ਸਾਥ ਨਹੀਂ ਦੇ ਸਕਦੇ ਤਾਂ ਚੁੱਪ ਤਾਂ ਰਹਿ ਹੀ ਸਕਦੇ ਹਨ। ਜੇ ਇਸ ਵਾਰ ਭਾਈ ਰਣਜੀਤ ਸਿੰਘ ਪਿਛੇ ਹਟ ਜਾਂਦੇ ਹਨ ਜਾਂ ਉਨ੍ਹਾਂ ਨੂੰ ਪੁਜਾਰੀ ਲਾਣੇ ਵਲੋਂ ਚੁੱਪ ਕਰਾ ਦਿੱਤਾ ਜਾਂਦਾ ਹੈ ਤਾਂ ਇਹ ਲਹਿਰ 20-25 ਸਾਲ ਪਿਛੇ ਪੈ ਸਕਦੀ ਹੈ। ਸਾਡਾ ਮੰਨਣਾ ਹੈ ਕਿ ਇਹ ਸੰਘਰਸ਼ ਤਾਂ ਜਾਰੀ ਰਹਿਣਾ ਹੀ ਹੈ।ਭਾਈ ਰਣਜੀਤ ਸਿੰਘ ਅਗਵਾਈ ਕਰੇ ਜਾਂ ਕੋਈ ਹੋਰ ਕਰੇ। ਪੁਜਾਰੀਆਂ ਲਈ ਭਾਈ ਢੱਡਰੀਵਾਲਾ ਗਲ਼ੇ ਦੀ ਹੱਡੀ ਬਣ ਚੁੱਕਾ ਹੈ, ਇੱਕ ਪਾਸੇ ਪੁਜਾਰੀਆਂ ਸਿਆਸੀ ਮਾਲਕ ਆਪਣੇ ਸਿਆਸੀ ਹਿੱਤਾਂ ਲਈ ਢੱਡਰੀਵਾਲਾ ਨੂੰ ਪੰਥ ਵਿੱਚੋਂ ਛੇਕਣਾ ਨਹੀਂ ਚਾਹੁੰਦੇ, ਦੂਜੇ ਪਾਸੇ ਪੁਜਾਰੀਆਂ ਦੇ ਧਾਰਮਿਕ ਮਾਲਕ ਟਕਸਾਲੀ, ਹਰ ਹਾਲਤ ਵਿੱਚ ਢੱਡਰੀਵਾਲਾ ਦਾ ਫਸਤਾ ਜਲਦੀ ਤੋਂ ਜਲਦੀ ਵੱਢਣਾ ਚਾਹੁੰਦੇ ਹਨ। ਇਹ ਤਾਂ ਤਹਿ ਹੈ ਕਿ ਜਿਸ ਤਰ੍ਹਾਂ ਪੁਜਾਰੀਆਂ ਖਿਲਾਫ ਭਾਈ ਰਣਜੀਤ ਸਿੰਘ ਡਟ ਗਏ ਹਨ, ਉਹ ਪਿਛੇ ਹਟਣ ਵਾਲੇ ਨਹੀਂ ਤੇ ਨਾ ਹੀ ਪੁਜਾਰੀਆਂ ਵਲੋਂ ਪੰਥ ਵਿੱਚੋਂ ਛੇਕੇ ਜਾਂ ਮਾਫੀਆਂ ਮੰਗ ਚੁੱਕੇ ਵਿਦਵਾਨਾਂ ਵਾਂਗ ਘਰ ਹੀ ਬੈਠਣ ਲੱਗੇ ਹਨ। ਇਸ ਨਾਲ ਟਕਰਾਅ ਵਧੇਗਾ, ਪਰ ਗੁਰੂ ਨਾਨਕ ਦੀ ਸਿੱਖੀ ਨੂੰ ਬਹਾਲ ਕਰਨ ਲਈ ਕਿਸੇ ਅਜਿਹੇ ਲੀਡਰ ਦੀ ਲੰਬੇ ਸਮੇਂ ਤੋਂ ਲੋੜ ਸੀ, ਜਿਸ ਤਰ੍ਹਾਂ ਤਰ੍ਹਾਂ ਦੀ ਲੀਡਰਸ਼ਿਪ ਭਾਈ ਰਣਜੀਤ ਸਿੰਘ ਦੇ ਰਹੇ ਹਨ। ਜਿਹੜੇ ਸਿੱਖ ਤਬਦੀਲੀ ਤੇ ਵਿਕਾਸ ਦੇ ਹੱਕ ਵਿੱਚ ਹਨ ਅਤੇ ਟਕਸਾਲ ਤੇ ਪੁਜਾਰੀਆਂ ਦਾ ਗਲਬਾ ਸਿੱਖੀ ਤੋਂ ਲਾਹੁਣਾ ਚਾਹੁੰਦੇ ਹਨ, ਉਨ੍ਹਾਂ ਨੂੰ ਭਾਈ ਰਣਜੀਤ ਸਿੰਘ ਢੱਡਰੀਵਾਲਾ ਦਾ ਹਰ ਪੱਖ ਤੋਂ ਸਹਿਯੋਗ ਕਰਨ ਦੀ ਲੋੜ ਹੈ।

# ਬੈਰੂਤ ਧਮਾਕਾ : ਲਿਬਨਾਨ ਦੀ ਅਰਥਿਕ ਤਬਾਹੀ ਦਾ ਇੱਕ ਹੋਰ ਅਧਿਆਇ



ਲਗਾਤਾਰ ਡੂੰਘੇ ਹੁੰਦੇ ਜਾ ਰਹੇ ਵਿਸ਼ਵ ਆਰਥਿਕ-ਸਿਆਸੀ ਸੰਕਟ ਨੂੰ ਕਰੋਨਾ ਸੰਕਟ ਨੇ ਹੋਰ ਵੱਧ ਗਹਿਰਾ ਅਤੇ ਜ਼ਾਹਰਾ ਕਰ ਦਿੱਤਾ ਹੈ, ਜਿਸਨੂੰ ਸੰਸਾਰ ਪੂੰਜੀਵਾਦੀ ਤਾਕਤਾਂ ਕਰੋਨਾ ਸੰਕਟ ਦੇ ਬਹਾਨੇ ਕੱਜਣ ਦਾ ਯਤਨ ਕਰ ਰਹੀਆਂ ਹਨ। ਕਰੋਨਾ ਵਾਇਰਸ ਤੋਂ ਪਹਿਲਾਂ ਵਿਸ਼ਵ ਦੀਆਂ ਵੱਡੀਆਂ ਸਾਮਰਾਜੀ ਤਾਕਤਾਂ ਅਤੇ ਇਹਨਾਂ ਉੱਤੇ ਨਿਰਭਰ ਦੇਸ਼ਾਂ ਦਾ ਆਰਥਿਕ ਸੰਕਟ ਵਿਚ ਘਿਰ ਜਾਣਾ ਜੱਗ-ਜਾਹਰਾ ਹੋ ਚੁੱਕਾ ਸੀ। ਅਮਰੀਕਾ-ਚੀਨ ਵਿਚਲੀ ਵਪਾਰਕ ਜੰਗ ਨੇ ਵਿਸ਼ਵ ਦੇ ਵੱਖ-ਵੱਖ ਦੇਸ਼ਾਂ ਨੂੰ ਆਪਣੇ ਕਲਾਵੇ ਵਿਚ ਲਿਆ ਹੋਇਆ ਹੈ। ਲਾਤੀਨੀ ਅਤੇ ਅਰਬ ਖਿੱਤੇ ਵਿਚ ਅਮਰੀਕਾ ਦੀ ਸਰਦਾਰੀ ਲਗਾਤਾਰ ਘੱਟਦੀ ਜਾ ਰਹੀ ਹੈ ਅਤੇ ਸਾਮਰਾਜੀ ਚੀਨ ਇਸ ਖਿੱਤੇ ਵਿਚ ਤੇਜੀ ਨਾਲ ਆਪਣੇ ਪੈਰ ਪਸਾਰ ਰਿਹਾ ਹੈ। ਯੂਰਪੀ ਯੂਨੀਅਨ ਦੇ ਸੰਕਟ ਕਾਰਨ ਇਸਦੇ ਕਈ ਮੁਲਕ ਆਪਣੀ ਪੋਜੀਸ਼ਨ ਤੇਜੀ ਨਾਲ ਬਦਲ ਰਹੇ ਹਨ। ਵੱਡੇ ਪੂੰਜੀਵਾਦੀ ਮੁਲਕ ਆਪਣੀ ਸਾਮਰਾਜੀ ਚੌਧਰ ਨੂੰ ਬਰਕਰਾਰ ਰੱਖਣ ਅਤੇ ਨਿਰਭਰ ਆਰਥਿਕਤਾ ਵਾਲੇ ਮੁਲਕ ਆਪਣੇ ਵਪਾਰਕ ਹਿੱਤਾਂ, ਨਿਰਭਰਤਾ ਅਤੇ ਦਾਬੇ ਵਿਚੋਂ ਇੱਕ ਜਾਂ ਦੂਜੇ ਸਾਮਰਾਜੀ ਖੇਮੇ ਵੱਲ ਝੁਕ ਰਹੇ ਹਨ। ਆਮ ਰੁਝਾਨ ਅਮਰੀਕਾ, ਰੂਸ ਤੇ ਹੋਰ ਸਾਮਰਾਜੀ ਮੁਲਕਾਂ ਮੁਕਾਬਲੇ ਸਾਮਰਾਜੀ ਚੀਨ ਦੇ ਲਗਾਤਾਰ ਪਸਾਰ ਅਤੇ ਚੜ੍ਹਤ ਦਾ ਹੈ। ਕਰੋਨਾ ਵਾਇਰਸ ਨੇ ਸੰਸਾਰ ਭਰ 'ਚ ਲੋਕਾਂ ਦਾ ਧਿਆਨ ਅਤੇ ਸੱਤਾਤੰਤਰ ਖਿਲਾਫ ਹੁੰਦੇ ਰਹੇ ਵਿਰੋਧ ਪ੍ਰਦਰਸ਼ਨਾਂ ਨੂੰ ਕੁਝ ਸਮੇਂ ਲਈ ਵਿਸ਼ਰਾਮ ਚਿੰਨ੍ਹ ਲਗਾ ਦਿੱਤਾ ਪਰ ਅਸਲ ਸੰਕਟ ਨੂੰ ਹੋਰ ਵੱਧ ਗਹਿਰਾ ਕਰ ਦਿੱਤਾ। ਆਰਥਿਕ ਸੰਕਟ ਦੀ ਮਾਰ ਹੇਠ ਆਏ ਹੋਏ ਮੁਲਕ ਹੁਣ ਇੱਕ-ਇੱਕ ਕਰਕੇ ਫਿਰ ਢਹਿਣੇ ਸ਼ੁਰੂ ਹੋ ਗਏ ਹਨ ਅਤੇ ਲੋਕ ਕਰੋਨਾ ਸਮੇਂ ਵਿੱਚ ਫਿਰ ਤੋਂ ਸੜਕਾਂ ਤੇ ਉੱਤਰ ਰਹੇ ਹਨ। ਲਿਬਨਾਨ ਇਸਦੀ ਤਾਜ਼ਾ ਮਿਸਾਲ ਹੈ।

ਲਿਬਨਾਨ ਪਿਛਲੇ ਦਹਾਕੇ ਤੋਂ ਆਰਥਿਕ ਸੰਕਟ ਦਾ ਸਾਹਮਣਾ ਕਰਦਾ ਆ ਰਿਹਾ ਹੈ। ਇਸਤੋਂ ਬਾਅਦ ਕਰੋਨਾ ਵਾਇਰਸ ਦਾ ਸੰਤਾਪ ਤੇ ਹੁਣ ਬੀਤੀ 4 ਅਗਸਤ ਨੂੰ ਬੈਰੂਤ ਦੀ ਬੰਦਰਗਾਹ ਉੱਤੇ ਅਮੋਨੀਅਮ ਨਾਈਟ੍ਰੇਟ (2750 ਟਨ) ਦਾ ਵੱਡਾ ਧਰਤ ਕੰਬਾਊ ਧਮਾਕਾ ਹੋਇਆ ਜਿਸਨੇ 9 ਕਿਲੋਮੀਟਰ ਦੇ ਘੇਰੇ ਵਿੱਚ ਸਭ ਕੁਝ ਤਬਾਹ ਕਰ ਦਿੱਤਾ। ਜਿਸ ਵਿਚ 200 ਦੇ ਲੱਗਭਗ ਮੌਤਾਂ, 6000 ਹਜ਼ਾਰ ਗੰਭੀਰ ਜਖਮੀ, 3 ਲੱਖ ਲੋਕ ਬੇਘਰ ਅਤੇ 15 ਬਿਲੀਅਨ ਡਾਲਰ ਦਾ ਨੁਕਸਾਨ ਹੋਇਆ। ਬੈਰੂਤ ਦੀ ਜਿਸ ਬੰਦਰਗਾਹ ਉੱਤੇ ਇਹ ਭਿਆਨਕ ਵਿਸਫੋਟ ਹੋਇਆ ਹੈ ਇਹ ਲਿਬਨਾਨ ਦੀ ਪ੍ਰਮੁੱਖ ਸਮੁੰਦਰੀ ਬੰਦਰਗਾਹ ਸੀ ਜਿੱਥੇ 60% ਦਰਾਮਦਾਂ ਹੁੰਦੀਆਂ ਸਨ, ਜੋ ਕਿ ਹੁਣ ਬਿਲਕੁਲ ਤਬਾਹ ਹੋ ਚੁੱਕੀ ਹੈ। ਧਮਾਕੇ ਪਿੱਛੇ ਲਿਬਨਾਨੀ ਹਕੂਮਤ ਦੀ ਨਾਲਾਇਕੀ ਜੱਗ-ਜਾਹਰ ਹੋ ਚੁੱਕੀ ਹੈ। ਗੁੱਸੇ ਵਿਚ ਆਏ ਲੋਕ ਸਰਕਾਰ ਖਿਲਾਫ ਉੱਠ ਖੜੇ ਹੋਏ ਅਤੇ 10 ਅਗਸਤ ਨੂੰ ਹਸਾਨ ਦਿਆਬ ਸਰਕਾਰ ਨੂੰ ਪੂਰੀ ਕੈਬਨਿਟ ਸਮੇਤ ਅਸਤੀਫਾ ਦੇਣ ਲਈ ਮਜ਼ਬੂਰ ਹੋਣਾ ਪਿਆ।

ਬੀਤੇ ਵਰ੍ਹੇ ਅਕਤੂਬਰ ਮਹੀਨੇ ਵਿੱਚ ਸਰਕਾਰ ਨੇ ਇੰਟਰਨੈੱਟ ਉੱਤੇ ਸ਼ੋਸ਼ਲ ਐਪਾਂ (ਫੇਸਟਾਇਮ, ਵਟਸਅੱਪ, ਫੇਸਬੁੱਕ ਆਦਿ) ਰਾਹੀਂ ਕਾਲ ਕਰਨ ਤੇ ਪ੍ਰਤੀ ਦਿਨ 20 ਸੈਂਟ (ਮਹੀਨਾਵਾਰ 6 ਡਾਲਰ) ਵਸੂਲ ਕਰਨ, ਤੇਲ ਅਤੇ ਤੰਬਾਕੂ ਉੱਤੇ ਟੈਕਸ ਲਾਉਣ ਦਾ ਐਲਾਨ ਕੀਤਾ ਜਿਸਨੂੰ ਵਿਸ਼ਾਲ ਲੋਕ ਵਿਰੋਧ ਕਾਰਨ ਫੌਰੀ ਵਾਪਸ ਲੈ ਲਿਆ ਗਿਆ। ਲਿਬਨਾਨੀ ਸਰਕਾਰ ਆਮ ਸੇਵਾਵਾਂ ਪ੍ਰਦਾਨ ਕਰਨ ਤੋਂ ਲਗਾਤਾਰ ਅਸਮਰੱਥ ਰਹਿੰਦੀ ਆ ਰਹੀ ਹੈ। ਜਰੂਰੀ ਵਸਤਾਂ ਅਤੇ ਸੇਵਾਵਾਂ ਦੀ ਘਾਟ, ਵੱਧਦੀ ਮਹਿੰਗਾਈ, ਰੋਜ਼ਾਨਾ ਬਿਜਲੀ ਦੇ ਕੱਟ, ਪੀਣ ਵਾਲੇ ਪਾਣੀ ਤੇ ਸੈਨੇਟਾਇਜ਼ਰ ਦੀ ਘਾਟ, ਗਾਰਬੇਜ਼ ਸੁੱਟਣ ਦੀ ਸਮੱਸਿਆ, ਮਾੜਾ ਆਰਥਿਕ ਪ੍ਰਬੰਧ, ਭ੍ਰਿਸ਼ਟਾਚਾਰ, ਜਨਤਕ ਸਿਹਤ ਸੇਵਾਵਾਂ ਦੀ ਮੰਦੀ ਹਾਲਤ ਤੇ ਸੰਸਾਰ ਦਾ ਸਭ ਤੋਂ ਬੁਰਾ ਇੰਟਰਨੈੱਟ ਕੁਨੈਕਸ਼ਨ ਵੀ ਲਿਬਨਾਨ ਵਿਚ ਹੀ ਹੈ। ਭ੍ਰਿਸ਼ਟਾਚਾਰ ਵਿਚ ਲਿਬਨਾਨ ਦਾ ਨਾਂ 180 ਦੇਸ਼ਾਂ ਦੀ ਸੂਚੀ ਵਿਚੋਂ 137 ਨੰਬਰ ਤੇ ਆਉਂਦਾ ਹੈ। ਇਸਦਾ ਜਨਤਕ ਕਰਜਾ, ਕੁੱਲ ਘਰੇਲੂ ਉਤਪਾਦਨ ਤੋਂ ਦੁਨੀਆਂ ਵਿਚ ਤੀਜੇ ਸਥਾਨ ਤੇ ਹੈ। ਕੁੱਲ ਬੇਰੁਜਗਾਰੀ ਦਰ 46%, ਨੌਜਵਾਨਾਂ 'ਚ ਬੇਰੁਜਗਾਰੀ ਦਰ 27% ਅਤੇ ਇਸਦੀ 45% ਅਬਾਦੀ ਗਰੀਬੀ ਰੇਖਾ ਤੋਂ ਹੇਠਾਂ ਗੁਜਰ ਬਸਰ ਕਰ ਰਹੀ ਹੈ। ਮਨੁੱਖੀ ਅਧਿਕਾਰ ਸੰਸਥਾ ਨੇ ਲਿਬਨਾਨ ਦੀ ਅਰਥਿਕ ਦਸ਼ਾ ਨੂੰ ਦੇਖਦਿਆ ਅਪ੍ਰੈਲ ਮਹੀਨੇ ਵਿਚ ਚੇਤਾਵਨੀ ਦਿੱਤੀ ਸੀ ਕਿ ਜੇਕਰ ਸਰਕਾਰ ਕੋਈ ਠੋਸ ਯੋਜਨਾ ਤਿਆਰ ਨਹੀਂ ਕਰਦੀ ਤਾਂ ਕਰੋਨਾ ਵਾਇਰਸ ਦੇ ਇਸ ਦੌਰ ਵਿਚ ਲੱਖਾਂ ਲਿਬਨਾਨੀ ਅਤੇ ਸੀਰੀਆਈ ਰਫਿਊਜ਼ੀ (ਲਿਬਨਾਨ 'ਚ ਹਰ ਪੰਜਵਾਂ ਰਫਿਊਜ਼ੀ ਹੈ) ਭੁੱਖਮਰੀ ਦੀ ਚਪੇਟ ਵਿੱਚ ਆ ਜਾਣਗੇ।

ਇਹਨਾਂ ਸਰਕਾਰੀ ਬਦ-ਇੰਤਜਾਮੀਆਂ ਖਿਲਾਫ ਉੱਠੇ 20 ਲੱਖ ਲੋਕਾਂ ਦੇ ਉਭਾਰ ਨੇ ਉਸ ਸਮੇਂ ਦੀ ਹਰੀਰੀ ਸਰਕਾਰ ਨੂੰ ਸੱਤਾ ਤੋਂ ਲਾਂਬੇ ਕਰ ਦਿੱਤਾ ਸੀ। ਇਸ ਸਮੇਂ ਕੁਝ ਤਾਕਤਾਂ ਨੇ ਰਾਸ਼ਟਰੀ ਅਸੈਂਬਲੀ ਨੂੰ ਘੇਰ ਕੇ ਸਰਕਾਰ ਬਦਲੀ ਦੀ ਥਾਂ ਸੱਤਾ ਵਿਚ ਬੁਨਿਆਦੀ ਤਬਦੀਲੀ ਦੀ ਲੜਾਈ ਵੀ ਲੜੀ। ਇਰਾਨੀ ਸ਼ਹਿ ਪ੍ਰਾਪਤ ਹਿਜ਼ਬੁੱਲ੍ਹਾ ਲਿਬਨਾਨ ਵਿਚ ਹਾਵੀ ਤਾਕਤ ਹੈ ਤੇ ਇਸਨੇ ਸੰਘਰਸ਼ ਕਰ ਰਹੇ ਲੋਕਾਂ ਨਾਲ ਆਪਣੀ ਇਕਜੁੱਟਤਾ ਦਿਖਾਕੇ ਲਹਿਰ ਨੂੰ ਹਾਈਜੈੱਕ ਕਰਨ ਦਾ ਯਤਨ ਕੀਤਾ ਤੇ ਲੋਕਾਂ ਨੇ ਉਹਨਾਂ ਦੇ ਫਿਰਕੂ ਮਨਸੂਬਿਆਂ ਨੂੰ ਪਹਿਚਾਣਦਿਆਂ ਇਸਨੂੰ ਨਕਾਰ ਦਿੱਤਾ। ਲੋਕਾਂ ਨੇ ਹਰੀਰੀ ਸਰਕਾਰ ਦੀਆਂ ਪ੍ਰਦਰਸ਼ਨਕਾਰੀਆਂ ਨੂੰ ਫਿਰਕੂ ਅਧਾਰ ਤੇ ਵੰਡਣ ਦੀਆਂ ਚਾਲਾਂ ਨੂੰ ਵੀ ਨਾਕਾਮ ਕਰ ਦਿੱਤਾ। ਜਦੋਂ ਪ੍ਰਦਰਸ਼ਨਕਾਰੀਆਂ ਨੇ ਪਾਰਲੀਮੈਂਟ ਸਕੂਏਅਰ ਘੇਰਨ ਦਾ ਯਤਨ ਕੀਤਾ ਤਾਂ ਫੌਜ਼ ਨੇ ਉਹਨਾਂ ਨੂੰ ਡੱਕਣ ਦੀ ਕੋਸ਼ਿਸ਼ ਕੀਤੀ ਅਤੇ ਲੋਕਾਂ ਨੇ ਫੌਜ਼ ਨੂੰ ਉਹਨਾਂ ਨਾਲ ਮਿਲਕੇ ਸਰਕਾਰ ਖਿਲਾਫ ਜੱਦੋਜਹਿਦ ਕਰਨ ਦਾ ਸੱਦਾ ਦਿੱਤਾ। ਅਜਿਹੇ 'ਚ ਰਵਾਇਤੀ ਫਿਰਕਾਪ੍ਰਸਤ ਕਤਾਇਬ ਪਾਰਟੀ ਸੱਤਾ ਪ੍ਰਾਪਤੀ ਲਈ ਲੋਕ ਹੇਰਵਾ ਲੈ ਕੇ ਸਾਹਮਣੇ ਆਈ। ਕਤਾਇਬ ਪਾਰਟੀ ਕਿਸੇ ਸਮੇਂ ਲਿਬਨਾਨੀ ਘਰੇਲੂ ਯੁੱਧ ਸਮੇਂ ਫਲਸਤੀਨੀ ਅਤੇ ਅਰਬ ਦੇ ਸਮਾਜਵਾਦੀ ਕਮਿਊਨਿਸਟਾਂ ਵਿਰੁੱਧ ਇਜ਼ਰਾਇਲੀ ਸੁਰੱਖਿਆ ਫੋਰਸ ਦੇ ਨਾਲ ਖੜੀ ਸੀ ਅਤੇ ਕਤਲੇਆਮ ਵਿਚ ਬਰਾਬਰ ਦੀ ਸੰਗੀ ਰਹੀ ਸੀ। ਇਸਦਾ ਮਕਸਦ ਸੰਘਰਸ਼ ਨੂੰ ਫਿਰਕੂ ਅਧਾਰ ਤੇ ਵੰਡਕੇ ਅਤੇ ਸਰਕਾਰ ਖਿਲਾਫ ਵਿਰੋਧ ਨੂੰ ਤੂਲ ਦੇ ਕੇ ਆਪਣੇ ਸੱਤਾ ਪ੍ਰਾਪਤੀ ਦੇ ਮਨੋਰਥ ਨੂੰ ਸਿਰੇ ਚਾੜਣਾ ਸੀ। ਪਰ ਲਿਬਨਾਨੀ ਮੁਜ਼ਾਹਰਾਕਾਰੀ ਸਾਰੀਆਂ ਪਾਰਟੀਆਂ ਨੂੰ ਇਕੋ ਜ਼ੁਮਰੇ ਵਿਚ ਰੱਖਕੇ ਸੰਘਰਸ਼ ਲੜ ਰਹੇ ਸਨ। ਉਹਨਾਂ ਦਾ ਸਲੋਗਨ ਸੀ "ਸਾਰੇ ਮਤਲਬ ਸਾਰੇ।" ਅੱਕੇ ਹੋਏ ਲੋਕਾਂ ਨੇ ਇੱਥੋਂ ਤੱਕ ਨਾਹਰੇ ਲਗਾਏ ਕਿ 'ਸਿਆਸਤਦਾਨਾ ਨੂੰ ਫਾਹੇ ਲਾ ਦੇਣਾ ਚਾਹੀਦਾ ਹੈ।'

ਲਿਬਨਾਨ ਫਰੈਂਚ ਸਾਮਰਾਜ ਦੀ ਬਸਤੀ ਰਿਹਾ ਹੈ ਅਤੇ ਇਸਨੇ 1943 ਵਿਚ ਇਸਤੋਂ "ਅਜ਼ਾਦੀ" ਹਾਸਲ ਕੀਤੀ। ਉਸ ਸਮੇਂ ਦੇ ਹਾਕਮਾਂ ਨੇ ਫਰੈਂਚ ਬਸਤੀਵਾਦੀਆਂ ਦੇ ਇਸ਼ਾਰਿਆਂ ਤੇ ਦੇਸ਼ ਦਾ ਜੋ ਨਵਾਂ ਸਿਆਸੀ ਢਾਂਚਾ ਖੜਾ ਕੀਤਾ ਉਹ ਫਿਰਕੂ ਲੀਹਾਂ ਤੇ ਟਿਕਿਆ ਹੋਇਆ ਸੀ। ਸਾਰੇ ਧਾਰਮਿਕ ਫਿਰਕਿਆਂ ਨੂੰ ਬਰਾਬਰ ਮੌਕੇ ਤੇ ਨੁਮਾਇੰਦਗੀ ਦੇਣ ਦੇ ਨਾਂ ਹੇਠ ਨਵੀਂ ਫਿਰਕੂ ਰਾਜਨੀਤਿਕ ਪ੍ਰਣਾਲੀ (ਦੇਸ਼ ਦਾ ਪ੍ਰਧਾਨ ਮੰਤਰੀ ਸੁੰਨੀ ਮੁਸਲਿਮ, ਰਾਸ਼ਟਰਪਤੀ ਮੈਰੋਨੇਟ ਕ੍ਰਿਸ਼ੀਅਨ, ਪਾਰਲੀਮੈਂਟ ਸਪੀਕਰ ਸ਼ੀਆ ਮੁਸਲਿਮ) ਲਾਗੂ ਕੀਤੀ ਗਈ। ਲਿਬਨਾਨ ਵਿਚ ਸ਼ੀਆ ਮੁਸਲਿਮ ਵਸੋਂ ਦਾ (27%), ਸੁੰਨੀ ਮੁਸਲਿਮ (27%), ਮੈਰੋਨੇਟ ਕ੍ਰਿਸ਼ੀਅਨ (21%), ਬਾਕੀ ਫਿਰਕੇ (25%) ਅਤੇ ਕੁੱਲ 18 ਫਿਰਕੇ ਹਨ। ਇਸਾਈ, ਸ਼ੀਆ, ਸੁੰਨੀ ਅਤੇ ਡਰੂਜ਼ ਭਾਈਚਾਰਿਆਂ ਦੇ ਲੀਡਰ ਸਰਕਾਰੀ ਉੱਚ ਅਹੁਦਿਆਂ ਉੱਤੇ ਬਿਰਾਜਮਾਨ ਹੋ ਕਿ ਧਾਰਮਿਕ ਫਿਰਕੂ ਜ਼ਹਿਰ ਫੈਲਾਅ ਰਹੇ ਹਨ ਅਤੇ ਬੈਂਕਾਂ ਦੇ ਪੈਸੇ ਉੱਤੇ ਕੁੰਡਲੀ ਮਾਰਕੇ ਆਪਣੇ ਅਤੇ ਆਪਣੇ ਸਕੇ-ਸਬੰਧੀਆਂ ਦੇ ਕਾਰੋਬਾਰ ਸੈੱਟ ਕੀਤੇ ਹੋਏ ਹਨ। ਵਿੱਤੀ ਵਿਸ਼ਲੇਸ਼ਕ ਹੈਨਰੀ ਚੌਲ ਨੇ ਆਈਐਮਐਫ ਦੇ ਪ੍ਰਸੰਗ 'ਚ ਕਿਹਾ ਕਿ ਦੇਸ਼ ਤੋਂ ਬਾਹਰ ਪੈਸੇ ਦੀ ਉਡਾਣ ਰੋਕਣ ਲਈ ਇਕ 'ਪੂੰਜੀ ਨਿਯੰਤਰਣ ਕਾਨੂੰਨ ' ਹੋਣਾ ਚਾਹੀਦਾ ਹੈ ਅਤੇ ਲੋਕਾਂ ਨੇ ਕੇਂਦਰੀ ਬੈਂਕ ਦੇ ਖਾਤਿਆਂ ਦੀ ਜਾਂਚ ਦੀ ਮੰਗ ਕੀਤੀ ਕਿ ਲਾਪਤਾ ਪੈਸਾ ਕਿੱਥੇ ਜਾ ਰਿਹਾ ਹੈ ?, ਇਹਨਾਂ ਸਿਆਸਤਦਾਨਾ ਨੇ ਇਸਦਾ ਵਿਰੋਧ ਕੀਤਾ। ਇਹਨਾਂ ਫਿਰਕਿਆਂ ਦੇ ਸਿਆਸੀ ਆਗੂ ਧਾਰਮਿਕ ਫਿਰਕੂ ਸਿਆਸਤ ਰਾਹੀਂ ਸੱਤਾ ਤੇ ਬਿਰਾਜਮਾਨ ਹੁੰਦੇ ਆ ਰਹੇ ਹਨ ਅਤੇ ਇਹਨਾਂ ਨੂੰ ਬਾਕੀ ਅਰਬ ਦੇਸ਼ਾਂ ਦੇ ਫਿਰਕੂ ਸੰਗਠਨਾਂ ਦਾ ਥਾਪੜਾ ਹਾਸਲ ਹੈ।

ਲਿਬਨਾਨ ਆਪਣੇ ਘਰੇਲੂ ਕਲੇਸ਼ ਅਤੇ ਗਵਾਂਢੀ ਮੁਲਕਾਂ (ਇਜ਼ਰਾਇਲ, ਸੀਰੀਆ) ਨਾਲ ਲਗਾਤਾਰ ਜੰਗ ਵਾਲੀ ਹਾਲਤ ਵਿਚੋਂ ਗੁਜਰਦਾ ਅਤੇ ਅਮਰੀਕਾ-ਇਰਾਨ ਝਗੜੇ ਵਿਚਕਾਰ ਫਸਿਆ ਲੰਮੇ ਸਮੇਂ ਤੋਂ ਖੇਤਰੀ ਅਤੇ ਅੰਤਰਰਾਸ਼ਟਰੀ ਦੁਸ਼ਮਣਾਂ ਵਿਚਲੀ ਜੰਗ ਦਾ ਅਖਾੜਾ ਵੀ ਬਣਿਆ ਰਿਹਾ। 15 ਸਾਲ ਘਰੇਲੂ ਯੁੱਧ ਵਿਚ ਉਲਝੇ ਰਹਿਣ ਬਾਅਦ 2006 ਵਿਚ ਜਦੋਂ ਇਜ਼ਰਾਇਲ ਹਿਜ਼ਬੁੱਲ੍ਹਾ ਨਾਲ ਜੰਗ ਲੜ ਰਿਹਾ ਸੀ ਉਸ ਸਮੇਂ ਇਰਾਨ ਹਿਜ਼ਬੁੱਲ੍ਹਾ ਦੀ ਪਿੱਠ ਤੇ ਸੀ ਅਤੇ ਇਹੀ ਤਾਕਤਾਂ ਹੁਣ ਲਿਬਨਾਨੀ ਰਾਜਨੀਤੀ ਵਿਚ ਪ੍ਰਮੁੱਖ ਸਥਾਨ ਰੱਖਦੀਆਂ ਹਨ। ਸੀਰੀਆ ਅਤੇ ਫਲਸਤੀਨੀ ਰਫਿਊਜ਼ੀਆਂ ਦੀ ਆਮਦ ਨੇ ਵੀ ਇਸਦੀ ਆਰਥਿਕਤਾ ਨੂੰ ਪ੍ਰਭਾਵਿਤ ਕੀਤਾ ਹੈ। ਇਸ ਤਰ੍ਹਾਂ ਲਿਬਨਾਨ ਅਰਬ ਖਿੱਤੇ ਨੂੰ ਲੈ ਕੇ ਸੰਸਾਰ ਸਾਮਰਾਜੀ ਖਹਿਭੇੜ ਦਾ ਸੇਕ ਵੀ ਝੱਲਦਾ ਆ ਰਿਹਾ ਹੈ।

ਇਸਦੀ ਆਰਥਿਕਤਾ ਦਾ ਪਿਛਲਾ ਇੱਕ ਦਹਾਕਾ ਵੀ ਇਸਦੀ ਮੌਜੂਦਾ ਹਾਲਤ ਦਾ ਜਿੰਮੇਵਾਰ ਹੈ। 2019 ਵਿਚ ਸੀਰੀਆ ਅਤੇ ਇਰਾਨੀ ਸ਼ਹਿ ਪ੍ਰਾਪਤ ਹਿਜ਼ਬੁੱਲ੍ਹਾ ਨੂੰ ਸਬਕ ਸਿਖਾਉਣ ਲਈ ਅਮਰੀਕਾ ਵੱਲੋਂ ਲਾਈਆਂ ਪਾਬੰਧੀਆਂ ਦਾ ਅਸਰ ਮੱਧ ਪੂਰਬੀ ਦੇਸ਼ ਲਿਬਨਾਨ ਤੇ ਵੀ ਪਿਆ। ਇਹਨਾਂ ਪਾਬੰਧੀਆਂ ਕਾਰਨ ਡਾਲਰ ਦੀ ਘਾਟ ਕਰਕੇ ਡਾਲਰ ਦੀ ਕਾਲਾਬਜ਼ਾਰੀ ਵੱਧ ਗਈ ਅਤੇ ਅਮਰੀਕੀ ਡਾਲਰ ਮੁਕਾਬਲੇ ਲਿਬਨਾਨੀ ਪੌਂਡ ਦੀ ਕੀਮਤ ਡਿੱਗ ਗਈ। ਹੁਣ ਤੱਕ ਅਮਰੀਕੀ ਡਾਲਰ ਮੁਕਾਬਲੇ ਇਸਦੀ ਕਦਰ ਘਟਾਈ 80% ਤੋਂ ਉਪਰ ਹੋ ਗਈ ਹੈ। ਬੇਭਰੋਸਗੀ ਦੇ ਅਜਿਹੇ ਮਹੌਲ ਵਿਚ ਕਾਰੋਬਾਰ ਤੇਜੀ ਨਾਲ ਬੰਦ ਹੋ ਰਹੇ ਹਨ, ਆਮ ਵਰਤੋਂ ਦੀਆਂ ਮੁੱਢਲੀਆਂ ਵਸਤਾਂ ਦੀਆਂ ਕੀਮਤਾਂ ਅਸਮਾਨ ਛੋਹ ਰਹੀਆਂ ਹਨ, ਸਰਕਾਰੀ ਬਿੱਲਾਂ ਦੇ ਭੁਗਤਾਨ ਉੱਤੇ ਕਰਜਾ ਲਗਾਤਾਰ ਵਧ ਰਿਹਾ ਹੈ, ਰਾਸ਼ਟਰੀ ਪੱਧਰ ਤੇ ਡਾਲਰ ਦਾ ਭੰਡਾਰਨ ਕਾਲਾਬਜ਼ਾਰੀ ਨੂੰ ਉਤਸ਼ਾਹਿਤ ਕਰ ਰਿਹਾ ਹੈ, ਪੈਨਸ਼ਨ ਧਾਰਕਾਂ ਨੂੰ ਮਿਲ ਰਹੀ ਪੈਨਸ਼ਨ ਤੇ ਵੱਡੇ ਕੱਟ ($800 ਤੋਂ ਘਟਾਕੇ $200) ਲਗਾ ਦਿੱਤੇ ਗਏ ਹਨ ਅਤੇ ਵੱਡੇ ਪੱਧਰ ਤੇ ਨੌਕਰੀਆਂ ਖੁੱਸ ਰਹੀਆਂ ਹਨ। ਉਪਭੋਗਤਾ ਵਸਤੂਆਂ ਦੀਆਂ ਕੀਮਤਾਂ ਅਸਮਾਨ ਛੋਹਣ ਨਾਲ ਇਹ ਵਾਧਾ ਅਕਤੂਬਰ 2019 ਤੱਕ 58% ਤੱਕ ਅੱਪੜ ਗਿਆ ਸੀ।

ਮਾਰਚ ਮਹੀਨੇ ਵਿਚ ਸਰਕਾਰ ਵਿਦੇਸ਼ੀ ਬਾਂਡਾਂ ਦੀ 1.2 ਬਿਲੀਅਨ ਡਾਲਰ ਅਦਾਇਗੀ ਨਾ ਦੇਣ ਕਰਕੇ ਡਿਫਾਲਟਰ ਹੋ ਗਈ। ਅਪ੍ਰੈਲ ਵਿਚ ਸਰਕਾਰ ਨੇ ਆਰਥਿਕ ਦਸ਼ਾ ਸੁਧਾਰ ਯੋਜਨਾ ਚਲਾਕੇ ਕੌਮਾਂਤਰੀ ਮੁਦਰਾ ਕੋਸ਼ ਤੋਂ 10 ਬਿਲੀਅਨ ਡਾਲਰ ਦੀ ਮੰਗ ਕੀਤੀ ਜੋ ਕਿ ਫੰਡ ਹਾਸਲ ਕਰਨ ਲਈ ਜਰੂਰੀ ਸ਼ਰਤਾਂ ਪੂਰੀਆਂ ਨਾ ਕਰਦੇ ਹੋਣ ਕਰਕੇ ਇਹ ਸਹਾਇਤਾ ਹਾਸਲ ਨਹੀਂ ਹੋਈ। ਦੇਸ਼ ਦੀ ਕੁੱਲ ਘਰੇਲੂ ਪੈਦਾਵਰ ਪਿਛਲੇ ਵਰ੍ਹੇ ਨਾਲੋਂ 11 ਬਿਲੀਅਨ ਡਾਲਰ ਗਿਰ ਗਈ। ਕਰਜੇ ਦੀ ਅਦਾਇਗੀ ਕਰਨ ਲਈ ਰਿਜ਼ਰਵ ਰੱਖੀ ਵਿਦੇਸ਼ੀ ਕਰੰਸੀ ਘੱਟ ਗਈ ਅਤੇ ਦੇਸ਼ ਵਿਦੇਸ਼ੀ ਕਰਜ਼ ਮੋੜਣ ਤੋਂ ਅਸਮਰੱਥ ਹੋ ਕੇ ਵੱਡੀਆਂ ਸੰਸਾਰ ਵਿੱਤੀ ਸੰਸਥਾਵਾਂ ਦਾ ਡਿਫਾਲਟਰ ਹੋ ਗਿਆ। ਜੀਡੀਪੀ ਅਨੁਪਾਤ ਦਾ ਕਰਜਾ (ਸਰਕਾਰੀ ਕਰਜੇ ਅਤੇ ਜੀਡੀਪੀ ਵਿਚਕਾਰ ਅਨੁਪਾਤ) 170% ਤੇ ਆ ਗਿਆ। ਡਾਲਰ ਦੀ ਘਾਟ ਕਾਰਨ ਦੇਸ਼ ਦਰਾਮਦਾਂ, ਕਣਕ, ਤੇਲ ਆਦਿ ਦੀ ਅਦਾਇਗੀ ਕਰਨ ਦੇ ਆਯੋਗ ਹੋ ਗਿਆ। ਬੈਂਕਾਂ ਨੇ ਲੋਨ ਦੇਣੇ ਬੰਦ ਕਰ ਦਿੱਤੇ। ਲੋਕਾਂ ਦੀ ਖ੍ਰੀਦ ਸ਼ਕਤੀ ਘੱਟ ਗਈ ਅਤੇ ਮਹਿੰਗਾਈ ਵੱਧ ਗਈ ਜਿਸ ਨਾਲ ਗਰੀਬੀ ਵੱਡੀ ਪੱਧਰ ਉੱਤੇ ਵੱਧ ਗਈ। ਲੋਕ ਖਾਣੇ ਦੀਆਂ ਵਸਤਾਂ ਹਾਸਲ ਕਰਨ ਲਈ ਆਪਣੇ ਗਹਿਣੇ ਤੱਕ ਵੇਚਣ ਲਈ ਮਜ਼ਬੂਰ ਹੋ ਰਹੇ ਹਨ। ਮੱਧ ਵਰਗ ਲਗਾਤਾਰ ਗਰੀਬੀ ਰੇਖਾ ਵੱਲ ਵੱਧ ਰਿਹਾ ਹੈ ਅਤੇ ਗਰੀਬ ਭੁੱਖਮਰੀ ਵੱਲ। ਸੰਸਾਰ ਬੈਂਕ ਦੇ ਅੰਦਾਜ਼ੇ ਮੁਤਾਬਕ ਹਰ ਤੀਜਾ ਲਿਬਨਾਨੀ ਗਰੀਬੀ ਵਿਚ ਰਹਿ ਰਿਹਾ ਹੈ ਅਤੇ ਆਉਣ ਵਾਲੇ ਸਮੇਂ ਵਿਚ ਇਹ ਤਸਵੀਰ ਹੋਰ ਭਿਆਨਕ ਹੋਣ ਵਾਲੀ ਹੈ। ਲਿਬਨਾਨੀ ਆਰਥਿਕ-ਸਮਾਜੀ ਦਸ਼ਾ ਦੇ ਇਹ ਓਹੀ ਲੱਛਣ ਹਨ ਜੋ ਵੈਨਜ਼ੂਏਲਾ ਦੀ ਤਬਾਹੀ ਤੋਂ ਪਹਿਲਾਂ ਉੱਥੇ ਸਨ। ਅਜਿਹੀ ਦਸ਼ਾ ਵਿਚੋਂ ਗੁਜਰ ਰਹੇ ਲਿਬਨਾਨ ਉੱਤੇ 4 ਅਗਸਤ ਨੂੰ ਹੋਣ ਵਾਲਾ ਧਮਾਕਾ ਇੱਕ ਹੋਰ ਵੱਡਾ ਸਦਮਾ ਹੈ।

ਧਮਾਕੇ ਤੋਂ ਬਾਅਦ ਸਾਮਰਾਜੀ ਤਾਕਤਾਂ ਦਾ ਲਿਬਨਾਨੀ ਮੁਜ਼ਾਹਰਾਕਾਰੀਆਂ ਨਾਲ ਹੇਜ਼ ਵੀ ਵੇਖਣ ਨੂੰ ਮਿਲਿਆ। ਫਰਾਂਸ ਦੇ ਰਾਸ਼ਟਰਪਤੀ ਨੇ ਬੈਰੂਤ ਪਹੁੰਚ ਕੇ ਰਾਹਤ ਦਾ ਐਲਾਨ ਕੀਤਾ। ਅਮਰੀਕੀ ਰਾਸ਼ਟਰਪਤੀ ਡੋਨਲਡ ਟਰੰਪ ਨੇ ਪ੍ਰਦਰਸ਼ਨਕਾਰੀਆਂ ਦੇ ਸ਼ਾਂਤਮਈ ਵਿਰੋਧ ਦੇ ਅਧਿਕਾਰ ਦੀ ਹਿਫਾਜ਼ਤ ਪ੍ਰਤੀ ਇੱਛਾ ਜ਼ਾਹਰ ਕੀਤੀ। ਫਰਾਂਸ, ਲਿਬਨਾਨ ਨਾਲ ਚੰਗੇ ਸਬੰਧਾਂ ਦਾ ਵਿਖਾਵਾ ਕਰਦਾ ਹੈ ਪਰ ਅਸਲ ਵਿਚ ਇਹਨਾਂ ਵਿਚਲੇ ਸਬੰਧ ਗੁਲਾਮ ਅਤੇ ਮਾਲਕ ਵਾਲੇ ਹਨ। ਇਹ ਉਰਵਾਇਤੀ ਸਬੰਧ" ਵਪਾਰਕ-ਸਿਆਸੀ ਗਿਣਤੀਆਂ-ਮਿਣਤੀਆਂ ਵਿੱਚੋਂ ਤੈਅ ਹੁੰਦੇ ਹਨ। ਫਰਾਂਸ ਲਿਬਨਾਨ ਨੂੰ ਹਾਲੇ ਵੀ ਆਪਣੀ ਬਸਤੀ ਮੰਨ ਕੇ ਚੱਲਦਾ ਹੈ ਅਤੇ ਇੱਥੋਂ ਦੀ ਸਿਆਸੀ ਜਮਾਤ ਇਸਦਾ ਪੂਰਾ ਮੁੱਲ ਤਾਰਦੀ ਹੈ।

ਅਮਰੀਕੀ ਸਾਮਰਾਜੀ ਤਾਕਤਾਂ ਤਬਾਹੀ ਕੰਡੇ ਖੜੇ ਲਿਬਨਾਨ ਨੂੰ ਆਈਐਮਐਫ ਵੱਲੋਂ ਨਿਰਦੇਸ਼ਤ ਆਰਥਿਕ ਉਸੁਧਾਰਾਂ" ਵੱਲ ਨੂੰ ਧੱਕ ਰਹੀਆਂ ਹਨ। ਅਜਿਹਾ ਉਹ ਲਿਬਨਾਨੀ ਸ਼ਾਸ਼ਕਾਂ ਦੀ ਮੱਦਦ ਨਾਲ ਕਰ ਰਹੀਆਂ ਹਨ। ਜਦੋਂ ਲੋਕ ਆਰਥਿਕ ਸੰਕਟ ਤੇ ਧਮਾਕੇ ਦੀ ਤਬਾਹੀ ਨਾਲ ਕਰਾਹ ਰਹੇ ਹਨ ਐਨ ਉਸੇ ਸਮੇਂ ਆਈਐਮਐਫ ਦੀ ਮੈਨੇਜਿੰਗ ਡਾਇਰੈਕਟਰ ਕ੍ਰਿਸਟਾਲੀਨਾ ਜ਼ੌਰਜਈਵਾ ਦਾ ਬਿਆਨ ਆਉਂਦਾ ਹੈ, "ਆਈਐਮਐਫ ਲਿਬਨਾਨੀ ਲੋਕਾਂ ਦੀ ਹਰ ਸੰਭਵ ਮੱਦਦ ਦੇ ਤਰੀਕੇ ਭਾਲ ਰਿਹਾ ਹੈ। ਮਹੱਤਵਪੂਰਨ ਸੁਧਾਰਾਂ ਬਾਰੇ ਵਿਚਾਰ ਵਟਾਂਦਰੇ ਵਿਚ ਆਈ ਖੜੋਤ ਨੂੰ ਦੂਰ ਕਰਨ ਅਤੇ ਅਰਥਵਿਵਸਥਾ ਨੂੰ ਚਾਲੂ ਕਰਨ ਲਈ ਅਤੇ ਦੇਸ਼ ਦੇ ਭਵਿੱਖ ਪ੍ਰਤੀ ਜਵਾਬਦੇਹੀ ਅਤੇ ਵਿਸ਼ਵਾਸ਼ ਪੈਦਾ ਕਰਨ ਲਈ ਇਕ ਸਾਰਥਿਕ ਪ੍ਰੋਗਰਾਮ ਲਿਆਉਣਾ ਜਰੂਰੀ ਹੈ।" ਦੁਨੀਆਂ ਭਰ ਦੇ ਅਗਾਂਹਵਧੂ ਲੋਕ ਜਾਣਦੇ ਹਨ ਕਿ ਜਦੋਂ ਆਈਐਮਐਫ "ਸੁਧਾਰਾਂ" ਅਤੇ "ਮਹੱਤਵਪੂਰਨ" ਦਾ ਜ਼ਿਕਰ ਕਰਦਾ ਹੈ ਤਾਂ ਇਸਦੇ ਕੀ ਅਰਥ ਹੁੰਦੇ ਹਨ। ਆਈਐਮਐਫ ਜਿਹੜੇ ਵੀ ਮੁਲਕ ਵਿਚ ਗਈ ਹੈ ਇਸਨੇ ਉਸ ਦੇਸ਼ ਦੀ ਆਰਥਿਕਤਾ ਨੂੰ ਪੰਗੂ ਬਣਾਕੇ ਰੱਖ ਦਿੱਤਾ। ਵੈਨੇਜ਼ੂਏਲਾ ਤੇ ਚਿੱਲੀ ਇਸਦੀ ਉਦਾਹਰਨ ਹਨ। ਇਸਨੇ ਸਰਕਾਰੀ ਬਜ਼ਟ ਵਿੱਚ ਕਟੌਤੀ ਕਰਨ, ਜਨਤਕ ਖੇਤਰ ਦੇ ਕਰਮਚਾਰੀਆਂ ਦੀਆਂ ਤਨਖਾਹਾਂ ਵਿੱਚ ਕਟੌਤੀ ਕਰਨ, ਟੈਕਸਾਂ ਵਿਚ ਵਾਧਾ, ਪੈਨਸ਼ਨਾਂ ਵਿੱਚ ਕਟੌਤੀ ਆਦਿ ਕਰਨ ਉੱਤੇ ਸਦਾ ਜੋਰ ਦਿੱਤਾ ਹੈ। ਲਿਬਨਾਨ ਦੇ ਹੱਕ ਵਿਚ ਖੜ੍ਹਨ ਦਾ ਦਾਅਵਾ ਕਰਨ ਵਾਲੀਆਂ ਖੇਤਰੀ ਲਿਬਨਾਨੀ ਹਾਕਮ ਜਮਾਤਾਂ ਅਤੇ ਸਾਮਰਾਜੀ ਤਾਕਤਾਂ ਦਾ ਲਿਬਨਾਨੀ ਲੋਕਾਂ ਅਤੇ ਇੱਥੇ ਬੁਨਿਆਦੀ ਹਕੀਕੀ ਤਬਦੀਲੀ ਲਿਆਉਣ ਨਾਲ ਕੋਈ ਸਰੋਕਾਰ ਨਹੀਂ ਹੈ। ਉਹਨਾਂ ਦੇ ਹਿੱਤ ਲੋਕ ਲੁਭਾਊ ਲਫਾਜ਼ੀ ਤੇ ਬਿਆਨਬਾਜ਼ੀ ਕਰਕੇ ਤਿੱਖੇ ਆਰਥਿਕ ਸੁਧਾਰਾਂ ਨਾਲ ਦੇਸ਼ ਦੇ ਧਨ-ਦੌਲਤ ਨੂੰ ਹੜੱਪਣਾ ਹੀ ਹੈ। ਇਹ ਇਹਨਾਂ ਤਾਕਤਾਂ ਦਾ ਦਹਾਕਿਆਂ ਪੁਰਾਣਾ ਇਤਿਹਾਸ ਰਿਹਾ ਹੈ।

ਭਾਵੇਂ ਹਿੰਸਕ ਲੋਕ ਲਹਿਰ ਦੇ ਦਬਾਅ ਹੇਠ ਭ੍ਰਿਸ਼ਟ ਹਸਾਨ ਦਿਆਬ ਸਰਕਾਰ ਨੇ ਅਸਤੀਫਾ ਦੇ ਦਿੱਤਾ ਹੈ ਪਰੰਤੂ ਇਸਦੀ ਜਗ੍ਹਾ ਸੱਤਾ 'ਚ ਆਉਣ ਲਈ ਕਤਾਰ 'ਚ ਖੜੇ ਹਾਕਮ ਵੀ ਉਸੇ ਤਰ੍ਹਾਂ ਦੀ ਹੀ ਸੱਤਾਧਾਰੀ ਜਮਾਤੀ ਖਸਲਤ ਵਾਲੇ ਹਨ। ਜਿਨ੍ਹਾਂ ਤੋਂ ਕਿਸੇ ਕਿਸਮ ਦੀ ਬੁਨਿਆਦੀ ਤਬਦੀਲੀ ਦੀ ਆਸ ਲਾਉਣੀ ਖਾਮਖਿਆਲੀ ਤੋਂ ਵੱਧ ਕੁਝ ਨਹੀਂ ਹੋਵੇਗਾ। ਫਿਲਹਾਲ ਇਹ ਸਿਆਸੀ ਸੰਕਟ ਵੀ ਲਿਬਨਾਨ ਨੂੰ ਦਰਪੇਸ਼ ਹੈ।

ਸਰਕਾਰੀ ਭ੍ਰਿਸ਼ਟਾਚਾਰ ਖਤਮ ਕਰਨ, ਫਿਰਕੂ ਸਿਆਸੀ ਪ੍ਰਣਾਲੀ ਦਾ ਖਾਤਮਾ, ਹੜੱਪੇ ਗਏ ਫੰਡਾਂ ਦੀ ਭਰਪਾਈ, ਨਾਜ਼ਾਇਜ ਟੈਕਸ ਹਟਾਉਣ, ਬੈਰੂਤ ਵਿਚ ਬੇਘਰ ਹੋਏ ਲੋਕਾਂ ਲਈ ਰਹਾਇਸ਼ੀ ਘਰਾਂ ਦੀ ਮੁੜਉਸਾਰੀ, ਬਿਜਲੀ, ਪਾਣੀ, ਸੈਨੇਟਾਈਜ਼ਰ ਤੇ ਗਾਰਬੇਜ਼ ਦਾ ਉਚਿਤ ਬੰਦੋਬਸਤ, ਸਿਹਤ ਅਤੇ ਸਿੱਖਿਅਕ ਸਹੂਲਤਾਂ ਆਦਿ ਬੁਨਿਆਦੀ ਮੰਗਾਂ ਨੂੰ ਲੈ ਕੇ ਲਿਬਨਾਨੀ ਲੋਕਾਂ ਨੂੰ ਵਿਸ਼ਾਲ ਲੋਕ ਲਹਿਰ ਖੜੀ ਕਰਨੀ ਹੋਵੇਗੀ ਅਤੇ ਬਿਹਤਰ ਸਿਆਸਤ ਦਾ ਬਦਲ ਉਭਾਰਨਾ ਪਵੇਗਾ। ਅੰਤਿਮ ਤੌਰ ਤੇ ਲਿਬਨਾਨੀ ਲੋਕਾਂ ਨੂੰ ਸੱਤਾ ਆਪਣੇ ਹੱਥਾਂ ਵਿੱਚ ਲੈਣੀ ਹੋਵੇਗੀ। ਇਸਤੋਂ ਇਲਾਵਾ ਉਹਨਾਂ ਕੋਲ ਇਸ ਸਮੇਂ ਮੌਜੂਦਾ ਮਾੜੀ ਹਾਲਤ ਵਿਚੋਂ ਨਿਕਲਣ ਦਾ ਹੋਰ ਕੋਈ ਚਾਰਾ ਨਹੀਂ ਹੈ।

**- ਮਨਦੀਪ**

# ਨਿਊਜ਼ੀਲੈਂਡ 'ਚ ਕਰੋਨਾ

-ਮਨਦੀਪ



ਨਿਊਜ਼ੀਲੈਂਡ ਦੇ ਦੱਖਣੀ ਟਾਪੂ ਦੇ ਸ਼ਹਿਰ ਹਾਨਮੇਰ ਸਪਰਿੰਗਵਿੱਚ ਵਗਦੀ ਵਾਇਊ ਨਦੀ। ਨਦੀਆਂ ਆਪਣਾ ਰਾਹ ਸਾਡੇ ਜੀਵਨ ਵਾਂਗ ਆਪ ਬਣਾਉਂਦੀਆਂ ਨੇ, ਕਦੇ ਸੁੱਕ ਜਾਂਦੀਆਂ ਨੇ ਤੇ ਕਦੇ ਫਿਰ ਤੋਂ ਆਪਣੇ ਨੱਕੋ ਤੱਕ ਪਾਣੀ ਭਰ ਲੈਂਦੀਆਂ ਨੇ। ਉਸੇ ਨਦੀ ਦੇ ਕੰਢੇ ਪਿਆ ਇੱਕ ਵੱਡਾ ਸਾਰਾ ਪੱਥਰ, ਜਦੋਂ ਉਸ ਦਾ ਇਤਿਹਾਸ ਪਤਾ ਲੱਗਾ ਤਾਂ ਮੈਂ ਜਾਣਿਆ ਕੇ ਇਹ 20 ਤੋਂ 30 ਕਰੋੜ ਸਾਲ ਪੁਰਾਣਾ ਹੈ, ਉਸ ਦੀਆਂ ਤਰੇੜਾਂ ਨੂੰ ਧਿਆਨ ਨਾਲ਼ ਦੇਖਿਆ ਤਾਂ ਲੱਗਾ ਕੇ ਮੈਂ ਓਨ੍ਹੇਂ ਹੀ ਸਾਲ ਪਿੱਛੇ ਚਲਾ ਗਿਆ ਹਾਂ... ਤਾਂ ਇੱਕ ਦਮ ਖ਼ਿਆਲ ਆਇਆ ਕੇ ਧਰਤੀ ਕਿੰਨੀ ਪੁਰਾਣੀ ਏ ਤੇ ਮਨੁੱਖ? ਕਿੰਨੇ ਹੀ ਜੀਵ ਜੰਤ ਮਰ ਮੁੱਕ ਗਏ ਪਰ ਕੀ ਜੀਵਨ ਮਰ ਸਕਿਆ?

ਗੱਲ ਕਰੋਨਾ ਦੀ ਕਰਦੇ ਹਾਂ, ਨਿਊਜ਼ੀਲੈਂਡ ਵਿੱਚ ਮਿਲ਼ਦੀ ਮਸ਼ਹੂਰ ਬੀਅਰ ਐ, ਤੇ ਵਾਇਰਸ ਉਸ ਤੋਂ ਵੀ ਜ਼ਿਆਦਾ ਮਸ਼ਹੂਰ ਹੋ ਗਿਆ ਏ, ਵਿੱਚ ਜਹੇ ਠੰਢਾ ਪੈ ਗਿਆ ਸੀ। ਪਰ ਸੁਨਣ ਵਿੱਚ ਆਇਆ ਹੈ ਕੇ ਇਹ ਅੱਜ ਕੱਲ੍ਹ ਨਿਊਜ਼ੀਲੈਂਡ ਵਿੱਚ ਫਿਰ ਤੋਂ ਆਪਣੇ ਰੰਗ ਦਿਖਾਉਣ ਲੱਗ ਪਿਆ ਹੈ। ਪਰ ਪਤਾ ਨਹੀਂ ਕਿੰਨੇ ਕੁ ਵਾਇਰਸ ਪਹਿਲਾਂ ਹੀ ਇੱਥੇ ਮੌਜੂਦ ਹੋਣਗੇ? ਕਿੰਨੇ ਹੋਰ ਆਉਣਗੇ? ਕਿੰਨਿਆਂ ਨਾਲ਼ ਮਨੁੱਖ ਲੜਦਾ ਵੀ ਹੋਵੇਗਾ। ਜੀਹਦਾ ਜੀਹਦਾ ਪਤਾ ਲੱਗਦਾ, ਉਸ ਉੱਤੇ ਵੱਖਰੀਆਂ-ਵੱਖਰੀਆਂ ਖੋਜਾਂ ਹੁੰਦੀਆਂ ਨੇ ਤੇ ਵੱਖਰੇ ਵੱਖਰੇ ਨਤੀਜੇ ਬਾਹਰ ਆਉਂਦੇ ਨੇ।

ਗੱਲ ਕਿਸੇ ਖੋਜ ਦੇ ਪੱਖ ਜਾਂ ਵਿਪੱਖ ਦੀ ਨਹੀਂ, ਗੱਲ ਨਿਊਜ਼ੀਲੈਂਡ ਦੇ ਹਲਾਤਾਂ ਦੀ ਕਰਦੇ ਹਾਂ। ਕੀਵੀ ਬੈਂਕ ਦੇ ਚੀਫ ਅਰਥਸ਼ਾਸਤਰੀ ਜੇਰੋਡ ਕੇਰ ਦਾ ਕਹਿਣਾ ਹੈ :

ਬੇਰੁਜ਼ਗਾਰੀ 4.2% ਤੋਂ ਘਟ ਕੇ 4% ਹੋ ਗਈ ਹੈ, ਇਹ ਬਿਲਕੁੱਲ ਬਕਵਾਸ ਗੱਲ ਹੈ।

ਉਹਨਾਂ ਹੋਰ ਅੱਗੇ ਦੱਸਿਆ, ਬੇਰੁਜ਼ਗਾਰੀ ਦੇ ਸਰਵੇਖਣ ਵੇਲੇ ਹੋਇਆ ਇੰਝ ਕੇ ਜੇ ਤੁਸੀਂ ਪੂਰਨਬੰਦੀ ਵਿੱਚ ਹੋ ਤੇ ਨੌਕਰੀ ਲੱਭ ਰਹੇ ਓ ਤੇ ਨੌਕਰੀ ਨਹੀਂ ਲੱਭਦੀ ਤਾਂ ਤੁਸੀਂ ਬੇਰੁਜ਼ਗਾਰ ਨਹੀਂ ਮੰਨੇ ਜਾਵੋਗੇ ਕਿਉਂ ਕੇ ਤੁਸੀਂ ਪੂਰਨਬੰਦੀ ਵਿੱਚ ਨੌਕਰੀ ਲੱਭ ਰਹੇ ਓ।

4% ਬੇਰੁਜ਼ਗਾਰੀ ਦਰ ਮਾੜੇ ਸਰਵੇ ਦਾ ਨਤੀਜਾ ਹੈ। ਜੇ ਅਸੀਂ ਧਿਆਨ ਨਾਲ਼ ਰੁਜ਼ਗਾਰ ਦਰ ਦੇਖੀਏ ਤਾਂ ਇਹ ਹੇਠਾਂ ਆਈ ਹੈ, ਜਦਕਿ ਇਹ ਉੱਪਰ ਜਾਣੀ ਚਾਹੀਦੀ ਸੀ। ਜਦੋਂ ਸਾਰੀ ਦੁਨੀਆਂ ਇਸ ਨੂੰ ਐਵੇਂ ਦੇਖਦੀ ਹੈ ਕੇ ਬੇਰੁਜ਼ਗਾਰੀ ਦਰ ਹੇਠਾਂ ਆਈ ਹੈ ਤਾਂ ਮੈਨੂੰ ਇਹ ਗੱਲ ਹਾਸੋਹੀਣੀ ਲੱਗਦੀ ਹੈ।

ਧਰਾਤਲੀ ਹਲਾਤਾਂ ਦੀ ਗੱਲ ਕਰੀਏ ਤਾਂ ਮੇਰੇ ਦੋਸਤ ਦੀ ਕਾਰਾਂ ਰੰਗਣ ਦੀ ਦੁਕਾਨ ਹੈ। 10 ਤੋਂ 12 ਮਜ਼ਦੂਰ ਕੰਮ ਕਰਦੇ ਹੋਣਗੇ। ਕੰਮ ਘੱਟ ਹੋਣ ਕਰਕੇ ਕਿਸੇ ਨੂੰ ਕੰਮ ਤੋਂ ਕੱਢਣਾ ਉਹਨਾਂ ਵਾਜਿਬ ਨਹੀਂ ਸਮਝਿਆ। ਉਹਨਾਂ ਸਾਰਿਆਂ ਦੇ ਕੰਮ ਦੇ ਘੰਟੇ ਘਟਾ ਦਿੱਤੇ। ਹੁਣ ਇੱਕ ਕੰਮ ਕਰਨ ਵਾਲ਼ੇ ਲਈ ਇਹ ਵੀ ਤੰਗੀ ਦੀ ਹਾਲਤ ਹੈ। ਸਟੱਫ ਨਾਮ ਦੇ ਆਨਲਾਈਨ ਅਖ਼ਬਾਰ ਮੁਤਾਬਿਕ ਕੰਮ ਦੇ ਘੰਟੇ 6 ਕਰੋੜ 60 ਲੱਖ ਘਟ ਗਏ ਹਨ ਤੇ ਇਹਨਾਂ ਅੰਕੜਿਆਂ ਨੇ ਆਪਣੇ ਪਿਛਲੇ ਸਾਲਾਂ ਦੇ ਰਿਕਾਰਡ ਤੋੜ ਦਿੱਤੇ ਹਨ। ਪਰ ਗੱਲ ਓਹੀ ਹੈ, ਪੂਰੇ ਸੰਸਾਰ ਵਿੱਚ ਨਿਊਜ਼ੀਲੈਂਡ ਨੂੰ ਪੇਸ਼ ਇੰਝ ਕੀਤਾ ਜਾ ਰਿਹਾ ਹੈ ਕੇ ਪਹਿਲੇ ਪੂਰਨਬੰਦ ਤੋਂ ਬਾਅਦ ਕਰੋਨਾ 'ਤੇ ਜਿੱਤ ਪ੍ਰਾਪਤ ਕਰ ਕੇ ਜਿਵੇਂ ਸਵਰਗ ਬਣਾ ਲਿਆ ਹੋਵੇ।

ਦਰਅਸਲ ਮਸਲਾ ਕਿਤੇ ਨਾ ਕਿਤੇ ਵੋਟਾਂ ਨਾਲ਼ ਵੀ ਬੱਝਾ ਹੈ, ਆਉਂਦੀ ਸਤੰਬਰ ਵਿੱਚ ਵੋਟਾਂ ਨੇ ਤੇ ਲੇਬਰ (ਬੱਸ ਨਾਮ ਦੀ ਲੇਬਰ) ਪਾਰਟੀ ਦੀ ਸਰਕਾਰ ਕੋਈ ਵੀ ਅਜਿਹਾ ਮੌਕਾ ਨਹੀਂ ਛੱਡੇਗੀ ਕੇ ਓਹ ਫਿਰ ਤੋਂ ਸੱਤਾ ਵਿੱਚ ਨਾ ਆ ਸਕੇ। ਇਸੇ ਲਈ ਅਜਿਹਾ ਪ੍ਰਚਾਰਿਆ ਜਾ ਰਿਹਾ ਹੈ ਕੇ ਜਿਸ ਦਿਨ ਪਹਿਲੀ ਪੂਰਨਬੰਦੀ ਖਤਮ ਹੋਈ ਓਸੇ ਦਿਨ ਇਹ ਵਾਇਰਸ ਖਤਮ ਹੋ ਗਿਆ ਤੇ ਮਾਮਲਿਆਂ ਦੀ ਗਿਣਤੀ ਜ਼ੀਰੋ ਹੋ ਗਈ ਤੇ ਅਰਥਚਾਰੇ ਨੂੰ ਬਹੁਤਾ ਫ਼ਰਕ ਨਹੀਂ ਪਿਆ। ਪਰ ਅਜਿਹਾ ਸੰਭਵ ਨਹੀਂ ਹੁੰਦਾ ਕੇ ਕੋਈ ਵਾਇਰਸ ਸਿਰਫ ਪੂਰਨਬੰਦ ਕਰਕੇ ਹਵਾ ਵਿਚੋਂ ਹੀ ਉੱਡ ਜਾਵੇ। ਪ੍ਰਚਾਰ ਤੋਂ ਯਾਦ ਆਇਆ ਆਪਣੀ-ਆਪਣੀ ਪਾਰਟੀ ਦਾ ਪ੍ਰਚਾਰ ਵੀ ਹੁਣ ਜੋਰਾਂ 'ਤੇ ਹੈ।

ਕੁੱਝ ਕੁ ਮਾਹਿਰ ਤੇ ਬੈਂਕਾਂ ਦੇ ਅਰਥਸ਼ਾਸਤਰੀ ਪਾਰਟੀ ਦੇ ਪ੍ਰਚਾਰ ਤੋਂ ਵੱਖਰੀ ਗੱਲ ਕਹਿ ਰਹੇ ਨੇ, ਦੱਸਦੇ ਨੇ ਕੇ ਸਬਸਿਡੀ ਖ਼ਤਮ ਹੋਣ ਨਾਲ਼ ਸਤੰਬਰ ਵਿੱਚ ਹਲਾਤ ਹੋਰ ਖਰਾਬ ਹੋਣ ਦੀ ਸੰਭਾਵਨਾ ਹੈ। ਘਰਾਂ ਦੀਆਂ ਕੀਮਤਾਂ 5%-10% ਥੱਲੇ ਵੀ ਆ ਗਈਆਂ ਨੇ ਜੋ ਕੇ ਸਾਲ ਦੇ ਆਖ਼ੀਰ ਤੱਕ 10%-15% ਥੱਲੇ ਆਉਣ ਦੀ ਸੰਭਾਵਨਾ ਜਤਾਈ ਗਈ ਸੀ। ਬੈਂਕਾਂ ਨੇ ਘਰਾਂ ਦੇ ਕਰਜਿਆਂ 'ਤੇ ਵਿਆਜ ਦਰ ਘਟਾ ਦਿੱਤੀ ਹੈ। ਹੁਣ ਇਸ ਤੋਂ ਤਾਂ ਆਪਾ ਜਾਣੂ ਹੀ ਹਾਂ ਕੇ ਅਜਿਹਾ ਕਰਨ ਦੀ ਬੈਂਕਾਂ ਨੂੰ ਕਦੋਂ ਲੋੜ ਪੈਂਦੀ ਹੈ, ਜਦੋਂ ਲੋਕਾਂ ਕੋਲ਼ ਖਰੀਦਣ ਲਈ ਪੈਸੇ ਨਾ ਰਹਿ ਜਾਣ। ਪਹਿਲੀ ਪੂਰਨਬੰਦੀ ਵੇਲ਼ੇ ਵੀ ਇਹ ਪ੍ਰਚਾਰਿਆ ਗਿਆ ਕਿ ਜਾਨ ਬਚਾਓ ਅਰਥਚਾਰਾ ਫੇਰ ਬਚਾ ਲਵਾਂਗੇ। ਗੱਲ ਓਹੀ ਹੈ ਜੇ ਮੈਨੂੰ ਮੌਤ ਦਾ ਡਰ ਹੈ ਤਾਂ ਮੈਂ ਕਿਸੇ ਵੀ ਗੱਲ ਨਾਲ਼ ਸਹਿਮਤ ਹੋ ਜਾਵਾਂਗਾ। ਸੰਸਾਰ ਲਈ ਮਿਸਾਲ ਬਣ ਕੇ ਅਰਥਚਾਰੇ ਦੇ ਠੀਕ ਹੋਣ ਦੇ ਖੋਖਲੇ ਦਾਅਵੇ ਕਰਨਾ, ਬੱਸ ਇਹੀ ਕੁੱਝ ਹੋ ਰਿਹਾ ਹੈ।

ਅਜੇ ਕੱਲ ਦੀ ਹੀ ਗੱਲ ਹੈ, ਮੈਨੂੰ ਸਮਾਨ ਲੈਣ ਲਈ ਆਨਲਾਈਨ ਖਰੀਦਣਾ ਪੈਂਦਾ ਸੀ ਤੇ ਖੱਜਲ ਖੁਆਰ ਹੋਣਾ ਪੈਂਦਾ ਸੀ, ਤੇ ਅੱਜ ਤੁਹਾਡੀ ਦੁਕਾਨ ਵਿੱਚ ਸਾਰੇ ਆ ਰਹੇ ਨੇ ਤੇ ਅੱਜ ਕਰੋਨਾ ਕਿੱਥੇ ਗਿਆ? ਇਹਨਾਂ ਸ਼ਬਦਾਂ ਨਾਲ਼ ਇੱਕ ਗ੍ਰਾਹਕ ਦੁਕਾਨਦਾਰ ਨਾਲ਼ ਲੜ ਰਿਹਾ ਸੀ। ਮੈਨੂੰ ਗੱਲ ਵਾਜਿਬ ਵੀ ਲੱਗੀ। ਪਹਿਲੀ ਪੂਰਨਬੰਦੀ ਵੇਲੇ ਮਾਸਕ ਜਰੂਰੀ ਨਹੀਂ ਸੀ। ਲੋੜੀਂਦੇ ਸਾਰੇ ਕੰਮ ਚੱਲ ਰਹੇ ਸਨ। ਰਾਸ਼ਣ-ਪਾਣੀ ਲਈ ਵੀ ਰੋਜ਼ ਬਾਹਰ ਜਾ ਆ ਸਕਦੇ ਸਾਂ। ਸਾਰਾ ਦਿਨ ਵੰਨ ਸਵੰਨੇ ਪਕਵਾਨ ਖਾ ਕੇ ਸ਼ਾਮਾਂ ਨੂੰ ਪਚਾਉਣ ਖ਼ਾਤਿਰ ਸਾਰੇ ਸੈਰ 'ਤੇ ਨਿੱਕਲ਼ਦੇ ਸਨ।

ਜਦੋਂ ਸਾਰੇ ਦੇਸ਼ ਵਿੱਚ ਲੈਵਲ 2 ਚੱਲ ਰਿਹਾ ਸੀ ਤਾਂ ਬਿਨਾ ਕਿਸੇ ਮਾਸਕ ਜਾਂ ਬਿਨਾ ਕਿਸੇ ਤਰਾਂ ਦੀ ਇਤਿਹਾਤ ਵਰਤਣ ਤੋਂ ਬਗੈਰ ਤਕਰੀਬਨ 10,000 ਲੋਕਾਂ ਨੇ ਜ਼ੋਰਜ ਫਲਾਇਡ ਦੀ ਮੌਤ ਕਰਕੇ ਨਸਲਵਾਦ ਦੇ ਵਿਰੋਧ ਵਿੱਚ ਮੁਜ਼ਾਹਰਾ ਕੀਤਾ, ਕੀ ਓਹਨਾਂ ਸਾਰਿਆ ਨੂੰ ਕਰੋਨਾ ਹੋ ਗਿਆ?

ਭਾਵੇਂ ਕਰੋਨਾ ਨਾਲ਼ ਮਰਨ ਵਾਲ਼ਿਆਂ ਦੀ ਕੁੱਲ ਸੰਖਿਆ 22 ਹੈ ਤੇ ਨਿਊਜ਼ੀਲੈਂਡ ਵਿੱਚ ਫਲੂ ਨਾਲ਼ ਮਰਨ ਵਾਲ਼ਿਆਂ ਦੀ ਗਿਣਤੀ ਹਰ ਸਾਲ ਤਕਰੀਬਨ 500 ਹੁੰਦੀ ਹੈ।

ਪਹਿਲੇ ਲਾਕਡਾਉਨ ਵੇਲੇ ਇੱਥੇ 1569 ਮਾਮਲਿਆਂ ਦੀ ਪੁਸ਼ਟੀ ਕੀਤੀ ਗਈ, ਜਿਨਾਂ ਵਿੱਚੋਂ 1174 ਠੀਕ ਹੋਏ। ਜੇ ਆਪਾਂ ਇੰਝ ਮੰਨ ਵੀ ਲਈਏ ਕੇ ਪੂਰਨਬੰਦੀ ਨੇ ਭਾਈਚਾਰਕ ਫੈਲਾਅ ਰੋਕ ਵੀ ਲਿਆ ਤਾਂ ਕੀ ਪੂਰੇ ਦੇਸ਼ ਦੇ ਟੈਸਟ ਕਰ ਕੇ ਪੂਰਨਬੰਦੀ ਖਤਮ ਕੀਤੀ ਗਈ ਸੀ? ਜੇ ਨਹੀਂ ਤਾਂ ਇਸ ਦਾ ਮਤਲਬ ਉਹ ਹਾਲੇ ਵੀ ਕਿਸੇ ਨਾ ਕਿਸੇ ਤਰਾਂ ਏਥੇਂ ਮੌਜੂਦ ਸੀ। ਫ਼ਿਰ ਵਿੱਚ ਜਹੇ ਕੋਈ ਵੀ ਮਾਮਲਾ ਕਿਉਂ ਨਹੀਂ ਆ ਰਿਹਾ ਸੀ? ਜਾਂ ਕਿਸੇ ਨੂੰ ਹੋ ਕੇ ਹਟ ਵੀ ਰਿਹਾ ਹੋਵੇਗਾ ਤੇ ਵਾਇਰਸ ਆਪਣੇ ਲੱਛਣ ਵੀ ਨਹੀਂ ਦਿਖਾ ਰਿਹਾ ਹੋਵੇਗਾ, ਜਾਂ ਦਿਖਾ ਵੀ ਰਿਹਾ ਹੋਵੇਗਾ ਤੇ ਅਸੀਂ ਪ੍ਰਵਾਹ ਕਰਨੀ ਛੱਡ ਦਿੱਤੀ ਹੋਵੇਗੀ। ਇਹ ਵਾਇਰਸ ਬਿਲਕੁੱਲ ਵੀ ਜਾਨਲੇਵਾ ਨਹੀਂ ਹੈ, ਮੈਂ ਅਜਿਹਾ ਨਹੀਂ ਕਹਿੰਦਾ। 60 ਤੋਂ ਉੱਪਰ ਜਾਂ ਪਹਿਲਾਂ ਹੀ ਕਿਸੇ ਬਿਮਾਰੀ ਨਾਲ਼ ਪੀੜਿਤ ਲੋਕਾਂ ਲਈ ਇਹ ਖਤਰਨਾਕ ਹੈ, ਪਰ ਉਹਨਾਂ ਲਈ ਤਾਂ ਫੇਰ ਆਮ ਫਲੂ ਵੀ ਖਤਰਨਾਕ ਹੈ। ਫਿਰ ਕਰੋਨਾ ਤੇ ਆਮ ਫਲੂ ਵਿੱਚ ਫ਼ਰਕ ਵੀ ਕੀ ਰਹਿ ਗਿਆ? ਭਾਵੇਂ ਕਿ ਇਹ ਬਿਲਕੁੱਲ ਨਵਾਂ ਵਾਇਰਸ ਹੈ ਇਸ ਬਾਰੇ ਵੀ ਡਾਕਟਰਾਂ ਤੇ ਵਿਗਿਆਨੀਆਂ ਦੇ ਅੱਡ-ਅੱਡ ਵਿਚਾਰ ਨੇ।

ਮੈਂ ਬਹੁਤਾ ਤਾਂ ਮੈਡੀਕਲ ਦੀਆਂ ਬਾਰੀਕੀਆਂ ਬਾਰੇ ਨਹੀਂ ਜਾਣਦਾ, ਸਾਰੇ ਜਾਣ ਲੈਣ ਅਜਿਹਾ ਸੰਭਵ ਵੀ ਨਹੀਂ ਹੈ, ਪਰ ਅਕਲ ਤਾਂ ਸਭ ਕੋਲ਼ ਹੀ ਹੁੰਦੀ ਹੈ। ਵੱਖਰੀ ਵੱਖਰੀ ਖੋਜ ਨੂੰ ਤਰਕ ਦੀ ਕਸਵੱਟੀ 'ਤੇ ਰੱਖ ਕੇ ਦੇਖਣਾ ਹੀ ਮਨੁੱਖ ਦਾ ਅਸਲ ਕੰਮ ਹੈ, ਨਹੀਂ ਤਾਂ ਇੱਕ ਦੂਜੇ ਦਾ ਪਿੱਛਾ ਤਾਂ ਭੇਡਾਂ ਵੀ ਕਰਦੀਆਂ ਨੇ। ਅੱਖਾਂ ਮੀਚ ਕੇ ਡਰ ਦੀ ਚੀਕ ਸੁਣਨਾ, ਤੇ ਓਸੇ ਡਰ ਦੇ ਘੇਰੇ 'ਚ ਆ ਕੇ ਕਿਸੇ ਦੀ ਵੀ ਗੱਲ 'ਤੇ ਯਕੀਨ ਕਰਨਾ, ਇਹ ਗੱਲ ਸਾਡੇ ਸੱਚੇ ਮਨੁੱਖ ਹੋਣ 'ਤੇ ਸਵਾਲ ਖੜੇ ਕਰਦੀ ਹੈ। ਡਰ ਦੀ ਦਹਿਸ਼ਤ ਵਿੱਚ ਹੀ ਕਿਤੇ ਰਾਮ ਮੰਦਰ ਉਸਰ ਰਿਹਾ ਤੇ ਕਿਤੇ ਸਰਕਾਰ।

ਹੁਣ ਇੱਕ ਪਾਸੇ ਤਾਂ ਲੋਕ ਕਹਿਣਗੇ ਕੇ ਕੌਮਾਂਤਰੀ ਸਰਹੱਦਾਂ ਬੰਦ ਕਰਨਾ ਬਿਲਕੁਲ ਠੀਕ ਏ, ਦੂਜੇ ਪਾਸੇ ਜੋ ਕੰਮ ਜਾਂ ਆਰਜੀ ਰਾਹਦਾਰੀਆਂ 'ਤੇ ਸਨ ਤੇ ਪੂਰਨਬੰਦੀ ਕਰਕੇ ਭਾਰਤ ਫਸ ਗਏ ਉਹਨਾਂ ਦਾ ਕੀ?

ਓਹਨਾਂ ਲਈ ਕੋਈ ਅਲੱਗ ਰਾਹਦਾਰੀ ਨਹੀਂ ਹੋ ਸਕਦੀ?

ਜਦੋਂ ਕਿ ਕਰੋਨਾ ਖ਼ਾਤਿਰ ਹਰ ਨਿਯਮ ਬਦਲੇ ਜਾ ਰਹੇ ਨੇ, ਓਹਨਾਂ ਲਈ ਸਰਕਾਰ ਅਲੱਗ ਕੋਈ ਨਿਯਮ ਨਹੀਂ ਬਣਾ ਸਕਦੀ ਕਿ ਉਹਨਾਂ ਨੂੰ ਹਲਾਤ ਬਹਾਲ ਹੋਣ ਤੋਂ ਬਾਅਦ ਕਿਸੇ ਤਰੀਕੇ ਏਥੋਂ ਦੀ ਰਾਹਦਾਰੀ ਮਿਲ਼ ਸਕੇ?

ਦਰਅਸਲ ਜੋ ਸਰਕਾਰ ਆਪਣੀਆਂ ਪਰਵਾਸੀ ਵਿਰੋਧੀ ਨੀਤੀਆਂ ਕਰਕੇ ਮਸ਼ਹੂਰ ਹੋਵੇ, ਉਹ ਤਾਂ ਕਰੋਨਾ ਵਰਗੀ ਬਿਮਾਰੀ ਦਾ ਇੰਤਜ਼ਾਰ ਕਰ ਰਹੀ ਹੋਵੇਗੀ ਕੇ ਕਦੋ ਅਜਿਹਾ ਮੌਕਾ ਆਵੇ ਤੇ ਅਸੀਂ ਬਹਾਨੇ ਨਾਲ਼ ਪ੍ਰਵਾਸੀਆਂ ਦੀ ਗਿਣਤੀ ਘਟਾ ਸਕੀਏ। ਅਸਲ ਵਿੱਚ ਗੱਲ ਇਹ ਸੋਚਣ ਵਾਲ਼ੀ ਬਣਦੀ ਹੈ ਕੇ ਜੇ ਕੱਲ ਨੂੰ ਕਰੋਨਾ ਤੋਂ ਵੀ ਕੋਈ ਵੱਡੀ ਬਿਮਾਰੀ ਆਵੇ ਗੀ ਜਿਸ ਦਾ ਇਲਾਜ ਨਹੀਂ ਹੋਵੇਗਾ ਤਾਂ ਵੱਖਰੇ ਵੱਖਰੇ ਦੇਸ਼ਾਂ ਵਾਲ਼ੇ ਇਹ ਵੀ ਕਹਿ ਸਕਦੇ ਨੇ ਕੇ ਆਪਣਾ ਬੋਰੀਆ ਬਿਸਤਰਾ ਕਰੋ ਗੋਲ਼ ਤੇ ਨਿਕਲੋ ਏਥੋਂ ਕਿਉਂ ਕੇ ਤੁਸੀਂ ਏਥੋਂ ਦੇ ਨਹੀਂ ਹੋ ਅਸੀਂ ਤਾਂ ਆਪਣੇ ਦੇਸ਼ ਦੇ ਲੋਕਾਂ ਨੂੰ ਬਚਾਉਣਾ ਹੈ। ਇਹ ਬਿਲਕੁਲ ਸੱਚ ਹੈ ਤੇ ਇਹੀ ਹੋ ਰਿਹਾ। ਹਰ ਦੇਸ਼ ਨੂੰ ਇਹ ਫ਼ਿਕਰ ਹੋਇਆ ਪਿਆ ਕੇ ਕੋਈ ਓਹਨਾਂ ਤੋਂ ਪਹਿਲਾਂ ਕੋਈ ਦਵਾਈ ਨਾ ਬਣਾ ਲਵੇ। ਮੈਨੂੰ ਇਸ ਸਾਰੇ ਕਾਸੇ ਵਿੱਚੋਂ ਸਾਰੀ ਮਨੁੱਖਤਾ ਲਈ ਜ਼ਿਆਦਾਤਰ ਦੇਸ਼ਾਂ ਦੀਆਂ ਸਰਕਾਰਾਂ ਦੀ ਚਿੰਤਾ ਗਾਇਬ ਹੀ ਲੱਗਦੀ ਹੈ। ਜੇ ਚਿੰਤਾ ਹੁੰਦੀ ਤਾਂ ਨਿਊਜ਼ੀਲੈਂਡ ਦੀ ਸਰਕਾਰ ਵੀ ਉਸ ਦੀ ਲਾਸ਼ ਕੋਲ਼ ਖੜ ਖਿੜ-ਖਿੜ ਨਾ ਹੱਸਦੀ ਜਿਸ ਨੇ ਨਿਊਜ਼ੀਲੈਂਡ ਵਾਪਿਸ ਨਾ ਆ ਸਕਣ ਕਰਕੇ ਆਤਮ ਹੱਤਿਆ ਕਰ ਲਈ ਏ। ਉਸ ਦੀ ਮੌਤ ਕਿਸ ਖਾਤੇ ਪਾਉਣੀ ਏ? ਮੈਂ ਪੂਰਾ ਸਮਝ ਸਕਨਾ ਜਦੋਂ ਏਨੀਆਂ ਮਜ਼ਬੂਰੀਆਂ 'ਚ ਸਾਰੀ ਜਵਾਨੀ ਕੰਮ ਕਰ ਕੇ ਆਉਣ ਵਾਲ਼ੇ ਭਵਿੱਖ ਦੀ ਆਸ ਤਾਂ ਕੀ ਉਸ ਦੀ ਲੋਅ ਦੀ ਕੋਈ ਕਿਰਨ ਵੀ ਨਾ ਆਵੇ ਤਾਂ ਹਵਾ ਵੀ ਜ਼ਹਿਰ ਹੀ ਲੱਗਦੀ ਹੈ ਤੇ ਓਸੇ ਜ਼ਹਿਰ ਨੇ ਉਸ ਨੌਜਵਾਨ ਦੀਆਂ ਨਸਾਂ ਖੋਰ ਕੇ, ਆਪਣੇ ਆਪ ਨੂੰ ਮਨੁੱਖਤਾ ਦੇ ਰਾਖੇ ਦੱਸਣ ਵਾਲ਼ਿਆ ਦੇ ਗਲ਼ ਵਿੱਚ ਹਾਰ ਪਾਏ ਹੋਣੇ ਨੇ।

ਦਿਨ 12 ਅਗਸਤ, ਇਸ ਦਿਨ ਤੋਂ ਪਹਿਲਾਂ ਜ਼ਿੰਦਗੀ ਏਨੀ ਆਮ ਵਾਂਗ ਹੋ ਗਈ ਸੀ ਕੇ ਕਰੋਨਾ ਨਾਮ ਦੀ ਸ਼ੈਅ ਚੇਤਿਆਂ ਵਿੱਚੋਂ ਵੀ ਵਿਸਰ ਗਈ ਸੀ। ਪਰ ਅੱਜ 12 ਅਗਸਤ ਨੂੰ, ਸਾਰਿਆ ਦੇ ਫੋਨਾਂ ਤੇ ਚਿਤਾਉਣੀ ਆਉਂਦੀ ਹੈ ਕੇ ਕੱਲ ਨੂੰ ਪੂਰਨਬੰਦੀ ਪੱਧਰ 3 ਕਰ ਦੇਣੀ ਹੈ। ਓਸੇ ਦਿਨ ਜ਼ੀਰੋ ਹੋਏ ਕੇਸਾਂ ਦੀ ਗਿਣਤੀ ਵਧਦੀ ਹੈ। ਅਗਲੇ ਦਿਨ 12 ਵਜੇ ਤੋਂ ਪੂਰਨਬੰਦੀ ਸ਼ੁਰੂ ਹੋ ਜਾਂਦੀ ਹੈ। ਡਰ ਫਿਰ ਤੋਂ ਚੀਕਣਾ ਸ਼ੁਰੂ ਕਰ ਦੇਂਦਾ ਹੈ। ਪਰ ਇਸ ਵਾਰ ਲੋਕ ਲੋਕਾਂ ਨਾਲ਼ ਕੁੱਝ ਹੋਰ ਹੀ ਗੱਲ ਕਰ ਰਹੇ ਨੇ...

ਮਸਾਂ-ਮਸਾਂ ਤਾਂ ਯਾਰ ਕੰਮ ਚੱਲੇ ਸੀ, ਮੇਰੀ ਦੁਕਾਨ ਦਾ ਕਿਰਾਇਆ ਮਸਾ ਨਿਕਲਣਾ ਸ਼ੁਰੂ ਹੋਇਆ ਸੀ, ਹੁਣ ਫਿਰ ਤੋਂ ਸਿਆਪਾ ।

ਲੋਕ ਕਰੋਨਾ ਤੋਂ ਘੱਟ ਤੇ ਦੇਸ਼ ਦੇ ਫਿਰ ਤੋਂ ਪੂਰਨਬੰਦੀ ਵਿੱਚ ਜਾਣ ਖ਼ਾਤਿਰ ਵੱਧ ਨਿਰਾਸ਼ ਨੇ। ਰਾਸ਼ਣ ਨੂੰ ਲੈ ਕੇ ਕੋਈ ਮਾਰੋ ਮਾਰ ਵੀ ਨਹੀਂ ਹੈ। ਪਿਛਲੀ ਵਾਰ ਲੋਕਾਂ ਨੇ ਸੁਪਰ ਮਾਰਕਿਟਾਂ ਦੀਆਂ ਕਨਸਾਂ ਖਾਲ਼ੀ ਕਰ ਦਿੱਤੀਆਂ ਸਨ, ਪਰ ਇਸ ਵਾਰ ਲੋਕਾਂ ਵਿੱਚ ਸਬਰ ਹੈ, ਕਈ ਤਾਂ ਇਸ ਨੂੰ ਸਿਆਸੀ ਚਾਲ ਵੀ ਦੱਸਦੇ ਨੇ। ਹੋਰ ਤਾਂ ਹੋਰ 13 ਅਗਸਤ ਨੂੰ 60 ਜਾਣਿਆਂ ਨੇ ਫ਼ੰਗਾਰਾਏ ਦੇ ਪੁਲਿਸ ਥਾਣੇ ਅੱਗੇ ਪੂਰਨਬੰਦੀ ਦੇ ਵਿਰੋਧ ਵਿੱਚ ਰੋਸ ਮੁਜ਼ਾਹਰਾ ਵੀ ਕਰ ਦਿੱਤਾ। ਪੱਧਰ 3 ਵੀ ਸਿਰਫ ਮੁੱਖ ਸ਼ਹਿਰ ਆਕਲੈਂਡ ਵਿੱਚ ਹੀ ਹੈ, ਬਾਕੀਆਂ ਵਿੱਚ ਪੱਧਰ 2 ਹੈ। ਅੱਜ ਵੀ ਆਕਲੈਂਡ ਵਿੱਚ ਬਹੁਤੇ ਕੰਮ ਇਤਿਹਾਤ ਵਰਤਦੇ ਹੋਏ ਆਮ ਵਾਂਗ ਹੀ ਚੱਲ ਰਹੇ ਨੇ।

ਰੋਜ ਫੋਨਾਂ 'ਤੇ ਸੁਨੇਹੇ ਵੱਜਦੇ ਨੇ, ਲੋਕ ਸੋਸ਼ਲ ਮੀਡੀਆ 'ਤੇ ਕਰੋਨਾ ਦੇ ਵਧਦੇ ਕੇਸਾਂ ਨੂੰ ਲੈ ਕੇ ਪੋਸਟਾਂ ਪਾਉਂਦੇ ਨੇ। ਪਰ ਇੱਕ ਗੱਲ ਬਿਲਕੁਲ ਸਿੱਧ ਪੱਧਰੀ ਸਮਝ ਆਉਂਦੀ ਹੈ, ਇਹ ਲੋਕਾਂ ਵਿੱਚ ਫੈਲਿਆ ਹੋਇਆ ਹੈ, ਟੈਸਟਾਂ ਦੀ ਗਤੀ ਘੱਟ ਹੋਣ ਕਰਕੇ ਕੇਸ ਵੀ ਹੌਲ਼ੀ-ਹੌਲ਼ੀ ਆਉਣਗੇ ਹੀ ਆਉਣਗੇ। ਜਿੱਥੇ ਰਾਤ ਦੇ ਖਾਣੇ ਨਾਲ਼ ਪੂਰੇ ਸੰਸਾਰ ਦੇ ਲੋਕਾਂ ਪ੍ਰਤੀ ਚਿੰਤਾ ਜਤਾਉਣਾ ਜਾਇਜ਼ ਹੈ ਤਾਂ ਦੂਜੇ ਪਾਸੇ ਇਸ ਬਾਰੇ ਹੋ ਰਹੀਆਂ ਦਿਨ ਪ੍ਰਤੀ ਦਿਨ ਦੀਆਂ ਖੋਜਾਂ ਨੂੰ ਵੀ ਪੜਨਾ ਲਾਜ਼ਮੀ ਹੋ ਜਾਂਦਾ ਹੈ। ਦਰਅਸਲ ਸੰਸਾਰ ਸਿਹਤ ਸੰਸਥਾ ਕੀ ਹੈ, ਕਿੰਨੀਆਂ ਦਵਾਈਆਂ ਦੀਆਂ ਕੰਪਨੀਆਂ ਇਸ ਵਿੱਚ ਹਿੱਸੇਦਾਰ ਨੇ? ਕਿੰਨੀਆਂ ਦਾ ਨਿਵੇਸ਼ ਹੈ? ਵੱਖਰੇ ਵੱਖਰੇ ਦੇਸ਼ਾਂ ਦੀ ਇੱਕ ਦੂਜੇ ਤੋਂ ਪਹਿਲਾਂ ਦਵਾਈ ਬਣਾ ਲੈਣ ਦੀ ਦੌੜ ਕਿਉਂ ਹੈ, ਸਾਰੇ ਦੇਸ਼ ਮਨੁੱਖਤਾ ਲਈ ਕਿਉਂ ਨਹੀਂ ਲੜ ਰਹੇ? ਜਦੋਂ ਜਦੋਂ ਇਹ ਸ਼ੁਰੂ ਹੀ ਹੋਇਆ ਸੀ ਤਾਂ ਇੱਕ ਸਮੁੰਦਰੀ ਜਹਾਜ਼ ਵਿੱਚ ਸਫ਼ਰ ਕਰ ਰਹੇ ਲੋਕਾਂ ਨੂੰ ਕਿਸੇ ਵੀ ਦੇਸ਼ ਨੇ ਉੱਤਰਨ ਦੀ ਇਜਾਜ਼ਤ ਨਹੀਂ ਦਿੱਤੀ ਸੀ। ਕਿਹੜੇ-ਕਿਹੜੇ ਦੇਸ਼ਾਂ ਨੇ ਕਰੋਨਾ ਦੀ ਓਟ ਵਿੱਚ ਕਿਹੜਾ-ਕਿਹੜਾ ਕਾਨੂੰਨ ਪਾਸ ਕਰ ਦਿੱਤਾ ਹੈ? ਕਰੋਨਾ ਦੇ ਵਿਸ਼ੇ 'ਤੇ ਵੱਖਰੇ ਵੱਖਰੇ ਮਾਹਿਰਾਂ ਦਾ ਕੀ ਕਹਿਣਾ ਹੈ? ਵੱਡੇ ਵੱਡੇ ਸਰਮਾਏਦਾਰਾਂ ਨੇ ਮਾਸਕ ਤੇ ਸੈਨੀਟਾਇਜਰਾਂ ਤੱਕ ਤੋਂ ਕਮਾਈ ਕੀਤੀ ਹੋਣੀ। ਹਰ ਰੋਜ਼ ਵਧਦੇ ਜਾਂ ਘਟਦੇ ਅੰਕੜਿਆਂ 'ਤੇ ਨਿਗਾਹ ਮਾਰਨ ਤੋਂ ਸਿਵਾਏ ਇਹਨਾਂ ਸਵਾਲਾਂ ਦੇ ਜਵਾਬ ਲੱਭਣ ਲਈ ਇੰਟਰਨੈੱਟ 'ਤੇ ਖੋਜ ਕਰਨੀ ਵੀ ਸਾਡਾ ਹੀ ਫ਼ਰਜ ਬਣਦਾ ਹੈ।




Avon Accounting & Tax Services

ਆਪਣੇ ਕਮਿਊਨਿਟੀ ਦੇ ਜਾਣੇ-ਪਹਿਚਾਣੇ ਅਕਾਊਂਟੈਂਟ ਕੋਲੋਂ ਵਾਜਿਬ ਰੇਟ 'ਤੇ ਆਪਣੇ ਬਿਜਨਿਸ ਜਾਂ ਪਰਸਨਲ ਟੈਕਸ ਸਬੰਧੀ ਕੋਈ ਵੀ ਕੰਮ ਕਰਵਾਉਣ ਲਈ ਮਿਲੋ ਜਾਂ ਫੋਨ ਕਰੋ।

ਸੇਵਾਵਾਂ ਵੀਕ ਐਂਡ 'ਤੇ ਵੀ ਉਪਲਬਧ

Personal Tax Returns (TI)
Self Employed
Taxi Business

Corporate Tax Returns (T2)
GST/Payrolls/ROE
WCB Returns

Tax Planning & Advisory Services
Weekends/Evenings Services also available.

Tel. : 403-479-4220, 403-561-9011
pandher_2004@yahoo.com or singhh73@gmail.com

**ਹਰਜੋਤ ਓਬਰਾਏ**
**ਅੰਗਰੇਜ਼ੀ ਤੋਂ ਅਨੁਵਾਦ: ਸੁਖਵੰਤ ਹੁੰਦਲ**

# ਇਕ ਪਾਠਕ ਦੇ ਤੌਰ 'ਤੇ ਭਗਤ ਸਿੰਘ



ਕਿਹਾ ਜਾਂਦਾ ਹੈ ਕਿ 23 ਮਾਰਚ 1931 ਨੂੰ, ਜਿਸ ਦਿਨ ਭਗਤ ਸਿੰਘ ਨੂੰ ਲਾਹੌਰ ਦੀ ਸੈਂਟਰਲ ਜੇਲ੍ਹ ਵਿੱਚ ਫਾਂਸੀ ਦਿੱਤੀ ਜਾਣੀ ਸੀ, ਭਗਤ ਸਿੰਘ ਨੇ ਆਪਣੇ ਵਕੀਲ ਤੋਂ ਲੈਨਿਨ ਬਾਰੇ ਕਿਤਾਬ ਲਿਆ ਕੇ ਦੇਣ ਦੀ ਮੰਗ ਕੀਤੀ ਸੀ। ਸਾਨੂੰ ਇਹ ਨਹੀਂ ਪਤਾ ਕਿ ਅਸਲ ਵਿੱਚ ਵਕੀਲ ਭਗਤ ਸਿੰਘ ਲਈ ਇਹ ਕਿਤਾਬ ਲਿਆਇਆ ਜਾਂ ਨਹੀਂ ਜਾਂ ਭਗਤ ਸਿੰਘ ਨੂੰ ਉਸ ਦੇ ਸਖਤ ਜੇਲ੍ਹਰਾਂ ਨੇ ਕਿਤਾਬ ਪੜ੍ਹਨ ਦਾ ਸਮਾਂ ਦਿੱਤਾ ਜਾਂ ਨਹੀਂ। ਸ਼ਾਇਦ ਇਹ ਕਹਾਣੀ ਇਸ ਚੀਜ਼ ਨੂੰ ਜ਼ੋਰਦਾਰ ਯਾਦ ਕਰਾਉਣ ਵਾਲੀ ਇਕ ਮਿੱਥ ਹੋਵੇ ਕਿ ਵਿਚਾਰਾਂ ਅਤੇ ਕਿਤਾਬਾਂ ਦੀ ਦੁਨੀਆ ਨਾਲ ਭਗਤ ਸਿੰਘ ਦਾ ਕਿੰਨਾ ਜ਼ਿਆਦਾ ਪਿਆਰ ਸੀ। ਆਪਣੀ ਸ਼ਹਾਦਤ ਵਾਲੇ ਦਿਨ ਤੱਕ, 23 ਸਾਲਾਂ ਤੋਂ ਕੁੱਝ ਕੁ ਮਹੀਨੇ ਵੱਧ ਉਮਰ ਵਿੱਚ, ਭਗਤ ਸਿੰਘ ਨੇ ਉੱਨੀਆਂ ਕਿਤਾਬਾਂ ਪੜ੍ਹ ਲਈਆਂ ਸਨ, ਜਿੰਨੀਆਂ ਕਿਤਾਬਾਂ ਬਹੁਤੇ ਲੋਕ ਆਪਣੀ ਸਾਰੀ ਜ਼ਿੰਦਗੀ ਵਿੱਚ ਨਹੀਂ ਪੜ੍ਹਦੇ। ਉਸ ਵੱਲੋਂ ਪੜ੍ਹੀਆਂ ਜਾਣ ਵਾਲੀਆਂ ਕਿਤਾਬਾਂ ਵਿੱਚ ਸ਼ਾਮਲ ਸਨ: ਨਾਵਲ, ਸਿਆਸਤ, ਇਤਿਹਾਸ, ਨਿਆਂ ਸ਼ਾਸਤਰ ਅਤੇ ਜੀਵ ਵਿਗਿਆਨ ਨਾਲ ਸੰਬੰਧਤ ਕਿਤਾਬਾਂ, ਬਸਤੀਵਾਦੀਆਂ ਵੱਲੋਂ ਦੂਜੇ ਲੋਕਾਂ ਦੇ ਸਭਿਆਚਾਰਾਂ ਬਾਰੇ ਲਿਖੀਆਂ ਕਿਤਾਬਾਂ, ਕਵਿਤਾ ਦੀਆਂ ਕਿਤਾਬਾਂ, ਨਾਟਕ ਅਤੇ ਫਿਲਾਸਫੀ ਨਾਲ ਸੰਬੰਧਤ ਕਿਤਾਬਾਂ।

ਉਸ ਵੱਲੋਂ ਏਨਾ ਪੜ੍ਹਨ ਦੇ ਪਿੱਛੇ ਕੀ ਸੀ? ਭਗਤ ਸਿੰਘ ਨੂੰ ਇਹ ਜਨੂੰਨ ਕਿਉਂ ਸੀ ਕਿ ਉਸ ਲਈ ਸਭ ਤੋਂ ਵੱਡੀ ਗੱਲ ਆਪਣੇ ਆਪ ਨੂੰ ਇਕ ਲਾਇਬ੍ਰੇਰੀ ਨਾਲ ਘਿਰੇ ਰੱਖਣ ਦੀ ਲੋੜ ਸੀ? ਉਸ ਦੇ ਪੜ੍ਹਨ ਦਾ ਵਿਸ਼ਾਲ ਦਾਇਰਾ ਕਲਾਸਕੀ ਸਾਹਿਤ ਤੋਂ ਲੈ ਕੇ ਉੱਚੀ ਆਧੁਨਿਕਤਾ ਤੱਕ ਫੈਲਿਆ ਹੋਇਆ ਸੀ। ਉਦਾਹਰਨ ਲਈ ਕਵਿਤਾ ਦੇ ਖੇਤਰ ਵਿੱਚ ਉਸ ਨੇ ਮਿਰਜ਼ਾ ਗਾਲਿਬ ਅਤੇ ਵਿਲੀਅਮ ਵਰਡਜ਼ਵਰਥ ਨੂੰ ਪੜ੍ਹਿਆ ਸੀ। ਸਿਆਸੀ ਕਿਤਾਬਾਂ ਦੇ ਮਾਮਲੇ ਵਿੱਚ ਉਸ ਨੇ ਰੂਸੋ ਅਤੇ ਮਾਰਕਸ ਦੋਹਾਂ ਨੂੰ ਪੜ੍ਹਿਆ ਹੋਇਆ ਸੀ। ਨਾਵਲਾਂ ਦੇ ਸੰਬੰਧ ਵਿੱਚ ਉਸ ਦੇ ਸੁਆਦ ਦੇ ਘੇਰੇ ਵਿੱਚ ਫਿਓਦਰ ਦੋਸਤੋਵਸਕੀ, ਮੈਕਸਿਮ ਗੋਰਕੀ, ਚਾਰਲਜ਼ ਡਿਕਨਜ਼, ਜੈਕ ਲੰਡਨ ਅਤੇ ਅਪਟਨ ਸਿਨਕਲੇਅਰ ਸ਼ਾਮਲ ਸਨ। ਭਗਤ ਸਿੰਘ ਦੀਆਂ ਜੇਲ੍ਹ ਦੀਆਂ ਮਸ਼ਹੂਰ ਨੋਟਬੁੱਕਾਂ ਦੇ ਪਹਿਲੇ ਸਫੇ 'ਤੇ ਕਵਿਤਾ ਦੀਆਂ ਦੋ ਟੂਕਾਂ ਉੱਕਰੀਆਂ ਹੋਈਆਂ ਹਨ: ਇਕ ਸ਼ੇਕਸਪੀਅਰ ਦੀ ਅਤੇ ਦੂਜੀ ਗਾਲਿਬ ਦੀ। (1) ਤੁਸੀਂ ਉਸ ਦੀਆਂ ਪੜ੍ਹਨ ਦੀਆਂ ਆਦਤਾਂ ਦਾ ਰਹੱਸ ਕਿਵੇਂ ਖੋਲ੍ਹੋਗੇ?

ਸ਼ਾਇਦ ਉੱਪ-ਮਹਾਂਦੀਪ ਦੇ ਇਤਿਹਾਸ ਵਿੱਚ ਹੋਏ ਇਕ ਹੋਰ ਵੱਡੇ ਪਾਠਕ ਨਹਿਰੂ ਨਾਲ ਤੁਲਨਾ ਕਰਕੇ ਸਾਨੂੰ ਇਸ ਬਾਰੇ ਕੁੱਝ ਜਾਣਕਾਰੀ ਮਿਲ ਸਕੇ। ਇਕ ਜਾਣਕਾਰੀ ਭਰਪੂਰ ਲੇਖ ਵਿੱਚ, ਮਰਹੂਮ ਮੁਸ਼ੀਰੁਲ ਹਸਨ ਦਸਦੇ ਹਨ ਕਿ 21 ਮਈ 1922 ਅਤੇ 29 ਜਨਵਰੀ 1923 ਤੱਕ ਨਹਿਰੂ ਨੇ 55 ਕਿਤਾਬਾਂ ਪੜ੍ਹੀਆਂ। (2) ਇਹ ਹਫਤੇ ਦੀ ਇਕ ਕਿਤਾਬ ਪੜ੍ਹਨ ਦੇ ਬਰਾਬਰ ਹੈ। ਭਗਤ ਸਿੰਘ ਵਾਂਗ ਹੀ ਅਸੀਂ ਨਹਿਰੂ ਬਾਰੇ ਪੁੱਛ ਸਕਦੇ ਹਾਂ ਕਿ ਨਹਿਰੂ ਨੂੰ ਕਿਤਾਬਾਂ ਪੜ੍ਹਨ ਲਈ ਕਿਹੜੀ ਚੀਜ਼ ਪ੍ਰੇਰਤ ਕਰ ਰਹੀ ਸੀ? ਨਹਿਰੂ ਦੀਆਂ ਸਾਰੀਆਂ ਜਟਿਲਤਾਵਾਂ ਨੂੰ ਸਮਝਣਾ ਕਦੇ ਵੀ ਏਨਾ ਸੌਖਾ ਨਹੀਂ, ਪਰ ਜਦੋਂ ਉਸ ਦੇ ਪੜ੍ਹਨ ਬਾਰੇ ਗੱਲ ਕਰਨੀ ਹੋਵੇ ਤਾਂ ਇਹ ਗੱਲ ਸੌਖਿਆਂ ਹੀ ਕਹੀ ਜਾ ਸਕਦੀ ਹੈ ਕਿ ਬਹੁਤੀ ਵਾਰੀ ਉਹ ਇਹ ਜਾਣਨਾ ਚਾਹੁੰਦਾ ਸੀ ਕਿ ਦੇਸ਼ ਦੇ ਭਵਿੱਖ ਲਈ ਸੇਧ ਲੈਣ ਲਈ ਭਾਰਤ ਦੇ ਭੂਤਕਾਲ ਤੋਂ ਕਿਹੜੀਆਂ ਸਚਾਈਆਂ ਬਾਰੇ ਜਾਣਿਆ ਜਾ ਸਕਦਾ ਸੀ। ਸਭਿਅਤਾ ਦੇ ਭੂਤਕਾਲ ਨਾਲ ਸੰਬੰਧਤ ਉਸ ਦੇ ਪੱਕੇ ਸਰੋਕਾਰ ਬਾਰੇ ਸਾਨੂੰ ਉਸ ਦੀਆਂ ਲਿਖਤਾਂ ਅਤੇ ਭਾਸ਼ਣਾਂ ਦੇ ਕਈ ਪੈਰ੍ਹਿਆਂ ਤੋਂ ਸਪਸ਼ਟ ਗਿਆਨ ਹੁੰਦਾ ਹੈ।

ਇਸ ਸੋਚਣੀ ਦੇ ਸੰਸ਼ਲੇਸ਼ਣਾਤਮਿਕ ਢੰਗ ਦੀ ਉਘੜਵੀਂ ਉਦਾਹਰਨ ਹੇਠ ਲਿਖੇ ਪੈਰ੍ਹੇ ਤੋਂ ਮਿਲ ਸਕਦੀ ਹੈ:

ਮੇਰੀ ਵਿਰਾਸਤ ਕੀ ਹੈ? ਮੈਂ ਕਿਸ ਚੀਜ਼ ਦਾ ਵਾਰਿਸ ਹਾਂ? ਉਸ ਸਭ ਕੁਝ ਦਾ ਜਿਸ ਨੂੰ ਮਨੁੱਖਤਾ ਨੇ ਦਹਿ-ਹਜ਼ਾਰ ਸਾਲਾਂ ਦੌਰਾਨ ਪ੍ਰਾਪਤ ਕੀਤਾ ਹੈ, ਉਸ ਸਭ ਕੁਝ ਦਾ ਜਿਸ ਨੂੰ ਇਸ ਨੇ ਸੋਚਿਆ ਅਤੇ ਮਹਿਸੂਸ ਕੀਤਾ ਹੈ ਅਤੇ ਉਹਨਾਂ ਸਾਰੇ ਦੁੱਖਾਂ ਅਤੇ ਖੁਸ਼ੀਆਂ, ਇਸ ਦੇ ਜਿੱਤਾਂ ਦੇ ਲਲਕਾਰਿਆਂ ਅਤੇ ਹਾਰਾਂ ਦੀਆਂ ਸਖਤ ਪੀੜਾਂ ਦਾ, ਮਨੁੱਖ ਦੀ ਉਸ ਅਸਚਰਜ ਮੁਹਿੰਮ ਦਾ ਜੋ ਬਹੁਤ ਸਮਾਂ ਪਹਿਲਾਂ ਸ਼ੁਰੂ ਹੋਈ ਅਤੇ ਹੁਣ ਵੀ ਜਾਰੀ ਹੈ ਅਤੇ ਸਾਨੂੰ ਸੈਨਤਾਂ ਮਾਰਦੀ ਹੈ। ਇਸ ਸਭ ਕੁਝ ਦਾ ਅਤੇ ਇਸ ਤੋਂ ਵੀ ਵੱਧ ਦਾ, ਜੋ ਸਾਰੇ ਮਨੁੱਖਾਂ ਦਾ ਸਾਂਝਾ ਹੈ। ਪਰ ਸਾਡੇ ਭਾਰਤ ਵਾਸੀਆਂ ਦੀ ਇਕ ਖਾਸ ਵਿਰਾਸਤ ਹੈ, ਕੋਈ ਨਿਵੇਕਲੀ ਨਹੀਂ, ਕਿਉਂਕਿ ਕੋਈ ਵੀ ਨਿਵੇਕਲੀ ਨਹੀਂ ਹੁੰਦੀ ਅਤੇ ਸਾਰੀਆਂ ਮਨੁੱਖ ਦੀ ਨਸਲ ਨਾਲ ਸਾਂਝੀਆਂ ਹੁੰਦੀਆਂ ਹਨ, ਪਰ ਵਿਸ਼ੇਸ਼ ਤੌਰ 'ਤੇ ਸਾਡੇ 'ਤੇ ਲਾਗੂ ਹੁੰਦੀ ਹੈ, ਜਿਹੜੀ ਸਾਡੇ ਹੱਡ-ਮਾਸ ਅਤੇ ਖੂਨ ਵਿੱਚ ਰਚੀ ਹੁੰਦੀ ਹੈ, ਜੋ ਸਾਨੂੰ ਉਹ ਬਣਾਉਂਦੀ ਹੈ, ਜੋ ਅਸੀਂ ਹਾਂ ਅਤੇ ਜੋ ਅਸੀਂ ਹੋਣਾ ਹੈ। ਇਸ ਵਿਸ਼ੇਸ਼ ਵਿਰਾਸਤ ਅਤੇ ਉਸ ਦੇ ਵਰਤਮਾਨ ਉੱਪਰ ਪ੍ਰਭਾਵ ਬਾਰੇ ਸੋਚ ਲੰਮੇ ਸਮੇਂ ਤੋਂ ਮੇਰੇ ਖਿਆਲਾਂ ਵਿੱਚ ਰਹੀ ਹੈ ਅਤੇ ਇਹ ਉਹ ਚੀਜ਼ ਹੈ ਜਿਸ ਬਾਰੇ ਮੈਂ ਲਿਖਣਾ ਚਾਹੁੰਦਾ ਹਾਂ। ਮੈਂ ਇਸ ਨਾਲ ਇਨਸਾਫ ਨਹੀਂ ਕਰ ਸਕਦਾ, ਪਰ ਅਜਿਹਾ ਕਰਕੇ ਮੈਂ ਆਪਣੀ ਬੁੱਧੀ ਨੂੰ ਸਪਸ਼ਟ ਕਰਕੇ ਅਤੇ ਉਸ ਨੂੰ ਸੋਚ ਅਤੇ ਅਮਲ ਦੇ ਅਗਲੇ ਪੜਾਅ ਲਈ ਤਿਆਰ ਕਰਕੇ ਆਪਣੇ ਆਪ ਨਾਲ ਇਨਸਾਫ ਕਰਨ ਦੇ ਯੋਗ ਹੋ ਸਕਦਾ ਹਾਂ।

ਨਹਿਰੂ ਨੇ ਇਹ ਸ਼ਬਦ 1944 ਵਿੱਚ ਲਿਖੇ ਜਦੋਂ ਉਹ ਅਹਿਮਦ ਨਗਰ ਦੇ ਕਿਲੇ ਵਿੱਚ ਕੈਦ ਸੀ। ਕੋਸ਼ਿਸ਼ ਕਰਨ, ਸ਼੍ਰੇਆਮ ਅੰਤਰਰਾਸ਼ਟਰੀਵਾਦੀ ਹੁੰਦਿਆਂ ਅਤੇ ਦੁਨੀਆ ਦੇ ਇਤਿਹਾਸ ਵਿੱਚ ਦਿਲਚਸਪੀ ਰੱਖਣ ਦੇ ਬਾਵਜੂਦ ਨਹਿਰੂ ਕਦੇ ਵੀ ਆਪਣੇ ਆਪ ਨੂੰ ਭਾਰਤ ਦੇ ਇਤਿਹਾਸ ਤੋਂ ਮੁਕਤ ਨਹੀਂ ਕਰ ਸਕਿਆ, ਭਾਵੇਂ ਕਿ ਉਸ ਨੂੰ ਇਸ ਦੇ ਕਈ ਹਿੱਸੇ ਤੰਗ ਕਰਦੇ ਸਨ। ਪਰ ਆਪਣੇ ਸਵੈ-ਵਿਸ਼ਵਾਸ ਅਤੇ ਬੇਮੁਹਾਰੇ ਆਸ਼ਾਵਾਦ ਕਾਰਨ ਉਹ ਹਮੇਸ਼ਾਂ ਇਸ ਗੱਲ 'ਤੇ ਯਕੀਨ ਕਰਦਾ ਰਿਹਾ ਸੀ ਕਿ ਭੂਤਕਾਲ ਵਿੱਚ ਜੋ ਕੁੱਝ ਵੀ ਕਰੂਪ ਹੈ, ਉਸ ਨੂੰ ਲੋਕਾਂ ਦੀ ਭਲਾਈ ਲਈ ਹਮੇਸ਼ਾਂ ਸਾਫ ਕੀਤਾ ਜਾ ਸਕਦਾ ਹੈ ਅਤੇ ਵਰਤੋਂ-ਯੋਗ ਬਣਾਇਆ ਜਾ ਸਕਦਾ ਹੈ।

ਭਗਤ ਸਿੰਘ ਭੂਤਕਾਲ ਬਾਰੇ ਇਸ ਤਰ੍ਹਾਂ ਦੇ ਵਿਚਾਰ ਬਿਲਕੁਲ ਨਹੀਂ ਰੱਖਦਾ। ਉਹ ਭਾਰਤ ਦੀ ਸਭਿਅਤਾ ਦੇ ਨਿਵੇਕਲੇਪਣ ਨੂੰ ਇਕ ਹਕੀਕਤ ਦੇ ਤੌਰ 'ਤੇ ਲੈਂਦਾ ਹੈ। ਭੂਤਕਾਲ ਦੇ ਭਾਰ ਦੀ ਖੁਦਾਈ ਦੀ ਕੋਈ ਲੋੜ ਨਹੀਂ। ਪਿਛਲੇ 5000 ਸਾਲਾਂ ਦੇ ਦੁੱਖ ਅਤੇ ਗੌਰਵ ਕਿਸੇ ਮਿੱਥ ਘੜਨ ਦੇ ਅਭਿਆਸ ਦੀ ਮੰਗ ਨਹੀਂ ਕਰਦੇ। ਭੂਤਕਾਲ ਦੀ ਚਿੰਨਾਤਮਕ ਜਾਂ ਅਲੰਕਾਰੀ ਰੂਪ ਵਿੱਚ ਵਰਤੋਂ ਕਰਨ ਤੋਂ ਇਨਕਾਰ ਕਰਨ ਦੀ ਇਹ ਸਿਧਾਂਤਕ ਦ੍ਰਿੜਤਾ ਇਸ ਕਰਕੇ ਨਹੀਂ ਹੈ ਕਿ ਭਗਤ ਸਿੰਘ ਸਿਰਫ ਅਮਲ (ਐਕਸ਼ਨ) 'ਤੇ ਵਿਸ਼ਵਾਸ ਕਰਨ ਵਾਲਾ ਵਿਅਕਤੀ ਸੀ। ਸਾਰੇ ਮਿਲਦੇ ਪ੍ਰਮਾਣਾਂ ਅਨੁਸਾਰ, ਉਹ ਇਕ ਚਿੰਤਨ ਕਰਨ ਵਾਲਾ ਅਤੇ ਘੰਟਿਆਂ-ਬੱਧੀ ਕਿਤਾਬਾਂ ਪੜ੍ਹਨ ਵਾਲਾ ਵਿਅਕਤੀ ਸੀ, ਅਤੇ ਬਹੁਤੀ ਵਾਰ ਉਹ ਜੋ ਕੁੱਝ ਸਿੱਖਦਾ ਸੀ ਉਸ ਨੂੰ ਆਪਣੀ ਸ਼ਾਨਦਾਰ ਯਾਦਦਾਸ਼ਤ ਜਾਂ ਵੱਡੇ ਪੱਧਰ 'ਤੇ ਨੋਟ ਲੈ ਕੇ ਯਾਦ ਰੱਖਦਾ ਸੀ।

ਸਾਰੇ ਨਵੇਂ ਵਿਚਾਰਾਂ ਵਾਲੇ ਕਲਾਕਾਰਾਂ ਵਾਂਗ, ਭਗਤ ਸਿੰਘ ਇਕ ਬੁੱਤਸ਼ਿਕਨ ਸੀ ਜੋ ਪੁਰਾਣੇ ਸੱਚਿਆਂ ਨੂੰ ਤੋੜਨਾ ਚਾਹੁੰਦਾ ਸੀ, ਬਦਬੂਦਾਰ ਕੈਨਵਸਾਂ ਨੂੰ ਸਾੜਨਾ ਚਾਹੁੰਦਾ ਸੀ ਅਤੇ ਬਹੁਤ ਜਲਦੀ ਨਵਾਂ ਸੰਸਾਰ ਸਿਰਜਣਾ ਚਾਹੁੰਦਾ ਸੀ। ਇਸ ਕਰਕੇ ਉਸ ਦੀ ਸੋਚ 'ਤੇ ਛਾਇਆ ਰਹਿਣ ਵਾਲਾ ਕੇਂਦਰੀ ਸਵਾਲ ਸੀ, ਨਵੇਂ ਸੰਸਾਰ ਦਾ ਅਕਸ ਕਿਸ ਤਰ੍ਹਾਂ ਦਾ ਹੋਵੇ? ਇਸ ਸਵਾਲ ਦਾ ਜੁਆਬ ਲੱਭਣ ਲਈ, ਵਾਲਟਰ ਬੈਂਜਾਮਿਨ ਦੇ ਕਹਿਣ ਵਾਂਗ, ਭਗਤ ਸਿੰਘ ਆਪਣੀ ਲਾਇਬ੍ਰੇਰੀ ਨੂੰ ਖੋਲ੍ਹਦਾ ਸੀ। ਭਗਤ ਸਿੰਘ ਦੀ ਜੀਵਨੀ ਲਿਖਣ ਵਾਲੇ ਐੱਮ ਐੱਮ ਜੁਨੇਜਾ ਅਨੁਸਾਰ, ਆਪਣੇ ਸਕੂਲ ਦੇ ਵਰ੍ਹਿਆਂ (1913-21) ਦੌਰਾਨ ਉਸ ਨੇ 50 ਕਿਤਾਬਾਂ ਪੜ੍ਹੀਆਂ, ਆਪਣੇ ਕਾਲਜ ਦੇ ਦਿਨਾਂ ਤੋਂ ਲੈ ਕੇ 1929 ਵਿੱਚ ਆਪਣੀ ਗ੍ਰਿਫਤਾਰੀ ਤੱਕ 200 ਦੇ ਕਰੀਬ ਕਿਤਾਬਾਂ, ਅਤੇ 8 ਅਪ੍ਰੈਲ 1929 ਤੋਂ 23 ਮਾਰਚ 1931 ਤੱਕ ਦੇ ਆਪਣੀ ਕੈਦ ਦੇ 716 ਦਿਨਾਂ ਵਿੱਚ 300 ਦੇ ਕਰੀਬ ਕਿਤਾਬਾਂ ਪੜ੍ਹੀਆਂ।

ਪਰ ਇਹ ਸੂਚੀ ਸਾਨੂੰ ਇਹ ਨਹੀਂ ਦਸਦੀ ਕਿ ਇਨ੍ਹਾਂ ਕਿਤਾਬਾਂ ਨੂੰ ਪ੍ਰਾਪਤ ਕਰਨ ਲਈ ਭਗਤ ਸਿੰਘ ਨੂੰ ਜਥੇਬੰਦਕ ਅਤੇ ਬੌਧਿਕ ਪੱਧਰ 'ਤੇ ਕਿਸ ਤਰ੍ਹਾਂ ਦੀਆਂ ਚਿਰਕਾਲੀ ਅਤੇ ਸਖਤ ਮੁਸ਼ਕਿਲਾਂ ਦਾ ਸਾਹਮਣਾ ਕਰਨਾ ਪੈਂਦਾ ਸੀ। ਮੈਂ ਇੱਥੇ ਤਿੰਨ ਚੁਣੌਤੀਆਂ ਦਾ ਜ਼ਿਕਰ ਕਰਾਂਗਾ ਜਿਨ੍ਹਾਂ ਦਾ ਸਾਹਮਣਾ ਭਗਤ ਸਿੰਘ ਨੇ ਆਪਣੇ ਅਣਜਾਣੇ ਭਵਿੱਖ ਦੀ ਪੈਰਵੀ ਦੌਰਾਨ ਕੀਤਾ। ਨੰਬਰ ਇਕ, ਜਿਸ ਤਰ੍ਹਾਂ ਦੀਆਂ ਕਿਤਾਬਾਂ ਭਗਤ ਸਿੰਘ ਪੜ੍ਹਨੀਆਂ ਚਾਹੁੰਦਾ ਸੀ, ਉਹ ਬਹੁਤੇ ਕੇਸਾਂ ਵਿੱਚ ਬਸਤੀਵਾਦੀ ਸੈਂਸਰ ਵੱਲੋਂ ਵਿਵਰਜਤ ਕਰਾਰ ਦਿੱਤੀਆਂ ਗਈਆਂ ਸਨ। ਫਿਰ ਵੀ ਖੁਸ਼ਕਿਸਮਤੀ ਨਾਲ ਉਸ ਨੂੰ ਲਾਹੌਰ ਸ਼ਹਿਰ ਵਿੱਚ ਅਜਿਹੇ ਪੁਸਤਕ ਵਿਕ੍ਰੇਤਾ ਮਿਲ ਗਏ ਜੋ ਅਜਿਹੀਆਂ ਕਿਤਾਬਾਂ ਸਮਗਲ ਕਰਨ ਵਿੱਚ ਖੁਸ਼ੀ ਮਹਿਸੂਸ ਕਰਦੇ ਸਨ, ਜਿਹੜੀਆਂ ਕਿਤਾਬਾਂ ਨੂੰ ਪਿਤਰੀ ਅਤੇ ਅਸੁਰੱਖਿਅਤ ਬਸਤੀਵਾਦੀ ਪ੍ਰਸ਼ਾਸਨ ਸਥਾਨਕ ਪੱਧਰ 'ਤੇ ਵਿਦਰੋਹੀ ਸਮਝਦਾ ਸੀ। ਨੰਬਰ ਦੋ, ਅੰਗਰੇਜ਼ੀ ਉਸ ਦੀ ਪਹਿਲੀ ਭਾਸ਼ਾ ਨਹੀਂ ਸੀ। ਨਹਿਰੂ ਦੇ ਉਲਟ, ਜਿਸ ਨੂੰ ਘਰ ਵਿੱਚ ਕਈ ਯੂਰਪੀਅਨ ਅਧਿਆਪਕਾਂ ਨੇ ਪੜ੍ਹਾਇਆ ਸੀ ਅਤੇ ਜੋ ਬਾਅਦ ਵਿੱਚ ਪੜ੍ਹਨ ਲਈ ਹੈਰੋ ਗਿਆ ਸੀ ਅਤੇ ਜਿਸ ਨੇ ਕੈਂਬਰਿਜ ਤੋਂ ਟ੍ਰੀਪੋਜ਼ ਅਤੇ ਲੰਡਨ ਤੋਂ ਵਕਾਲਤ ਦੀ ਡਿਗਰੀ ਕੀਤੀ ਸੀ, ਭਗਤ ਸਿੰਘ ਨੂੰ ਬੁਜ਼ਾਂ ਭਰਪੂਰ ਦਿਹਾਤੀ ਪੜ੍ਹਾਈ ਨਾਲ ਹੀ ਬੁੱਤਾ ਸਾਰਨਾ ਪਿਆ। ਪਰ ਭਗਤ ਸਿੰਘ ਦਰਪੇਸ਼ ਮੁਸ਼ਕਿਲਾਂ ਦੇ ਸਾਹਮਣੇ ਹਾਰ ਮੰਨਣ ਵਾਲਾ ਵਿਅਕਤੀ ਨਹੀਂ ਸੀ। ਉਸ ਵਿੱਚ ਰਸਮੀ ਵਿਦਿਆ ਦੀ ਜੋ ਘਾਟ ਸੀ, ਉਸ ਨੂੰ ਉਹ ਪ੍ਰਵੀਣਤਾ ਅਤੇ ਅਣਥੱਕ ਮਿਹਨਤ ਨਾਲ ਪੂਰਾ ਕਰਦਾ ਸੀ। ਕਿਤਾਬਾਂ ਵਿੱਚ ਨਾ ਸਮਝ ਆਉਣ ਵਾਲੇ ਅੰਗਰੇਜ਼ੀ ਦੇ ਸ਼ਬਦਾਂ ਦੇ ਅਰਥ ਸਮਝਣ ਲਈ ਉਹ ਹਮੇਸ਼ਾਂ ਆਪਣੇ ਕੋਲ ਇਕ ਜੇਬੀ ਡਿਕਸ਼ਨਰੀ ਰੱਖਦਾ ਸੀ। ਨੰਬਰ ਤਿੰਨ, ਕਿਸੇ ਵੀ ਜਨਤਕ ਬੁੱਧੀਜੀਵੀ ਲਈ ਦੁਨੀਆ ਬਾਰੇ ਨਜ਼ਰੀਆ ਪੇਸ਼ ਕਰਨਾ ਕਾਫੀ ਸੁਖਾਲਾ ਹੁੰਦਾ ਹੈ, ਜੇ ਉਹ ਵਿਚਾਰਾਂ ਅਤੇ ਦ੍ਰਿਸ਼ਟੀਕੋਣਾਂ ਦੇ ਕਿਸੇ ਸਥਾਪਤ ਮਾਨਦੰਡ ਦਾ ਆਸਰਾ ਲੈ ਸਕੇ।

ਸ਼ਾਇਦ ਇਹ ਮੁੱਖ ਕਾਰਨ ਹੈ ਜਿਸ ਕਰਕੇ ਨਹਿਰੂ ਲਗਾਤਾਰ ਭੂਤਕਾਲ 'ਤੇ ਦਸਤਕ ਦਿੰਦਾ ਹੈ। ਅਤੇ ਇਹ ਇਕੱਲਾ ਨਹਿਰੂ ਹੀ ਨਹੀਂ ਜਿਸ ਨੂੰ ਪੁਰਾਤਨ ਰਵਾਇਤੀ ਸ਼ਬਦਾਵਲੀ ਦਿਲਾਸਾ ਦਿੰਦੀ ਹੈ ਅਤੇ ਆਪਣੇ ਵੱਲ ਖਿੱਚਦੀ ਹੈ। ਦੱਖਣੀ ਏਸ਼ੀਆ ਅਤੇ ਵਿਸ਼ਵ ਪੱਧਰ 'ਤੇ ਬਹੁਤ ਸਾਰੇ ਜਨਤਕ ਬੁੱਧੀਜੀਵੀ ਅਤੇ ਸਿਆਸੀ ਕਾਰਕੁੰਨ ਇਸ ਤਰ੍ਹਾਂ ਦੇ ਰਸਤੇ 'ਤੇ ਤੁਰਦੇ ਨਜ਼ਰ ਆਉਂਦੇ ਹਨ। ਉਹ ਖਾਸ ਸਥਾਪਤ ਗਰੰਥਾਂ ਅਤੇ ਵਿਕਾਸ ਕ੍ਰਮਾਂ ਦੀ ਪਾਲਣਾ ਕਰਦੇ ਹਨ। ਜਿਵੇਂ ਕਿ ਐਡਵਰਡ ਸੈਦ ਨੇ ਬਹੁਤ ਵਾਰੀ ਕਿਹਾ ਹੈ ਕਿ ਆਲੋਚਨਾਤਮਕ ਵਿਚਾਰਾਂ ਦੀ ਸ਼ਤਰੰਜੀ ਵਿਸਾਤ 'ਤੇ ਪੂਰੀ ਤਰ੍ਹਾਂ ਆਜ਼ਾਦ ਕਦਮ ਚੁੱਕਣਾ ਜੇ ਅਸੰਭਵ ਨਹੀਂ ਤਾਂ ਬਹੁਤ ਮੁਸ਼ਕਿਲ ਹੈ।

ਉਦਾਹਰਨ ਲਈ ਮਾਰਕਸ ਨੂੰ ਆਪਣੇ ਤੋਂ ਪੂਰਵਗਾਮੀ ਬੁੱਧੀਜੀਵੀ ਹੇਗਲ ਤੋਂ ਆਜ਼ਾਦ ਕਰਕੇ ਦੇਖਣਾ ਮੁਸ਼ਕਿਲ ਹੈ। ਇਤਿਹਾਸ ਦੇ ਕਾਨੂੰਨ ਹੋਣ ਬਾਰੇ ਮਾਰਕਸ ਦਾ ਵਿਚਾਰ ਹੇਗਲ ਦੀ ਸਿੱਖਿਆ ਅਤੇ ਇਤਿਹਾਸਕਤਾ 'ਤੇ ਆਧਾਰਤਿ ਹੈ। ਇਸ ਹੀ ਤਰ੍ਹਾਂ ਇਮਾਨੂਅਲ ਕਾਂਤ ਦੀ ਇਨਲਾਈਟਨਮੈਂਟ ਦੇ ਮੁੱਖ ਚਿੰਤਕ ਹੋਣ ਦੀ ਹੱਕੀ ਸ਼ਲਾਘਾ, ਵੱਡੀ ਪੱਧਰ 'ਤੇ ਡੇਵਿਡ ਹਿਊਮ ਦੇ ਅਨੁਭਵਵਾਦ ਅਤੇ ਭਾਵਨਾਵਾਂ ਦੀ ਭੂਮਿਕਾ ਨਾਲ ਸੰਬੰਧਤ ਦਾਰਸ਼ਨਿਕ ਸੂਤਰੀਕਰਨ ਦੀ ਦੇਣਦਾਰ ਹੈ। ਸਿਗਮੰਡ ਫਰਾਇਡ ਦੀ ਵੀ ਇਹ ਹੀ ਸਚਾਈ ਹੈ। ਨੀਤਸ਼ੇ ਦੇ ਦਾਰਸ਼ਨਿਕ ਹਥੌੜੇ ਤੋਂ ਬਿਨਾਂ ਵਿਆਨਾ ਦਾ ਡਾਕਟਰ (ਥੈਰੇਪਿਸਟ) ਸਭਿਅਤਾ ਅਤੇ ਇਸ ਦੇ ਅਸੰਤੁਸ਼ਟਤਾ ਦੇ ਕੜਾਹੇ ਬਾਰੇ ਸੁਫਨਾ ਵੀ ਨਹੀਂ ਲੈ ਸਕਦਾ ਸੀ। ਐਨਟੋਨੀਓ ਗ੍ਰਾਮਸ਼ੀ, ਜਿਸ ਨਾਲ ਬਹੁਤੀ ਵਾਰ ਭਗਤ ਸਿੰਘ ਦੀ ਤੁਲਨਾ ਕੀਤੀ ਜਾਂਦੀ ਹੈ, ਨੇ ਆਪਣੀਆਂ ਜੇਲ੍ਹ ਡਾਇਰੀਆਂ ਵਿੱਚ ਆਧੁਨਿਕ ਰਾਜ ਦੇ ਸੁਭਾਅ, ਸਭਿਆਚਾਰਕ ਸਰਦਾਰੀ ਅਤੇ ਹੌਲੀ ਹੌਲੀ ਢਾਹ ਲਾਉਣ ਦੀ ਜੰਗ (ਵਾਰ ਆਫ ਐਟਰੀਸ਼ਨ) ਬਾਰੇ ਬਹੁਤ ਸਾਰਾ ਲਿਖਿਆ ਹੈ, ਪਰ ਉਹ ਬਹੁਤੀ ਵਾਰ ਅਤੇ ਬਿਨਾਂ ਕਿਸੇ ਫਿਕਰ ਦੇ ਪ੍ਰੇਰਨਾ ਅਤੇ ਸਮਰਥਨ ਲੈਣ ਲਈ 16ਵੀਂ ਸਦੀ ਦੇ ਫਲੋਰੈਂਸ ਦੇ ਪੁਨਰ ਜਾਗ੍ਰਿਤੀ (ਰੈਨੇਸਾਂਸ) ਦੇ ਚਿੰਤਕ ਮੈਕਾਵੈਲੀ ਵੱਲ ਦੇਖ ਸਕਦਾ ਸੀ।

ਭਗਤ ਸਿੰਘ ਦੇ ਸਮੇਂ ਦੇ ਨੇੜੇ, ਲੈਨਿਨ ਨੇ ਸੰਨ 1917 ਵਿੱਚ ਰੂਸ ਵਾਪਸ ਜਾਣ ਤੋਂ ਪਹਿਲੇ ਸਾਲਾਂ ਵਿੱਚੋਂ ਕਾਫੀ ਸਮਾਂ ਸਵਿਟਜ਼ਰਲੈਂਡ ਵਿੱਚ ਹੇਗਲ ਦੀ ਸਾਇੰਸ ਆਫ ਲੌਜਿਕ ਅਤੇ ਫਿਲਾਸਫੀ ਆਫ ਹਿਸਟਰੀ ਨੂੰ ਧਿਆਨ ਨਾਲ ਪੜ੍ਹਦਿਆਂ ਤਰਕ-ਸ਼ਾਸਤਰ ਅਤੇ ਇਤਿਹਾਸ ਦੀ ਹੋਣੀ ਬਾਰੇ ਆਪਣੀ ਸਮਝ ਨੂੰ ਨਿਖਾਰਦਿਆਂ ਗੁਜ਼ਾਰਿਆ। ਲੈਨਿਨ ਦੀਆਂ ਆਮ ਜਾਣੀਆਂ ਜਾਂਦੀਆਂ ਲਿਖਤਾਂ ਵਿੱਚੋਂ ਦੋ ਲਿਖਤਾਂ: ਇੰਪੀਰੀਅਲਿਜ਼ਮ ਅਤੇ ਉਸ ਤੋਂ ਬਾਅਦ ਵਾਲੀ ਸਟੇਟ ਐਂਡ ਰੈਵੋਲੂਸ਼ਨ ਕਾਫੀ ਜ਼ਿਆਦਾ ਹੇਗਲ ਦੇ ਤਰਕਸ਼ਾਸਤਰ 'ਤੇ ਨਿਰਭਰ ਕਰਦੀਆਂ ਹਨ।

ਬਦਕਿਸਮਤੀ ਨਾਲ ਨੌਜਵਾਨ ਭਗਤ ਸਿੰਘ ਆਪਣੇ ਹਾਈਪਰ-ਮਾਡਰਨਿਸਟ ਸਿਆਸੀ ਪ੍ਰੋਜੈਕਟ ਲਈ ਕਿਸੇ ਸਭਿਆਚਾਰਕ ਵਿਰਾਸਤ ਜਾਂ ਬੌਧਿਕ ਸੰਬੰਧਾਂ 'ਤੇ ਨਿਰਭਰ ਨਹੀਂ ਕਰ ਸਕਦਾ ਸੀ। ਗੋਖਲੇ, ਗਾਂਧੀ, ਅਤੇ ਨਹਿਰੂ ਵਰਗੇ ਭਾਰਤੀ ਉਦਾਰਵਾਦੀਆਂ (ਲਿਬਰਲਜ਼) ਦੇ ਉਲਟ ਉਸ ਕੋਲ ਟੇਕ ਲੈਣ ਲਈ ਕੋਈ ਦਾਰਸ਼ਨਿਕ ਪੂਰਵਜ ਨਹੀਂ ਸਨ। ਇਸ ਹੀ ਕਾਰਨ ਭਗਤ ਸਿੰਘ ਨੇ ਆਪਣੇ ਆਪ ਨੂੰ ਰੂਸੋ, ਮਾਰਕਸ, ਏਂਗਲਜ਼, ਦੋਸਤੋਵਸਕੀ, ਲੈਨਿਨ ਅਤੇ ਤਰਾਤਸਕੀ ਦੀਆਂ ਲਿਖਤਾਂ ਪੜ੍ਹਨ ਵਿੱਚ ਲੀਨ ਕਰ ਲਿਆ। ਇਨ੍ਹਾਂ ਕੱਦਾਵਰ ਬੁੱਧੀਜੀਵੀਆਂ ਦੇ ਗਿਆਨ ਸੰਸਾਰ ਦਾ ਚਿੰਤਨ ਕਰਨ ਸਮੇਂ ਨਵੇਂ ਵਿਚਾਰਾਂ, ਆਧੁਨਿਕ ਸਿਆਸੀ ਸ਼ਬਦਾਵਲੀ ਅਤੇ ਅਜ਼ਾਦੀ ਤੋਂ ਬਾਅਦ ਦੇ ਭਾਰਤ ਲਈ ਵੱਖਰੀ ਸੋਚ ਦੇ ਸੰਭਾਵੀ ਢਾਂਚਿਆਂ ਨੂੰ ਲੱਭਣ ਦਾ ਚਾਅ ਅਸੀਂ ਭਗਤ ਸਿੰਘ ਦੀਆਂ ਲਿਖਤਾਂ ਵਿੱਚੋਂ ਸਿੱਧਾ ਮਹਿਸੂਸ ਕਰ ਸਕਦੇ ਹਾਂ। ਜੇ ਅਸੀਂ ਉਸ ਦੀਆਂ ਵਿਸਤ੍ਰਿਤ ਲਿਖਤਾਂ ਨੂੰ ਧਿਆਨ ਨਾਲ ਪੜ੍ਹੀਏ ਤਾਂ ਸਾਨੂੰ ਉਸ ਆਨੰਦ ਦਾ ਪਤਾ ਲੱਗਦਾ ਹੈ ਜਿਸ ਦਾ ਆਨੰਦ ਉਹ ਇਹ ਲਿਖਤਾਂ ਪੜ੍ਹ ਕੇ ਲੈ ਰਿਹਾ ਸੀ। ਇਕ ਉਦਾਹਰਨ ਪੇਸ਼ ਹੈ:

ਵਰਤਮਾਨ ਹਾਲਾਤ ਬਾਰੇ ਵਿਚਾਰ ਕਰਨ ਤੋਂ ਬਾਅਦ, ਆਉ ਆਪਾਂ ਆਪਣਾਏ ਜਾਣ ਵਾਲੇ ਭਵਿੱਖ ਦੇ ਪ੍ਰੋਗਰਾਮ ਅਤੇ ਅਮਲ ਕਰਨ ਦੀ ਲਾਈਨ ਬਾਰੇ ਵਿਚਾਰ ਕਰੀਏ। ਜਿਵੇਂ ਕਿ ਮੈਂ ਪਹਿਲਾਂ ਹੀ ਕਹਿ ਚੁੱਕਾ ਹਾਂ, ਕਿਸੇ ਵੀ ਇਨਕਲਾਬੀ ਪਾਰਟੀ ਲਈ ਇਕ ਠੋਸ ਪ੍ਰੋਗਰਾਮ ਦਾ ਹੋਣਾ ਬਹੁਤ ਜ਼ਰੂਰੀ ਹੈ। ਤੁਹਾਡੇ ਲਈ ਇਹ ਜਾਣਨਾ ਜ਼ਰੂਰੀ ਹੈ ਕਿ ਇਨਕਲਾਬ ਦਾ ਮਤਲਬ ਹੈ ਐਕਸ਼ਨ। ਇਸ ਦਾ ਮਤਲਬ ਅਚਾਨਕ ਅਤੇ ਗੈਰ-ਜਥੇਬੰਦਕ ਢੰਗ ਨਾਲ ਜਾਂ ਆਪਮੁਹਾਰੀ ਆਈ ਕਿਸੇ ਤਬਦੀਲੀ ਜਾਂ ਪਤਨ ਦੇ ਉਲਟ, ਜਥੇਬੰਦਕ ਅਤੇ ਵਿਧੀਪੂਰਵਕ ਕੰਮ ਰਾਹੀਂ ਮਿੱਥ ਕੇ ਲਿਆਂਦੀ ਤਬਦੀਲੀ ਹੈ। ਇਕ ਪ੍ਰੋਗਰਾਮ ਤਿਆਰ ਕਰਨ ਲਈ ਅੱਗੇ ਦਿੱਤੀਆਂ ਚੀਜ਼ਾਂ ਦਾ ਅਧਿਐਨ ਕਰਨਾ ਜ਼ਰੂਰੀ ਹੈ: 1. ਉਦੇਸ਼ 2. ਸ਼ੁਰੂ ਕਰਨ ਦੀ ਥਾਂ, ਯਾਨੀ ਕਿ ਮੌਜੂਦਾ ਹਾਲਤਾਂ 3. ਐਕਸ਼ਨ ਦੀ ਦਿਸ਼ਾ, ਸਾਧਨ ਅਤੇ ਢੰਗ।

ਭਗਤ ਸਿੰਘ ਵੱਲੋਂ ਲੰਮੇ ਸਮੇਂ ਲਈ ਕੀਤੇ ਅਧਿਐਨ ਅਤੇ ਅਣਗਿਣਤ ਚੁਣੌਤੀਆਂ ਉੱਪਰ ਪਾਈ ਜਿੱਤ ਨੇ ਅਖੀਰ ਵਿੱਚ ਭਾਰਤ ਲਈ ਇਕ ਨਵੇਂ ਬਿਰਤਾਂਤ ਨੂੰ ਜਨਮ ਦਿੱਤਾ। ਜਿਹੜਾ ਕਦੇ ਅਣਲਿਖਿਆ ਭਵਿੱਖ ਹੁੰਦਾ ਸੀ, ਉਹ ਇਕ ਸੰਭਵ ਸਿਆਸੀ ਅਤੇ ਨੈਤਿਕ ਪ੍ਰੋਜੈਕਟ ਵਿੱਚ ਤਬਦੀਲ ਹੋ ਗਿਆ। ਉਸ ਨੇ ਕਦੇ ਵੀ ਇਸ ਪ੍ਰੋਜੈਕਟ ਤੋਂ ਟਾਲਾ ਨਹੀਂ ਵੱਟਿਆ ਅਤੇ ਉਹ ਵਿਧੀਪੂਰਵਕ ਢੰਗ ਨਾਲ – ਅਣਖ, ਸੂਰਬੀਰਤਾ, ਪੀੜਾ, ਪਰਸਪਰ ਜ਼ਿੰਮੇਵਾਰੀ, ਮੌਰਲ ਲੱਕ (ਸਦਾਚਾਰੀ ਕਿਸਮਤ), ਨਿਆਂ, ਬਰਾਬਰੀ ਦੇ ਸਾਧਨਾਂ, ਸਾਡੇ ਸਮੂਹਿਕ ਵਿਸ਼ਵਾਸਾਂ ਦੇ ਸੁਭਾਅ ਅਤੇ ਭਰਮਾਂ-ਨੂੰ ਸੰਬੋਧਨ ਹੋਇਆ। ਇਹ ਹਕੀਕਤ ਕਿ ਆਪਣੀ 23 ਸਾਲਾਂ ਦੀ ਛੋਟੀ ਜਿਹੀ ਉਮਰ ਵਿੱਚ ਭਗਤ ਸਿੰਘ ਵੱਖ ਵੱਖ ਤਰ੍ਹਾਂ ਦੇ ਇੰਨੇ ਸਵਾਲਾਂ ਵੱਲ ਧਿਆਨ ਦੇ ਸਕਿਆ ਇਕ ਬਹੁਤ ਹੀ ਅਸਧਾਰਨ ਹਕੀਕਤ ਹੈ। ਇਸ ਤੋਂ ਵੱਧ ਸ਼ਲਾਘਾ ਵਾਲੀ ਗੱਲ ਇਹ ਹੈ ਕਿ ਆਪਣੀਆਂ ਲਿਖਤਾਂ ਰਾਹੀਂ ਭਗਤ ਸਿੰਘ ਮਾਰਕਸ, ਬਾਕੂਨਿਨ, ਲੈਨਿਨ, ਤਰਾਤਸਕੀ ਵਰਗੇ ਕੱਦਾਵਰ ਬੁੱਧੀਜੀਵੀਆਂ ਦੇ ਵਾਰਤਾਲਾਪ ਵਿੱਚ ਬਰਾਬਰ ਦਾ ਭਾਈਵਾਲ ਬਣ ਗਿਆ।

ਹਿੰਦੁਸਤਾਨ ਦੇ ਭੂਤਕਾਲ ਦੀ ਡੂੰਘੀ ਸਮਝ ਅਤੇ ਗਾਂਧੀ ਦਾ ਮਨ ਪੜ੍ਹਨ ਦੀ ਅਲੌਕਾਰੀ ਯੋਗਤਾ ਸਮੇਤ ਨਹਿਰੂ ਦੀਆਂ ਸੰਸਥਾਤਮਿਕ ਅਤੇ ਸਾਹਿਤਕ ਤੌਰ 'ਤੇ ਅਣਗਿਣਤ ਪ੍ਰਾਪਤੀਆਂ ਹਨ, ਪਰ ਉਹ ਵਿਸ਼ਵ-ਵਿਆਪੀ ਆਧੁਨਿਕਤਾ ਦੇ ਸਿਧਾਂਤਕ ਬਾਨੀਆਂ ਨਾਲ ਬਰਾਬਰੀ ਦੇ ਪੱਧਰ 'ਤੇ ਦਸਤਪੰਜਾ ਲੈਂਦਾ ਨਜ਼ਰ ਨਹੀਂ ਆਉਂਦਾ।

ਆਪਣੀ ਬੌਧਿਕ ਮੌਲਿਕਤਾ, ਨੈਤਿਕ ਮੁਕਾਮ ਅਤੇ ਸਿਖਰ ਦੀ ਕੁਰਬਾਨੀ ਵਿੱਚ ਭਗਤ ਸਿੰਘ ਦਾ ਕੋਈ ਸਾਨੀ ਨਹੀਂ। ਉਸ ਦੀਆਂ ਪੜ੍ਹਨ ਦੀਆਂ ਆਦਤਾਂ ਨੂੰ ਰਿਕਾਰਡ ਕਰਨ ਦਾ ਸਭ ਤੋਂ ਵੱਡਾ ਫਾਇਦਾ ਇਹ ਹੈ ਕਿ ਇਸ ਵਿਆਖਿਆਤਮਿਕ ਅਭਿਆਸ ਰਾਹੀਂ ਅਸੀਂ ਇਹ ਦੇਖਣਾ ਸ਼ੁਰੂ ਕਰ ਸਕਦੇ ਹਾਂ ਕਿ ਉਸ ਨੇ ਭਾਰਤ ਦੇ ਆਦਰਸ਼ ਲਈ ਕਿਸ ਤਰ੍ਹਾਂ ਦਾ ਭਵਿੱਖਮਈ ਨਕਸ਼ਾ ਪੇਸ਼ ਕੀਤਾ ਸੀ।

# ਪੰਜਾਬੀ ਸੁਭਾਅ ਅਜੇਹਾ ਕਿਉਂ ਹੈ



ਡਾ. ਲੋਕ ਰਾਜ

ਆਮ ਕਹਾਵਤ ਹੈ ਕਿ ਜਿਸ ਤਰ੍ਹਾਂ ਦਾ ਕਿਸੇ ਜਗ੍ਹਾ ਦਾ ਮੌਸਮ ਹੁੰਦਾ ਹੈ, ਉਸੇ ਤਰਾਂ ਦਾ ਉਸ ਇਲਾਕੇ ਵਿਚ ਰਹਿਣ ਵਾਲੇ ਲੋਕਾਂ ਦਾ ਸੁਭਾਅ ਹੁੰਦਾ ਹੈ। ਏਹੀ ਗੱਲ ਮਿੱਟੀ ਨਾਲ ਵੀ ਜੋੜੀ ਜਾਂਦੀ ਹੈ। ਮੌਸਮ ਵਾਲਾ ਤਾਲ ਮੇਲ ਪੰਜਾਬ ਤੇ ਕਾਫੀ ਢੁਕਦਾ ਲੱਗਦਾ ਹੈ। ਇੱਥੇ ਇੱਕ ਪਾਸੇ ਸਿਰੇ ਦੀ ਗਰਮੀ ਹੈ ਤੇ ਦੂਜੇ ਪਾਸੇ ਹੱਡਾਂ ਤੱਕ ਪਹੁੰਚਣ ਵਾਲੀ ਠੰਡ। ਬਰਸਾਤਾਂ ਵਿਚ ਅਕਸਰ ਹੜ੍ਹ ਆ ਜਾਂਦੇ ਨੇ ਤੇ ਕਈ ਵਾਰ ਸੌਣ ਵੀ ਸੁੱਕਾ ਨਿੱਕਲ ਜਾਂਦਾ ਹੈ। ਸਾਡੇ ਲੋਕਾਂ ਦਾ ਸੁਭਾਅ ਵੀ ਕੁਝ ਏਦਾਂ ਦਾ ਹੀ ਹੈ - ਕਦੇ ਬਹੁਤ ਗੁੱਸੇ ਵਾਲਾ ਤੇ ਕਦੇ ਬਹੁਤ ਹੀ ਨਰਮ! ਹੱਸਣ ਲੱਗਣ ਤਾਂ ਵੱਖੀਆਂ ਦੁਖਾ ਲੈਣ ਤੇ ਕਦੇ ਨਿੱਕੀ ਜਿਹੀ ਗੱਲ ਤੇ ਮੂੰਹ ਸੁਜਾਅ ਕੇ ਬੈਠ ਜਾਣ। ਮਖੌਲ ਕਰਨ ਲੱਗੇ ਰੱਬ ਨੂੰ ਵੀ ਨਹੀਂ ਬਖਸ਼ਦੇ ਤੇ ਦੂਜੇ ਪਾਸੇ ਇਸ ਗੱਲ ਤੋਂ ਕਤਲ ਕਰਨ ਤੇ ਆ ਜਾਣ ਕਿ ਘਰ ਦੇ ਅੱਗਿਓਂ ਕੋਈ ਖੰਘ ਕੇ ਲੰਘ ਗਿਆ। ਮੌਜ ਵਿਚ ਆਏ ਬਾਦਸ਼ਾਹਤ ਲੁਟਾ ਦੇਣ ਪਰ ਜ਼ਿੱਦ ਤੇ ਆ ਕੇ ਕਿਸੇ ਨੂੰ ਖੇਤ ਵਿਚ ਦੀ ਵੀ ਨਾ ਲੰਘਣ ਦੇਣ! ਕਹਿਣ ਦਾ ਮਤਲਬ ਇਹ ਕਿ ਜੋ ਵੀ ਕਰਨਾ ਸਿਰੇ ਦਾ ਕਰਨਾ, ਮੁਕਾਬਲੇਬਾਜ਼ੀ ਕਰਨੀ ਹਰ ਖੇਤਰ ਵਿਚ ਤੇ ਅੱਗੇ ਰਹਿਣ ਦੀ ਕੋਸ਼ਿਸ਼ ਕਰਨੀ।

ਪੰਜਾਬੀ ਸੁਭਾਅ ਆਖਰ ਇਸ ਤਰ੍ਹਾਂ ਦਾ ਕਿਵੇਂ ਬਣਿਆ। ਕਿਸੇ ਵੀ ਕੌਮ ਦੀ ਸਮੂਹਿਕ ਮਾਨਸਿਕਤਾ ਦਾ ਵਿਕਾਸ ਧਰਾਤਲ ਤੇ ਵਾਪਰਨ ਵਾਲੇ ਕੁਦਰਤੀ ਤੇ ਗੈਰ ਕੁਦਰਤੀ ਵਰਤਾਰਿਆਂ ਦੇ ਸਮਾਨਾਂਤਰ ਹੀ ਚੱਲਦਾ ਹੈ ਤੇ ਜਿਊਂਦੇ ਰਹਿਣ ਦੀ ਜੱਦੋਜਹਿਦ ਦਾ ਨਤੀਜਾ ਹੁੰਦਾ ਹੈ। ਪੰਜਾਬੀ ਕੌਮ ਦੇ ਸੰਧਰਭ ਵਿਚ ਇਸ ਵਿਕਾਸ ਨੂੰ ਸਮਝਣ ਲਈ ਇਹ ਖਿੱਤੇ ਦੀ ਤਵਾਰੀਖ ਨੂੰ ਜਾਨਣਾ ਤੇ ਸਮਝਣਾ ਬਹੁਤ ਜ਼ਰੂਰੀ ਹੈ।

ਭਾਰਤੀ ਉੱਪ ਮਹਾਂਦੀਪ ਦੇ ਇਸ ਭੂਗੋਲਿਕ ਖੇਤਰ ਨੇ ਜਿੰਨੀ ਉਥਲਪੁਥਲ ਆਪਣੇ ਪਿੰਡੇ ਤੇ ਹੰਢਾਈ ਹੈ ਓਨੀ ਸ਼ਾਇਦ ਹੀ ਕਿਸੇ ਹੋਰ ਖਿੱਤੇ ਦੇ ਹਿੱਸੇ ਆਈ ਹੋਵੇ। ਮੋਹਨ-ਜੋ-ਦਾੜੋ ਤੇ ਹੜੱਪਾ ਦੀ ਸਭਿਅਤਾ ਦਾ ਇਹ ਖੇਤਰ ਅੱਜ ਤੋਂ ਹਜ਼ਾਰਾਂ ਸਾਲ ਪਹਿਲਾਂ ਕਿੰਨਾ ਵਿਕਸਿਤ ਸੀ, ਇਹ ਜੱਗ ਜ਼ਾਹਿਰ ਹੋ ਚੁੱਕਾ ਹੈ। ਆਰੀਅਨਾਂ ਦੇ ਇਸ ਹਿੱਸੇ ਵਿਚ ਕਾਬਜ਼ ਹੋਣ ਤੋਂ ਬਾਅਦ ਹੁਣ ਤੱਕ ਜੋ ਕੁਝ ਹੁੰਦਾ ਰਿਹਾ ਹੈ, ਉਸ ਦਾ ਇਸ ਇਲਾਕੇ ਦੇ ਲੋਕਾਂ ਦੇ ਸੁਭਾਅ ਤੇ ਅਸਰ ਪਿਆ ਹੈ।

ਹਵਾ-ਪਾਣੀ ਦੇ ਲਿਹਾਜ ਨਾਲ ਇਹ ਇਲਾਕਾ ਖੇਤੀ ਬਾੜੀ ਲਈ ਬਹੁਤ ਹੀ ਉਪਜਾਊ ਹੋਣ ਕਰਕੇ ਹਮੇਸ਼ਾ ਹੀ ਬਾਕੀਆਂ ਲਈ ਖਿਚ ਦਾ ਕੇਂਦਰ ਬਣਿਆ ਰਿਹਾ? ਥਾਂ ਥਾਂ ਤੋਂ ਲੋਕ ਇਥੇ ਆ ਕੇ ਸਥਾਨਿਕ ਵਸੋਂ ਵਿਚ ਰਲਦੇ ਰਹੇ ਤੇ ਅੱਜ ਦੇ ਸਮੇਂ ਵਸੋਂ ਦੀ ਸਹੀ ਸਹੀ ਕੌਮੀ ਤੇ ਤਬਕਾਤੀ ਬਣਤਰ ਦਾ ਹਿਸਾਬ ਲਾਉਣਾ ਵੀ ਮੁਸ਼ਕਿਲ ਹੈ। ਜ਼ਿੰਦਗੀ ਨੂੰ ਚੱਲਦਾ ਰੱਖਣ ਦੀ ਤੇ ਇਸ ਨੂੰ ਅੱਗੇ ਵਧਾਉਣ ਦੀ ਕੁਦਰਤੀ ਇਛਾ ਸਭ ਜਿਊਂਦੀਆਂ ਪ੍ਰਜਾਤੀਆਂ ਵਿਚ ਹੁੰਦੀ ਹੈ? ਏਹੀ ਜਿਊਂਦੇ ਤੇ ਵਧਦੇ ਫੁੱਲਦੇ ਰਹਿਣ ਦੀ ਇਛਾ ਹੈ ਜਿਸ ਦਾ ਪ੍ਰਗਟਾਵਾ ਕੌਮ ਦੇ ਸੁਭਾਅ ਵਿਚ ਹੁੰਦਾ ਹੈ।

ਉੱਤਰੀ ਭਾਰਤ ਤੇ ਤਕਰੀਬਨ ਸਾਰੇ ਹਮਲੇ ਹਿੰਦੂ-ਕੁਸ਼ ਦਰੇ ਰਾਹੀਂ ਹੋਏ। ਆਰੀਆ, ਹੂਣ ਤੇ ਸਿਥੀਅਨ, ਮੁਗਲ, ਤੁਰਕ, ਅਫ਼ਗਾਨ ਵਗੈਰਾ ਸਭ ਇਸੇ ਰਸਤੇ ਤੋਂ ਆਏ ਤੇ ਸਥਾਨਕ ਵਸੋਂ ਨੂੰ ਸਭ ਨਾਲ ਲੜਨਾ ਪਿਆ ਜਾਂ ਕਈ ਵਾਰ ਸਮਝੌਤਾ ਕਰਨਾ ਪਿਆ। ਇਸ ਇਲਾਕੇ ਦੇ ਲੋਕਾਂ ਨੂੰ ਕਦੇ ਵੀ ਲੰਮਾ ਸਮਾਂ ਅਮਨ ਸ਼ਾਂਤੀ ਨਾਲ ਜਿਊਣ ਦਾ ਨਹੀਂ ਮਿਲਿਆ ਜਿਸ ਦੌਰਾਨ ਜ਼ਿੰਦਗੀ ਵਿਚ ਕੁਝ ਠਹਿਰਾਉ ਆਉਂਦਾ ਤੇ ਲੋਕ ਜਿਊਂਦੇ ਰਹਿਣ ਦੀ ਲੜਾਈ ਦਾ ਫਿਕਰ ਛੱਡ ਕੇ ਸੁਹਜ ਤੇ ਸਹਿਜ ਭਰੀ ਜ਼ਿੰਦਗੀ ਬਾਰੇ ਕੁਝ ਸੋਚ ਸਕਦੇ। ਕਲਾਤਮਕ ਰੁਚੀਆਂ ਦਾ ਵਿਕਾਸ ਵੀ ਉਦੋਂ ਹੀ ਹੁੰਦਾ ਹੈ ਜਦੋਂ ਜਿਊਂਦੇ ਰਹਿਣ ਦੀਆਂ ਮੁਢਲੀਆਂ ਲੋੜਾਂ ਵਲ ਧਿਆਨ ਦੇਣ ਦੀ ਲੋੜ ਨਾ ਰਹਿ ਗਈ ਹੋਵੇ ਤੇ ਇਸ ਦਾ ਅਸਰ ਮਨੁੱਖੀ ਸੁਭਾਅ ਤੇ ਵੀ ਪੈਂਦਾ ਹੈ।



ਪੰਜਾਬੀਆਂ ਤੇ ਇਹ ਵੀ ਇਲਜ਼ਾਮ ਲੱਗਦਾ ਹੈ ਕਿ ਇਹ ਲੜਨ ਮਰਨ ਲਈ ਹਮੇਸ਼ਾ ਤਿਆਰ ਰਹਿੰਦੇ ਨੇ। ਇਥੋਂ ਦੇ ਇਤਿਹਾਸ ਨੂੰ ਦੇਖਦੇ ਹੋਏ ਇਸ ਦਾ ਕਾਰਣ ਸਮਝਣਾ ਔਖਾ ਨਹੀਂ। ਜਿੱਥੇ ਆਏ ਦਿਨ ਹਮਲੇ ਹੁੰਦੇ ਰਹਿਣ, ਓਥੇ ਦੇ ਲੋਕਾਂ ਨੂੰ ਲੜਨਾ ਮਰਨਾ ਸਿੱਖਣਾ ਪੈਂਦਾ ਹੈ - ਇਹ ਉਨ੍ਹਾਂ ਦਾ ਕੋਈ ਸ਼ੌਕ ਨਹੀਂ, ਜਿਊਂਦੇ ਰਹਿਣ ਦੀ ਜ਼ਰੂਰਤ ਬਣ ਜਾਂਦੀ ਹੈ। ਇਸ ਅਣਕਿਆਸੀ ਤਰਜ਼-ਏ-ਜ਼ਿੰਦਗੀ ਨੇ ਪੰਜਾਬੀਆਂ ਦਾ ਸੁਭਾਅ ਜਿੱਥੇ ਕਾਹਲ ਭਰਿਆ ਬਣਾ ਦਿੱਤਾ ਓਥੇ ਜ਼ਿੰਦਗੀ ਵਿਚ ਜਿੰਨੇ ਕੁ ਪਲ ਮਿਲਣ ਉਨ੍ਹਾਂ ਦਾ ਇਸਤੇਮਾਲ ਵਧ ਤੋਂ ਵਧ ਕਰਨ ਦੀ ਖੂਬੀ ਵੀ ਭਰ ਦਿੱਤੀ? ਇਸੇ ਤਰਾਂ ਦੀ ਮਾਨਸਿਕਤਾ ਤੇ ਮਾਹੌਲ ਚੋਂ 'ਖਾਧਾ ਪੀਤਾ ਲਾਹੇ ਦਾ, ਬਾਕੀ ਅਹਿਮਦ ਸ਼ਾਹੇ ਦਾ' ਵਰਗੇ ਅਖਾਣ ਪੈਦਾ ਹੋਏ।

ਲਗਾਤਾਰ ਹਮਲਿਆਂ ਵਾਲੇ ਮਾਹੌਲ ਨੇ ਪੰਜਾਬੀਆਂ ਨੂੰ ਸ਼ੱਕੀ ਵੀ ਬਣਾ ਦਿੱਤਾ? ਇੱਕ ਤਾਂ ਇਹ ਭਰੋਸਾ ਨਹੀਂ ਕਿ ਅਮਨ ਕਦੋਂ ਤੱਕ ਰਹੇਗਾ ਤੇ ਦੂਜਾ ਅਜੇਹੇ ਮਾਹੌਲ ਵਿਚ ਸਾਜਿਸ਼ਾਂ ਵੀ ਜਨਮ ਲੈਂਦੀਆਂ ਨੇ ਤੇ ਅਫਵਾਹਾਂ ਵੀ। ਇਸ ਸਭ ਕਾਸੇ ਦੇ ਰੂਬਰੂ ਕਿਸੇ ਤੇ ਭਰੋਸਾ ਕਰਨਾ ਔਖਾ ਹੋ ਜਾਂਦਾ ਹੈ। ਜਦੋਂ ਸੁਭਾਅ ਵਿਚ ਸ਼ੱਕ ਕਰਨ ਦੀ ਪ੍ਰਵਿਰਤੀ ਆ ਜਾਵੇ ਤਾਂ ਬੰਦਾ ਆਪਣੇ ਨਾਲ ਜੁੜੀ ਹਰ ਚੀਜ਼ ਨੂੰ ਘੁੱਟ ਕੇ ਫੜ ਕੇ ਰੱਖਣ ਦੀ ਕੋਸ਼ਿਸ਼ ਕਰਦਾ ਹੈ, ਜਿਸ ਨੂੰ ਅੰਗਰੇਜ਼ੀ ਵਾਲੇ over-possessive ਹੋਣਾ ਕਹਿੰਦੇ ਨੇ। ਆਪਣੇ ਬੱਚਿਆਂ, ਖਾਸ ਕਰਕੇ ਲੜਕੀਆਂ, ਆਪਣੀ ਜ਼ਮੀਨ-ਜਾਇਦਾਦ ਤੇ ਪਸ਼ੂ-ਧਨ ਪ੍ਰਤੀ ਪੰਜਾਬੀ ਇੰਨੇ ਪੋਜ਼ੈਸਿਵ ਕਿਓਂ ਨੇ, ਇਸ ਨੂੰ ਇਸੇ ਇਤਿਹਾਸਿਕ ਪ੍ਰਸੰਗ ਵਿਚ ਸਮਝਣ ਦੀ ਲੋੜ ਹੈ। ਸਾਨੂੰ ਸਾਡੀ ਪਿਆਰੀ ਚੀਜ਼ ਖੁੱਸ ਜਾਣ ਦਾ ਡਰ ਹਮੇਸ਼ਾ ਲੱਗਾ ਰਹਿੰਦਾ ਹੈ। ਪੰਜਾਬ ਦੇ ਪਿਆਰ-ਇਸ਼ਕ ਦੇ ਕਿੱਸਿਆਂ ਵਿਚ ਜਿੰਨੀ ਸ਼ਿੱਦਤ ਹੈ, ਓਨੀ ਸ਼ਾਇਦ ਹੀ ਕਿਸੇ ਹੋਰ ਕੌਮ ਦੇ ਕਿੱਸਿਆਂ ਵਿਚ ਹੋਵੇ।

ਲੜਦੇ ਲੜਦੇ ਜਦੋਂ ਅੱਕ ਥੱਕ ਗਏ ਤਾਂ ਪੰਜਾਬੀਆਂ ਨੇ ਹੋਰ ਪੈਂਤੜਾ ਅਪਨਾਉਣਾ ਸ਼ੁਰੂ ਕੀਤਾ - ਜੇ ਦੁਸ਼ਮਣ ਨੂੰ ਹਰਾ ਨਹੀਂ ਸਕਦੇ ਤਾਂ ਉਸ ਦੇ ਨਾਲ ਰਲ ਜਾਓ ਜਾਂ ਉਸੇ ਦੀ ਪਛਾਣ ਤੇ ਵਿਓਹਾਰ ਅਪਣਾ ਲਓ। ਇਤਿਹਾਸ ਵਿਚ ਹੋਰ ਵੀ ਬਹੁਤ ਕੌਮਾਂ ਨੇ ਜਿਊਂਦੇ ਰਹਿਣ ਲਈ ਇਹ ਸਾਧਨ ਵਰਤਿਆ ਹੈ ਤੇ ਪੰਜਾਬੀਆਂ ਨੇ ਵੀ। ਇਸ ਦੀ ਸ਼ੁਰੂਆਤ ਪੋਰਸ ਦੀ ਹਾਰ ਤੋਂ ਬਾਅਦ ਹੋਈ ਲੱਗਦੀ ਹੈ। ਯੂਨਾਨੀਆਂ ਤੋਂ ਬਾਅਦ ਦੂਜਾ ਵੱਡਾ ਹਮਲਾ ਮੁਹੰਮਦ ਬਿਨ-ਕਾਸਿਮ ਜਾਂ ਕਹਿ ਲਓ ਕਿ ਇਸਲਾਮ ਦਾ ਸੀ? ਸਿੰਧ ਤੋਂ ਬਾਅਦ ਜਦੋਂ ਉਹ ਪੰਜਾਬ ਵਲ ਵਧਿਆ ਤਾਂ ਪੰਜਾਬੀ ਜਲਦੀ ਤਾੜ ਗਏ ਕਿ ਉਸ ਨੂੰ ਹਰਾਉਣਾ ਆਸਾਨ ਨਹੀਂ ਸੀ? ਇਸ ਖਿੱਤੇ ਵਿਚ ਮੁਹੰਮਦ ਬਿਨ ਕਾਸਿਮ ਨੂੰ ਹੀ ਨਹੀਂ, ਇਸਲਾਮ ਨੂੰ ਵੀ ਅਪਨਾਉਣ ਦੀ ਲਹਿਰ ਚੱਲ ਪਈ। ਮਨੋਵਿਗਿਆਨ ਵਿਚ ਇਸ ਵਰਤਾਰੇ ਨੂੰ 'identifying with the aggressor ਕਿਹਾ ਜਾਂਦਾ ਹੈ? ਇਸ ਤੋਂ ਬਾਅਦ ਦੀ ਤਵਾਰੀਖ ਗਵਾਹ ਹੈ ਕਿ ਪੰਜਾਬੀਆਂ ਨੇ ਜ਼ਿਆਦਾਤਰ ਇਸੇ ਵਰਤਾਰੇ ਦੀ ਵਰਤੋਂ ਕੀਤੀ ਹੈ? ਸਿਰਫ ਉਸ ਪਛਾਣ ਨੂੰ ਅਪਨਾਇਆ ਹੀ ਨਹੀਂ, ਬਲਕਿ ਆਪਣੇ ਆਪ ਨੂੰ ਸਭ ਤੋਂ ਉਚੇ ਸੁਚੇ ਮੁਸਲਮਾਨ ਸਾਬਿਤ ਕਰਨ ਦੀ ਕੋਸ਼ਿਸ਼ ਵੀ ਕੀਤੀ - ਇਹ ਵਰਤਾਰਾ ਲਹਿੰਦੇ ਪੰਜਾਬ ਵਿਚ ਹਾਲੇ ਵੀ ਆਪਣੇ ਪੂਰੇ ਜਲੌਅ ਵਿਚ ਦੇਖਿਆ ਜਾ ਸਕਦਾ ਹੈ? ਇਸ ਨੂੰ ਠੱਲ੍ਹ ਸਿੱਖਾਂ ਦੇ ਪੰਜਾਬ ਦੀ ਰਾਜਨੀਤੀ ਵਿਚ ਉਭਾਰ ਨੇ ਪਾਈ ਜਦੋਂ ਬੰਦਾ ਬਹਾਦਰ ਨੇ ਪਹਿਲੀ ਸਿੱਖ ਰਿਆਸਤ ਦੀ ਨੀਂਹ ਰੱਖੀ ਤੇ ਉਸ ਤੋਂ ਉਪਰੰਤ ਮਿਸਲਾਂ ਦੇ ਸਰਦਾਰਾਂ ਨੇ ਮਿਲ ਕੇ ਪੂਰੇ ਪੰਜਾਬ ਵਿਚ 'ਸਿੱਖਾ-ਸ਼ਾਹੀ' ਦਾ ਸਿੱਕਾ ਜਮਾ ਦਿੱਤਾ ਅਤੇ ਬਾਰ ਬਾਰ ਹਮਲੇ ਕਰਨ ਵਾਲੇ ਅਫਗਾਨਾਂ ਨੂੰ ਉਨ੍ਹਾਂ ਦੇ ਪਹਾੜਾਂ ਵਿਚ ਵਾਪਿਸ ਧੱਕ ਦਿੱਤਾ? ਇਸ ਸਮੇਂ ਵਿਚ ਸਿੱਖ ਮਤ ਦਾ ਫੈਲਾਅ ਹੋਰ ਹੋਇਆ ਤੇ ਬਹੁਤ ਸਾਰੇ ਪੰਜਾਬੀ ਜੋ ਪਹਿਲਾਂ ਮੁਸਲਮਾਨ ਬਣ ਚੁੱਕੇ ਸਨ, ਸਿੱਖ ਬਣ ਗਏ। ਇਸ ਦਾ ਸਬੂਤ ਸਿੱਖਾਂ, ਰਾਜਪੂਤਾਂ ਤੇ ਮੁਸਲਮਾਨਾਂ ਦੇ ਬਹੁਤ ਸਾਰੇ ਸਾਂਝੇ ਗੋਤਾਂ ਤੋਂ ਮਿਲ ਜਾਂਦਾ ਹੈ। ਇਹ ਵਰਤਾਰਾ ਇਹ ਵੀ ਸਿਧ ਕਰਦਾ ਹੈ ਕਿ ਧਾਰਮਿਕ ਪ੍ਰਵਰਤਣ ਕਿਸੇ ਧਰਮ ਦੇ ਅਧਿਆਤਮਕ ਪੱਖ ਕਰਕੇ ਨਹੀਂ, ਬਲਕਿ ਉਸ ਨਾਲ ਜੁੜੀ ਰਾਜਸੀ ਤੇ ਆਰਥਿਕ ਸ਼ਕਤੀ ਨਾਲ ਜੁੜਿਆ ਹੁੰਦਾ ਹੈ ਕਿਓਂਕਿ ਪਹਿਲੀ ਲੋੜ ਹਮੇਸ਼ਾ ਜੀਵਨ ਨੂੰ ਚੱਲਦਾ ਰੱਖਣ ਦੀ ਹੁੰਦੀ ਹੈ।

ਆਪਣੇ ਤੋਂ ਤਕੜੇ ਦੁਸ਼ਮਣ ਨਾਲ ਮਿਲ ਜਾਣ ਦਾ ਵਰਤਾਰਾ ਅੰਗਰੇਜਾਂ ਦੇ ਵੇਲੇ ਤੱਕ ਜਾਰੀ ਰਿਹਾ। ਪੰਜਾਬੀਆਂ ਦੇ ਸਿਰੇ ਦੇ ਵੱਖਰੇ ਸੁਭਾਅ ਦੀ ਮਿਸਾਲ ਹਰ ਪੜਾਅ ਦੌਰਾਨ ਨੁਮਾਇਆ ਰਹੀ ਹੈ। ਮੁਗਲਾਂ ਦੇ ਸਮੇਂ ਉਨ੍ਹਾਂ ਦੇ ਰਾਜ ਨੂੰ ਪੱਕਿਆਂ ਕਰਨ ਵਾਲੇ ਤੇ ਉਨ੍ਹਾਂ ਲਈ ਲੜਨ ਵਾਲੇ ਵੀ ਸਨ ਤੇ ਦੂਜੇ ਪਾਸੇ ਬਗਾਵਤ ਦਾ ਝੰਡਾ ਬੁਲੰਦ ਕਰਨ ਵਾਲੇ ਦੁੱਲੇ ਭੱਟੀ ਵੀ ਸਨ? ਏਹੀ ਵੱਖਰੇਵਾਂ ਅੰਗਰੇਜਾਂ ਦੇ ਸਮੇਂ ਵੀ ਨਜਰ ਆਉਂਦਾ ਹੈ - ਇੱਕ ਪਾਸੇ 'ਟੋਡੀ-ਬੱਚੇ' ਤੇ ਦੂਜੇ ਪਾਸੇ ਬੱਬਰ ਅਕਾਲੀ, ਗਦਰੀ ਬਾਬੇ, ਰਾਇ ਨਵਾਜ਼ ਖਰਲ, ਊਧਮ ਸਿੰਘ ਤੇ ਭਗਤ ਸਿੰਘ ਵਰਗੇ ਜਾਨਾਂ ਵਾਰਨ ਵਾਲੇ? ਇਸ ਵੱਖਰੇਵੇਂ ਦਾ ਸਭ ਤੋਂ ਮਾੜਾ ਅਸਰ ਇਹ ਹੋਇਆ ਕਿ ਪੰਜਾਬੀ ਆਪਣੀ ਇੱਕ ਕੌਮੀ ਪਛਾਣ ਨਹੀਂ ਬਣਾ ਸਕੇ। ਮਹਾਰਾਜਾ ਰਣਜੀਤ ਸਿੰਘ ਦੇ ਸਮੇਂ ਪੰਜਾਬ ਨੂੰ ਬੇਸ਼ੱਕ ਰਾਜਨੀਤਕ ਤੌਰ 'ਤੇ ਕਾਫੀ ਹੱਦ ਤੱਕ ਇਕੱਠਾ ਕਰ ਲਿਆ ਗਿਆ ਸੀ, ਪਰ ਇਹ ਤਲਵਾਰ ਦੇ ਜੋਰ ਤੇ ਕੀਤਾ ਹੋਇਆ ਕੰਮ ਸੀ ਨਾ ਕਿ ਕੌਮੀ ਪਛਾਣ ਦੇ ਅਧਾਰ ਤੇ? ਇਸੇ ਲਈ ਮਹਾਰਾਜਾ ਰਣਜੀਤ ਸਿੰਘ ਦੇ ਚਲਾਣੇ ਤੋਂ ਬਾਅਦ ਪੰਜਾਬੀ ਸਾਮਰਾਜ ਨੂੰ ਖਿੰਡਣ ਵਿਚ ਇੱਕ ਦਹਾਕਾ ਵੀ ਨਹੀਂ ਲੱਗਿਆ।

ਪੰਜਾਬੀਆਂ ਵਿਚ ਕੌਮੀਅਤ ਦੀ ਭਾਵਨਾ ਦੀ ਘਾਟ ਤੇ ਫਿਰਕਿਆਂ ਵਿਚ ਇਸ ਦੀ ਵੰਡ ਨੂੰ ਅੰਗ੍ਰੇਜ਼ ਦੀ ਪੈਨੀ ਅੱਖ ਨੇ ਜਲਦੀ ਹੀ ਤਾੜ ਲਿਆ ਸੀ ਤੇ ਉਸ ਨੇ ਇਸ ਪਾੜੇ ਦਾ ਪੂਰਾ ਇਸਤੇਮਾਲ ਕੀਤਾ? ਅੰਗਰੇਜ਼ਾਂ ਦੇ ਜਾਣ ਦੇ ਵਕਤ ਦੇ ਨਜਦੀਕ ਭਾਰਤ ਦੀ ਕੌਮੀ ਲੀਡਰਸ਼ਿਪ ਨੇ ਵੀ ਪੰਜਾਬਾਂ ਵਿਚਲੀ ਇਸ ਘਾਟ ਆਤੇ ਇਨ੍ਹਾਂ ਦੇ ਸੁਭਾਅ ਵਿਚਲੀ ਅਸਥਿਰਤਾ ਨੂੰ ਵਰਤਦਿਆਂ ਹੋਇਆਂ ਇਸ ਖਿੱਤੇ ਨਾਲ ਪੂਰਾ ਪੂਰਾ ਖਿਲਵਾੜ ਕੀਤਾ। ਦੂਜੇ ਪਾਸੇ ਪੰਜਾਬੀਆਂ ਨੇ ਆਪਣੇ ਆਪ ਨੂੰ ਕੱਟੜ ਮੁਸਲਮਾਨ, ਹਿੰਦੂ ਤੇ ਸਿੱਖ ਸਾਬਤ ਕਰਨ ਦੀ ਹੋੜ ਵਿਚ ਇੱਕ ਦੂਜੇ ਨੂੰ ਨਾ ਸਿਰਫ ਕਤਲ ਹੀ ਕੀਤਾ, ਇਕ ਦੂਜੇ ਦੀਆਂ ਪਤਨੀਆਂ ਮਾਵਾਂ, ਧੀਆਂ ਭੈਣਾਂ ਦੀ ਇਜ਼ਤ ਲੁੱਟਦੇ ਹੋਏ ਵੀ ਸ਼ਰਮ ਨਹੀਂ ਕੀਤੀ? ਦੇਸ਼ ਦੀ ਵੰਡ ਸਮੇਂ (ਜੋ ਅੰਗਰੇਜ਼ਾਂ ਤੇ ਗੈਰ ਪੰਜਾਬੀ ਕੌਮੀ ਲੀਡਰਾਂ ਨੇ ਵਿਉਂਤੀ ਸੀ) ਪੰਜਾਬੀਆਂ ਨੇ ਆਪਸ ਵਿਚ ਲੜ ਕੇ ਦਸ ਲੱਖ ਜਾਨਾਂ ਗੁਆਈਆਂ। ਇਸ ਤਰ੍ਹਾਂ ਦੀ ਮਿਸਾਲ ਕਿਸੇ ਵੀ ਹੋਰ ਕੌਮ ਵਿਚ ਨਹੀਂ ਮਿਲਦੀ? 'ਪੰਜਾਬੀਆਂ ਦੀ ਸ਼ਾਨ ਵੱਖਰੀ' ਵਰਗੇ ਗੀਤਾਂ ਤੇ ਭੰਗੜਾ ਪਾਉਣ ਵਾਲੇ ਪੰਜਾਬੀ ਆਪਣੇ ਸੁਭਾਅ ਦੇ ਇਸ ਅੰਸ਼ ਦਾ ਵਿਸ਼ਲੇਸ਼ਣ ਕਰਨ ਲਈ ਵੀ ਆਪਣੇ ਅੰਦਰ ਸ਼ਾਇਦ ਹੀ ਝਾਤੀ ਮਾਰਦੇ ਹੋਣ। ਹੱਕੀ ਲੜਾਈ ਲੜਨ ਤੋਂ ਹਟ ਕੇ, ਸਾਲਾਂ ਬਧੀ ਜੋ ਅਚੇਤ ਮਨਾਂ ਅੰਦਰ ਆਤਮ-ਗਿਲਾਨੀ ਤੇ ਰੋਹ ਭਰਦਾ ਰਹਿੰਦਾ ਹੈ, ਓਹ ਇਸ ਤਰਾਂ ਫੁੱਟ ਕੇ ਬਾਹਰ ਨਿੱਕਲ ਸਕਦਾ ਹੈ ਤੇ ਦੁਸ਼ਮਣ ਨੂੰ ਪਛਾਣ ਕੇ ਉਸ ਖਿਲਾਫ਼ ਲੜਨ ਦੀ ਬਜਾਇ ਆਪਸ ਵਿਚ ਲੜ ਮਰ ਕੇ ਕੌਮੀਅਤ ਦੀ ਇੱਕਮੁਠਤਾ ਨੂੰ ਹੋਰ ਧੱਕਾ ਲਾ ਦਿੰਦਾ ਹੈ। ਜਿਵੇਂ ਮਾੜੇ ਕਰਮ ਕਰਣ ਵਾਲਾ ਆਦਮੀ ਅਕਸਰ ਆਪਣੀ ਬਰਬਾਦੀ ਦਾ ਕੋਈ ਨਾ ਕੋਈ ਰਾਹ ਲਭ ਲੈਂਦਾ ਹੈ, ਉਸੇ ਤਰ੍ਹਾਂ ਹੀ ਕੌਮਾਂ ਨਾਲ ਵਾਪਰਦਾ ਹੈ।

ਅੰਗਰੇਜ਼ਾਂ ਦੀ ਰੀਸ ਕਰਨ ਤੇ ਉਨ੍ਹਾਂ ਦੇ ਨਜਦੀਕ ਹੋਣ ਦਾ ਹੀ ਨਤੀਜਾ ਸੀ ਕਿ ਅੰਗ੍ਰੇਜ਼ ਫੌਜ ਵਿਚ ਭਰਤੀ ਹੋ ਕੇ ਦੋਵੇ ਸੰਸਾਰ ਜੰਗਾਂ ਵਿਚ ਓਨੇ ਬਰਤਾਨਵੀ ਫੌਜੀ ਹਲਾਕ ਨਹੀਂ ਹੋਏ ਹੋਣਗੇ ਜਿੰਨੇ ਪੰਜਾਬੀ ਹੋਏ ਸਨ? ਉਨ੍ਹਾਂ ਦੀ ਹੀ ਰੀਸੇ ਪੰਜਾਬੀਆਂ ਨੇ ਆਪਣੀ ਭੂਗੋਲਿਕ ਹੱਦ ਤੋਂ ਬਾਹਰ ਜਾ ਕੇ ਰੋਜਗਾਰ ਤਲਾਸ਼ ਕਰਨ ਦੀ ਪਿਰਤ ਭਾਰਤ ਵਿਚ ਸ਼ੁਰੂ ਕੀਤੀ। ਅੱਜ ਓਨੇ ਪੰਜਾਬੀ ਭਾਰਤ ਵਿਚ ਨਹੀਂ ਜਿੰਨੇ ਬਾਹਰ ਦੇ ਮੁਲਖਾਂ ਵਿਚ ਜਾ ਵਸੇ ਨੇ। ਇਸ ਵਰਤਾਰੇ ਨੇ ਪੰਜਾਬੀਆਂ ਦੀ ਕੌਮੀਅਤ ਦੀ ਭਾਵਨਾ ਨੂੰ ਹੋਰ ਕਮਜ਼ੋਰ ਕੀਤਾ ਹੈ। ਬੇਸ਼ੱਕ ਹਰ ਪੰਜਾਬੀ, ਚਾਹੇ ਓਹ ਜਿਥੇ ਵੀ ਹੋਵੇ, ਹਾਲੇ ਵੀ ਪੰਜਾਬ ਨਾਲ ਜੁੜਿਆ ਰਹਿਣਾ ਚਾਹੁੰਦਾ ਹੈ ਤੇ ਇਸ ਵਿਚ ਮਾਣ ਮਹਿਸੂਸ ਕਰਦਾ ਹੈ, ਪਰ ਇੱਕ ਕੌਮ ਨੂੰ ਪਨਪਣ ਲਈ ਤੇ ਮਜਬੂਤ ਹੋਣ ਲਈ ਪਹਿਲੀ ਲੋੜ ਇੱਕ ਭੂਗੋਲਿਕ ਖੇਤਰ ਦੀ ਤੇ ਦੂਸਰੀ ਸਾਂਝੀ ਬੋਲੀ ਦੀ ਹੁੰਦੀ ਹੈ।

ਇਤਿਹਾਸ ਦੇ ਸਫਰ ਦੌਰਾਨ ਵਿਚਰਦਿਆਂ ਹੋਇਆਂ ਪੰਜਾਬੀ ਜਿਸ ਬੇਯਕੀਨੀ ਦਾ ਸ਼ਿਕਾਰ ਰਹੇ, ਉਸ ਨੇ ਇਨ੍ਹਾਂ ਦੇ ਸੁਭਾਅ ਨੂੰ ਸ਼ੱਕੀ ਦੇ ਨਾਲ ਨਾਲ ਬੇਹੱਦ ਮੁਕਾਬਲੇਬਾਜ਼ੀ ਵਾਲਾ ਵੀ ਬਣਾ ਦਿੱਤਾ। ਜਦੋਂ ਸਾਧਨ ਸੀਮਤ ਹੋ ਜਾਣ ਤਾਂ ਮੁਕਾਬਲੇਬਾਜ਼ੀ ਕੁਦਰਤੀ ਵਰਤਾਰਾ ਹੈ ਕਿਓਂਕਿ ਤਕੜਾ (ਜਾਂ ਫਿਰ ਚਲਾਕ) ਹੀ ਉਨ੍ਹਾਂ ਚੋਂ ਵੱਡਾ ਹਿੱਸਾ ਲੈ ਸਕਦਾ ਹੈ। ਵੰਡ ਛਕਣ ਦਾ ਅਸੀਂ ਪਾਠ ਜਰੂਰ ਪੜ੍ਹਿਆ ਹੈ ਪਰ ਓਹ ਗੱਲ ਪਾਠ ਤੱਕ ਹੀ ਸੀਮਤ ਹੈ। ਪਿੰਡਾਂ ਵਿਚ ਅੱਜ ਕਲ ਉੱਸਰ ਰਹੇ ਕੋਠੀਆਂ ਨੁਮਾ ਮਕਾਨਾਂ ਤੇ ਇੱਕ ਨਜਰ ਮਾਰਨ ਨਾਲ ਹੀ ਪਤਾ ਲੱਗ ਜਾਏਗਾ ਮੁਕਾਬਲੇਬਾਜ਼ੀ ਤੇ ਦਿਖਾਵੇਬਾਜੀ ਦੀ ਇਸ ਪ੍ਰਵਿਰਤੀ ਦਾ। ਕੋਠੀਆਂ ਤੋਂ ਇਲਾਵਾ ਕਾਰਾਂ/ਜੀਪਾਂ, ਟਰੈਕਟਰ, ਵਿਆਹਵਾਂ ਆਦਿ ਤੇ ਖਰਚ ਦਾ ਕਾਰਣ ਮੁਕਾਬਲੇਬਾਜ਼ੀ ਜ਼ਿਆਦਾ ਤੇ ਲੋੜ ਘੱਟ ਹੁੰਦੀ ਹੈ। ਅੱਜਕਲ ਵਾਲੀ ਇਹ ਦਿਖਾਵੇਬਾਜ਼ੀ ਅਸਲ ਵਿਚ ਆਪਣੇ ਆਪ ਨੂੰ ਸਥਾਪਿਤ ਤੇ ਸੁਰੱਖਿਅਤ ਮਹਿਸੂਸ ਕਰਨ ਦੀ ਅਚੇਤ ਲੋੜ ਦਾ ਹੀ ਬਾਹਰੀ ਪ੍ਰਗਟਾਵਾ ਹੈ, ਜਿਸ ਦੀ ਲੋੜ ਪੰਜਾਬੀਆਂ ਨੂੰ ਹਾਲੇ ਵੀ ਮਹਿਸੂਸ ਹੁੰਦੀ ਹੈ ਤੇ ਇਹ ਵਿਓਹਾਰ ਸਾਡੇ ਸੁਭਾਅ ਦਾ ਅਟੁੱਟ ਹਿੱਸਾ ਬਣ ਚੁੱਕਾ ਹੈ। ਅਜ਼ਾਦੀ ਤੋਂ ਬਾਅਦ ਦੇ ਰਾਜਨੀਤਕ ਹਾਲਾਤ ਨੇ ਵੀ ਪੰਜਾਬ ਦੀ ਦੁਬਾਰਾ ਵੰਡ, ਅੱਸੀਵਿਆਂ ਦੀ ਵੱਖਵਾਦੀ ਲਹਿਰ ਤੇ ਚੁਰਾਸੀ ਦੀਆਂ ਘਟਨਾਵਾਂ ਨੇ ਇਸ ਅਸੁਰੱਖਿਆ ਵਾਲੀ ਭਾਵਨਾ ਨੂੰ ਹੋਰ ਮਜਬੂਤ ਹੀ ਕੀਤਾ ਹੈ ਤੇ ਪੰਜਾਬੀ ਸੁਭਾਅ ਹਾਲੇ ਵੀ ਆਪਣੀ ਹੋਂਦ ਨੂੰ ਬਰਕਰਾਰ ਰੱਖਣ ਦੇ ਆਹਰ ਦਾ ਪ੍ਰਗਟਾਵਾ ਬਣਿਆ ਹੋਇਆ ਹੈ।

SHAHEED BHAGAT SINGH BOOK CENTRE
Calgary Canada

ਸ਼ਹੀਦ ਭਗਤ ਸਿੰਘ ਬੁੱਕ ਸੈਂਟਰ
A Non-Profit, Volunteer Service to Promote
New Readership & Encourage New Writers!

Book Exhibition & Sale!
Contact: Master Bhajan Singh at 403-455-4220



ਯਸ਼ ਪਾਲ
98145 35005

ਕਿੱਤੇ ਨਾਲੋਂ ਵਿਯੋਗਿਆ ਅਧਿਆਪਕ

# ਅਧਿਆਪਕ ਆਪਣੀ ਚੇਤਨ ਸਮਾਜਿਕ ਭੂਮਿਕਾ ਪਹਿਚਾਣੇ

ਸਮੁੱਚੀ ਸਿੱਖਿਆ ਪ੍ਰਣਾਲੀ ਦੇ ਮੰਚ ਦਾ ਕੇਂਦਰੀ ਪਾਤਰ ਅਧਿਆਪਕ ਤੇ ਕੇਂਦਰੀ ਬਿੰਦੂ ਵਿਦਿਆਰਥੀ ਹੀ ਬਣਦਾ ਹੈ। ਸਿੱਖਿਆ ਪ੍ਰਣਾਲੀ ਦੇ ਬਾਕੀ ਸਭ ਅੰਗ ਸਹਾਇਕ ਸਮੱਗਰੀ ਦਾ ਰੋਲ ਹੀ ਨਿਭਾਉਂਦੇ ਹਨ। ਸਿੱਖਿਆ ਕਿਹੋ ਜਿਹੀ ਦੇਣੀ ਹੈ, ਕਿਵੇਂ ਦੇਣੀ ਹੈ, ਇਸ ਦਾ ਸਾਧਨ ਅਧਿਆਪਕ ਹੀ ਬਣਦਾ ਹੈ। ਹੋਰਨਾਂ ਵਰਗਾਂ ਦੇ ਮੁਕਾਬਲਤਨ ਅਧਿਆਪਕ ਦਾ ਹੱਥ ਸਮਾਜ ਦੀ ਇੱਕ ਅਜਿਹੀ ਕੱਲ੍ਹ 'ਤੇ ਹੈ (ਬੱਚਿਆਂ ਦੀ ਪੀੜ੍ਹੀ ਦਰ ਪੀੜ੍ਹੀ) ਜਿਸ ਰਾਹੀਂ ਉਹ ਸਮੁੱਚੀ ਕੌਮ ਦੀ ਤਬਦੀਲੀ ਦਾ ਸਾਧਨ ਬਣ ਸਕਦਾ ਹੈ। ਪ੍ਰੰਤੂ ਤਾਂ ਹੀ ਜੇ ਉਹ ਖੁਦ ਇਸ ਪੱਖੋਂ ਸੁਚੇਤ ਹੈ। ਇਸੇ ਕਾਰਨ ਅਧਿਆਪਕ ਨੂੰ 'ਕੌਮ ਦੇ ਨਿਰਮਾਤਾ' ਦਾ ਖਿਤਾਬ ਮਿਲਿਆ ਹੋਇਆ ਹੈ ਅਤੇ ਬੱਚਿਆਂ ਨੂੰ 'ਭਵਿੱਖ ਦੇ ਉਸਰੱਈਏ' ਦਾ। ਪ੍ਰੰਤੂ ਸਿੱਖਿਆ ਪ੍ਰਣਾਲੀ ਸਾਡੀ ਆਰਥਿਕ-ਸਮਾਜਕ ਪ੍ਰਣਾਲੀ ਦੀ ਹੀ ਉਸਾਰ ਬਿੰਬ (ਸੁਪਰ ਸਟਰੱਕਚਰ) ਹੋਣ ਕਾਰਨ, ਸਮੇਂ ਦੇ ਆਰਥਿਕ-ਸਮਾਜਿਕ ਪ੍ਰਬੰਧ 'ਤੇ ਕਾਬਜ਼ ਜਮਾਤਾਂ ਦੇ ਹਿੱਤਾਂ ਦੀ ਹੀ ਪੂਰਤੀ ਦਾ ਸਾਧਨ ਹੀ ਬਣਦੀ ਰਹੀ ਹੈ। ਮੌਜੂਦਾ ਲੁਟੇਰੇ ਆਰਥਿਕ-ਸਮਾਜਿਕ ਪ੍ਰਬੰਧ ਅੰਦਰ ਵੀ ਕਾਬਜ਼ ਹਾਕਮ ਜਮਾਤਾਂ ਦੀ ਇੱਛਾ ਇਹੋ ਹੀ ਰਹੀ ਹੈ ਕਿ ਉਹ ਅਧਿਆਪਕ ਨੂੰ ਅਜਿਹੀ ਕੁਠਾਲੀ ਵਿਚ ਢਾਲੇ ਕਿ ਉਹ ਉਹਨਾਂ ਦੇ ਹਿੱਤ ਦੀ ਪੂਰਤੀ ਦਾ ਸਾਧਨ ਬਣ ਸਕੇ ਅਤੇ ਇਹਨਾਂ ਹਿੱਤਾਂ ਦੇ ਅਨੁਸਾਰੀ ਹੀ ਉਹਨਾਂ ਵੱਲੋਂ ਤਿਆਰ ਕੀਤੇ ਪਾਠ- ਕ੍ਰਮਾਂ ਨੂੰ ਤੇ ਉਹਨਾਂ ਅੰਦਰ ਸਮੋਏ ਵਿਸ਼ੇ ਦੇ ਤੱਤ ਨੂੰ ਖੁਦ ਪ੍ਰਵਾਨ ਕਰਕੇ ਬੱਚਿਆਂ/ਵਿਦਿਆਰਥੀਆਂ ਨੂੰ ਵੀ ਉਸੇ ਰੂਪ ਵਿਚ ਹੀ ਪੇਸ਼ ਕਰੇ। ਉਹਨਾਂ ਵੱਲੋਂ ਨਿਰਧਾਰਤ ਕੀਤੀ ਪ੍ਰੀਖਿਆ ਪ੍ਰਣਾਲੀ ਤੇ ਮੁੱਲਅੰਕਣ ਵਿਧੀ ਨੂੰ ਹੀ ਲਾਗੂ ਕਰਕੇ। ਪਾਠਕ੍ਰਮ ਕਿਹੋ ਜਿਹਾ ਹੋਵੇ, ਵਿਸ਼ੇ ਦਾ ਤੱਤ ਕੀ ਹੋਵੇ, ਅਧਿਆਪਨ ਵਿਧੀ ਕੀ ਹੋਵੇ, ਪ੍ਰੀਖਿਆ ਪ੍ਰਣਾਲੀ ਕਿਹੋ ਜਿਹੀ ਹੋਵੇ, ਮੁਲਅੰਕਣ ਦਾ ਮਾਪਦੰਡ ਕੀ ਹੋਵੇ, ਇਸ ਸਾਰੀ ਪ੍ਰਕਿਰਿਆ ਵਿਚ ਅਧਿਆਪਕ ਦੀ ਸ਼ਮੂਲੀਅਤ ਨੂੰ ਨਜ਼ਰਅੰਦਾਜ਼ ਕੀਤਾ ਜਾਂਦਾ ਹੈ। ਸਮਾਜ ਅੰਦਰ ਅਧਿਆਪਕ ਦੀ ਬੇਹੱਦ ਮਹੱਤਵਪੂਰਨ ਭੂਮਿਕਾ ਦੀ ਤੁਲਨਾ ਵਿਚ ਉਸਦੀ ਆਰਥਿਕ ਅਤੇ ਸਮਾਜਿਕ ਹੈਸੀਅਤ ਨੀਵੀਂ ਰੱਖੀ ਜਾਂਦੀ ਹੈ। ਅਜਿਹੀ ਸਥਿਤੀ ਵਿਚ ਫਿੱਟ ਅਧਿਆਪਕ ਇੱਕ ਕਾਰਖਨੇ ਦੇ ਮਜ਼ਦੂਰ ਵਾਂਗ ਆਪਣੇ ਕਿਰਤ-ਸ਼ਕਤੀ ਵੇਚਕੇ, ਇੱਕ ਜਿਣਸ (ਕਮਾਡਿਟੀ) ਪੈਦਾ ਕਰਨ ਵਾਲਾ ਸੰਦ ਬਣ ਕੇ ਰਹਿ ਜਾਂਦਾ ਹੈ। ਭਾਵ ਆਪਣੇ ਕਿੱਤੇ ਦਾ ਖੁਦ ਮਾਲਕ ਨਹੀਂ ਰਹਿੰਦਾ। ਸਿੱਟੇ ਵਜੋਂ ਆਪਣੇ ਕਿੱਤੇ ਨਾਲੋਂ ਵਿਯੋਗਿਆ ਜਾਂਦਾ ਹੈ ਅਤੇ ਆਪਣੇ ਕਿੱਤੇ ਵਿਚ ਰੂਹ ਨਾਲ ਕੰਮ ਕਰਨ ਦੀ ਰੁਚੀ ਗੁਆ ਬੈਠਦਾ ਹੈ। ਅਜਿਹੀ ਸਥਿਤੀ ਅੰਦਰ, ਨਾ ਉਸਦਾ ਆਪਣਾ ਆਜ਼ਾਦ ਵਿਕਾਸ ਸੰਭਵ ਹੈ ਤੇ ਨਾ ਹੀ ਉਹ ਸਿੱਖਿਆ ਦੇ ਮੂਲ ਉਦੇਸ਼ਾਂ ਦੀ ਪੂਰਤੀ ਦਾ ਸਾਧਨ ਬਣ ਸਕਦਾ ਹੈ, ਜਿਹਨਾਂ ਉਦੇਸ਼ਾਂ ਦੇ ਲੁਟੇਰੇ ਹਾਕਮਾਂ ਲਈ ਆਪਣੇ ਹੀ ਅਰਥ ਹਨ।

**ਸਿੱਖਿਆ ਦੇ ਮੂਲ ਉਦੇਸ਼** : ਸਿੱਖਿਆ ਦੇ ਮੂਲ ਉਦੇਸ਼ ਕੀ ਹਨ, ਜਿਹਨਾਂ ਦੀ ਪੂਰਤੀ ਦਾ ਸਾਧਨ ਸਹੀ ਅਰਥਾਂ ਵਿਚ ਅਧਿਆਪਕ ਨੇ ਹੀ ਬਣਨਾ ਹੁੰਦਾ ਹੈ। ਅਜੋਕੀ ਸਿੱਖਿਆ ਦਾ ਮੂਲ ਉਦੇਸ਼ ਬੱਚੇ/ਵਿਦਿਆਰਥੀ ਦਾ ਸਰਬਪੱਖੀ, ਬੌਧਿਕ, ਮਾਨਸਿਕ, ਸਰੀਰਕ, ਭਾਵਨਾਤਮਕ ਵਿਕਾਸ ਕਰਨਾ, ਉਸ ਨੂੰ ਆਪਣੇ ਚੌਗਿਰਦੇ ਪ੍ਰਤੀ ਜਾਗਰੂਕ ਕਰਨਾ, ਉਸ ਅੰਦਰ ਨੈਤਿਕ ਅਤੇ ਸਦਾਚਾਰਕ ਕਦਰਾਂ ਕੀਮਤਾਂ ਦੀ ਜਾਗ ਲਾਉਣੀ, ਉਸ ਨੂੰ ਸਮਾਜਿਕ ਭਲਾਈ ਪ੍ਰਤੀ ਚੇਤਨ ਕਰਨਾ, ਧਾਰਮਿਕ ਅੰਧਵਿਸ਼ਵਾਸ਼ੀ, ਜਾਤਪ੍ਰਸਤੀ, ਫਿਰਕਾਪ੍ਰਸਤੀ, ਇਲਾਕਾਪ੍ਰਸਤੀ ਆਦਿ ਤੋਂ ਉਪਰ ਉੱਠ ਕੇ ਉਸਦਾ ਦ੍ਰਿਸ਼ਟੀਕੋਣ ਕੌਮੀ, ਧਰਮ ਨਿਰਪੱਖ, ਵਿਗਿਆਨਕ ਅਤੇ ਤਰਕਸ਼ੀਲ ਬਣਾਉਣਾ ਅਤੇ ਉਸਨੂੰ ਇੱਕ ਅਜਿਹੇ ਸੁਚੇਤ ਨਾਗਰਿਕ ਦੇ ਰੂਪ ਵਿਚ ਵਿਕਸਤ ਕਰਨਾ ਕਿ ਉਹ ਸਮਾਜ ਦੀ ਲੋਕ-ਪੱਖੀ ਤਬਦੀਲੀ ਵਿਚ ਆਪਣਾ ਬਣਦਾ ਰੋਲ ਨਿਭਾਉਣ ਦੇ ਸਮਰੱਥ ਹੋ ਸਕੇ। ਜੇ ਅਧਿਆਪਕ ਇਹਨਾਂ ਉਦੇਸ਼ਾਂ ਦੀ ਪੂਰਤੀ ਦਾ ਸਾਧਨ ਬਣ ਰਿਹਾ ਹੈ ਤਾਂ ਉਹ 'ਕੌਮ ਦੇ ਭਵਿੱਖ' ਦੀ ਉਸਾਰੀ ਕਰ ਰਿਹਾ ਹੋਵੇਗਾ ਅਤੇ ਆਪਣੀ ਚੇਤਨ ਸਮਾਜਿਕ ਭੂਮਿਕਾ ਨਿਭਾ ਰਿਹਾ ਹੋਵੇਗਾ।

**ਚੇਤਨ ਸਮਾਜਿਕ ਭੂਮਿਕਾ ਦੀ ਦਿਸ਼ਾ** : ਕਿਉਂਕਿ ਲੁਟੇਰੀਆਂ ਹਾਕਮ ਜਮਾਤਾਂ ਲਈ 'ਕੌਮ ਦੇ ਨਿਰਮਾਣ' ਤੇ 'ਕੌਮ ਦੇ ਭਵਿੱਖ' ਦੇ ਆਪਣੇ ਹੀ ਅਰਥ ਹੁੰਦੇ ਹਨ— ਉਹਨਾਂ ਦੇ ਲੁਟੇਰੇ ਨਿਜ਼ਾਮ ਦੇ ਸ਼ਾਨਦਾਰ ਭਵਿੱਖ ਦੀ ਗਰੰਟੀ। ਇਸ ਲਈ ਜੇ ਅਧਿਆਪਕ ਉਹਨਾਂ ਵੱਲੋਂ ਫੈਲਾਏ ਜਾਲ ਅੰਦਰ ਫਸ ਕੇ, ਉਹਨਾਂ ਦੇ ਉਦੇਸ਼ਾਂ (ਅਰਥਾਂ) ਅਨੁਸਾਰੀ ਹੀ ਆਪਣੇ ਆਪ ਨੂੰ ਢਾਲ ਕੇ ਉਹਨਾਂ ਵੱਲੋਂ ਨਿਰਧਾਰਤ/ਮਿਥੀ ਹੱਦ ਅੰਦਰ ਹੀ ਰਹਿੰਦਾ ਹੈ ਤੇ ਆਪਣੀ ਨਿਗੂਣੀ ਹੈਸੀਅਤ 'ਤੇ ਹੀ ਸੰਤੁਸ਼ਟ ਰਹਿੰਦਾ ਹੈ, ਆਪਣੀ ਆਰਥਿਕ-ਸਮਾਜਿਕ ਹੈਸੀਅਤ ਨੂੰ ਬਦਲਣ ਲਈ ਆਪਣੇ ਕਿੱਤੇ ਦਾ ਮਾਲਕ ਆਪ ਬਣਨ ਦੀ ਦਿਸ਼ਾ ਵੱਲ ਕਦਮ ਨਹੀਂ ਪੁੱਟਦਾ, ਮੌਜੂਦਾ ਸਿੱਖਿਆ ਪ੍ਰਣਾਲੀ ਦੇ ਲੋਕ ਵਿਰੋਧੀ ਅੰਸ਼ਾਂ ਨੂੰ ਨਹੀਂ ਬੁੱਝਦਾ ਤੇ ਫੜਦਾ, ਇਹਨਾਂ ਨੂੰ ਨੰਗਾ ਕਰਕੇ ਲੋਕ-ਪੱਖੀ ਅੰਸ਼ਾਂ ਲਈ ਆਵਾਜ਼ ਬੁਲੰਦ ਨਹੀਂ ਕਰਦਾ, ਸਿੱਖਿਆ ਪ੍ਰਣਾਲੀ ਨਾਲ ਜੁੜੇ ਭ੍ਰਿਸ਼ਟ ਅਮਲਾਂ ਵਿਰੁੱਧ ਖੜ੍ਹਾ ਨਹੀਂ ਹੁੰਦਾ ਅਤੇ ਉਹ ਸਿੱਖਿਆ ਦੇ ਉਕਤ ਮੂਲ ਉਦੇਸ਼ਾਂ ਦੀ ਪੂਰਤੀ ਦਾ ਸਾਧਨ ਨਹੀਂ ਬਣ ਰਿਹਾ ਤਾਂ ਉਹ ਇਸ ਲੁਟੇਰੇ ਆਰਥਿਕ-ਸਮਾਜਿਕ ਪ੍ਰਬੰਧ ਦੀ ਸਥਾਪਤੀ ਨੂੰ ਬਦਲਣ ਦੀ ਦਿਸ਼ਾ ਵੱਲ ਕਦਮ ਪੁੱਟਣ ਦੀ ਬਜਾਇ ਨਾ ਸਿਰਫ ਖੁਦ ਹੀ ਇਸ ਪ੍ਰਬੰਧ ਦੇ ਇੱਕ ਪੁਰਜੇ ਦੇ ਤੌਰ 'ਤੇ ਕੰਮ ਕਰ ਰਿਹਾ ਹੋਵੇਗਾ, ਸਗੋਂ ਆਪਣੇ ਵਰਗੇ ਹੋਰ ਮਸ਼ੀਨੀ ਪੁਰਜ਼ਿਆਂ ਦੀ ਉਸਾਰੀ ਕਰਨ ਵਿਚ ਹੀ ਸਹਾਈ ਹੋ ਰਿਹਾ ਹੋਵੇਗਾ। ਜਿਸ ਦਾ ਭਾਵ ਉਹ ਆਪਣੀ ਚੇਤਨ ਸਮਾਜਿਕ ਭੂਮਿਕਾ ਨਿਭਾਉਣ ਦੀ ਆਪਣੀ ਜ਼ੁੰਮੇਵਾਰੀ ਅਤੇ ਫਰਜ਼ਾਂ ਨੂੰ ਤਿਲਾਂਜਲੀ ਦੇ ਰਿਹਾ ਹੋਵੇਗਾ। ਅਜਿਹੀ ਸਥਿਤੀ ਅਧਿਆਪਕ ਨੂੰ ਹੋਰ ਵੀ ਨਾਂਹ-ਪੱਖੀ ਦਿਸ਼ਾ ਵੱਲ ਧੱਕਣ ਦਾ ਰੋਲ ਨਿਭਾਉਂਦੀ ਹੈ। ਉਹ ਖੁਦ ਸਿੱਖਿਆ ਨੂੰ ਉਹਦੇ ਸਮਾਜਿਕ ਭਲਾਈ ਦੇ ਪਹਿਲੂ ਨਾਲੋਂ ਤੋੜ ਕੇ ਇੱਕ ਵਪਾਰਕ ਨੁਕਤਾਨਜ਼ਰ ਤੋਂ ਹੀ ਦੇਖਣ ਲੱਗ ਪੈਂਦਾ ਹੈ। ਉਹ ਵੀ ਲੁਟੇਰੇ ਸਮਾਜ ਦੀਆਂ ਹਾਕਮ ਸ਼੍ਰੇਣੀਆਂ ਨੂੰ ਰਾਸ ਬੈਠਦੀਆਂ ਪ੍ਰਚੱਲਤ



ਭਾਰੂ ਨਾਂਹ ਪੱਖੀ ਕਦਮਾਂ ਕੀਮਤਾਂ ਦਾ ਸ਼ਿਕਾਰ ਹੋ ਜਾਂਦਾ ਹੈ। ਆਪਣੀ ਗਿਆਨ ਭੰਡਾਰ ਵਿਚ ਵਾਧਾ ਨਾ ਕਰਨਾ, ਵਿਦਿਆਰਥੀਆਂ ਨੂੰ ਗਿਆਨਵਾਨ ਅਤੇ ਬੁੱਧੀਮਾਨ ਬਣਾਉਣ ਦੀ ਬਜਾਇ ਸਿਰਫ ਸੂਚਨਾਵਾਂ ਦੇ ਭੰਡਾਰ ਵੰਡਣਾ, ਉਸਦੀ ਬੁੱਧੀ ਦੇ ਵਿਕਾਸ ਦੀ ਥਾਂ ਯਾਦ ਸ਼ਕਤੀ ਤੇਜ਼ ਕਰਨ 'ਤੇ ਜ਼ੋਰ ਦੇਣਾ ਤੇ ਕੇਵਲ ਪ੍ਰੀਖਿਆ ਵਿਚੋਂ ਪਾਸ ਕਰਾਉਣ ਤੱਕ ਦਾ ਹੀ ਉਦੇਸ਼ ਰੱਖਣਾ। ਉਸ ਅੰਦਰ ਸਿੱਖਣ ਤਾਂਘ ਤੇ ਰੁਚੀ ਪੈਦਾ ਕਰਨ ਦੀ ਬਜਾਇ ਰਟਣ ਮੰਤਰ ਕਰਾਉਣਾ। ਸਕੂਲਾਂ ਵਿਚ ਸਿਰੜ, ਲਗਨ, ਮਿਹਨਤ, ਤਨਦੇਹੀ ਨਾਲ ਪੜ੍ਹਾਉਣ ਦੀ ਬਜਾਇ, ਵਿਦਿਆਰਥੀ ਨੂੰ ਮਹਿੰਗੀਆਂ ਟਿਊਸ਼ਨਾਂ ਲਈ ਉਕਸਾਉਣਾ, ਪ੍ਰੀਖਿਆ ਵਿਚੋਂ ਪਾਸ ਕਰਾਉਣ ਲਈ ਨਕਲ ਜਾਂ ਹੋਰ ਭ੍ਰਿਸ਼ਟ ਢੰਗ ਅਪਣਾਉਣਾ ਅਤੇ ਅੰਤ ਪੜ੍ਹਾਉਣ ਦੇ ਅਮਲ ਵਿਚ ਰੁਚੀ ਖੋ ਬੈਠਣਾ ਅਤੇ ਪੜ੍ਹਾਉਣ ਨੂੰ/ਅਧਿਆਪਨ ਨੂੰ ਕਿਸੇ ਹੋਰ ਕਮਾਈ ਦੇ ਮੁੱਖ ਧੰਦੇ ਦਾ ਇੱਕ ਸਹਾਈ ਧੰਦਾ ਹੀ ਸਮਝ ਕੇ ਚੱਲਣਾ— ਅਧਿਆਪਕ ਦੇ ਇਸੇ ਨਾਂਹ-ਪੱਖੀ ਦਿਸ਼ਾ ਵੱਲ ਵਧਦੇ ਕਦਮ ਹੀ ਹਨ।

**ਅਧਿਆਪਕ ਲਹਿਰ ਦੀ ਮਹੱਤਵਪੂਰਨ ਭੂਮਿਕਾ** : ਇਥੇ ਆ ਕੇ ਅਧਿਆਪਕ ਲਹਿਰ ਤੇ ਉਸਦੀ ਅਗਵਾਈ ਕਰਨ ਵਾਲੀ ਅਧਿਆਪਕ ਜਥੇਬੰਦੀ ਦੀ ਮਹੱਤਵਪੂਰਨ ਭੂਮਿਕਾ ਨਿਰਧਾਰਤ ਹੁੰਦੀ ਹੈ। ਅਧਿਆਪਕ ਲਹਿਰ/ਅਧਿਆਪਕ ਜਥੇਬੰਦੀ ਨੇ ਜਿਥੇ ਅਧਿਆਪਕ ਵਰਗ ਦੀ ਨਿਗੂਣੀ ਆਰਥਿਕ ਹੈਸੀਅਤ ਨੂੰ ਬਿਹਤਰ ਬਣਾਉਣ ਲਈ ਤੇ ਉਸਦੀਆਂ ਸੇਵਾ ਹਾਲਤਾਂ ਵਿਚ ਸੁਧਾਰ ਲਿਆਉਣ ਲਈ ਆਰਥਿਕ ਅਤੇ ਜਮਹੂਰੀ ਮੰਗਾਂ ਨੂੰ ਲੈ ਕੇ ਸੰਘਰਸ਼ ਕਰਨਾ ਹੁੰਦਾ ਹੈ, ਉਥੇ ਅਧਿਆਪਕ ਲਹਿਰ ਦਾ ਪ੍ਰਮੁੱਖ ਤੇ ਬੇਹੱਦ ਅਹਿਮ ਤੇ ਮਹੱਤਵਪੂਰਨ ਕਾਰਜ ਅਧਿਆਪਕ ਦੀ ਉਕਤ ਚੇਤਨ ਸਮਾਜਿਕ ਭੂਮਿਕਾ ਪ੍ਰਤੀ ਉਸ ਨੂੰ ਜਾਗਰੂਕ ਕਰਨਾ ਬਣਦਾ ਹੈ। ਇਸ ਮਹੱਤਵਪੂਰਨ ਕਾਰਜ ਤੋਂ ਅਵੇਸਲੀ ਅਧਿਆਪਕ ਲਹਿਰ/ ਅਧਿਆਪਕ ਜਥੇਬੰਦੀ ਨਿਰੋਲ ਆਰਥਿਕਵਾਦ ਦੀ ਘੁੰਮਣਘੇਰੀ ਵਿਚ ਫਸੀ ਜਿਥੇ ਆਪਣਾ ਬਣਦਾ ਇਤਿਹਾਸਕ ਰੋਲ ਅਦਾ ਨਹੀਂ ਕਰ ਰਹੀ ਹੋਵੇਗੀ ਤੇ ਲੁਟੇਰੇ ਪ੍ਰਬੰਧ ਦੀ ਸਥਾਪਤੀ ਦੇ ਇੱਕ ਅੰਗ ਵਜੋਂ ਹੀ ਵਿਚਰ ਰਹੀ ਹੋਵੇਗੀ, ਉਥੇ ਮੋੜਵੇਂ ਰੂਪ ਵਿਚ ਆਰਥਿਕ ਮੁੱਦਿਆਂ/ਮੰਗਾਂ ਲਈ ਲੜਾਈ ਦੇਣ ਪੱਖੋਂ ਖੁਦ ਵੀ ਨਿਤਾਣੀ ਤੇ ਕਮਜ਼ੋਰ ਹੁੰਦੀ ਜਾਵੇਗੀ। ਕਿਉਂਕਿ ਆਪਣੀ ਸਮਾਜਿਕ ਭੂਮਿਕਾ ਪ੍ਰਤੀ ਚੇਤਨ ਅਧਿਆਪਕ ਹੀ ਇਸ ਲੜਾਈ ਵਿਚ ਸਿਰੜ ਤੇ ਦ੍ਰਿੜਤਾ ਨਾਲ ਭਰਪੂਰ ਯੋਗਦਾਨ ਪਾ ਸਕਦਾ ਹੈ। ਨਕਲ ਅਤੇ ਹੋਰ ਭ੍ਰਿਸ਼ਟ ਅਮਲਾਂ/ ਕਾਰਵਾਈਆਂ ਨਾਲ ਲਿਬੜਿਆ ਅਤੇ ਆਪਣੇ ਕਿੱਤੇ ਨਾਲੋਂ ਮਾਨਸਿਕ ਤੌਰ 'ਤੇ ਵਿਯੋਗਿਆ ਅਧਿਆਪਕ ਜਿਥੇ ਆਪਣੀ ਸਾਮਜਿਕ ਹੈਸੀਅਤ ਨੀਵੀਂ ਕਰ ਰਿਹਾ ਹੋਵੇਗਾ, ਆਪਣਾ ਬਿੰਬ ਵਿਗਾੜ ਰਿਹਾ ਹੋਵੇਗਾ, ਲੋਕਾਂ ਤੇ ਵਿਦਿਆਰਥੀਆਂ ਨਾਲੋਂ ਨਿੱਖੜ ਰਿਹਾ ਹੋਵੇਗਾ, ਬੌਣੀ ਸ਼ਖਸ਼ੀਅਤ ਵਾਲੀ ਵਿਦਿਆਰਥੀਆਂ ਦੀ ਪੀੜ੍ਹੀ ਦੀ ਉਸਾਰੀ ਕਰ ਰਿਹਾ ਹੋਵੇਗਾ ਤੇ ਸਿੱਖਿਆ ਵਿਭਾਗ ਅੰਦਰ ਤੇ ਆਪਣੇ ਆਲੇ ਦੁਆਲੇ ਫੈਲੇ ਭ੍ਰਿਸ਼ਟਚਾਰ ਤੇ ਧੱਕੇ-ਧੋੜੇ ਦੇ ਖਿਲਾਫ ਉੱਚੀ ਸੁਰ ਚੁੱਕਣ ਦਾ ਆਪਣਾ ਨੈਤਿਕ ਅਧਿਕਾਰ ਗੁਆ ਬੈਠੇਗਾ, ਉਥੇ ਆਰਥਿਕ ਮੰਗਾਂ ਲਈ ਚੱਲਦੇ ਰੋਜ਼-ਮਰ੍ਹਾ ਦੇ ਸੰਘਰਸ਼ ਅੰਦਰ ਵੀ ਉਹ ਆਪਣੀ ਵਰਤਮਾਨ ਆਰਥਿਕ ਹੈਸੀਅਤ ਨੂੰ ਆਪਣੀ ਹੱਥ ਪੱਲੇ ਦੀ ਖਰੀਦ ਸ਼ਕਤੀ ਨੂੰ ਹੀ ਇੱਕ ਗਨੀਮਤ ਸਮਝ ਕੇ ਵਿਹਾਰ ਕਰੇਗਾ। ਆਪਣੇ ਹੋਰ ਬਣਦੇ ਵਾਜਬ ਹੱਕਾਂ ਦੀ ਪ੍ਰਾਪਤੀ ਲਈ ਚੱਲਦੇ ਸੰਘਰਸ਼ ਨੂੰ, ਇੱਕ ਅੱਧੇ ਦਿਨ ਦੀ ਤਨਖਾਹ ਕੱਟੇ ਜਾਣ ਵਰਗੀ ਜਾਂ ਮਾਮੂਲੀ ਸਜ਼ਾ ਦੇ ਡਰੋਂ ਹੀ, ਅਧਵਾਟੇ ਛੱਡਣ ਦੀ ਸਥਿਤੀ ਅੰਦਰ ਜਾ ਡਿਗੇਗਾ ਜਦ ਕਿ ਮੌਜੂਦਾ ਸਰਕਾਰਾਂ, ਸਰਕਾਰੀ ਸਿੱਖਿਆ-ਤੰਤਰ ਨੂੰ ਨਿੱਜੀਕਰਨ ਦੇ ਤੇਜ਼ ਕੁਹਾੜੇ ਨਾਲ ਤਬਾਹ ਕਰਨ 'ਤੇ ਤੁਲੀਆਂ ਹੋਈਆਂ ਹਨ, ਅਧਿਆਪਕ ਦੀ ਰੋਟੀ ਰੁਜ਼ਗਾਰ ਵੀ ਖਤਰੇ ਹੇਠ ਹੈ ਤਾਂ ਅਧਿਆਪਕ ਲਹਿਰ ਪ੍ਰਾਪਤੀਆਂ ਦੀ ਮੰਜ਼ਲ ਤੱਕ ਭਾਰੀ ਕੁਰਬਾਨੀ ਤਾਰ ਕੇ ਹੀ ਪੁੱਜ ਸਕਦੀ ਹੈ।

ਪ੍ਰੰਤੂ ਅਧਿਆਪਕ ਨੂੰ ਉਕਤ ਚੇਤਨ ਸਮਾਜਿਕ ਭੂਮਿਕਾ ਪ੍ਰਤੀ ਜਾਗਰੂਕ ਕਰਨ ਦਾ ਕਾਰਜ ਇੱਕਮੁੱਠ, ਸੰਘਰਸ਼ਸ਼ੀਲ ਅਤੇ ਆਰਥਿਕ ਘੁੰਮਣਘੇਰੀ ਵਿਚੋਂ ਨਿਕਲੀ ਸਮਾਜਿਕ ਤਬਦੀਲੀ ਨੂੰ ਪ੍ਰਣਾਈ ਹੋਈ ਅਧਿਆਪਕਾ ਲਹਿਰ/ਅਧਿਆਪਕ ਜਥੇਬੰਦੀ ਹੀ ਨਿਭਾ ਸਕਦੀ ਹੈ। ਇਸ ਪੱਖੋਂ ਦੇਖਿਆਂ, ਕਾਫੀ ਲੰਬੇ ਅਰਸੇ ਤੋਂ ਸਾਡੀ ਪੰਜਾਬ ਦੀ ਅਧਿਆਪਕ ਲਹਿਰ ਕਮਜ਼ੋਰ ਤੇ ਊਣੀ ਨਿਬੜਦੀ ਰਹੀ ਹੈ। ਸਮਾਜਿਕ ਤਬਦੀਲੀ ਦੀ ਦਿਸ਼ਾ ਵੱਲ ਪੁੱਟੇ ਇੱਕ ਕਦਮ ਵਜੋਂ, ਅਧਿਆਪਕ ਨੂੰ ਉਸਦੀ ਚੇਤਨ ਸਮਾਜਿਕ ਭੂਮਿਕਾ ਤੋਂ ਜਾਗਰੂਕ ਕਰਨਾ ਤਾਂ ਇੱਕ ਪਾਸੇ ਰਿਹਾ, ਨਿਰੋਲ ਆਰਥਿਕ ਮੰਗਾਂ ਦੀ ਪ੍ਰਾਪਤੀ ਲਈ ਵੀ ਕੋਈ ਦ੍ਰਿੜ ਸੰਘਰਸ਼ ਨਹੀਂ ਚੱਲ ਸਕਿਆ। ਇਹ ਸਥਿਤੀ ਸਾਂਝੀ ਜਥੇਬੰਦੀ ਗੌ.ਟੀ.ਯੂ. ਪੰਜਾਬ ਵੇਲੇ ਵੀ ਸੀ ਪ੍ਰੰਤੂ ਹੁਣ ਗੌ.ਟੀ.ਯੂ. ਦੀ ਫੁੱਟ ਤੋਂ ਬਾਅਦ ਲਹਿਰ ਦੇ ਵੱਖ ਵੱਖ ਧੜਿਆਂ ਵਿਚ ਵੰਡੇ ਜਾਣ ਦੀ ਹਾਲਤ ਵਿਚ, ਇਹ ਕਾਰਜ ਨਿਭਾਉਣਾ ਹੋਰ ਵੀ ਔਖੇਰਾ ਹੋ ਗਿਆ ਹੈ। ਵੱਖ ਵੱਖ ਵੰਨਗੀਆਂ ਦੀਆਂ ਕੇਂਦਰ ਤੇ ਰਾਜ ਸਰਕਾਰਾਂ ਵੱਲੋਂ (ਕਾਂਗਰਸ ਸਰਕਾਰ, ਸਾਂਝਾ ਫਰੰਟ ਸਰਕਾਰ, ਭਾਜਪਾ-ਗੱਠਜੋੜ ਸਰਕਾਰ, ਯੂ.ਪੀ.ਏ., ਅਕਾਲੀ-ਭਾਜਪਾ ਗੱਠਜੋੜ ਸਰਕਾਰ, ਕੈਪਟਨ ਸਰਕਾਰ ਆਦਿ) ਸੰਸਾਰ ਬੈਂਕ, ਮੁਦਰਾ ਕੋਸ਼ ਵਰਗੀਆਂ ਕੌਮਾਂਤਰੀ

ਸਾਮਰਾਜੀ ਵਿੱਤੀ ਸੰਸਥਾਵਾਂ ਦੇ ਦਬਾਅ ਤੇ ਦਿਸ਼ਾ ਨਿਰਦੇਸ਼ਨਾ ਤਹਿਤ ਲਾਗੂ ਕੀਤੀਆਂ ਜਾ ਰਹੀਆਂ ਮੌਜੂਦਾ ਆਰਥਿਕ ਅਤੇ ਸਨਅਤੀ ਨੀਤੀਆਂ ਦੇ ਸਿੱਟੇ ਵਜੋਂ ਬੱਝਵੀਂ ਤਨਖਾਹ ਵਾਲੇ ਮੁਲਾਜ਼ਮਾਂ ਉਪਰ ਹੋ ਰਹੇ ਤੇ ਹੋਣ ਵਾਲੇ ਤਿੱਖੇ ਹਮਲਿਆਂ ਦੇ ਸਨਮੁੱਖ ਪੰਜਾਬ ਦੀ ਮੌਜੂਦਾ ਕੈਪਟਨ ਸਰਕਾਰ ਵੱਲੋਂ ਸਿੱਖਿਆ ਦੇ ਨਿੱਜੀਕਰਨ ਤੇ ਵਪਾਰੀਕਰਨ ਵੱਲ ਤੇਜ਼ੀ ਨਾਲ ਚੁੱਕੇ ਜਾ ਰਹੇ ਕਦਮਾਂ ਦੇ ਸਨਮੁਖ ਛੋਟੀਆਂ-ਮੋਟੀਆਂ ਵਿਭਾਗੀ ਮੰਗਾਂ (ਬਦਲੀਆਂ, ਤਰੱਕੀਆਂ ਆਦਿ ਨਾਲ ਸੰਬੰਧਤ) ਦੀ ਪ੍ਰਾਪਤੀ ਲਈ ਵੀ ਹਾਣ ਦਾ ਸੰਘਰਸ਼ ਕਰਨ ਦੀ ਸਮਰੱਥਾ ਘਟਦੀ ਜਾ ਰਹੀ ਹੈ, ਜਿਥੇ ਵਿਭਾਗ ਅੰਦਰ ਭ੍ਰਿਸ਼ਟਾਚਾਰ ਦਾ ਬੋਲਬਾਲਾ ਹੈ, ਅਫਸਰਸ਼ਾਹੀ ਦੀ ਚੜ੍ਹ ਮੱਚੀ ਹੋਈ ਹੈ, ਸਿਆਸੀ ਦਖਲ ਹੱਦਾਂ ਬੰਨੇ ਟੱਪ ਗਿਆ ਹੈ, ਉਥੇ ਅਧਿਆਪਕ ਲਹਿਰ ਅੰਦਰ ਜਾਤ-ਪਾਤੀ, ਵਰਗਾਕਾਰੀ, ਧਾਰਮਿਕ ਆਧਾਰ 'ਤੇ ਜਥੇਬੰਦੀਆਂ ਖੜ੍ਹੀਆਂ ਕਰਨ ਦੇ ਨਾਂਹ-ਪੱਖੀ ਰੁਝਾਨ ਜ਼ੋਰ ਫੜ ਰਹੇ ਹਨ, ਸਰਕਾਰ ਪੱਖੀ ਸੁਰ ਵਾਲੀਆਂ ਜਥੇਬੰਦੀਆਂ ਸਿਰ ਉੱਚਾ ਚੁੱਕ ਰਹੀਆਂ ਹਨ। ਅਜਿਹੀ ਸਥਿਤੀ ਅੰਦਰ ਸਮਾਂ ਜਿਥੇ ਅਧਿਆਪਕ ਲਹਿਰ ਦੀ ਵਰਤਮਾਨ ਖਿੰਡੀ-ਪੁੰਡੀ ਅਵਸਥਾ ਨੂੰ ਫੌਰੀ ਬਦਲ ਕੇ ਇੱਕਮੁੱਠ ਕਰਨ ਤੇ ਇੱਕੋ ਇੱਕ ਸਾਂਝੀ ਜਥੇਬੰਦੀ ਦੇ ਝੰਡੇ ਹੇਠ ਮੁੜ ਇਕੱਠਾ ਕਰਨ ਦੀ ਮੰਗ ਕਰਦਾ ਹੈ।

ਸਰਕਾਰੀ ਸਕੂਲਾਂ ਨੂੰ ਨਿੱਜੀ ਹੱਥਾਂ ਵਿਚ ਸੌਂਪਣ ਦੇ ਸਰਕਾਰ ਦੇ ਫੈਸਲੇ ਵਿਰੁੱਧ ਨਿੱਜੀਕਰਨ ਵਿਰੋਧੀ ਚੱਲੀ ਲਹਿਰ ਅੰਦਰ ਆਪ ਮੁਹਾਰੇ ਸਾਂਝੀ ਅਧਿਆਪਕ ਲਹਿਰ ਦਾ ਉਸਰਨਾ ਉਂਝ ਇਸ ਪਾਸੇ ਵੱਲ ਇੱਕ ਸ਼ੁਭ ਸ਼ਗਨ ਹੈ) ਉਥੇ ਇਹਨਾਂ ਯਤਨਾਂ ਦੇ ਨਾਲ ਨਾਲ ਵਰਤਮਾਨ ਸਥਿਤੀ ਅੰਦਰ ਕੰਮ ਕਰ ਰਹੀ ਹਰ ਸੰਘਰਸ਼ਸ਼ੀਲ ਅਧਿਆਪਕ ਜਥੇਬੰਦੀ/ਧਿਰ ਨੂੰ ਆਪਣੇ ਤੌਰ 'ਤੇ ਅਧਿਆਪਕ ਦੀ ਇਸ ਚੇਤਨ ਸਮਾਜਿਕ ਭੂਮਿਕਾ ਪ੍ਰਤੀ ਜਾਗਰੂਕ ਕਰਨ ਦੇ ਯਤਨ ਆਰੰਭਣੇ ਚਾਹੀਦੇ ਹਨ ਚਾਹੇ ਉਹਨਾਂ ਦਾ ਘੇਰਾ ਸੀਮਤ ਹੀ ਕਿਉਂ ਨਾ ਹੋਵੇ। ਘੱਟੋ ਘੱਟ ਆਪਣੇ ਆਗੂਆਂ, ਵਰਕਰਾਂ ਤੇ ਹਮਦਰਦਾਂ ਦੇ ਘੇਰੇ ਤੋਂ ਸ਼ੁਰੂ ਕਰਕੇ ਆਮ ਅਧਿਆਪਕਾਂ ਤੱਕ ਲਿਖਤਾਂ/ਸੈਮੀਨਾਰਾਂ/ ਗੋਸ਼ਟੀਂ/ ਕਨਵੈਨਸ਼ਨਾਂ ਆਦਿ ਰਾਹੀਂ ਇਸ ਚੇਤਨਾ ਦਾ ਪਸਾਰ ਕਰਨਾ ਚਾਹੀਦਾ ਹੈ, ਕਿਉਂਕਿ ਜਥੇਬੰਦੀਆਂ ਦੇ ਆਗੂਆਂ ਤੇ ਵਰਕਰਾਂ ਦੀ ਪੱਧਰ ਤੋਂ ਵੀ ਹਾਲਤ ਇਸ ਪੱਖੋਂ ਤਸੱਲੀਬਖ਼ਸ਼ ਨਹੀਂ ਹੈ। ਆਰਥਿਕ ਮੰਗਾਂ ਦੇ ਨਾਲ ਨਾਲ ਮੌਜੂਦਾ ਸਿੱਖਿਆ ਪ੍ਰਣਾਲੀ ਤੇ ਅਧਿਆਪਕ ਵਿਦਿਆਰਥੀ ਵਿਰੋਧੀ ਅੰਸ਼ਾਂ ਨੂੰ ਬੁੱਝ ਕੇ ਉਸ ਨੂੰ ਛਾਂਗਣ ਤੇ ਉਸਦੇ ਬਦਲ ਵਜੋਂ ਲੋਕ ਪੱਖੀ ਸਿੱਖਿਆ ਪ੍ਰਣਾਲੀ ਦੇ ਅੰਸ਼ਾਂ ਨੂੰ ਲਾਗੂ ਕਰਨ ਦੇ ਮੁੱਦਿਆਂ ਨੂੰ ਵੀ ਆਪਣੇ ਘੋਲ ਮੁੱਦਿਆਂ ਵਜੋਂ ਉਭਾਰਨਾ ਚਾਹੀਦਾ ਹੈ। ਡੈਮੋਕਰੇਟਿਕ ਟੀਚਰਜ਼ ਫਰੰਟ ਵਰਗੀਆਂ ਜਥੇਬੰਦੀਆਂ ਦੇ ਤਾਂ ਸੰਵਿਧਾਨ ਅੰਦਰ ਵੀ, ਉਦੇਸ਼ਾਂ ਦੇ ਰੂਪ ਵਿਚ ਇਹ ਕਾਰਜ ਦਰਜ ਕੀਤੇ ਹੋਏ ਹਨ, ਲੋੜ ਹੈ, ਇਹਨਾਂ 'ਤੇ ਸ਼ਿੱਦਤ ਨਾਲ ਪਹਿਰਾ ਦੇਣ ਦੀ।



# ਕਰੋਨਾ ਨੂੰ ਡਾ. ਬਿਸਵਾਰੂਪ ਦਾ ਚੈਲਿੰਜ ਅਤੇ ਗੈਰ-ਕਰੋਨਾ ਗੰਭੀਰ ਬੀਮਾਰੀਆਂ ਦਾ ਮਸਲਾ



ਜਸਦੇਵ ਸਿੰਘ ਲਲਤੋਂ
0161-2805677

25 ਜੁਲਾਈ 20 ਨੂੰ ਇੰਡੋ-ਵੀਅਤਨਾਮ ਮੈਡੀਕਲ ਬੋਰਡ ਵਿਚ ਅਹਿਮ ਸਥਾਨ 'ਤੇ ਨਿਯੁਕਤ ਪੱਛਮੀ ਬੰਗਾਲ ਦੇ ਪਿਛੋਕੜ ਵਾਲੇ ਭਾਰਤ ਦੇਸ਼ ਦੇ ਦੇਸ਼-ਪ੍ਰੇਮੀ, ਲੋਕ ਪੱਖੀ ਤੇ ਅਗਾਂਹਵਧੂ ਡਾਕਟਰ ਬਿਸਵਾਰੂਪ ਰਾਏ ਚੌਧਰੀ ਜੀ ਨੇ ਪ੍ਰੈਸ ਕਲੱਬ ਦਿੱਲੀ ਵਿਖੇ ਬਾਕਾਇਦਾ ਪ੍ਰੈਸ-ਕਾਨਫਰੰਸ ਕੀਤੀ ਹੈ, ਜਿਸ ਵਿਚ ਏਸੇ ਵੰਨਗੀ ਦੇ ਡਾ. ਤਰੁਨ ਕੋਠਾਰੀ, ਡਾ.ਕੇ.ਬੀ. ਤੁਮਹਾਨੇ ਤੇ ਸ਼੍ਰੀਧਰ ਯੂਨੀਵਰਸਿਟੀ ਦੇ ਅਧਿਕਾਰੀ ਵੀ ਸ਼ਾਮਲ ਹੋਏ। ਕਾਨਫਰੰਸ ਦਾ ਸਾਰ-ਤੱਤ ਇਉਂ ਰਿਹਾ:- ਡਾ. ਬਿਸਵਾਰੂਪ ਨੇ ਦੱਸਿਆ ਕਿ ਸੰਸਾਰ ਸਿਹਤ ਸੰਸਥਾ ਨੇ 8 ਜਨਵਰੀ 20 ਨੂੰ ਐਲਾਨ ਕੀਤਾ ਕਿ ਦੁਨੀਆਂ ਵਿੱਚ ਚੀਨ ਦੇ ਵੂਹਾਨ ਵਿਖੇ ਇਕ ਨਵਾਂ ਖਤਰਨਾਕ ਵਾਇਰਸ ਨੋਵਲ ਕਰੋਨਾ (ਸਾਰਸ-2) ਦਾਖਲ ਹੋ ਚੁੱਕਾ ਹੈ। ਇਸ ਬਾਰੇ ਜਾਣਕਾਰੀ ਲਈ ਵੈਬਸਾਈਟ 'ਤੇ 2 ਲਿੰਕ ਦਿੱਤੇ ਗਏ, ਜੋ ਕਿ ਬਾਅਦ 'ਚ ਚੁੱਪ ਚੁਪੀਤੇ ਹਟਾ ਦਿੱਤੇ ਗਏ। ਉਹਨਾਂ ਦੱਸਿਆ ਕਿ ਅੱਜ ਤੱਕ ਇਸ ਸੰਸਥਾ ਦਾ ਇਕ ਵੀ ਅਧਿਕਾਰਿਤ ਖੋਜ ਪੱਤਰ, ਕਾਰਜ-ਪੱਤਰ ਤੇ ਦਸਤਾਵੇਜ਼ ਉਪਲਬਧ ਨਹੀਂ ਹੈ, ਜਦ ਕਿ ਇਸਨੂੰ ਸੰਸਾਰ ਦਾ ਸਭ ਤੋਂ ਵੱਡਾ ਹਊਆ ਬਣਾ ਕੇ ਪੇਸ਼ ਕੀਤਾ ਜਾ ਰਿਹਾ ਹੈ। ਸੰਸਥਾ ਕਰੋਨਾ ਬਾਰੇ ਰੋਜ਼-ਬ-ਰੋਜ਼ ਪੁਜ਼ੀਸ਼ਨਾਂ ਬਦਲ ਰਹੀ ਹੈ। ਕਰੋਨਾ ਸੰਬੰਧੀ ਉਨ੍ਹਾਂ ਨੇ ਜੋ ਵਿਚਾਰ 27 ਜਨਵਰੀ 20 ਨੂੰ ਪਹਿਲੀ ਵੇਰ ਪੇਸ਼ ਕੀਤੇ, ਉਹ ਉਸੇ ਸਟੈਂਡ 'ਤੇ ਅੱਜ ਤੱਕ ਪੂਰੀ ਤਰ੍ਹਾਂ ਕਾਇਮ ਹਨ। ਉਨ੍ਹਾਂ ਅਨੁਸਾਰ ਕੋਵਿਡ-19 (ਸਾਰਸ-2) ਪਹਿਲੇ ਸਾਰਸ-1 ਨਾਲੋਂ ਘੱਟ ਖਤਰਨਾਕ ਹੈ। ਇਹ ਬੀਮਾਰੀਆਂ ਦੀ ਸ਼੍ਰੇਣੀ ਆਈ.ਐਲ.ਆਈ. ਦੇ ਘੇਰੇ 'ਚ ਆਉਂਦਾ ਹੈ। ਇਸਦਾ ਫੈਲਾਓ 1:2.2 (ਭਾਵ ਇਕ ਤੋਂ ਔਸਤ 2.2 ਬੰਦਿਆਂ 'ਚ) ਹੁੰਦਾ ਹੈ। ਇਸਦੀ ਮੌਤ ਦਰ 0.1% ਤੋਂ 0.2% (ਭਾਵ ਹਜ਼ਾਰ 'ਚ 1 ਜਾਂ 2) ਹੁੰਦੀ ਹੈ। ਉਹ ਅਤੇ ਉਨ੍ਹਾਂ ਦੀ ਟੀਮ ਨਾਈਸ (ਐਨ.ਆਈ.ਸੀ.ਈ) ਹੁਣ ਤੱਕ 5000 ਕਰੋਨਾ ਮਰੀਜਾਂ ਨੂੰ ਠੀਕ ਕਰ ਚੁੱਕੇ ਹਨ (ਜਿਹਨਾਂ 'ਚੋ ਇੱਕ ਦੀ ਵੀ ਮੌਤ ਨਹੀਂ ਹੋਈ), 4500 ਹੋਰ ਠੀਕ ਹੋਣ ਵਾਲੇ ਹਨ। ਜੋ ਕਿ ਜਾਰੀ ਕੀਤੀ ਇਕ ਕਿਤਾਬ 'ਚ ਅਤੇ ਇੰਟਰਨੈਟ 'ਤੇ ਦਰਜ ਹਨ (ਪੂਰੇ ਵੇਰਵੇ ਸਮੇਤ)। ਉਹ 3 ਰੋਜ਼ਾ ਖੁਰਾਕੀ ਯੋਜਨਾ (ਡਾਈਟ ਪਲਾਨ) ਦੀ ਦੇਸੀ ਵਿਧੀ ਰਾਹੀਂ ਠੀਕ ਕਰਦੇ ਹਨ। ਜਿਸ ਵਿਚ ਗਰਮ ਪਾਣੀ, ਭਾਫ਼ ਤੋਂ ਇਲਾਵਾ ਨਾਰੀਅਲ ਪਾਣੀ ਤੇ ਸੀ-ਵਿਟਾਮਿਨ (ਸਿਟਰਸ ਸ਼੍ਰੇਣੀ) ਵਾਲਾ ਜੂਸ ਅਤੇ ਟਮਾਟਰ ਤੇ ਖੀਰਾ ਦੀ ਖੁਰਾਕ ਸ਼ਾਮਲ ਹੈ। ਉਹਨਾਂ ਨੇ ਸ਼੍ਰੀਧਰ ਯੂਨੀ: ਦੇ ਸਹਿਯੋਗ ਨਾਲ 1 ਮਹੀਨੇ ਦੇ ਕੋਰਸ ਨਾਲ 220 ਮਾਹਰ ਤਿਆਰ ਕੀਤੇ ਹਨ। ਅੱਗੇ ਟੀਚਾ 2000 ਮਾਹਰ ਤਿਆਰ ਕਰਨ ਦਾ ਹੈ, ਜੋ ਕਿ ਦੇਸ਼ ਦੇ ਕੋਨੇ-ਕੋਨੇ ਕਰੋਨਾ ਦੇ ਇਲਾਜ ਰਾਹੀ ਲੋਕ ਸੇਵਾ ਕਰਨਗੇ।

ਇਸ ਕਾਨਫਰੰਸ ਤੋਂ ਪਹਿਲਾਂ ਉਨ੍ਹਾਂ ਨੇ ਪ੍ਰਧਾਨ ਮੰਤਰੀ ਸ੍ਰੀ ਨਰੇਂਦਰ ਮੋਦੀ ਵੱਲ ਕਰੋਨਾ ਨੂੰ ਚੈਲਿੰਜ ਕਰਨ ਵਾਲੀਆਂ ਈ-ਮੇਲਾਂ ਕੀਤੀਆਂ, ਟਵੀਟ ਕੀਤੇ ਤੇ ਪੀ.ਐਮ.ਓ. ਦਫਤਰ ਦੇ ਅਧਿਕਾਰੀਆਂ ਨਾਲ ਮੁਲਾਕਾਤਾਂ ਕੀਤੀਆਂ। ਲੇਕਿਨ ਉਨ੍ਹਾਂ ਨੂੰ ਇਲਾਜ ਲਈ ਮੰਗੇ ਸੈਂਕੜੇ/ਹਜਾਰਾਂ ਤਾਂ ਕੀ, ਕੇਵਲ 5 ਮਰੀਜ ਵੀ ਹਵਾਲੇ ਨਹੀਂ ਕਰਵਾਏ ਗਏ। ਉਨ੍ਹਾਂ ਨੇ ਆਪਣੀ ਟੀਮ ਨਾਈਸ ਸੇਵਾ ਦਾ ਮੋ: ਨੰ: 85870-59169 ਵੀ ਜਾਰੀ ਕੀਤਾ ਹੈ। ਮੀਡੀਆ ਦੀ ਘੱਟ ਹਾਜ਼ਰੀ ਨੂੰ ਉਨ੍ਹਾਂ ਨੇ ਇਸ ਦਾ ਕਾਰਪੋਰੇਟੀ ਵਪਾਰਕ ਖੇਡ 'ਚ ਸ਼ਾਮਲ ਹੋਣਾ ਦੱਸਿਆ। ਉਨ੍ਹਾਂ ਦੱਸਿਆ ਕਿ ਉਨ੍ਹਾਂ ਦੀਆਂ ਕਈ ਵੀਡੀਓਜ਼, ਵੈਬਸਾਈਟਾਂ, ਯੂਟਿਊਬ ਚੈਨਲ, ਫੇਸਬੁਕ ਅਕਾਊਂਟ ਮਾਲਕ ਕੰਪਨੀਆਂ ਨੇ ਖਤਮ ਕੀਤੇ ਹਨ। ਹੁਣ ਆਖਰੀ ਵਾਰ ਉਨ੍ਹਾਂ ਨੂੰ "ਮਾਨਸ ਸਮਰੱਥ" ਯੂਟਿਊਬ ਚੈਨਲ ਵਲੋਂ ਪ੍ਰਸਾਰਿਤ ਕੀਤਾ ਗਿਆ। ਉਨ੍ਹਾਂ ਕਿਹਾ ਕਿ ਸੰਸਾਰ ਸਿਹਤ ਸੰਸਥਾ ਤੇ ਆਈ.ਸੀ.ਐਮ.ਆਰ ਦੀਆਂ ਬਾਕਾਇਦਾ ਗੁਪਤ ਲਿਖਤੀ ਹਦਾਇਤਾਂ ਹਨ ਕਿ ਇਕ ਜਾਂ ਵੱਧ ਗੰਭੀਰ ਬੀਮਾਰੀਆਂ ਵਾਲੇ ਕਿਸੇ ਵੀ ਮਰੀਜ਼ ਦੀ ਮੌਤ ਦਾ ਕਾਰਨ ਕੇਵਲ ਕਰੋਨਾ ਹੀ ਲਿਖਣਾ ਹੈ (ਬੇਸ਼ੱਕ ਉਹ ਨੈਗੇਟਿਵ ਹੋਵੇ ਜਾਂ ਪਾਜੇਟਿਵ ਰਿਪੋਰਟ ਮੌਤ ਤੋਂ ਪਹਿਲਾਂ ਆਵੇ ਜਾਂ ਪਿਛੋਂ)। ਜਦ ਕਿ ਮੈਡੀਕਲ ਵਿਗਿਆਨ ਅਨੁਸਾਰ ਵੱਖ-ਵੱਖ ਕੇਸਾਂ 'ਚ ਮੌਤ ਦਾ ਕਾਰਨ ਵੱਖ-ਵੱਖ ਹੁੰਦਾ ਹੈ। ਇਸਦੇ ਪਿਛੇ ਦਵਾਈ ਖੇਤਰ ਦੀਆਂ ਦਿਓ ਕੱਦ ਸਾਮਰਾਜੀ ਕੰਪਨੀਆਂ ਦਾ ਹਿਤ ਕੰਮ ਕਰਦਾ ਹੈ। ਕਰੋਨਾ ਬੀਮਾਰੀ ਨੂੰ ਮਹਾਂਮਾਰੀ ਦੇ ਹਊਏ ਵਜੋਂ ਸੰਸਾਰ 'ਚ ਸਥਾਪਤ ਕਰਕੇ, ਅੱਜ ਵੱਧ ਤੋਂ ਵੱਧ ਮੈਡੀਕਲ ਸਾਜੋਸਮਾਨ, ਐਂਟੀਬਾਇਓਟਿਕ ਦਵਾਈਆਂ ਤੇ ਅਖੌਤੀ ਇਮਿਊਨਿਟੀ ਦਵਾਈਆਂ ਵੇਚੀਆਂ ਜਾ ਰਹੀਆਂ ਹਨ ਅਤੇ ਕੱਲ ਨੂੰ ਵੱਡੇ ਪੈਮਾਨੇ 'ਤੇ ਮਹਿੰਗੀ ਤੋਂ ਮਹਿੰਗੀ ਵੈਕਸੀਨ (ਟੀਕਾ) ਵੇਚਣੀ ਹੈ।

**ਕਰੋਨਾ ਟੈਸਟਾਂ ਦੀ ਭਰੋਸੇ ਯੋਗਤਾ ਬਾਰੇ:** ਡਾ. ਬਿਸਵਾਰੂਪ ਅਨੁਸਾਰ ਮੌਜੂਦਾ ਟੈਸਟ ਕਿੱਟਾਂ ਆਮ ਰੂਪ 'ਚ ਵਾਇਰਸ ਦੀ ਹੋਂਦ ਨੂੰ ਟੈਸਟ ਕਰਦੀਆਂ ਹਨ, ਨਾ ਕਿ ਵਿਸ਼ੇਸ਼ ਰੂਪ ਵਿੱਚ ਕਰੋਨਾ ਵਾਇਰਸ ਨੂੰ (ਭਾਵ ਇਹ ਕਰੋਨਾ ਜਾਂ ਗੈਰ ਕਰੋਨਾ ਵਾਇਰਸ ਹੋ ਸਕਦਾ ਹੈ)। ਲੋਕ-ਪੱਖੀ ਮੈਡੀਕਲ ਮਾਹਰਾਂ ਅਨੁਸਾਰ ਇਸ ਟੈਸਟ ਦੀਆਂ 2% ਤੋਂ 40% ਤੱਕ ਗਲਤੀਆਂ ਸਾਹਮਣੇ ਆ ਰਹੀਆਂ ਹਨ। ਹੈਰਾਨੀ ਦੀ ਗੱਲ ਹੈ ਕਿ ਵੱਖ-ਵੱਖ ਕੰਪਨੀਆਂ ਦੀਆਂ ਟੈਸਟ ਕਿਟਾਂ ਤੇ ਕਾਰਜ ਵਿਧੀ ਨੂੰ ਸੰਸਾਰ ਸਿਹਤ ਸੰਸਥਾ ਵਲੋਂ ਮਾਨਤਾ ਦੇਣ ਦੀ ਕੋਈ ਦਸਤਾਵੇਜ਼ ਮੌਜੂਦ ਨਹੀਂ ਹੈ।

ਇਕ ਪਾਸੇ ਕਰੋਨਾ ਲਾਗ ਦੀ ਮਿਆਦ 14 ਦਿਨ ਦੱਸੀ ਜਾ ਰਹੀ ਹੈ, ਦੂਜੇ ਪਾਸੇ ਇਕ/ਦੋ ਦਿਨ ਬਾਅਦ ਹੀ ਕਰਵਾਏ ਇਕੋ ਮਰੀਜ਼ ਦੇ ਟੈਸਟਾਂ ਦੇ ਨਤੀਜੇ ਅੱਡ-ਅੱਡ ਆ ਰਹੇ ਹਨ। ਅਜੇਹਾ ਕਿਉਂ ? ਪ੍ਰੈਸ ਤੇ ਸੋਸ਼ਲ ਮੀਡੀਆ ਰਾਹੀਂ ਸਾਹਮਣੇ ਆਏ ਦਰਜਨਾਂ ਅਜੇਹੇ ਕੇਸਾਂ ਬਾਰੇ ਹੋਏ ਜਨਤਕ ਰੋਸ ਪ੍ਰਦਰਸ਼ਨਾਂ ਵਿਚੋਂ ਏਥੇ 2 ਉਦਾਹਰਣਾਂ ਦੇਣਾ ਕਾਫੀ ਰਹੇਗਾ। ਪਹਿਲੀ, ਪਿਛਲੇ ਹਫਤੇ ਕੌਲੀ (ਨੇੜੇ ਰਾਜਪੁਰਾ ਜਿਲ੍ਹਾ ਪਟਿਆਲਾ) ਦੇ ਦਰਸ਼ਨੀ ਤੇ ਬਾਡੀ ਬਿਲਡਰ ਨੌਜਵਾਨ (ਉਮਰ 26 ਸਾਲ, ਕੱਦ 7 ਫੁਟ 3 ਇੰਚ ਤੇ ਵਜ਼ਨ 165 ਕਿਲੋ) ਦੀ ਕਰੋਨਾ ਟੈਸਟ ਦੀ ਰਿਪੋਰਟ ਪਹਿਲੇ ਦਿਨ ਨੈਗੇਟਿਵ, ਦੂਜੇ ਦਿਨ ਪਾਜ਼ਿਟਿਵ ਤੇ ਮੌਤ ਤੋਂ ਬਾਅਦ ਨੈਗੇਟਿਵ ਆਈ ਜੋ ਕਿ ਰਿਕਾਰਡ 'ਤੇ ਦਰਜ ਹੈ। ਦਰਅਸਲ ਉਹ ਟਾਈਫਾਈਡ ਦਾ ਮਰੀਜ ਸੀ। ਦੂਜੀ, ਪਿਛਲੇ ਮਹੀਨੇ ਅੰਮ੍ਰਿਤਸਰ ਦੀ ਤੁਲੀ ਲੈਬ ਦੇ ਸੈਂਕੜੇ ਨੈਗੇਟਿਵ/ਪਾਜ਼ਿਟਿਵ ਕੇਸਾਂ ਦੀਆਂ ਰਿਪੋਰਟਾਂ ਬਾਰੇ ਹੋਏ ਰੋਸ-ਮੁਜਾਹਰੇ ਤੇ ਕੋਰਟਾਂ ਤੱਕ ਪੁਜੇ ਸਕੈਂਡਲ ਨੂੰ ਕੌਣ ਭੁਲਿਆ ਹੈ ?

ਪੰਜਾਬ ਦੇ ਵੱਖ-ਵੱਖ ਜ਼ਿਲਿਆਂ ਦੇ ਪਿੰਡਾਂ/ਸ਼ਹਿਰਾਂ ਦੀ ਆਮ ਜਨਤਾ ਨਾਲ ਜੁੜਿਆ ਹਰ ਅਨੁਭਵੀ ਇਹ ਭਲੀਭਾਂਤ ਸਮਝਦਾ ਹੈ ਕਿ ਤਕਨੀਕੀ ਗੜਬੜਾਂ ਤੇ ਮਹਿਕਮਾਨਾ ਭਰਿਸ਼ਟਾਚਾਰ ਹੇਠ ਚੱਲ ਰਹੇ ਨੈਗੇਟਿਵ/ਪਾਜ਼ਿਟਿਵ ਟੈਸਟਾਂ ਦੀ ਰੋਜ਼ਮਰਾ ਖੇਡ ਤੇ ਇਲਾਜ ਸਬੰਧੀ ਹੋ ਰਹੀ ਦੁਰਦਸ਼ਾ ਹੁਣ ਪੰਜਾਬੀਆਂ ਦੀ ਲੋਕ ਚਰਚਾ ਦਾ ਭਖਦਾ ਵਿਸ਼ਾ ਹੈ। ਏਸੇ ਕਰਕੇ ਟੈਸਟ ਕਰਵਾਉਣ ਵਾਲੇ ਪਾਸੇ ਨੂੰ ਨੱਕ ਕਰਨ ਲਈ ਆਮ ਜਨਤਾ ਭੋਰਾ ਭਰ ਵੀ ਤਿਆਰ ਨਹੀਂ।

**ਹਸਪਤਾਲਾਂ 'ਚ ਮਰੀਜ਼ਾਂ ਪ੍ਰਤੀ ਗਲਤ ਰਵਈਏ ਦੀ ਦਰੁਸਤੀ ਦੀ ਤਿੱਖੀ ਲੋੜ :** ਅਗਾਂਹਵਧੂ, ਆਦਰਸ਼ਕ ਤੇ ਮਨੁਖਤਾਵਾਦੀ ਡਾਕਟਰਾਂ/ਨਰਸਾਂ ਦੇ ਛੋਟੇ ਹਿੱਸੇ ਨੂੰ ਛੱਡ ਕੇ ਮੈਡੀਕਲ ਖੇਤਰ 'ਚ ਭਾਰੂ ਰੁਝਾਨ (ਜਿਸਦਾ ਤਿੱਖਾ ਅਨੁਭਵ ਲੋਕਾਂ ਨੇ ਕਰੋਨਾ ਦੌਰ 'ਚ ਕਰਿਆ ਹੈ) ਇਹ ਕੰਮ ਕਰ ਰਿਹਾ ਹੈ ਕਿ ਡਾਕਟਰ (ਮੈਡੀਕਲ ਸਾਵਧਾਨੀਆਂ ਵਾਲਾ ਸਾਜੋ ਸਮਾਨ ਹੋਣ ਦੇ ਬਾਵਜੂਦ) ਛੇਤੀ ਕੀਤੇ ਮਰੀਜ਼ਾਂ ਦੇ ਨੇੜੇ ਨਹੀਂ ਜਾਂਦੇ। ਜਦ ਕਿ ਮੈਡੀਕਲ ਐਥਿਕਸ (ਨੈਤਿਕਤਾ) 'ਚ ਉਨ੍ਹਾਂ ਨੂੰ ਬਾਕਾਇਦਾ ਪੜ੍ਹਾਇਆ ਜਾਂਦਾ ਹੈ ਕਿ ਉਹ ਮਰੀਜ਼ ਦੇ ਕਰੀਬੀ ਹਮਦਰਦ, ਸਲਾਹਕਾਰ ਬਣਕੇ ਉਨ੍ਹਾਂ ਨਾਲ ਗੱਲਬਾਤ ਕਰਨ/ਸੁਣਨ, ਖੁਸ਼ ਰੱਖਣ, ਹੌਂਸਲਾ ਵਧਾਉਣ ਤੇ ਆਸਵੰਦ ਬਣਾਉਣ। ਜਿਸਦਾ ਮਰੀਜ਼ ਦੇ ਰਾਜ਼ੀ ਹੋਣ 'ਚ ਤਕੜਾ ਰੋਲ ਹੁੰਦਾ ਹੈ।

ਦੂਜੇ ਪਾਸੇ ਮਰੀਜ਼ ਦੇ ਪ੍ਰਵਾਰਕ ਮੈਂਬਰਾਂ, ਮਿਤਰਾਂ ਤੇ ਰਿਸ਼ਤੇਦਾਰਾਂ ਨੂੰ (ਵਾਜਬ ਦੂਰੀ ਰੱਖ ਕੇ) ਖਬਰਸਾਰ ਨਹੀਂ ਲੈਣ ਦਿੱਤੀ ਜਾਂਦੀ। ਉਪਰੋਕਤ ਦੋਨਾਂ ਕਾਰਨਾਂ ਕਰਕੇ ਬਹੁਤੇ ਮਰੀਜ਼ ਭਾਰੀ ਮਾਨਸਿਕ ਬੋਝ (ਡੀਪਰੈਸ਼ਨ) ਵੱਲ ਤੇ ਅੱਗੇ ਮੌਤ ਵੱਲ ਧੱਕੇ ਜਾਂਦੇ ਹਨ।

**ਗਲਤ ਦਵਾਈਆਂ ਰਾਹੀਂ ਇਲਾਜ ਫੌਰੀ ਹੋਵੇ ਬੰਦ :** ਕੋਵਿਡ-19 ਇਕ ਵਾਇਰਸ ਹੈ। ਨਾ ਕਿ ਬੈਕਟੀਰੀਆ। ਕੇਂਦਰ ਸਰਕਾਰ ਦੇ ਸਿਹਤ ਵਿਭਾਗ ਤੇ ਆਈ. ਸੀ. ਐਮ. ਆਰ. ਦੇ ਆਦੇਸ਼ਾਂ ਅਨੁਸਾਰ ਵੱਖ-ਵੱਖ ਐਂਟੀਬਾਇਓਟਿਕ (ਬੈਕਟੀਰੀਆ ਨੂੰ ਮਾਰਨ ਵਾਲੀਆਂ) ਦਵਾਈਆਂ ਦੀ ਸ਼ਰੇਆਮ ਵਰਤੋਂ ਕਰੋਨਾ ਦੇ ਇਲਾਜ ਲਈ ਹੋ ਰਹੀ ਹੈ। ਮਿਸਾਲ ਦੇ ਤੌਰ 'ਤੇ ਤੁੱਕਾ ਵਿਧੀ (ਹਿੱਟ ਐਂਡ ਟਰਾਇਲ) ਰਾਹੀਂ ਹਾਈਡਰੋਔਕਸੀਕਲੋਰੋਕੁਈਨ, ਰੈਮਡੇਸਿਵਿਰ, ਫੈਵੀਫਲੂ ਅਤੇ ਏਡਜ਼, ਈਬੋਲਾ ਤੇ ਟੀ.ਬੀ. ਦੀਆਂ ਦਵਾਈਆਂ ਮਰੀਜ਼ਾਂ 'ਤੇ ਭੈੜੇ ਅਸਰ ਪਾ ਰਹੀਆਂ ਹਨ, ਉਨ੍ਹਾਂ ਦੀ ਇਮਿਊਨਿਟੀ ਨੂੰ ਥੱਲੇ ਮਾਰ ਰਹੀਆਂ ਹਨ ਅਤੇ ਮੌਤਾਂ ਦਾ ਕਾਫੀ ਕਾਰਨ ਬਣ ਰਹੀਆਂ ਹਨ।

**ਗੈਰ ਕਰੋਨਾ ਗੰਭੀਰ ਬੀਮਾਰੀਆਂ ਦਾ ਇਲਾਜ ਕਿਥੋਂ ਹੋਵੇ ? :** ਗੈਰ ਕਰੋਨਾ ਗੰਭੀਰ ਤੇ ਜਾਨਲੇਵਾ ਬੀਮਾਰੀਆਂ - ਦਿਲ ਦਾ ਦੌਰਾ, ਦਿਮਾਗ ਦੀ ਨਾੜੀ ਫਟਣਾ, ਸ਼ੂਗਰ ਦਾ ਅਚਾਨਕ ਵਧਣਾ/ਘਟਣਾ, ਸਾਹ (ਦਮਾ) ਆਦਿ ਕਰਕੇ ਇਕ ਦਮ ਪੁੱਜਣ ਵਾਲੇ ਮਰੀਜ਼ਾਂ ਨੂੰ ਫੌਰੀ ਦਾਖਲ ਕਰਕੇ, ਐਮਰਜੈਂਸੀ ਇਲਾਜ ਸ਼ੁਰੂ ਕਰਨ ਦੀ ਬਜਾਏ, ਪ੍ਰਾਈਵੇਟ ਹੱਸਪਤਾਲ ਕਰੋਨਾ ਟੈਸਟ ਦੀ ਪੂਰਵ-ਸ਼ਰਤ ਲਗਾਉਂਦੇ ਹਨ (ਸਰਕਾਰੀ ਹਦਾਇਤਾਂ ਮੁਤਾਬਿਕ) । ਰਿਪੋਰਟ ਨੂੰ ਇਕ/ਦੋ ਦਿਨ ਲੱਗਣ ਕਾਰਨ, ਅਕਸਰ ਅਜੇਹੇ ਮਰੀਜ਼ਾਂ ਦੀ ਮੌਤ ਹੋ ਜਾਂਦੀ ਹੈ। ਦੂਜੇ ਪਾਸੇ ਸਰਕਾਰੀ ਹੱਸਪਤਾਲਾਂ ਦੀ ਵੀ ਏਹੀ ਸ਼ਰਤ ਹੈ। ਅਗਸਤ 20 ਦੇ ਮੁਢ 'ਚ ਇਨ੍ਹਾਂ ਹੱਸਪਤਾਲਾਂ 'ਚ ਪੰਜਾਬ ਸਰਕਾਰ ਨੇ ਹਰ ਤਰ੍ਹਾਂ ਦੇ ਅਪਰੇਸ਼ਨਾਂ 'ਤੇ ਪਾਬੰਦੀ ਲਾ ਦਿੱਤੀ ਹੈ (ਪ੍ਰਾਈਵੇਟਾਂ ਦੀ ਮੁਨਾਫੇ ਖੋਰੀ 'ਚ ਹੋਰ ਵਾਧਾ ਕਰਨ ਲਈ)। ਸੋ ਹਾਲਾਤ ਹੋਰ ਵੀ ਨਿੱਘਰ ਗਏ ਹਨ। ਐਮਰਜੈਂਸੀ ਮਰੀਜ਼ ਜਾਵੇ ਤਾਂ ਕਿਥੇ ਜਾਵੇ ? ਹੱਸਪਤਾਲੀ ਪ੍ਰਬੰਧ ਪੂਰੀ ਤਰ੍ਹਾਂ ਤਹਿਸ਼-ਨਹਿਸ਼ ਕਰ ਦਿੱਤਾ ਗਿਆ ਹੈ।

ਵਰਨਣਯੋਗ ਹੈ ਕਿ ਇਨ੍ਹਾਂ ਗੰਭੀਰ ਬੀਮਾਰੀਆਂ ਕਾਰਨ ਭਾਰਤ 'ਚ ਹਰ ਸਾਲ ਦਿਲ ਵਾਲੇ 15.4 ਲੱਖ, ਫੇਫੜਿਆਂ ਵਾਲੇ 9.6 ਲੱਖ, ਕੈਂਸਰ ਵਾਲੇ 7.8 ਲੱਖ, ਦਿਮਾਗ ਦੀ ਨਾੜੀ ਫਟਣ ਵਾਲੇ 7.3 ਲੱਖ, ਪੇਟ ਵਾਲੇ 7.2 ਲੱਖ, ਸਾਹ ਦੀ ਲਾਗ ਵਾਲੇ 5.1 ਲੱਖ, ਟੀ.ਬੀ. ਵਾਲੇ 4.5 ਲੱਖ, ਔਰਤ ਰੋਗਾਂ ਵਾਲੇ 4.3 ਲੱਖ, ਦਮੇ ਵਾਲੇ 2.5 ਲੱਖ, ਸ਼ੂਗਰ ਵਾਲੇ 2.5 ਲੱਖ ਤੋਂ ਉਪਰ ਮਰੀਜ਼ਾਂ ਦੀਆਂ ਮੌਤਾਂ ਹੁੰਦੀਆਂ ਹਨ। ਇਸ ਤਰ੍ਹਾਂ ਕੁੱਲ 66.2 ਲੱਖ ਤੋਂ ਵੱਧ। ਆਸਾਨੀ ਨਾਲ ਅੰਦਾਜਾ ਲੱਗ ਜਾਂਦਾ ਹੈ ਕਿ ਸਥਿਤੀ ਕਰੋਨਾ ਨਾਲੋਂ ਕਿੰਨੀ ਗੰਭੀਰ ਹੈ ? (ਜਦਕਿ ਕਰੋਨਾ ਮੌਤਾਂ ਵਿੱਚ ਸਰਕਾਰੀ ਫਾਰਮੂਲੇ ਕਾਰਨ ਅਨੇਕਾਂ ਹੋਰ ਬੀਮਾਰੀਆਂ ਵਾਲੇ ਵੀ ਸ਼ਾਮਲ ਕੀਤੇ ਜਾ ਰਹੇ ਹਨ) ਇਸ ਵਰ੍ਹੇ ਹੱਸਪਤਾਲਾਂ 'ਚ ਦਾਖਲੇ ਲਈ ਭਟਕਦੇ ਤੇ ਘਰਾਂ 'ਚ ਫਸੇ, ਬੇਇਲਾਜੇ ਮਰੀਜ਼ਾਂ ਦੀਆਂ ਮੌਤਾਂ ਕਾਰਨ, ਉਪਰੋਕਤ ਗਿਣਤੀ ਲਾਜ਼ਮੀ ਹੋਰ ਜਿਆਦਾ ਵਧੇਗੀ।

ਸਵਾਲ ਹੈ ਕਿ ਦੇਸ਼ ਦੇ ਗੈਰ ਕਰੋਨਾ ਮਰੀਜ਼ ਕਿਹੜੇ ਵਿਦੇਸ਼ੀ ਮੁਲਕ 'ਚ ਇਲਾਜ ਕਰਵਾਉਣ ? ਉਨ੍ਹਾ ਨੂੰ ਇਲਾਜ ਦੇ ਹੱਕ ਤੋਂ ਵਾਂਝੇ ਰੱਖਣਾ (ਅਸਲ ਵਿਚ ਜ਼ਿੰਦਗੀ ਜਿਉਣ ਦੇ ਬੁਨਿਆਦੀ ਅਧਿਕਾਰ ਤੋਂ) ਕੀ ਦੇਸ਼ ਦੇ ਲੋਕਾਂ ਦੇ ਖਿਲਾਫ ਸਮੂਹਕ ਜੁਰਮ ਨਹੀਂ ? ਕੀ ਇਹ ਮੌਤਾਂ ਸਮੂਹਕ ਕਤਲ ਨਹੀਂ ਹਨ ? ਰਾਜ ਪ੍ਰਬੰਧ 'ਚੋਂ ਇਸਦਾ ਦੋਸ਼ੀ ਕੌਣ ਹੈ ? ਉਸਨੂੰ ਸਜ਼ਾ ਕਦੋਂ ਮਿਲੇਗੀ ? ਮਰਨ ਵਾਲਿਆਂ ਦੇ ਵਾਰਸਾਂ ਨੂੰ ਕਿਥੋਂ ਤੇ ਕਦੋਂ ਮਿਲੇਗਾ ਇਨਸਾਫ ? ਬਾਕੀ ਮਰੀਜ਼ਾਂ ਲਈ ਕਦੋਂ ਹੋਵੇਗਾ ਇਲਾਜ ਦਾ ਪ੍ਰਬੰਧ ? ਕੇਂਦਰੀ ਹਕੂਮਤ ਫੌਰੀ ਐਲਾਨ ਕਰੇ ਕਿ ਹਰ ਤਰ੍ਹਾਂ ਗੈਰ ਕਰੋਨਾ ਐਮਰਜੈਂਸੀ ਮਰੀਜ਼ਾਂ ਦਾ ਇਲਾਜ ਪਹੁੰਚਦੇ ਸਾਰ ਆਰੰਭ ਕੀਤਾ ਜਾਵੇ ਤਾਂ ਜੁ ਦੇਸ਼ 'ਚ ਹਰ ਰੋਜ਼ ਹਜ਼ਾਰਾਂ ਜਾਨਾਂ ਬਚਾਈਆਂ ਜਾ ਸਕਣ। ਲੋੜ ਅਨੁਸਾਰ ਕਰੋਨਾ ਟੈਸਟ ਬਾਅਦ 'ਚ ਕਰਵਾਏ ਜਾ ਸਕਦੇ ਹਨ।

**ਇਲਾਜ ਲਈ ਪੈਥੀ (ਵਿਧੀ) ਦੀ ਚੋਣ-ਮਰੀਜ਼ ਦਾ ਹੱਕ :** ਜੋ ਮਰੀਜ਼ ਟੈਸਟ ਕਰਵਾਉਣ ਤੋਂ ਬਾਅਦ ਪਾਜ਼ਿਟਿਵ ਆਉਂਦੇ ਹਨ, ਇਲਾਜ ਕਰਵਾਉਣ ਲਈ ਪੈਥੀ ਦੀ ਚੋਣ ਉਨ੍ਹਾਂ ਦਾ ਆਪਣਾ 100% ਨਿਜੀ ਹੱਕ ਹੈ। ਉਨ੍ਹਾਂ ਨੂੰ ਪੁਲਿਸ ਤੇ ਸਿਹਤ ਵਿਭਾਗ ਦਾ ਕੋਵਿਡ ਦਸਤਾ ਭੇਜ ਕੇ, ਮੁਜਰਮਾਂ ਦੀ ਤਰ੍ਹਾਂ ਜਬਰੀ ਚੁਕਣ ਤੇ ਅਤੇ ਉਪਰੋਂ ਠੋਸੇ ਹੱਸਪਤਾਲ 'ਚ ਭੇਜਣ ਦੀ ਤਾਨਸ਼ਾਹ ਪ੍ਰਥਾ ਮਰੀਜ਼ਾਂ ਨੂੰ ਬੁਰੀ ਤਰ੍ਹਾਂ ਦਹਿਸ਼ਤਜ਼ਦਾ ਕਰਦੀ ਹੈ ਤੇ ਉਹਨਾਂ ਨੂੰ ਦਿਮਾਗੀ ਬੋਝ (ਡੀਪਰੈਸ਼ਨ) 'ਚ ਧੱਕ ਕੇ ਮੌਤ ਵੱਲ ਧੱਕਦੀ ਹੈ। ਸੋ ਫੈਸਲਾ ਮਰੀਜ਼ ਤੇ ਉਸਦੇ ਪ੍ਰਵਾਰਜਨਾਂ 'ਤੇ ਛੱਡਣਾ ਚਾਹੀਦਾ ਹੈ ਕਿ ਉਸਨੇ ਸਰਕਾਰੀ ਜਾਂ ਪ੍ਰਾਈਵੇਟ ਹੱਸਪਤਾਲ 'ਚ ਅੰਗਰੇਜੀ ਇਲਾਜ ਕਰਵਾਉਣਾ ਹੈ ਜਾਂ ਘਰੇ ਇਕਾਂਤਵਾਸ ਰਹਿ ਕੇ ਆਯੁਰਵੈਦਿਕ, ਹੋਮੀਓਪੈਥਿਕ ਜਾਂ ਡਾ. ਬਿਸਵਾਰੂਪ ਵਾਲੀ ਖੁਰਾਕੀ ਯੋਜਨਾ ਨਾਲ ਆਪਣੇ ਆਪ ਨੂੰ ਕਰੋਨਾ ਮੁਕਤ ਕਰਨਾ ਹੈ। ਸੋ ਜਬਰੀ ਚੁਕ ਕੇ, ਸਰਕਾਰੀ ਇਲਾਜ ਵਿਧੀ ਠੋਸਣ (ਜਿਸਨੂੰ ਅੱਜ ਤੱਕ ਸੰਸਾਰ ਸਿਹਤ ਸੰਸਥਾ ਦੀ ਕੋਈ ਮਾਨਤਾ ਨਹੀਂ) ਦੀ ਪ੍ਰਥਾ ਬੰਦ ਹੋਵੇ ਤੇ ਮਰੀਜ਼ਾਂ ਦੇ ਇਲਾਜ ਵਿਧੀ ਦੀ ਚੋਣ ਦੇ ਜਮਹੂਰੀ ਹੱਕ ਤੇ ਸ਼ਹਿਰੀ ਆਜ਼ਾਦੀਆਂ ਬਹਾਲ ਹੋਣ।

**ਕਰੋਨਾ ਤੇ ਗੈਰ ਕਰੋਨਾ ਬੀਮਾਰੀਆਂ ਦੇ ਸਹੀ ਇਲਾਜ ਲਈ ਬੁਲੰਦ ਹੋਵੇ ਲੋਕ ਆਵਾਜ਼ :** ਕਰੋਨਾ ਦੇ ਹਊਏ ਦੀ ਆੜ ਹੇਠ, ਕੇਂਦਰ ਤੇ ਸੂਬਾ ਸਰਕਾਰਾਂ ਵਲੋਂ ਵੱਡੀਆਂ ਕਾਰਪੋਰੇਟ ਕੰਪਨੀਆਂ ਦੇ ਮੁਨਾਫਿਆਂ ਨੂੰ ਜਰਬਾਂ ਦੇਣ ਲਈ ਚਲਾਏ ਜਾ ਰਹੇ- ਖੇਤੀਬਾੜੀ, ਮੰਡੀਕਰਨ, ਬਿਜਲੀ ਤੇ ਸਿੱਖਿਆ ਦੇ ਖੇਤਰ ਵਿਚ ਤੇ ਹੋਰ ਅਹਿਮ ਖੇਤਰਾਂ ਵਿਚ ਚਲਾਏ ਜਾ ਰਹੇ ਨਿੱਜੀਕਰਨ ਦੇ ਬੁਲਡੋਜ਼ਰ ਨੂੰ ਰੋਕਣ ਲਈ ਜੂਝ ਰਹੀਆਂ ਕਿਸਾਨ, ਮਜਦੂਰ, ਮੁਲਾਜਮ, ਵਿਦਿਆਰਥੀ, ਨੌਜਵਾਨ, ਛੋਟੇ ਦੁਕਾਨਦਾਰ, ਛੋਟੇ ਵਪਾਰੀਆਂ, ਟਰਾਂਸਪੋਰਟਰਾਂ ਦੀਆਂ ਸਮੂਹ ਜੱਥੇਬੰਦੀਆਂ ਦਾ ਲਾਜਮੀ ਫਰਜ ਬਣਦਾ ਹੈ ਕਿ ਉਹ ਆਮ ਲੋਕਾਂ ਦੀਆਂ ਜਾਨਾਂ ਬਚਾਉਣ ਲਈ ਕਰੋਨਾ ਤੇ ਗੈਰ ਕਰੋਨਾ ਬੀਮਾਰੀਆਂ ਦਾ ਸਹੀ ਤੇ ਸਸਤਾ ਇਲਾਜ ਯਕੀਨੀ ਬਣਾਉਣ ਦੇ ਅਜੰਡੇ ਨੂੰ ਬਣਦੀ ਅਹਿਮੀਅਤ ਦੇ ਕੇ ਹੱਕੀ ਆਵਾਜ਼ ਬੁਲੰਦ ਕਰਨ ਅਤੇ ਵਿਸ਼ਾਲ ਤੇ ਤਿਖੀ ਹੱਕੀ ਲੋਕ ਲਹਿਰ ਦੀ ਸਿਰਜਣਾ ਕਰਨ।



9 ਸਤੰਬਰ ਬਰਸੀ 'ਤੇ ਵਿਸ਼ੇਸ਼

# .ਗ਼ਦਰੀ ਬਾਬਾ ਚੂਹੜ ਸਿੰਘ ਲੀਲ੍ਹ ਨੂੰ ਯਾਦ ਕਰਦਿਆਂ....

## ਕਿਸੇ ਵੀ ਸਰਕਾਰ ਨੇ ਨਹੀ ਲਈ ਕੋਈ ਸਾਰ



ਸੁਖਵਿੰਦਰ ਲੀਲ੍ਹ,
ਫੁੱਲਾਂਵਾਲ, ਲੁਧਿਆਣਾ
9888814227

ਜਦ ਕਦੇ ਵੀ ਭਾਰਤ ਦੇਸ਼ ਨੂੰ ਅੰਗੇਰਜ਼ੀ ਹਕੂਮਤ ਦੀਆਂ ਗੁਲਾਮੀ ਦੀਆਂ ਜ਼ੰਜੀਰਾਂ ਤੋਂ ਮੁਕਤੀ ਦੀ ਗੱਲ ਚੱਲੇਗੀ ਤਾਂ ਗ਼ਦਰ ਲਹਿਰ ਨਾਲ ਜੁੜੇ ਉਨਾ ਯੋਧਿਆਂ ਦੀਆਂ ਅਥਾਹ ਕੁਰਬਾਨੀਆਂ ਨੂੰ ਅਣਦਿੱਖ ਨਹੀਂ ਕੀਤਾ ਜਾ ਸਕੇਗਾ। ਜਿਹਨਾਂ ਅੰਗਰੇਜੀ ਹਕੂਮਤ ਖਿਲਾਫ ਜੂਝਦੇ ਆਪਣੀ ਸਾਰੀ ਜ਼ਿੰਦਗੀ ਜੇਲ੍ਹਾਂ ਦੀਆਂ ਕਾਲ ਕੋਠੜੀਆਂ ਵਿੱਚ ਕੈਦ ਰਹਿ ਕੇ ਵੀ ਆਪਣੇ ਦੇਸ਼ ਨੂੰ ਅਜ਼ਾਦ ਕਰਵਾਉਣ ਲਈ ਸੰਘਰਸ਼ਾਂ ਨੂੰ ਜਾਰੀ ਰੱਖਿਆ ਅਤੇ ਆਪਣੇ ਪਰਿਵਾਰਾਂ ਸਮੇਤ ਜਾਇਦਾਦਾਂ ਦੀ ਜਬਤ ਕਰਵਾ ਕੇ ਵੀ ਹਿੰਮਤ ਨਹੀਂ ਸੀ ਹਾਰੀ। ਬਿਦੇਸ਼ਾਂ ਵਿੱਚ ਅੱਧ ਮੁੱਲ 'ਤੇ ਆਪਣੀਆਂ ਜਾਇਦਾਦਾਂ ਵੇਚ ਵੱਟ ਕੇ ਸਭ ਕੁਝ ਦੇਸ਼ ਕੌਮ ਦੇ ਲੇਖੇ ਲਗਾਉਣ ਵਾਲੇ ਗ਼ਦਰੀ ਬਾਬਿਆਂ ਦੀ ਦੇਸ਼ ਪ੍ਰਤੀ ਪ੍ਰੇਮ ਭਾਵਨਾ ਅਤੇ ਦੇਸ਼ ਭਗਤੀ ਨੂੰ ਲੋਕ ਮਨਾ ਅੰਦਰ ਰਹਿੰਦੀ ਦੁਨੀਆਂ ਤੱਕ ਯਾਦ ਕੀਤਾ ਜਾਂਦਾ ਰਹੇਗਾ। ਅਜ਼ਾਦੀ ਦੀ ਚੱਲੀ ਇਸ ਲਹਿਰ ਦੇ ਇਤਿਹਾਸ ਤੋਂ ਪਤਾ ਚੱਲਦਾ ਹੈ ਕਿ ਕਿਵੇਂ ਉਨਾ ਦੇਸ਼ ਦੇ ਮਿਹਨਤਕਸ਼ ਲੋਕਾਂ ਲਈ ਬਰਾਬਰੀ ਵਾਲੇ ਹੱਕ ਪ੍ਰਾਪਤ ਕਰਨ ਲਈ ਸੱਚੇ ਤਨੋ-ਮਨੋ ਨਿਰਸਵਾਰਥ ਹੋ ਕੇ ਜੇਲਾਂ ਅੰਦਰ ਅਣਮਨੁੱਖੀ ਤਸੀਹੇ ਝੱਲਦਿਆਂ ਜਾਲਮ ਅੰਗਰੇਜ਼ ਹਕੂਮਤ ਦੇ ਨੱਕ ਵਿੱਚ ਦਮ ਕਰੀ ਰੱਖਿਆ ਅਤੇ ਆਪਣੇ ਆਖਰੀ ਸਾਹਾਂ ਤੱਕ ਲੜਾਈ ਲੜਦੇ ਰਹੇ।

ਗ਼ਦਰੀ ਬਾਬਾ ਚੂਹੜ ਸਿੰਘ ਲੀਲ੍ਹ ਜਿਨਾ ਨੇ 'ਪੁਰਜਾ ਪੁਰਜਾ ਕੱਟ ਮਰੇ'ਕਬੀ ਨਾ ਛਾਡੈ ਖੇਤ ਅਨੁਸਾਰ ਆਪਣੇ ਆਖਰੀ ਸਾਹਾਂ ਤੱਕ ਹੱਡੀਆਂ ਦਾ ਪਿੰਜਰ ਬਣ ਚੁੱਕੇ ਆਪਣੇ ਸਰੀਰ ਨਾਲ ਨਿਭਾਇਆ।ਉਨਾ ਦਾ ਜਨਮ ਪਿੰਡ ਲੀਲ੍ਹ ਜਿਲਾ ਲੁਧਿਆਣਾ ਵਿੱਚ ਕਿਸਾਨ ਪਰਿਵਾਰ ਨਾਲ ਸਬੰਧਤ ਸ. ਬੂਟਾ ਸਿੰਘ ਦੇ ਘਰ ਵਿੱਚ ਹੋਇਆ। ਪਿੰਡ ਖੇਤੀ ਦਾ ਕੰਮ ਕਰਦੇ ਕਰਦੇ ਅੰਗਰੇਜਾਂ ਦੇ ਰਸਾਲੇ ਵਿੱਚ ਨੌਕਰੀ ਵੀ ਕਰ ਲਈ ਪਰ ਅਣਖੀ ਸੁਭਾਅ ਤੇ ਦੇਸ਼ ਸੇਵਾ ਦਾ ਜਜਬਾ ਬਹੁਤੀ ਦੇਰ ਗੁਲਾਮੀ ਨੂੰ ਸਹਾਰ ਨਾ ਸੱਕਿਆ। ਨੌਕਰੀ ਵਿਚਕਾਰ ਛੱਡ ਕੇ ਆਰਥਿਕ ਹਾਲਤ ਸੁਧਾਰਨ ਲਈ ਅਮਰੀਕਾ ਨੂੰ ਚਾਲੇ ਪਾ ਦਿੱਤੇ। ਉੱਥੇ ਰਹਿੰਦਿਆਂ ਹੀ ਉਨਾ ਦਾ ਮੇਲ ਜੋਲ ਗ਼ਦਰ ਪਾਰਟੀ ਲਹਿਰ ਨਾਲ ਹੋ ਗਿਆ ਅਤੇ ਉੱਥੇ ਹੀ ਗਦਰ ਪਾਰਟੀ ਦੀਆਂ ਸਰਗਰਮੀਆਂ ਵਿੱਚ ਹਿੱਸਾ ਲੈਣ ਲੱਗ ਪਏ ਸਨ।

ਗ਼ਦਰ ਪਾਰਟੀ ਲਹਿਰ ਦਾ ਮੁੱਖ ਮਕਸਦ ਅਮਰੀਕਾ ਵਿੱਚ ਰਹਿੰਦੇ ਭਾਰਤੀਆਂ ਨੂੰ ਇੱਕ ਝੰਡੇ ਥੱਲੇ ਇਕੱਠਾ ਕਰਕੇ ਆਪਣੇ ਦੇਸ਼ ਭਾਰਤ ਵਾਪਸ ਭੇਜਣਾ ਸੀ ਤਾਂ ਜੋ ਉੱਥੇ ਜਾ ਕੇ ਹਥਿਅਰਬੰਦ ਘੋਲ ਰਾਹੀਂ ਭਾਰਤ ਦੇਸ਼ ਨੂੰ ਅੰਗਰੇਜ਼ਾਂ ਹੱਥੋਂ ਅਜ਼ਾਦ ਕਰਵਾਇਆ ਜਾ ਸਕੇ। ਉਨਾ ਗ਼ਦਰੀ ਬਾਬਿਆਂ ਦੀ ਇੱਕ ਵਿਚਾਰਧਾਰਾ ਸੀ ਕਿ ਭਾਰਤ ਦੀ ਅਜ਼ਾਦੀ ਤੋਂ ਬਾਅਦ ਇੱਥੇ ਊੱਚ-ਨੀਚ ਮੁਕਤ, ਲੁੱਟ ਰਹਿਤ ਅਤੇ ਬਰਾਬਰਤਾ ਵਾਲਾ ਸਮਾਜ ਸਿਰਜਿਆ ਜਾਵੇ। ਉਹਨਾਂ ਦਾ ਸੁਪਨਾ ਅੱਜ ਵੀ ਅਧੂਰਾ ਪਿਆ ਸਾਡੇ ਲਈ ਕਈ ਤਰਾਂ ਦੇ ਸੁਆਲ ਖੜੇ ਕਰਦਾ ਆ ਰਿਹਾ ਹੈ। ਗ਼ਦਰ ਲਹਿਰ ਵਿੱਚ ਬਹੁ-ਗਿਣਤੀ ਪੰਜਾਬੀਆਂ ਦੀ ਸੀ ਤੇ ਇਹ ਜਿਆਦਾ ਤਰ ਅਮ੍ਰਿੰਤਧਾਰੀ ਸਿੰਘ ਸਨ ਅਤੇ ਸਿੱਖ ਧਰਮ ਦੀ ਬਰਾਬਰਤਾ ਵਾਲੀ ਵਿਚਾਰਧਾਰਾ ਤੋਂ ਕਾਫੀ ਪ੍ਰਭਾਵਤ ਸਨ।

ਬਾਬਾ ਜੀ ਨੇ ਵੀ ਆਪਣਾ ਬਿਦੇਸਾਂ ਵਿੱਚੋਂ ਸਭ ਕੁਝ ਤਿਆਗ ਕੇ 172 ਹੋਰ ਗਦਰੀਆਂ ਨਾਲ ਤੋਸਾ ਮਾਰੂ ਜਹਾਜ਼ ਰਾਹੀਂ ਦੇਸ਼ ਵਾਪਸ ਆਉਣ ਦਾ ਫੈਸਲਾ ਕਰ ਲਿਆ ਸੀ। ਇਹ ਜਹਾਜ਼ ਜਦ 29 ਅਕਤੂਬਰ 1914 ਨੂੰ ਕਲਕੱਤਾ ਦੀ ਬੰਦਰਗਾਹ ਉੱਪਰ ਪਹੁੰਚਿਆ ਤਾਂ ਲਗਭਗ ਸਾਰੇ ਹੀ ਮੁਸ਼ਾਫਰਾਂ ਨੂੰ ਅੰਗਰੇਜ਼ ਪੁਲਿਸ ਵੱਲੋਂ ਗ੍ਰਿਫਤਾਰ ਕਰਕੇ ਭੁੱਖਿਆਂ ਭਾਣਿਆਂ ਨੂੰ ਰਾਏਵਿੰਡ ਲੁਧਿਆਣਾ ਲੈ ਆਂਦਾ। ਕਈਆਂ ਨੂੰ ਪਿੰਡਾਂ ਦੀਆਂ ਜੂਹਾਂ ਅੰਦਰ ਕੈਦ ਕਰਨ ਦੇ ਹੁਕਮ ਸੁਣਾ ਦਿੱਤੇ ਗਏ, ਜਿਨ੍ਹਾਂ ਵਿੱਚ ਬਾਬਾ ਚੂਹੜ ਸਿੰਘ ਲੀਲ੍ਹ ਜੀ ਵੀ ਸਨ। ਪਰ ਬਾਬਾ ਜੀ ਨੂੰ ਦੇਸ਼ ਭਗਤੀ ਦੀ ਲਗਨ ਨੇ ਘਰ ਟਿਕ ਕੇ ਬੈਠਣ ਨਾ ਦਿੱਤਾ ਅਤੇ ਉਹ ਰੂਹ-ਪੋਸ ਹੋ ਕੇ ਗਦਰ ਪਾਰਟੀ ਦੇ ਪ੍ਰੋਗਰਾਮਾਂ ਵਿੱਚ ਜਾਣ ਲੱਗ ਪਏ। ਨਵੰਬਰ 1914 ਨੂੰ ਸ਼ਹੀਦ ਕਰਤਾਰ ਸਿੰਘ ਸਰਾਭਾ ਵੱਲੋਂ ਲਾਡੋਵਾਲ ਮੀਟਿੰਗ ਦੌਰਾਨ 'ਡਕੈਤੀ ਕਮਿਸ਼ਨ' ਦੀ ਸਥਾਪਨਾ ਕੀਤੀ। ਜਿਸ ਵਿੱਚ ਸਿਰਫ ਸਰਕਾਰੀ ਖਜਾਨਾ ਜਾਂ ਕੁਝ ਅਮੀਰ ਬੰਦਿਆ ਨੂੰ ਲੁੱਟਣ ਦੀ ਯੋਜਨਾ ਬਣਾਈ ਗਈ ਸੀ ਤਾਂ ਜੋ ਪਾਰਟੀ ਨੂੰ ਹਥਿਆਰਾਂ ਦੀ ਲੋੜ ਨੂੰ ਪੂਰਾ ਕੀਤਾ ਜਾ ਸਕੇ।

ਸਾਰੀਆਂ ਗੱਲਾਂ ਨੂੰ ਧਿਆਨ ਵਿੱਚ ਰੱਖਦੇ ਰਬੋਂ, ਝਨੇਰ, ਰਾਜੋਆਣਾ ਅਤੇ ਦੋਰਾਹਾ ਵਿੱਚ ਡਾਕੇ ਮਾਰੇ ਗਏ ਅਤੇ 3 ਫਰਵਰੀ ਰਾਹੋਂ ਉੱਚੀ ਲੁਧਿਆਣਾ ਵਿੱਚ ਡਾਕਾ ਮਾਰਿਆ ਗਿਆ ਸੀ। ਇਹ ਸਾਰਾ ਪੈਸਾ ਪਾਰਟੀ ਕੋਲ ਜਮਾਂ ਹੁੰਦਾਂ ਸੀ। ਉਨ੍ਹਾਂ ਦਿਨਾਂ ਵਿੱਚ ਪਿੰਡਾਂ ਦੇ ਨਾ-ਸਮਝ ਬਹੁਗਿਣਤੀ ਲੋਕ ਗ਼ਦਰੀਆਂ ਨੂੰ ਡਾਕੂ ਵੀ ਕਹਿੰਦੇ ਰਹੇ ਹਨ। 3 ਫਰਵਰੀ 1915 ਨੂੰ ਬਾਬਾ ਜੀ ਭਾਈ ਗਾਂਧਾ ਸਿੰਘ ਨੂੰ ਨਾਲ ਲੈ ਕੇ ਇਕ ਮਾਈ ਕੋਲੋਂ ਲੁੱਟਿਆ ਗਿਆ ਮਾਲ ਵਾਪਸ ਵੀ ਕਰਕੇ ਆਏ ਸਨ, ਕਿਉਂਕਿ ਉਸ ਮਾਈ ਨੂੰ ਪੈਸੇ ਦੀ ਵਧ ਲੋੜ ਸੀ। ਇਸ ਐਕਸਨ ਤੋਂ ਬਾਅਦ ਜਦ ਉਹ ਪਿੰਡ ਪਹੁੰਚੇ ਤਾਂ ਪਿੰਡ ਲੀਲ੍ਹ ਦੇ ਇੱਕ



ਮੁਖਵਰ ਨੇ ਸੀ. ਆਈ.ਡੀ ਕਰਕੇ ਬਾਬਾ ਜੀ ਨੂੰ ਫੜਵਾ ਦਿੱਤਾ। ਆਪ ਉੱਪਰ ਲਾਹੌਰ ਸਾਜਿਸ਼ ਅਧੀਨ ਕੇਸ ਚਲਾ ਕੇ ਕਾਲੇ ਪਾਣੀ, ਜਾਇਦਾਦ ਜ਼ਬਤ ਦਾ ਫੈਸਲਾ ਸੁਣਾਇਆ ਗਿਆ।

ਅੰਡੇਮਾਨ ਦੀਆਂ ਜੇਲ੍ਹਾਂ ਅੰਦਰ ਕੈਦੀਆਂ ਉੱਪਰ ਅਣਮਨੁੱਖੀ ਤਸੀਹੇ ਦੇ ਧੱਕੇ ਨਾਲ ਕੈਦੀ ਦੀ ਸਮਰੱਥਾ ਦੇ ਉਲਟ ਕੰਮ ਕਰਵਾਇਆ ਜਾਂਦਾ ਸੀ, ਕੈਦੀਆਂ ਉੱਪਰ ਠੰਡਾ ਪਾਣੀ ਪਾਕੇ , ਠੰਡੇ ਪਾਣੀ ਵਿੱਚ ਗੋਤੇ ਲਗਾਏ ਜਾਂਦੇ ਸਨ। ਜਿਸ ਨੂੰ ਬਾਬਾ ਜੀ ਬਰਦਾਸਤ ਨਾ ਕਰ ਸਕੇ ਤੇ ਅੰਗਰੇਜਾਂ ਨਾਲ ਸਿੱਧੀ ਟੱਕਰ ਲੈਣ ਲਈ ਜੇਲ ਅੰਦਰ ਜੁਲਮ ਖਿਲਾਫ ਅਵਾਜ਼ ਭੁੱਖ ਹੜਤਾਲ ਦੇ ਰੂਪ ਵਿੱਚ 2 ਅਕਤੂਬਰ 1917 ਨੂੰ ਉਠਾਈ ਗਈ ਅਤੇ ਬਾਅਦ ਵਿੱਚ ਜੇਲ੍ਹ ਅੰਦਰ ਕੋਈ ਵੀ ਕੰਮ ਨਾ ਕਰਨ ਦੀ ਹੜਤਾਲ ਕਰ ਦਿੱਤੀ ਗਈ। ਇਹਨਾਂ ਹੜਤਾਲਾਂ ਨੇ ਅੰਗਰੇਜਾਂ ਇੰਨੀ ਕੁ ਮਤ ਦੇ ਦਿੱਤੀ ਕਿ ਉਹ ਕਿਸੇ ਕੈਦੀ ਨੂੰ ਕੋਈ ਵੀ ਸਜਾ ਦੇਣ ਤੋਂ ਪਹਿਲਾਂ ਸੌ ਵਾਰੀ ਸੋਚਦੇ। ਇਸ ਤਰ੍ਹਾਂ ਬਾਬਾ ਜੀ ਨੇ ਅੰਡੇਮਾਨ ਜੇਲ੍ਹਾਂ ਅੰਦਰ ਇਸ ਵਹਿਸ਼ੀ ਮਹੌਲ ਨੂੰ ਠੱਲ ਪਾ ਦਿੱਤੀ ਤੇ ਅੰਗਰੇਜਾਂ ਨੂੰ ਇੱਕ ਜੇਲ੍ਹ ਸਧਾਰ ਕਮੇਟੀ ਬਣਾਉਣੀ ਪਈ ਅਤੇ ਨਤੀਜੇ ਵੱਜੋਂ ਕਾਫੀ ਕੈਦੀਆਂ ਨੂੰ ਅੰਡੇਮਾਨ ਜੇਲ੍ਹਾਂ ਚੋਂ ਤਬਦੀਲ ਕਰਕੇ ਭਾਰਤੀ ਜੇਲ੍ਹਾਂ ਵਿੱਚ ਲੈ ਕੇ ਆਉਣਾ ਪਿਆ।

ਬਾਬਾ ਜੀ ਤੇ ਬਾਬਾ ਜੁਵਾਲਾ ਸਿੰਘ ਨੂੰ ਵੀ ਮਦਰਾਸ ਦੀ ਕੋਇਟੰਬੂਰ ਜੇਲ੍ਹ ਵਿੱਚ ਭੇਜ ਦਿੱਤਾ। ਇੱਥੇ ਵੀ ਮੋਪਲਾ ਸੱਤਿਆਗ੍ਰਹਿ ਦੇ ਬੱਚੇ, ਬੁੱਢਿਆਂ ਅਤੇ ਔਰਤਾਂ ਨੂੰ ਭੁੱਖੇ ਪਿਆਸੇ ਰੱਖ ਕੇ ਛੋਟੀਆਂ ਛੋਟੀਆਂ ਕਾਲ ਕੋਠੜੀਆਂ ਵਿੱਚ ਤੂੜੀ ਵਾਂਗ ਤੂੜਿਆ ਜਾਂਦਾ ਤੇ ਦਮ ਘੁੱਟਣ ਨਾਲ ਬਹੁਤ ਸਾਰੇ ਬੱਚੇ, ਬੁੱਢੇ ਮਰ ਚੁੱਕੇ ਤੇ ਮਰ ਰਹੇ ਸਨ।ਆਪ ਦੀ ਪਰਉਪਕਾਰੀ ਦਾ ਸਬੂਤ ਇੱਥੇ ਉੱਦੋਂ ਮਿਲਦਾ ਜਦ ਆਪ ਅਤੇ ਬਾਬਾ ਜੁਵਾਲਾ ਸਿੰਘ ਠੱਠੀਆਂ ਆਪਣੇ ਹਿੱਸੇ ਦਾ ਖਾਣਾ ਵੀ ਉਹਨਾਂ ਬੱਚਿਆਂ ਵਿੱਚ ਵੰਡ ਦਿੰਦੇ। ਇੱਕ ਦਿਨ ਜੇਲ੍ਹ ਅਧਿਕਾਰੀਆਂ ਨੂੰ ਇਸ ਗੱਲ ਦਾ ਪਤਾ ਲੱਗਣ ਤੇ ਜੁਵਾਲਾ ਸਿੰਘ ਨੂੰ ਜਦ 30 ਬੈਂਤਾਂ ਦੀ ਸਜਾ ਦਿੱਤੀ ਤਾਂ ਆਪ ਵੀ



ਗਦਰੀ ਬਾਬਾ ਚੂਹੜ ਸਿੰਘ ਲੀਲ੍ਹ ਅਤੇ ਪਿੰਡ ਬਣੀ ਯਾਦਗਾਰ।

ਭੱਜ ਕੇ ਅੱਗੇ ਹੋ ਗਏ ਤੇ ਲਲਕਾਰਨ ਲੱਗੇ ਕਿ ਮੈਨੂੰ ਵੀ ਇਹੀ ਸਜਾ ਦਿੱਤੀ ਜਾਵੇ, ਮੈਂ ਵੀ ਆਪਣੇ ਹਿੱਸੇ ਦਾ ਖਾਣਾ ਬੱਚਿਆਂ ਨੂੰ ਦਿੱਤਾ ਹੈ।

ਇਸ ਤਰਾਂ ਜੇਲ੍ਹ ਅੰਦਰ ਹੰਗਾਮਾ ਮੱਚ ਗਿਆ ਤੇ ਬਾਬਾ ਜੀ ਨੇ ਰੋਸ ਵਿੱਚ ਫਿਰ ਹੜਤਾਲ ਕਰ ਦਿੱਤੀ। ਜੇਲ੍ਹ ਦਾ ਮਹੌਲ ਖਰਾਬ ਹੋਣ ਦੇ ਡਰੋਂ ਇਹਨਾਂ ਦੋਹਾਂ ਕੈਦੀਆਂ ਨੂੰ 24 ਨਵੰਬਰ 1922 ਨੂੰ ਭੰਡਾਰਾ ਜੇਲ੍ਹ ਬਦਲ ਦਿੱਤਾ ਗਿਆ। ਜਿੱਥੇ ਵੀ ਬਾਬਾ ਜੀ ਜੇਲ ਅੰਦਰ ਰਹੇ ਉਹਨਾਂ ਕੈਦੀਆਂ ਉਪੱਰ ਹੋ ਰਹੇ ਹਰ ਤਰਾਂ ਦੇ ਜੁਲਮ ਖਿਲਾਫ ਖੁੱਲ ਕੇ ਅਵਾਜ ਉਠਾਈ ਜਿਸ ਕਾਰਨ ਬਾਬਾ ਜੀ ਦੇ ਪੂਰੇ ਦੇਸ਼ ਭਰ ਵਿੱਚ ਚਰਚੇ ਹੋਣ ਲੱਗ ਪਏ। ਕਈ ਜੇਲ੍ਹ ਅਧਿਕਾਰੀ ਤਾਂ ਬਾਬਾ ਜੀ ਦਾ ਕਾਫੀ ਸਤਿਕਾਰ ਵੀ ਕਰਨ ਲੱਗ ਪਏ ਸਨ। ਜਦ ਬਾਬਾ ਚੂਹੜ ਸਿੰਘ ਨੂੰ ਲਾਹੌਰ ਜੇਲ੍ਹ ਵਿੱਚ ਲਿਆਂਦਾ ਤਾਂ ਇੱਥੇ ਹੀ ਆਪ ਦੀ ਮੁਲਾਕਤ ਭਾਈ ਰਣਧੀਰ ਸਿੰਘ ਅਤੇ ਸ਼ਹੀਦ ਭਗਤ ਸਿੰਘ ਨਾਲ ਹੋਈ।

ਉਸ ਸਮੇਂ ਭਗਤ ਸਿੰਘ, ਰਾਜਗੁਰੂ ਅਤੇ ਸੁਖਦੇਵ 14 ਨੰਬਰ ਕੋਠੜੀ ਵਿੱਚ ਮੌਤ ਦੀ ਸਜਾ ਭੁਗਤ ਰਹੇ ਸਨ।ਭਗਤ ਸਿੰਘ ਬਾਬਾ ਜੀ ਦੇ ਕੰਮਾਂ ਤੋਂ ਕਾਫੀ ਪ੍ਰਭਾਵਤ ਸਨ ਅਤੇ ਉਹ ਲੰਮਾ ਸਮਾਂ ਉਹਨਾਂ ਨਾਲ ਬੈਠ ਕੇ ਇਨਕਲਾਬੀ ਵਿਚਾਰਧਾਰਾ ਦੀ ਮਜਬੂਤੀ ਵਾਰੇ ਗੱਲਬਾਤ ਕਰਦੇ ਰਹਿੰਦੇ ਸਨ। ਬਾਬਾ ਜੀ ਭਗਤ ਸਿੰਘ ਕਹਿੰਦੇ ਤੂੰ ਬਿਲਕੁਲ ਠੀਕ ਕਹਿਨਾ, ਇੱਥੇ ਬਰਾਬਰਤਾ ਵਾਲਾ ਰਾਜ ਹੀ ਲਿਆਉਣਾ ਪੈਣਾ। ਫਿਰ ਕਿਤੇ ਜਾ ਕੇ ਭਾਰਤ ਦੇਸ਼ ਦਾ ਭਲਾ ਹੋ ਸਕੇਗਾ। ਭਗਤ ਸਿੰਘ ਦੇ ਜਾਣ ਬਾਅਦ ਵੀ ਉਸਦੀ ਵਿਚਾਰਧਾਰਾ ਦਾ ਅਸਰ ਬਾਬਾ ਜੀ ਵੱਲੋਂ ਇੱਕ ਜੱਜ ਨੂੰ ਸਮਾਜ ਅਤੇ ਜੇਲ੍ਹ ਸਧਾਰ ਸੰਬਧੀ ਲਿਖੇ ਇੱਕ ਪੱਤਰ ਵਿਚ ਸਾਫ ਨਜ਼ਰ ਆਉਂਦਾ ਹੈ। ਇੱਥੇ ਹੀ ਬਾਬਾ ਚੂਹੜ ਸਿੰਘ ਨੇ ਭਾਈ ਰਣਧੀਰ ਸਿੰਘ ਦੀ ਮੁਲਾਕਾਤ ਭਗਤ ਸਿੰਘ ਨਾਲ ਕਰਵਾਈ ਸੀ।

ਬਾਬਾ ਜੀ ਦਾ ਸੰਘਰਸ਼ ਜਾਰੀ ਰਿਹਾ ਫਰਵਰੀ 1932 ਫਿਰ ਕੈਦੀਆਂ ਉੱਪਰ ਜੁਲਮ ਵਧ ਗਏ ਤੇ ਬਾਬਾ ਜੀ ਨੇ ਕਮਜ਼ੋਰ ਸਰੀਰ ਦੇ ਬਾਵਯੂਦ 82 ਦਿਨ ਦੀ ਲੰਬੀ ਭੁੱਖ ਹੜਤਾਲ ਕਰ ਦਿੱਤੀ ਗਈ। ਬਾਬਾ ਜੀ ਅੰਦਰ ਨੌਜਵਾਨ ਸ਼ਹੀਦ ਭਗਤ ਸਿੰਘ ਵੀ ਬੋਲਦਾ ਸੀ, ਜੋ ਅੰਗਰੇਜ਼ੀ ਹਕੂਮਤ ਦੇ ਅੱਖਾਂ ਵਿੱਚ ਰੜਕਣ ਲੱਗ ਪਏ। ਅੰਗਰੇਜ਼ ਨਹੀਂ ਸੀ ਚਾਹੁੰਦਾ ਕਿ ਇਹ ਬਾਬਾ ਜਿਉਂਦਾ ਘਰ ਜਾਵੇ ਇਸੇ ਲਈ ਤਾਂ ਬਾਬਾ ਜੀ ਦੀ ਸਜਾ ਪੂਰੀ ਹੋ ਜਾਣ ਬਾਅਦ ਵੀ ਰਿਹਾ ਨਾ ਕੀਤਾ ਗਿਆ। ਦੂਸਰੇ ਪਾਸੇ ਬਾਬਾ ਜੀ ਨੂੰ ਜੇਲ੍ਹ ਵਿੱਚੋਂ ਬਾਹਰ ਕੱਢਣ ਲਈ ਬਾਬਾ ਸੋਹਣ ਸਿੰਘ ਭਕਨਾ ਦੀ ਅਗਵਾਈ ਵਿੱਚ ਸੱਤਿਆਗ੍ਰਹਿ ਸ਼ੁਰੂ ਕਰ ਦਿੱਤਾ ਗਿਆ ਸੀ।ਜੇਲ੍ਹ ਅੰਦਰ ਬਾਬਾ ਜੀ ਨੇ ਰੋਸ ਵੱਜੋਂ ਲਗਾਤਾਰ ਭੁੱਖ ਹੜਤਾਲ ਜਾਰੀ ਰੱਖਣ ਕਾਰਨ ਸਰੀਰ ਪਿੰਜਰ ਦਾ ਰੂਪ ਧਾਰ ਚੁੱਕਾ ਸੀ ਜਿਸ ਤੋਂ ਡਰ ਕੇ ਅੰਗਰੇਜ਼ਾਂ ਨੇ ਬਾਬਾ ਜੀ ਦੀਆਂ ਸਾਰੀਆਂ ਮੰਗਾਂ ਮੰਨਦੇ ਹੋਏ ਰਿਹਾ ਕਰ ਦਿੱਤਾ। ਘਰ ਆ ਕੇ ਆਪ ਦੇ ਇਲਾਜ਼ ਲਈ ਕਾਫੀ ਭੱਜ ਨੱਠ ਕੀਤੀ ਗਈ ਪਰ ਕਮਜ਼ੋਰੀ ਜਿਆਦਾ ਹੋਣ ਕਾਰਨ ਅੰਤ 9 ਸਤੰਬਰ 1933 ਨੂੰ ਅਜ਼ਾਦੀ ਦਾ ਇਹ ਯੋਧਾ ਅਧੂਰਾ ਸੁਪਨਾ ਲੈ ਕੇ ਇਸ ਦੁਨੀਆਂ ਨੂੰ ਸਦਾ ਲਈ ਅਲਵਿਦਾ ਆਖ ਗਿਆ।

GILL
Truck & Trailer Repair
and Mobile Service
"Hiring Full and Part Time mechanics"
Open 7 days a week and, make it nice
Cell: 416.312.4707
Tel: 905.458.3455
Fax: 905.458.3456
04 Blair Dr.
Brampton, ON
L6P 2X5
gilltruckandtrailer@yahoo.com

Inderjit Gill
Heavy Duty Truck & Trailer Mechanic

Tri-City
Professional Realty Inc. Brokerage
"Aiming Straight with Honesty and Integrity"
Since 1987 on Full Time Basis
Dri: 416-254-7573, Off.: 905-793-5777
Email : pdosanjh2005@yahoo.com

Paul Dosanjh
Sales Representative

# ਕੁਦਰਤੀ ਰੋਗ ਨਿਵਾਰਨ ਸ਼ਕਤੀ ਰਿਫਲੈਕਸਾਲੋਜੀ (Reflexology)

ਖ਼ੂਨ ਦਾ ਸ਼ਰੀਰ ਦੇ ਹਰ ਅੰਗ ਵਿੱਚ ਠੀਕ ਵਹਾਓ (Blood Circulation) ਰੋਗ ਮੁਕਤ ਜੀਵਨ ਹੈ? ਜਦੋਂ ਕਿਸੇ ਅੰਗ ਵਿੱਚ ਜ਼ਹਿਰੀਲੇ ਪਦਾਰਥ (Toxins) ਜਮ੍ਹਾਂ ਹੋ ਜਾਣ ਕਾਰਨ ਖ਼ੂਨ ਦਾ ਸੰਚਾਲਨ ਘੱਟ ਜਾਂ ਰੁਕ ਜਾਣ ਕਰਕੇ ਉਹ ਅੰਗ ਪੀੜਤ ਜਾਂ ਬਿਮਾਰ ਹੋ ਜਾਂਦਾ ਹੈ। ਗਲਤ ਖਾਣ ਪੀਣ ਜਿਵੇਂ ਅੰਸਤੁਲਤ ਭੋਜਨ, ਖ਼ਰਾਬ ਜਾਂ ਗੰਦੀ ਖ਼ੁਰਾਕ, ਚਿੰਤਾ, ਮਾਨਸਿਕ ਤਣਾਓ, ਬੇਚੈਨੀ, ਉਨੀਂਦਰਾ, ਕਸਰਤ ਨਾਂ ਕਰਨਾ, ਦੂਸ਼ਤ ਵਾਤਾਵਰਨ ਵਿੱਚ ਰਹਿਣਾ, ਨਸ਼ਿਆਂ ਦੀ ਵਰਤੋਂ ਜਿਵੇਂ ਤੰਬਾਕੂ ਸ਼ਰਾਬ, ਭੰਗ, ਡੋਡੇ, ਅਫੀਮ, ਗਾਂਜਾ, ਚਰੱਸ, ਦੀ ਵਰਤੋਂ ਤੇ ਬੁਢਾਪਾ ਆ ਜਾਣਾ ਆਦਿ ਸ਼ਰੀਰ ਵਿਚ ਜ਼ਹਿਰੀਲੇ ਪਦਾਦਰਥ ਜਮਾਂ ਕਰ ਦਿੰਦੀਆਂ ਹਨ। ਜ਼ਿਆਦਾ ਮਾਨਸਿਕ ਤਣਾਅ ਵੀ ਵਧੇ ਰਹਿਣ ਕਾਰਨ ਖ਼ੂਨ ਸੰਚਾਲਕ ਨਾੜੀਆਂ ਵਧੇਰੇ ਤੰਗ ਹੋ ਜਾਂਦੀਆਂ ਹਨ ਤੇ ਉਸ ਅੰਗ ਜਾਂ ਹਿੱਸੇ ਵਿੱਚ ਖ਼ੂਨ ਦਾ ਸੰਚਾਲਨ ਘੱਟ ਹੋ ਜਾਂਦਾ ਹੈ ਤੇ ਉਹ ਅੰਗ ਪੀੜਤ ਜਾਂ ਬਿਮਾਰ ਹੋ ਜਾਂਦਾ ਹੈ? ਇਹ ਪੀੜ੍ਹਾਂ ਜਾਂ ਬਿਮਾਰੀ ਜਿਸ ਅੰਗ ਵਿੱਚ ਹੁੰਦੇ ਹਨ ਉਸ ਮੁਤਾਬਕ ਹੀ ਉਸਦਾ ਨਾਂ ਰੱਖ ਦਿੱਤਾ ਜਾਂਦਾ ਜਿਵੇਂ ਜੋੜਾਂ, ਪਿੱਠ, ਗੋਡੇ, ਅੱਡੀ, ਮੋਢੇ, ਲੱਤ, ਸਿਰ ਦੀਆਂ ਦਰਦਾਂ ਆਦਿ। ਇਸ ਤੋਂ ਇਲਾਵਾ ਦਮਾ ਬਲੱਡ ਪ੍ਰੈਸ਼ਰ, ਵੇਰੀ-ਕੋਜ਼ ਵੇਨਜ਼, ਦਿਲ, ਜਿਗਰ ਦੇ, ਪਿੱਤੇ ਦੇ ਰੋਗ, ਸ਼ਕਰ ਰੋਗ, ਅੰਦਰੰਗ, ਬਦਹਜਮੀ, ਕਬਜ਼, ਬਵਾਸੀਰ, ਔਰਤਾਂ ਮਰਦਾਂ ਦੇ ਗੁਪਤ ਰੋਗ, ਮਾਨਸਿਕ ਰੋਗ, ਬੇਚੈਨੀ ਘਬਰਾਹਟ, ਚਮੜੀ ਰੋਗ, ਨਜ਼ਲਾ, ਜ਼ੁਕਾਮ ਆਦਿ ਅਨੇਕਾਂ ਰੋਗਾਂ ਦੇ ਨਾਂ ਰੱਖ ਦਿੱਤੇ ਜਾਂਦੇ ਹਨ।

ਸਾਡੇ ਹਰੇਕ ਪੈਰ ਤੇ ਹੱਥ ਵਿੱਚ 72 Reflex (ਬਿਦੂੰ) ਹੁੰਦੇ ਹਨ ਤੇ ਇਤਨੇ ਹੀ ਤਕਰੀਬਨ ਸਰੀਰ ਦੇ ਅੰਗ ਹੁੰਦੇ ਹਨ। ਹਰੇਕ ਬਿੰਦੂ ਦਾ ਸਾਡੇ ਹਰੇਕ ਅੰਗ ਨਾਲ ਸਿੱਧਾ ਸੰਬੰਧ ਹੁੰਦਾ ਹੈ।

ਜਦੋਂ reflexologist ਹਰੇਕ ਬਿੰਦੂ ਤੇ ਦਬਾ ਦਿੰਦਾ ਹੈ ਤਾਂ ਸੰਬਧਤ ਅੰਗ ਵਿਚ ਖ਼ੂਨ ਦਾ ਸੰਚਾਲ਼ਣ ਵਧਣ ਲ਼ਗ ਪੈਂਦਾ ਤੇ ਰੋਗ-ਨਿਵਾਰਨ ਸ਼ਕਤੀ ਕੁਦਰਤੀ ਜਾਗ ਪੈਂਦੀ ਹੈ ਤੇ ਸਰੀਰ ਰੋਗ ਮੁਕਤ ਹੋ ਜਾਂਦਾ ਹੈ। ਰਿਫਲੈਕਸਾਲੋਜੀ ਤਕਨੀਕ ਦੇ ਹੋਰ ਫਾਇਦੇ ਹੇਠ ਲਿਖੇ ਜਾਂਦੇ ਹਨ।

1. ਸਰੀਰ ਅਰਾਮ ਤੇ ਸਾਂਤ ਹੋ ਜਾਂਦਾ ਹੈ।
2. ਖ਼ੂਨ ਦੀਆਂ ਨਾੜੀਆਂ ਦੀ ਕੰਮ ਕਰਨ ਦੀ ਸ਼ਕਤੀ ਵੱਧ ਜਾਂਦੀ ਹੈ।
3. ਦਿਮਾਗ ਦੀ ਕੰਮ ਕਰਨ ਦੀ ਸ਼ਕਤੀ ਵਿੱਚ ਵਾਧਾ ਹੋ ਜਾਂਦਾ ਹੈ।
4. ਸ਼ਰੀਰ ਵਿੱਚ ਕੁਦਰਤੀ ਸ਼ਕਤੀ ਦਾ ਵਾਧਾ ਹੋਣਾ (Increase in energy)।



5. ਸਿਰ ਦਰਦ, ਮਾਈਗਰੇਨ ਤੇ ਹੋਰ ਸਰੀਰਕ ਪੀੜ੍ਹਾਂ ਵਿੱਚ ਅਰਾਮ ਮਿੱਲਦਾ ਹੈ।
6. ਇਕ ਸਾਰ ਨੀਂਦ ਆਉਣ ਲੱਗ ਪੈਂਦੀ ਹੈ?
7. ਘਬਰਾਹਟ ਤੇ ਬੇਚੈਨੀ (Tension) ਘੱਟ ਜਾਂਦੀ ਹੈ?
8. ਬਿਮਾਰੀਆਂ ਨਾਲ ਟਾਕਰਾ ਕਰਨ (Boost Immune System) ਦੀ ਸ਼ਕਤੀ ਵੱਧ ਜਾਂਦੀ ਹੈ?
9. ਪੈਰਾਂ ਤੇ ਸੋਜਾਂ (Edima) ਜਾਂਦੀਆਂ ਹਨ?
10. ਲੰਮੇ ਸਮੇਂ ਤੋਂ (Chronic) ਪਿੱਠ ਦਰਦ ਤੇ ਹੋਰ ਦਰਦਾਂ ਵੀ ਹੱਟ ਜਾਂਦੀਆਂ ਹਨ।
11. ਸਿਆਟਿਕ ਨਾੜੀ ਦਰਦ (Sciatica Nerve), ਪੱਬ ਦੀ ਤੇ ਅੱਡੀ ਦੀ ਪੀੜ ਤੋਂ ਅਰਾਮ।
12. ਵਧਿਆ ਭਾਰ ਘੱਟਣ ਤੇ ਘਟਿਆ ਵਧਣ ਲੱਗ ਪੈਂਦਾ ਹੈ।
13.ਅੰਤਰ ਰਿਸਾਵੀ ਗ੍ਰਥੀਆਂ ਜਿਵੇਂ ਕਿ ਪਿਟੂਈਟਰੀ, ਥਾਈਰਾਇਡ, ਪੈਰਾਥਾਈਰਾਇਡ, ਥਾਈਮਸ, ਐਡ੍ਰੀਨਲ, ਪੈਂਕਰੀਆਸ, ਓਵਰੀਜ, ਪਤਾਲੂ ਅਤੇ ਪਿੰਨੀਅਲ ਗ੍ਰੰਥੀਆਂ ਦੀ ਕਾਰਜਕੁਸਲਤਾ ਵਿੱਚ ਵੀ ਵਾਧਾ ਹੋ ਜਾਂਦਾ ਹੈ?

ਇਸ ਤੋਂ ਇਲਾਵਾ 'ਰਿਲੈਕਸਾਲੋਜੀ' ਕਰਵਾਉਣ ਦੇ ਸਰੀਰ ਨੂੰ ਹੋਰ ਅਨੇਕਾਂ ਫਾਇਦੇ ਹੋ ਜਾਂਦੇ ਹਨ।

Dr.Nazar Singh Longia
Member Reflexology
Association of Canada
Phone:604 582 0552

# ਰੋਂਦੇ, ਵਿਲਕਦੇ, ਵਗਦੇ ਹੰਝੂਆਂ ਤੋਂ ਰੋਹਲੇ ਢਿਡੀਂ ਹੌਲ ਪਾਉਂਦੇ ਨਾਹਰਿਆਂ ਤੱਕ ਦਾ ਸਫਰ

## 2 ਅਗਸਤ 1997 ਤੋਂ 12 ਅਗਸਤ 1997

ਵਕਤ ਇਜਾਜਤ ਨਹੀਂ ਦੇਂਦਾ ਕਿ ਕੁੱਝ ਲਿਖ ਸਕਾਂ ਅੱਜ ਦਾਣਾ ਮੰਡੀ ਵਿਚ ਭਲੇ ਹੀ ਅਸੀਂ ਐਕਸ਼ਨ ਕਮੇਟੀ ਮਹਿਲਕਲਾਂ ਸਮੇਤ ਮਾ. ਦਰਸ਼ਨ ਸਿੰਘ ਹੋਰਾਂ ਦੇ ਚੋਣਵੇਂ ਪ੍ਰੀਵਾਰਿਕ ਮੈਂਬਰਾਂ ਨੇ ਸ਼ਾਮਿਲ ਹੋਣਾ ਹੈ। ਪਰ ਅੱਜ ਦੇ ਦਿਨ ਦਾ ਖਾਸ ਮਹੱਤਵ ਹੈ। ਅਸੀਂ ਇਸ ਵਕਤ 12 ਅਗਸਤ 1997 ਨੂੰ ਰਜਿੰਦਰਾ ਹਸਪਤਾਲ ਪਟਿਅਲਾ ਆਪਣੇ ਸੈਂਕੜੇ ਸਾਥੀਂਆਂ ਸਮੇਤ ਰੁਕੇ ਹੋਏ ਸੀ। ਡਾਕਟਰਾਂ ਦਾ ਪੈਨਲ ਬਨਾਉਣ ਦੀਆਂ ਪਟਿਆਲਾ ਵਾਲੇ ਇਨਕਲਾਬੀ ਜਮਹੂਰੀ ਲਹਿਰ ਦੇ ਸਾਂਥੀਆਂ ਸਮੇਤ ਡਾਕਟਰਾਂ ਨੇ ਪੂਰੀ ਜਿੰਮੇਵਾਰੀ ਚੁੱਕੀ ਹੋਈ ਸੀ। ਫ੍ਰਾਂਸੈਸਿਕ ਮਾਹਿਰ ਡਾ ਤੁਲੀ ਦੀ ਅਗਵਾਈ ਹੇਠ ਡਾਕਟਰਾਂ ਵੱਲੋਂ ਪੋਸਟਮਾਰਟਮ ਕੀਤਾ ਗਿਆ। ਰਜਿੰਦਰਾ ਹਸਪਤਾਲ ਪਟਿਆਲਾ ਵਿਚ ਵੀ ਪਲ ਪਲ ਦੀ ਜਾਣਕਾਰੀ ਸਾਂਝੀ ਕੀਤੀ ਜਾ ਰਹੀ ਸੀ। ਪੂਰੇ ਹਾਲਾਤ/ਘਟਨਾਕ੍ਰਮ ਤੋਂ ਲਗਾਤਾਰ ਜਾਣੂ ਕਰਵਾਇਆ ਜਾ ਰਿਹਾ ਸੀ। ਦੁਸ਼ਮਣ ਦੀ ਹਰ ਸਾਜਿਸ਼ ਪ੍ਰਤੀ ਸੁਚੇਤ ਵੀ ਕੀਤਾ ਜਾ ਰਿਹਾ ਸੀ, ਬੇਨਕਾਬ ਵੀ ਕੀਤਾ ਜਾ ਰਿਹਾ ਸੀ। ਇਧਰ ਮਹਿਲਕਲਾਂ-ਬਰਨਾਲਾ ਇਲਾਕੇ ਅੰਦਰ ਇਨਕਲਾਬੀ ਜਮਹੂਰੀ ਜਨਤਕ ਜਥੇਬੰਦੀਆਂ ਦੇ ਸੈਂਕੜੇ ਆਗੂਆਂ ਨੇ ਪੂਰੀ ਮੁਸ਼ਤੈਦੀ ਨਾਲ ਮੋਰਚਾ ਮੱਲਿਆ ਹੋਇਆ ਸੀ। 10 ਵਜੇ ਤੱਕ ਸੰਘ੍ਰਸ਼ਸ਼ੀਲ ਕਾਫਲੇ ਦਾਣਾ ਮੰਡੀ ਮਹਿਲਕਲਾਂ ਪੁੱਜਣੇ ਸ਼ੁਰੂ ਹੋ ਗਏ ਸਨ। 12 ਵਜੇ ਦੇ ਕਰੀਬ ਪੋਸਟਮਾਰਟਮ ਹੋਣ ਤੋਂ ਬਾਅਦ ਕਾਫਲਾ ਪੂਰੇ ਅਕਾਸ਼ ਗੁੰਜਾਊ ਨਾਹਰੇ ਮਾਰਦਾ ਮਹਿਲਕਲਾਂ ਦੀ ਧਰਤੀ ਵੱਲ ਰਵਾਨਾ ਹੋਇਆ। 2 ਕੁ ਵਜੇ ਦੇ ਕਰੀਬ ਕਿਰਨਜੀਤ ਦੀ ਮ੍ਰਿਤਕ ਦੇਹ ਦਾਣਾ ਮੰਡੀ ਮਹਿਲਕਲਾਂ ਦੀ ਦਾਣਾ ਮੰਡੀ ਮਹਿਲਕਲਾਂ ਪੁੱਜਣ ਵਕਤ ਹਜਾਰਾਂ ਲੋਕਾਂ ਦੇ ਕਾਫਲਿਆਂ ਵਿਚੋਂ ਸਟੇਜ ਵੱਲ ਲਿਜਾਣ ਵਿਚ ਡਾਢੀ ਮੁਸ਼ਕਲ ਆ ਰਹੀ ਸੀ। ਪਰ ਸੈਂਕੜੇ ਵਲੰਟੀਅਰ ਪੂਰੀ ਜਿੰਮੇਵਾਰੀ ਨਾਲ ਇਹ ਫਰਜ ਅਦਾ ਕਰ ਰਹੇ ਸਨ। ਐਕਸ਼ਨ ਕਮੇਟੀ ਆਗੂਆਂ ਨੇ ਰਜਿੰਦਰਾ ਹਸਪਤਾਲ ਪਟਿਆਲਾ ਵਿਖੇ ਵੀ ਗੁੰਡਾ ਟੋਲੇ ਵੱਲੋਂ ਸਾਜਿਸ਼ਾਂ ਰਚਣ ਦੀਆਂ ਗੁੰਦੀਆਂ ਗੋਂਦਾਂ ਨੂੰ ਕਿਵੇਂ ਚਕਨਾਚੂਰ ਕੀਤਾ ਜਦ ਲੋਕਾਂ ਨਾਲ ਸਾਂਝਾ ਕੀਤਾ ਤਾਂ ਲੋਕਾਂ ਦਾ ਗੁੱਸਾ ਸੱਤ ਅਸਮਾਨੀ ਚੜ੍ਹ ਚੁੱਕਾ ਸੀ। ਇਸ ਲੋਕ ਮਨ੍ਹਾਂ ਦੇ ਗੁੱਸੇ ਨੂੰ ਸਹੀ ਦਿਸ਼ਾ ਵਿਚ ਸੇਧਤ ਕਰਦਿਆਂ 3 ਵਜੇ ਕਰੀਬ ਕਾਫਲੇ ਕਿਰਨਜੀਤ ਤੇਰੇ ਕਾਤਲ ਕੁੱਤੇ-ਬਚਕੇ ਜਾਣ ਨੀਂ ਦੇਣੇ ਸੁੱਕੇ, ਗੁੰਡਾ-ਪੁਲਿਸ-ਸਿਆਸੀ ਗੱਠਜੋੜ-ਮੁਰਦਾਬਾਦ,ਲੋਕ ਏਕਤਾ-ਜਿੰਦਾਬਾਦ, ਗੰਡਿਓ ਓਏ ਥੋਡੀ ਪਾਪੀ ਦੇਹ-ਅਣਖੀ ਲੋਕਾਂ ਦੇਣੀ ਫੇਹ ਅਕਾਸ਼ ਗੁੰਜਾਊ ਨਾਹਰ ਮਾਰਦਾ ਕਾਫਲਾ ਜੂਝਦੀ ਹੋਈ ਮੌਤ ਨੂੰ ਗਲੇ ਲਗਾ ਗਈ ਆਪਣੀ ਅਣਖੀ ਅਪਣੀ ਧੀ ਨੂੰ ਅੰਤਿਮ ਵਿਦਾਇਗੀ ਦੇਣ ਜਾ ਰਹੇ ਹਨ। ਇਸ ਸਮੇਂ ਕਿਸੇ ਦੀ ਅੱਖ ਵਿਚੋਂ ਅੱਥਰੂ ਨਹੀਂ ਵਗ ਰਹੇ ਸਨ ਸਗੋਂ ਐਕਸ਼ਨ ਕਮੇਟੀ ਦੀ ਅਗਵਾਈ ਨੇ ਇਹਾਂ ਵਗ ਰਹੇ ਅੱਥਰੂਆਂ ਨੂੰ ਗੁੰਡਾ-ਪੁਲਿਸ-ਸਿਆਸੀ ਗੱਠਜੋੜ ਦੇ ਢਿਡੀਂ ਹੌਲ ਪਾਉਂਦੇ ਰੋਹਲੇ ਗੁੱਸੇ ਦੇ ਅੰਗਿਆਰਾਂ/ਨਾਹਰਿਆਂ ਵਿਚ ਬਦਲ ਦਿੱਤਾ ਸੀ। ਇਹ ਸੀ ਗੁੰਡਿਆਂ ਦੇ ਦਾਬੇ ਥੱਲੇ ਡਰ ਕਾਰਨ ਦਹਿਸ਼ਤਜਦਾ ਨਿਰਾਸ਼, ਆਗੂ ਰਹਿਤ ਹੋ ਚੁੱਕੀ ਜਨਤਾ ਨੂੰ ਸਹੀ ਦਿਸ਼ਾ ਵਿਚ ਅਗਵਾਈ ਦੇਣ ਦਾ ਥੋੜੇ ਸਮਾਂ ਦਾ ਜਲਵਾ ਸੀ ।

ਅੱਜ ਕਰੋਨਾ ਸੰਕਟ ਦੇ ਚਲਦਿਆਂ ਭਲੇ ਹੀ ਗਿਣਤੀ ਦੇ ਸਾਥੀ ਦਾਣਾ ਮੰਡੀ ਵਿਚ ਉਸ ਸ਼ਾਨਾਮੱਤੇ ਲੋਕ ਇਤਿਹਾਸ ਦੀ ਗਾਥਾ ਅਤੇ ਇਸ ਲੋਕ ਘੋਲ ਦੇ ਸਬਕਾਂ ਨੂੰ ਲੋਕ ਮਨਾਂ ਦਾ ਹਿੱਸਾ ਬਨਾਉਣਗੇ ਪਰ ਸੈਂਕੜੇ ਪਿੰਡਾਂ ਸ਼ਹਿਰਾਂ ਵਿਚ ਥਾਂ-ਥਾਂ ਲੋਕ ਇਤਿਹਾਸ ਦੇ ਵਾਰਸ ਔਰਤ ਮੁਕਤੀ ਦਾ ਚਿੰਨ੍ਹ ਬਣ ਚੁੱਕੀ ਆਪਣੀ ਸ਼ਹੀਦ ਅਣਖੀਲੀ ਧੀ ਕਿਰਨਜੀਤ ਨੂੰ ਯਾਦ ਕਰਦਿਆਂ ਔਰਤਾਂ ਉੱਪਰ ਹੁੰਦੇ ਜਬਰ ਦੀ ਜੰਮਣ ਭੋਇੰ ਜਾਬਰ ਅਤੇ ਲੁਟੇਰੇ ਪ੍ਰਬੰਧ ਖਿਲ਼ਾਫ ਸੰਘਰਸ਼ ਜਾਰੀ ਰੱਖਣ ਦਾ ਅਹਿਦ ਕਰਨਗੇ।

**ਹਰ ਮਿਟੀ ਦੀ ਆਪਣੀ ਖਸਲਤ**
**ਹਰ ਮਿਟੀ ਕੁੱਟਿਆਂ ਨੀਂ ਭੁਰਦੀ**
**ਹਰ ਫੱਟੜ ਮੱਥਾ ਨੀਂ ਝੁਕਦਾ**
**ਬੰਨ੍ਹ ਲਾਇਆਂ ਹਰ ਛੱਲ ਨੀਂ ਰੁਕਦੀ।**

BAINS VISION CENTRE
New Patients & Walk-Ins Welcome
McKnight Village 5218 Falsbridge Dr. NE Calgary AB T3J 3G1
Dr. Jaswinder S. Bains
Jaswinder S Bains, Ph.D., OD.
Appointments also available on Saturdays & Evenings
ਸ਼ਨਿੱਚਰਵਾਰ ਅਤੇ ਸ਼ਾਮ ਦੀਆਂ ਅਪਾਇੰਟਮੈਂਟਸ ਵੀ ਮਿਲ ਸਕਦੀਆਂ ਹਨ।
Services Available in Punjabi, Hindi, Urdu & English
403-274-4514
deerfootvision@yahoo.ca
ਅਸੀਂ ਪੰਜਾਬੀ, ਹਿੰਦੀ, ਉਰਦੂ ਅਤੇ ਅੰਗਰੇਜ਼ੀ ਵਿੱਚ ਵੀ ਗੱਲਬਾਤ ਕਰਦੇ ਹਾਂ।

Punjab Insurance Inc
SUPER VISA INSURANCE
• Critical Illness Insurance • Life Insurance • Mortgage Insurance
• Disability Insurance • RESP, RRSP
Preet Virk 416-357-1818
7003 Steeles Ave. W,Unit 10 Etobicoke,ON, M9W 0A2
Harveer Kaur Grewal 416-671-1919

GALAXY Frightline inc.
Hiring Drivers/Owners/Operators
We Offer:
* Competitive Salary
* Fuel Cards
* Late Model Equipment
* NewPay Package
* On Site Maintenance Facility
* Extra Drops and Pickups Paid
* Guaranteed Miles Per Month
* Guaranteed Home Time
We Require:
* 2 Years Experience
* Clean Current Abstract
* Ability to Cross Border
* Positive, Professional Attitude
For:
* GTA
* ON-QC
* ON-MB-AB-BC
* USA
Balraj Singh Manager
647-701-6991
FAX: 416-644-8882
EMAIL: dispatch@galaxyfreightline.com
www.galaxyfreightline.com
* 1580 Britannia Road East * Mississauga * ON * L4W 1J2

# ਕੈਲਗਰੀ ਸ਼ਹੀਦ ਭਗਤ ਸਿੰਘ ਬੁੱਕ ਸੈਂਟਰ ਵਲੋਂ ਸਫਲ ਪੁਸਤਕ ਮੇਲਾ !

**ਹਰਚਰਨ ਪਰਹਾਰ**

ਪਿਛਲ਼ੇ ਕੁਝ ਸਾਲਾਂ ਤੋਂ 'ਸ਼ਹੀਦ ਭਗਤ ਸਿੰਘ ਬੁੱਕ ਸੈਂਟਰ, ਕੈਲਗਰੀ' ਵਲੋਂ ਕੈਲਗਰੀ ਵਿੱਚ ਕਿਤਾਬਾਂ ਪੜ੍ਹਨ ਦੇ ਰੁਝਾਨ ਨੂੰ ਉਤਸ਼ਾਹਿਤ ਕਰਨ ਲਈਲਾਗਤ ਕੀਮਤ ਤੇ ਪਾਠਕਾਂ ਲਈ ਪੁਸਤਕਾਂ ਦਾ ਮੇਲਾ ਲਗਾਇਆ ਜਾਂਦਾ ਹੈ। ਇਸੇ ਲੜੀ ਵਿੱਚ ਅੱਜ ਅਗਸਤ 22 ਦਿਨ ਸ਼ਨੀਵਾਰ ਨੂੰ ਇੱਕ ਹੋਰ ਮੇਲਾ ਲਗਾਇਆ ਗਿਆ, ਜਿਸ ਵਿੱਚ ਪਾਠਕਾਂ ਲਈ ਪੰਜਾਬੀ, ਹਿੰਦੀ, ਅੰਗਰੇਜੀ ਦੀਆਂ ਸਾਹਿਤਕ, ਰਾਜਨੀਤਕ, ਵਿਗਿਆਨ, ਵਾਤਾਵਰਣ, ਸਿਹਤ, ਜੀਵਨ, ਤਰਕਸ਼ੀਲਤਾ ਆਦਿ ਨਾਲ ਸਬੰਧਤ ਕਿਤਾਬਾਂ ਮੁਹੱਈਆ ਕਰਾਈਆਂ ਗਈਆਂ ਬੇਸ਼ਕ ਪਿਛਲ਼ੇ ਸਾਲਾਂ ਵਿੱਚ ਇੱਕ ਜਾਂ ਦੋ ਰੋਜ਼ਾ ਮੇਲੇ ਲਗਾਏ ਜਾਂਦੇ ਰਹੇ, ਜੋ ਕਿ ਪਾਠਕਾਂ ਦੇ ਭਰਪੂਰ ਸਹਿਯੋਗ ਨਾਲ ਕਾਮਯਾਬ ਹੋਏ, ਪਰ ਇਸ ਵਾਰ ਦਾ ਮੇਲਾ ਵਿਲੱਖਣ ਹੋ ਨਿਬੜਿਆ ਬੇਸ਼ਕ ਕਰੋਨਾ ਦੇ ਚੱਲਦਿਆਂ ਲਗਦਾ ਸੀ ਕਿ ਪਾਠਕ ਘੱਟ ਬਾਹਰ ਨਿਕਲਣਗੇ, ਪਰ ਇਸ ਵਾਰ ਪਿਛਲੇ ਸਾਰੇ ਸਾਲਾਂ ਦੇ ਮੁਕਾਬਲੇ ਜਿਥੇ ਵੱਧ ਪਾਠਕ ਕਿਤਾਬਾਂ ਲੈਣ ਪਹੁੰਚੇ, ਉਥੇ ਇਸ ਵਾਰ ਕਿਤਾਬਾਂ ਦੀ ਵਿਕਰੀ ਸਭ ਤੋਂ ਵੱਧ ਹੋਈ। 'ਸ਼ਹੀਦ ਭਗਤ ਸਿੰਘ ਬੁੱਕ ਸੈਂਟਰ' ਦੇ ਸੰਚਾਲਕ ਮਾਸਟਰ ਭਜਨ ਸਿੰਘ ਨੇ ਇਸ ਮੌਕੇ ਤੇ ਖੁਸ਼ੀ ਦਾ ਇਜ਼ਹਾਰ ਕਰਦੇ ਹੋਏ, ਸਾਰੇ ਦਰਸ਼ਕਾਂ ਦਾ ਧੰਨਵਾਦ ਕੀਤਾ, ਜਿਨ੍ਹਾਂ ਨੇ ਕਰੋਨਾ ਦੇ ਚੱਲਦਿਆਂ, ਪੂਰੇ ਉਤਸ਼ਾਹ ਨਾਲ ਵੱਧ ਤੋਂ ਵੱਧ ਕਿਤਾਬਾਂ ਖਰੀਦੀਆਂ। ਬਹੁਤ ਸਾਰੇ ਦਰਸ਼ਕਾਂ ਨੂੰ ਉਨ੍ਹਾਂ ਦੀਆਂ ਮਨਪਸੰਦ ਕਿਤਾਬਾਂ ਨਹੀਂ ਮਿਲ ਸਕੀਆਂ ਤੇ ਦਰਸ਼ਕਾਂ ਵਲੋਂ ਹੋਰ ਨਵੀਆਂ ਕਿਤਾਬਾਂ ਦੀ ਮੰਗ ਵੀ ਕੀਤੀ ਗਈ, ਜਿਸਨੂੰ ਮੁੱਖ ਰੱਖ ਕੇ ਬਹੁਤ ਜਲਦੀ ਹੋਰ ਕਿਤਾਬਾਂ ਮੰਗਵਾਈਆਂ ਜਾਣਗੀਆਂ ਤੇ ਸਨੋਅ ਦਾ ਸੀਜ਼ਨ ਸ਼ੁਰੂ ਹੋਣ ਤੋਂ ਪਹਿਲਾਂ ਇੱਕ ਵਾਰ ਫਿਰ ਮੇਲਾ ਲਗਾਇਆ ਜਾਵੇਗਾ। ਬਹੁਤ ਸਾਰੇ ਦਰਸ਼ਕ ਆਪਣੇ ਘਰੇਲੂ ਰਝੇਵਿਆਂ ਕਾਰਨ ਅੱਜ ਦੇ ਮੇਲੇ ਵਿੱਚ ਪਹੁੰਚ ਨਹੀਂ ਸਕੇ, ਉਨ੍ਹਾਂ ਨੂੰ ਬੇਨਤੀ ਹੈ ਕਿ ਉਹ ਮਾਸਟਰ ਭਜਨ ਸਿੰਘ ਹੋਰਾਂ ਨਾਲ 403-455-4220 ਤੇ ਸੰਪਰਕ ਕਰਕੇ ਉਨ੍ਹਾਂ ਦੇ ਘਰੋਂ ਕਿਤਾਬਾਂ ਪ੍ਰਾਪਤ ਕਰ ਸਕਦੇ ਹਨ। ਯਾਦ ਰਹੇ ਇਹ ਪੁਸਤਕ ਮੇਲਾ ਪਿਛਲੇ ਸਾਲਾਂ ਦੀ ਤਰ੍ਹਾਂ 'ਸਿੱਖ ਵਿਰਸਾ ਇੰਟਰਨੈਸ਼ਨਲ' ਤੇ 'ਅਦਾਰਾ ਸਰੋਕਾਰਾਂ ਦੀ ਆਵਾਜ਼' ਦੇ ਸਹਿਯੋਗ ਨਾਲ ਡਾ. ਭੁੱਲਰ ਵਾਲੇ ਗਰੀਨ ਪਲਾਜ਼ਾ ਵਿੱਚ ਮੇਨ ਲੈਵਲ ਤੇ ਬਰਾਂਡੇ ਵਿੱਚ ਲਗਾਇਆ ਗਿਆ। ਪੁਸਤਕ ਮੇਲੇ ਦੇ ਪ੍ਰਬੰਧਕਾਂ ਵਲੋਂ ਉਨ੍ਹਾਂ ਸਾਰੇ ਸਾਥੀਆਂ ਦਾ ਧੰਨਵਾਦ ਕੀਤਾ, ਜਿਨ੍ਹਾਂ ਨੇ ਸਵੇਰ ਤੋਂ ਸ਼ਾਮ ਤੱਕ ਮੇਲੇ ਨੂੰ ਕਾਮਯਾਬ ਕਰਨ ਲਈ ਪੂਰਨ ਸਹਿਯੋਗ ਦਿੱਤਾ।










ਸ਼ਹੀਦ ਭਗਤ ਸਿੰਘ ਬੁੱਕ ਸੈਂਟਰ ਦੇ ਸੰਚਾਲਕ ਮਾਸਟਰ ਭਜਨ ਸਿੰਘ ਕਮਲਜੀਤ ਗਰੇਵਾਲ ਨੂੰ ਕਵਿਤਾਵਾਂ ਦੀ ਬੁੱਕ ਭੇਂਟ ਕਰਦੇ ਹੋਏ।




ਪੰਜਾਬ ਇੰਸ਼ੋਰੈਂਸ ਦੇ ਜਨਰਲ ਮੈਨੇਜਰ ਹਰਪਿੰਦਰ ਸਿੱਧੂ ਕਿਤਾਬਾਂ ਖਰੀਦਣ ਸਮੇਂ।

# ਨੌਜਵਾਨ ਸਾਥੀ ਕਾਮਰੇਡ ਅਮਰੀਕ ਸਿੰਘ ਸਮਾਓਂ ਨੂੰ ਸਾਡਾ ਲਾਲ ਸਲਾਮ !



ਸਾਥੀਓ, ਇਕ ਬਹੁਤ ਹੀ ਦੁਖਦਾਈ ਘਟਨਾ ਵਾਪਰੀ ਹੈ। ਸਾਡੇ ਨੌਜਵਾਨ ਸਾਥੀ ਕਾਮਰੇਡ ਅਮਰੀਕ ਸਿੰਘ ਸਮਾਓਂ ਦੀ ਅਚਾਨਕ ਸਾਨੂੰ ਸਦਾ ਲਈ ਛੱਡ ਗਏ ਹਨ। ਸਾਥੀ ਨੂੰ ਸੀਨੇ ਵਿੱਚ ਦਰਦ ਕਾਰਨ ਰਾਤ ਦੋ ਵਜੇ ਸੀਰੀਅਸ ਕੰਡੀਸਨ 'ਚ ਮਾਨਸਾ ਦੇ ਇਕ ਪ੍ਰਾਈਵੇਟ ਹਸਪਤਾਲ 'ਚ ਦਾਖਲ ਕਰਵਾਇਆ ਗਿਆ ਸੀ। ਪਰ ਡਾਕਟਰੀ ਕੋਸਿਸ਼ਾਂ ਦੇ ਬਾਵਜੂਦ ਉਸ ਨੂੰ ਬਚਾਇਆ ਨਹੀਂ ਜਾ ਸਕਿਆ। ਦਿਨ ਚੜ੍ਹਦੇ ਨੂੰ ਅਸੀਂ ਡੈੱਡ ਬਾਡੀ ਲੈ ਕੇ ਵਾਪਸ ਸਮਾਓਂ ਪਹੁੰਚ ਗਏ ਹਾਂ।

15 ਫਰਵਰੀ 1992 ਨੂੰ ਪਿੰਡ ਸਮਾਓਂ ਵਿਖੇ ਮਰਹੂਮ ਸਾਥੀ ਬਿੱਕਰ ਸਿੰਘ ਦੇ ਘਰ ਜਨਮ ਲੈਣ ਵਾਲੇ ਸਾਥੀ ਅਮਰੀਕ ਸਿੰਘ ਪਾਰਟੀ ਦੇ ਕੇਂਦਰੀ ਕਮੇਟੀ ਮੈਂਬਰ ਕਾਮਰੇਡ ਭਗਵੰਤ ਸਿੰਘ ਸਮਾਓਂ ਦੇ ਸਕੇ ਭਤੀਜੇ ਸਨ। ਉਹ ਬਚਪਨ ਤੋਂ ਹੀ ਪਾਰਟੀ ਸਰਗਰਮੀਆਂ ਵਿੱਚ ਵੱਧ ਚੜ੍ਹ ਕੇ ਹਿੱਸਾ ਲੈਣ ਲੱਗ ਪਏ ਸਨ। ਇਨਕਲਾਬੀ ਨੌਜਵਾਨ ਸਭਾ ਵਿੱਚ ਕੰਮ ਕਰਨ ਅਤੇ ਪਾਰਟੀ ਦੇ ਸੂਬਾ ਦਫਤਰ ਬਾਬਾ ਬੂਝਾ ਸਿੰਘ ਭਵਨ ਮਾਨਸਾ ਵਿੱਚ ਕਈ ਰਹਿਣ ਅਤੇ ਕੰਮ ਕਰਨ ਤੋਂ ਬਾਅਦ ਹੁਣ ਪਿਛਲੇ ਕਈ ਸਾਲ ਤੋਂ ਉਹ ਸੀਪੀਆਈ (ਐਮ ਐਲ) ਲਿਬਰੇਸ਼ਨ ਦੀ ਮਾਨਸਾ ਜ਼ਿਲ੍ਹਾ ਕਮੇਟੀ ਦੇ ਮੈਂਬਰ ਅਤੇ ਆਲ ਇੰਡੀਆ ਸੈਂਟਰਲ ਕੌਂਸਲ ਆਫ਼ ਟਰੇਡ ਯੂਨੀਅਨ (ਏਕਟੂ) ਦੇ ਨੈਸ਼ਨਲ ਕੌਂਸਲਰ ਅਤੇ ਲਾਲ ਝੰਡਾ ਭੱਠਾ ਮਜ਼ਦੂਰ ਯੂਨੀਅਨ ਦੇ ਪ੍ਰਮੁੱਖ ਆਗੂ ਸਨ। ਹਾਲੇ ਪਿਛਲੇ ਸਾਲ ਹੀ ਉਨ੍ਹਾਂ ਦੀ ਸ਼ਾਦੀ ਹੋਈ ਸੀ ਅਤੇ ਇਹ ਵਿਆਹੁਤਾ ਜੋੜੀ ਬੜੀ ਤਾਂਘ ਨਾਲ ਅਪਣੇ ਪਹਿਲੇ ਬੱਚੇ ਦੇ ਜਨਮ ਨੂੰ ਉਡੀਕ ਰਹੀ ਸੀ। ਅਜਿਹੇ ਮੌਕੇ ਮੌਤ ਨੇ ਅਚਾਨਕ ਉਨ੍ਹਾਂ ਨੂੰ ਸਾਡੇ ਸਭਨਾਂ ਤੋਂ ਖੋਹ ਲਿਆ। ਦੁੱਖ ਨਾਲ ਨੱਕੋ ਨੱਕ ਭਰੇ ਦਿਲ ਨਾਲ ਫਿਲਹਾਲ ਐਨਾ ਹੀ ਕਹਿ ਸਕਿਆ ਹਾਂ। ਅਚਾਨਕ ਵਿਛੜ ਗਏ ਸਾਡੇ ਇਸ ਸੰਭਾਵਨਾਵਾਂ ਭਰਪੂਰ ਨੌਜਵਾਨ ਸਾਥੀ ਨੂੰ ਸਾਡਾ ਲਾਲ ਸਲਾਮ !

**- ਕਾਮਰੇਡ ਸੁਖਦਰਸ਼ਨ ਸਿੰਘ ਨੱਤ**

ਮੈਟਰੋ ਇਮੀਗ੍ਰੇਸ਼ਨ




1. ਅਸੀਂ ਕੈਨੇਡਾ ਦੇ ਜਾਂ ਕੈਨੇਡਾ ਦੇ ਬਾਹਰਲੇ ਸਪਾਉਸ ਕੇਸ ਐਪਲਕੇਸ਼ਨਾਂ ਵੀ ਪ੍ਰੋਸੈਸ ਕਰਦੇ ਹਾਂ। ਸਾਡੇ ਨਾਲ ਸਬੰਧਤ ਦਫਤਰ ਲੁਧਿਆਣੇ ਅਤੇ ਜਲੰਧਰ ਵੀ ਹੈ।
2. ਪੇਰੇਂਟਸ ਜਾਂ ਗ੍ਰੈਂਡ-ਪੇਰੇਂਟਸ ਦੇ ਸੁਪਰਵੀਜਾ ਕੇਸ
3. ਵਿਜਟਰ ਟੂ ਕੈਨੇਡਾ (ਐਫਡੇਵਿਟ)
4. ਇਨਵੀਟੇਸ਼ਨ ਤੇ ਐਕਸਪ੍ਰੇਸ ਐਂਟਰੀ ਵੀਜਾ
5. ਪੀ ਆਰ ਲਈ ਐਲ.ਆਈ.ਐਮ.ਏ.
6. ਹਰ ਕਿਸਮ ਦੇ ਰਫੀਉਜਲ ਦੇ ਕੇਸ ਜਿਵੇਂ ਸਪਾਉਸਲ, ਇਨਸਫੀਸ਼ਐਂਟ ਇਨਕਮ, ਕ੍ਰਿਮਨਿਲ, ਮੈਡੀਕਲ ਰਫੀਉਜਲ ਆਦਿ ਦੇ ਕੇਸਾਂ ਲਈ ਆਈ.ਏ.ਡੀ. ਨੂੰ ਅਪੀਲ ਕੇਸ
7. ਸੈਲਫ ਇੰਮਪਲਾਇਮੈਂਟ ਕੇਸ ਜਿਵੇਂ ਫਾਰਮਰ, ਆਰਟਿਸਟ ਆਦਿ
8. ਪੀ.ਐਨ.ਪੀ ਮੈਨਟਿਬਾ, ਐਲਬਰਟਾ, ਸਸਕੇਚ, ਪੀ ਈ ਆਈ, ਇਨਵੇਸਟਰ, ਪੀ ਐਨ ਪੀ ਬਿਜਨਸ।
9. ਕਮਸ਼ਿਨਰ ਫਾਰ ਓਥ
10. ਫੈਮਲੀ ਸਪਾਂਸਰਸ਼ਿਪ (ਪੇਰੇਂਟਸ ਜਾਂ ਗਰੇਂਡ ਪੇਰੇਂਟਸ)
11. ਪੀ.ਆਰ. ਕਾਰਡ ਰਿਨੀਉਅਲ
12. ਪਾਰਡਨ ਜਾਂ ਯੂ ਐਸ ਵੇਵਰ ਐਪਲਕਿਸ਼ਨ
13. ਸਿਟੀਜ਼ਨਸ਼ਿਪ ਐਪਲੀਕੇਸ਼ਨ
14. ਯੂ.ਐਸ. ਵਿਜਿਟਰ ਵੀਜਾ
15. ਵਿਜਿਟਰ, ਵਰਕ, ਸਟੂਡੇਂਟ ਵੀਜਾ ਐਕਟੈਂਸ਼ਨ
16. ਪੀ ਆਰ ਐਪਲੀਕੇਸ਼ਨ, ਸਕੀਲਡ, ਵਰਕਰ, ਕੈਨੇਡਿਅਨ ਐਕਸਪੀਰੀਅਸ ਕਲਾਸ, ਲਿਵ-ਇਨ ਕੇਅਰ ਗਿਵਰ
17. ਐਚ.ਆਰ.ਧੀ.ਐਸ ਤੋਂ ਐਲ.ਐਮ.ਆਈ.ਏ. ਫਾਰ ਵਰਕ ਪਰਿਮਟ
18. ਸੀ.ਏ.ਆਈ.ਪੀ.ਸੀ.. ਸੀਆਰ ਸੀ ਤੋਂ ਸਾਰੀ ਫਾਇਲ ਦੀ ਕਾਪੀ ਲਈ
19. ਨਾਮ ਬਦਲੀ
20. ਨਿਊਜ਼ੀਲੈਂਡ ਜਾਂ ਕੇਨੇਡਾ ਲਈ ਸਟੂਡੇਂਟ ਵੀਜਾ
21. ਬਿਜਿਨਸ/ਐਂਟਰਪਰਿਨਰ ਐਪਲੀਕੇਸ਼ਨਨ

Suresh Gupta
Certified Immigration Practitioner (RCIC) Member ICCRC
905-913-7700
info@metroimmigration.com www.metroimmigration.com
12-2355 Derry Road East, Mississauga, Ont. L5S 1V6

HOMELIFE SILVERCITY REALTY INC., BROKERAGE
HIGHER STANDARDS
Homelife SilverCity Realty Inc.
BROKERAGE Independently Owned & Operated
Mandeep Dhaliwal
Sales Representative
416-648-9053
905-913-8500
mkdsm0713@gmail.com



MLS
11775 Bramalea Rd., Unit #201, Brampton ON L6R3S9

HOMELIFE
HIGHER STANDARDS
Home Life/Superstars
Real Estate Ltd., Brokerage
Each office is independently owned & operated
*Residential *Commercial
*Investment *Condominium
Cell : 416-274-1146
Email : sliddar@hotmail.com
*Office : 905-792-7800 *Fax : 905-792-9092



Sukdev Singh Liddar
*2555 Steeles Ave E. Unit 11 *Brampton *ON*L6T4L6

## 8 ਸਿਆਸੀ ਪਾਰਟੀਆਂ ਤੇ ਜੱਥੇਬੰਦੀਆਂ ਵੱਲੋਂ

# ਹਕੂਮਤ ਦੇ ਤੁਗਲਕੀ ਫੁਰਮਾਨਾਂ ਵਿਰੁੱਧ ਰੋਸ ਪ੍ਰਗਟਾਵੇ ਦੇ ਬੁਨਿਆਦੀ ਹੱਕ ਲਈ



ਜਲੰਧਰ (ਬਲਜਿੰਦਰ ਸਿੰਘ) : ਅੱਠ ਸਿਆਸੀ ਪਾਰਟੀਆਂ ਤੇ ਜਥੇਬੰਦੀਆਂ ’ਤੇ ਅਧਾਰਿਤ ਫਾਸ਼ੀ ਹਮਲਿਆਂ ਵਿਰੋਧੀ ਫਰੰਟ ਨੇ ਪੰਜਾਬ ਸਰਕਾਰ ਵੱਲੋਂ ਕਰੋਨਾ ਮਹਾਂਮਾਰੀ ਦੀ ਆੜ ਹੇਠ ਸਿਆਸੀ, ਸਮਾਜਿਕ ਅਤੇ ਹੋਰ ਸਰਗਰਮੀਆਂ ਉੱਤੇ ਦਫ਼ਾ 144 ਲਾ ਕੇ ਪਾਬੰਦੀਆਂ ਮੜਨ ਖਿਲਾਫ ਸਮੇਤ ਹੋਰ ਮੁੱਦਿਆਂ ਨੂੰ ਲੈ ਕੇ ਦੇਸ਼ ਭਗਤ ਯਾਦਗਾਰ ਹਾਲ ਜਲੰਧਰ ਵਿਖੇ ਫਰੰਟ ਦੇ ਆਗੂ ਕਾਮਰੇਡ ਕੁਲਵਿੰਦਰ ਸਿੰਘ ਵੜੈਚ, ਦਰਸ਼ਨ ਨਾਹਰ, ਸੁਖਦੇਵ ਸਿੰਘ ਭਾਗੋਕਾਵਾਂ ਅਤੇ ਜੈਪਾਲ ਦੀ ਪ੍ਰਧਾਨਗੀ ਹੇਠ ਦੁਆਬਾ ਜੋਨ ਪੱਧਰੀ ਇਕੱਠ ਕਰਨ ਉਪਰੰਤ ਸ਼ਹਿਰ ਵਿੱਚ ਵਿਸ਼ਾਲ ਮੁਜ਼ਾਹਰਾ ਕੀਤਾ ਗਿਆ। ਇਸ ਮੌਕੇ ਫ਼ਰੰਟ ਵਲੋਂ ਵਿਧਾਨ ਸਭਾ ਦੇ ਹੋ ਰਹੇ ਇੱਕ ਰੋਜ਼ਾ ਸੈਸ਼ਨ ਮੌਕੇ 28ਅਗਸਤ ਨੂੰ ਚੰਡੀਗੜ੍ਹ ਵਿਖੇ ਇਹਨਾਂ ਮੁੱਦਿਆਂ ਨੂੰ ਲੈ ਕੇ ਮੁਜ਼ਾਹਰਾ ਕਰਨ ਦਾ ਐਲਾਨ ਵੀ ਕੀਤਾ ਗਿਆ।

ਇਸ ਮੌਕੇ ਫਰੰਟ ਵਿੱਚ ਸ਼ਾਮਿਲ ਭਾਰਤੀ ਕਮਿਊਨਿਸਟ ਪਾਰਟੀ ਦੇ ਆਗੂ ਬੰਤ ਸਿੰਘ ਬਰਾੜ, ਆਰ. ਐੱਮ. ਪੀ. ਆਈ. ਦੇ ਮੰਗਤ ਰਾਮ ਪਾਸਲਾ, ਸੀ. ਪੀ. ਆਈ.(ਐੱਮ.- ਐੱਲ.) ਨਿਊ ਡੈਮੋਕਰੇਸੀ ਦੇ ਅਜਮੇਰ ਸਿੰਘ, ਸੀ. ਪੀ. ਆਈ. (ਐੱਮ.-ਐੱਲ.) ਲਿਬਰੇਸ਼ਨ ਦੇ ਗੁਰਮੀਤ ਬੱਖਤਪੁਰ, ਇਨਕਲਾਬੀ ਕੇਂਦਰ ਪੰਜਾਬ ਦੇ ਨਰਭਿੰਦਰ ਅਤੇ ਲੋਕ ਸੰਗਰਾਮ ਮੋਰਚਾ ਦੇ ਰਾਜੇਸ਼ ਮਲਹੋਤਰਾ ਨੇ ਕਿਹਾ ਕਿ ਧਾਰਾ 144 ਰਾਹੀਂ ਸਿਆਸੀ ਸਰਗਰਮੀਆਂ ਨੂੰ ਰੋਕਣਾ ਲੋਕਾਂ ਦੇ ਜਮਹੂਰੀ ਹੱਕਾਂ ਉੱਪਰ ਹਮਲਾ ਹੈ। ਅਸਲ ਵਿੱਚ ਸਰਕਾਰ ਮਹਾਂਮਾਰੀ ਨੂੰ ਰੋਕਣ ਵਿੱਚ ਆਪਣੀ ਅਸਫ਼ਲਤਾ ਅਤੇ ਸਮਾਜ ਦੇ ਵੱਖ-ਵੱਖ ਤਬਕਿਆਂ ਵੱਲੋਂ ਜ਼ਿੰਦਗੀ ਦੀਆਂ ਬੁਨਿਆਦੀ ਮੰਗਾਂ ਸਬੰਧੀ ਉੱਠ ਰਹੀ ਆਵਾਜ਼ ਨੂੰ ਰੋਕਣ ਲਈ ਇਹ ਰੱਸੇ ਪੈੜੇ ਵੱਟੇ ਜਾ ਰਹੇ ਹਨ।

ਆਗੂਆਂ ਮੰਗ ਕੀਤੀ ਕਿ ਕਰੋਨਾ ਮਹਾਂਮਾਰੀ ਦੀ ਆੜ ਵਿੱਚ ਸਿਆਸੀ ਸਰਗਰਮੀਆਂ ਉੱਤੇ ਰੋਕ ਲਾਉਣ ਲਈ ਲਾਈ ਦਫ਼ਾ 144 ਵਾਪਸ ਲਈ ਜਾਵੇ, ਲਾਕਡਾਊਨ ਦੌਰਾਨ ਰੈਲੀਆਂ-ਮੁਜਾਹਿਰਆਂ ਸਮੇਂ ਜਨਤਕ ਅਤੇ ਸਿਆਸੀ ਆਗੂਆਂ ਉੱਪਰ ਬਣਾਏ ਗਏ ਕੇਸ ਵਾਪਸ ਲਏ ਜਾਣ ਅਤੇ ਅੱਗੇ ਤੋਂ ਕੇਸ ਬਣਾਉਣੇ ਬੰਦ ਕੀਤੇ ਜਾਣ, ਪੁਲੀਸ ਜਨਤਾ ਤੋਂ ਧੜਾਧੜ ਜੁਰਮਾਨੇ ਉਗਰਾਹਣੇ ਬੰਦ ਕਰੇ, ਲਾਕਡਾਊਨ ਕਾਰਨ ਬੇਰੁਜ਼ਗਾਰ ਹੋਈ ਗਰੀਬ ਜਨਤਾ ਨੂੰ 10 ਹਜ਼ਾਰ ਰੁਪਏ ਪ੍ਰਤੀ ਮਹੀਨਾ ਭੱਤਾ ਦਿੱਤਾ ਜਾਵੇ, ਕੇਂਦਰ ਦੇ ਕਿਸਾਨ ਮਾਰੂ ਆਰਡੀਨੈਂਸਾਂ ਅਤੇ ਬਿਜਲੀ ਬਿੱਲ ਨੂੰ ਰੋਕਣ ਲਈ ਪੰਜਾਬ ਅਸੈਂਬਲੀ ਵਿੱਚ ਮਤਾ ਲਿਆਂਦਾ ਜਾਵੇ, ਲਾਕਡਾਊਨ ਦੌਰਾਨ ਬੇਰੁਜ਼ਗਾਰ ਹੋਏ ਗਰੀਬ ਪਰਿਵਾਰਾਂ ਵੱਲੋਂ ਮਾਈਕਰੋਫਾਈਨਾਂਸ ਕੰਪਨੀਆਂ ਦੇ ਲਏ ਕਰਜੇ ਮੁਆਫ ਕੀਤੇ ਜਾਣ ਅਤੇ ਕਿਸ਼ਤਾਂ ਦੀ ਉਗਰਾਹੀ ’ਤੇ 31 ਮਾਰਚ 2021 ਤੱਕ ਰੋਕ ਲਾਈ ਜਾਵੇ। ਬੁਲਾਰਿਆਂ ਕਿਹਾ ਕਿ ਮਹਾਂਮਾਰੀ ਦਾ ਟਾਕਰਾ ਪੁਲਿਸ ਦੇ ਡੰਡੇ ਨਾਲ ਨਹੀਂ ਹੋਣਾ।

### ਸਰਕਾਰ ਦੀ ਧਮਕੀ ਦੇ ਬਾਵਜੂਦ ਵਿਸ਼ਾਲ ਮੁਜ਼ਾਹਰਾ

ਇਹ ਲੋਕਾਂ ਨੂੰ ਸਿੱਖਿਅਤ ਕਰਨ ਤੇ ਵਧੀਆ ਸਿਹਤ ਪ੍ਰਬੰਧ ਉਸਾਰਨ, ਬੀਮਾਰੀ ਨਾਲ ਪ੍ਰਭਾਵਿਤ ਲੋਕਾਂ ਦਾ ਵਧੀਆ ਇਲਾਜ ਮੁਹੱਈਆ ਕਰਵਾਉਣ, ਵੱਧ ਤੋਂ ਵੱਧ ਟੈਸਟਾਂ ਦਾ ਸੁਚੱਜਾ ਪ੍ਰਬੰਧ ਕਰਨ ਅਤੇ ਬੀਮਾਰੀ ਦੇ ਟਾਕਰੇ ਲਈ ਵਧੀਆ ਖੁਰਾਕ ਨਾਲ ਹੀ ਹੋ ਸਕਦਾ ਹੈ। ਇਸ ਮੌਕੇ ਅੱਜ ਦੇ ਇਕੱਠ ਨੇ ਉੱਘੇ ਵਕੀਲ ਪ੍ਰਸ਼ਾਂਤ ਭੂਸ਼ਣ ਨੂੰ ਸੁਪਰੀਮ ਕੋਰਟ ਵਲੋਂ ਕੋਰਟ ਦੀ ਮਾਨਹਾਨੀ ਦੇ ਕੇਸ ਵਿੱਚ ਦੋਸ਼ੀ ਠਹਿਰਾਹੁਣ ਦੀ ਨਿੰਦਾ ਦਾ ਇੱਕ ਮਤਾ ਪਾਸ ਕਰਕੇ ਸੁਪਰੀਮ ਕੋਰਟ ਨੂੰ ਆਪਣਾ ਇਹ ਫ਼ੈਸਲਾ ਵਾਪਿਸ ਲੈਣ ਦੀ ਮੰਗ ਕੀਤੀ ਗਈ।

## ਕੰਨਗੋ ਗਰਧਾਰੀ ਲਾਲ ਸ਼ਰਮਾ ਨਹੀਂ ਰਹੇ



ਪਿੰਡ ਰਾਜੇਆਨਾ ’ਚ ਤਹਿਸੀਲ ਬਾਘਾਪੁਰਾਣਾ ਜ਼ਿਲ੍ਹਾ ਮੋਗਾ ’ਚ ਜਨਮੇ ਬਤੌਰ ਕੰਨਗੋ ਪਰੀਮਚਿਉਰ ਰਿਟਾਇਰਮੈਂਟ ਲੈਣ ਉਪਰੰਤ ਲਗਭਗ 32 ਸਾਲ ਤੋਂ ਕੈਨੇਡਾ ਰਹਿ ਰਹੇ ਗਰਧਾਰੀ ਲਾਲ ਸ਼ਰਮਾ ਜੀ 25 ਅਗਸਤ 2020 ਨੂੰ ਜੱਦੀ ਪਿੰਡ ਰਾਜੇਆਣਾਵਿਖੇ ਸਾਨੂੰ 90 ਸਾਲ ਦੀ ਉਮਰ ਭੋਗ ਕੇ ਸਭ ਨੂੰ ਵਿਛੋੜਾ ਦੇ ਗਏ ਹਨ। ਸੱਚੇ-ਸੁੱਚੇ ਕਿਰਦਾਰ ਦੇ ਮਾਲਕ, ਅਗਾਂਹਵਧੂ ਵਿਚਾਰਾਂ ਨੂੰ ਪ੍ਰਨਾਏ, ਪ੍ਰੌਗਰੈਸਿਵ ਕਲਚਰਲ ਐਸੋਸੀਏਸ਼ਨ ਕੈਲਗਰੀ ਅਤੇ ਸਿੱਖ ਵਿਰਸਾ ਇੰਟਰਨੈਸ਼ਨਲ ਵਲੋਂ ਕੀਤੀਆਂ ਸਭ ਸਰਗਰਮੀਆਂ ਵਿਚ ਹਮੇਸ਼ਾ ਸ਼ਾਮਲ ਹੋਣ ਵਾਲੇ, ਸੀਨੀਅਰਜ਼ ਵਿਚ ਮਾਣ-ਸਤਿਕਾਰ ਵਾਲੇ ਵਧੀਆ ਮਨੁੱਖ ਦੇ ਤੁਰ ਜਾਣ ’ਤੇ ਅਦਾਰਾ ਸਿੱਖ ਵਿਰਸਾ, ਅਦਾਰਾ ਸਰੋਕਾਰਾਂ ਦੀ ਅਵਾਜ਼ ਵਲੋਂ ਸ਼ਰਧਾਂਜਲੀ ਭੇਂਟ ਕਰਦੇ ਹੋਏ ਉਨ੍ਹਾਂ ਦੇ ਸਮੂਹ ਪਰਿਵਾਰ, ਰਿਸ਼ਤੇਦਾਰਾਂ ਅਤੇ ਮਿੱਤਰਾਂ ਦੇ ਦੁੱਖ ’ਚ ਸ਼ਰੀਕ ਹਾਂ।













# ਮੈਂ ਨਾਟਕਾਰ ਤੇ ਨਾਟ-ਨਿਰਦੇਸ਼ਕ ਮਜਬੂਰੀ ਵਿਚ ਬਣਿਆਂ-ਸੰਜੀਵਨ

## ਇਪਟਾ ਲੋਕ-ਹਿਤੈਸ਼ੀ ਸਭਿਆਚਾਰ ਦੇ ਪ੍ਰਚਾਰ ਲਈ ਤੇ ਸਭਿਆਚਰਕ ਪ੍ਰਦੂਸ਼ਣ ਵਿਰੁੱਧ ਆਪਣੇ ਯਤਨ ਜਾਰੀ ਰੱਖੇਗੀ



ਮੈਂ ਨਾਟਕਕਾਰ ਤੇ ਨਿਰਦੇਸ਼ਕ ਮਜਬੂਰੀ ਵਿਚ ਬਣਿਆ ਇਹ ਵਿਚਾਰ ਪਿਛਲੇ ਚਾਲੀ ਸਾਲ ਤੋਂ ਰੰਗਮੰਚ ਦੇ ਖੇਤਰ ਵਿਚ ਕਾਰਜਸ਼ੀਲ, ਲੋਕਾਂ ਦੇ ਮਸਲਿਆਂ ਦੀ ਗੱਲ ਡੇਢ ਦਰਜਨ ਨਾਟਕਾਂ ਦੇ ਲੇਖਕ ਤੇ ਨਾਟ-ਨਿਰਦੇਸ਼ਕ ਤੇ ਇਪਟਾ ਲਈ ਪਿਛਲੇ 17 ਸਾਲ ਤੋਂ ਕੰਮ ਕਰ ਰਹੇ ਸੰਜੀਵਨ ਸਿੰਘ ਨੇ ਪੰਜਾਬ ਸੰਗੀਤ ਨਾਟਕ ਅਕਾਦਮੀ ਵੱਲੋਂ ਅਯੋਜਿਤ ਯੂਮ ਮੀਟਿੰਗ ਰਾਹੀਂ ਆਨ ਲਾਇਨ ਗੱਲਬਾਤ ਦੌਰਾਨ ਅਕਾਦਮੀ ਦੇ ਪ੍ਰਧਾਨ ਦੇ ਨਾਟ-ਕਰਮੀ ਕੇਵਲ ਧਾਲੀਵਾਲ ਨਾਲ ਸਾਂਝੇ ਕੀਤੇ।

ਸੰਜੀਵਨ ਸਿੰਘ ਨੇ ਆਪਣੀ ਗੱਲ ਜਾਰੀ ਰੱਖਦੇ ਕਿਹਾ 1991 ਵਿਚ ਸਰਘੀ ਕਲਾ ਕੇਂਦਰ ਦੀ ਸਥਾਪਨਾ ਤੋਂ ਬਾਅਦ ਸੰਤੋਖ ਸਿੰਘ ਧੀਰ ਹੋਰਾਂ ਦੀ ਵਹਿਮਾਂ-ਭਰਮਾਂ ਦੇ ਪਾਜ ਉਦੇੜਦੀ ਕਹਾਣੀ "ਡੈਣ" ਦਾ ਨਾਟਕੀ ਰੁਪਾਂਤਰ ਕਰਨ ਲਈ ਕਈ ਸਥਾਪਤ ਨਾਟ-ਕਰਮੀਆਂ ਨਾਲ ਸੰਪਰਕ ਕੀਤਾ ਪਰ ਹਾ-ਪੱਖੀ ਹੁੰਗਾਰਾ ਨਾ ਮਿਲਣ ਕਾਰਣ ਆਪ ਹੀ ਕਹਾਣੀ ਨੂੰ ਨਾਟਕੀ ਰੂਪ ਦੇਣਾ ਪਿਆ। ਇਸੇ ਤਰ੍ਹਾਂ ਸਰਦਾਰ ਗੁਰਬਖਸ਼ ਸਿੰਘ ਹੋਰਾਂ ਦੀ ਧਾਰਮਿਕ ਕੱਟੜਤਾ ਦੀ ਗੱਲ ਕਰਦੀ ਕਹਾਣੀ "ਭਾਬੀ ਮੈਂਨਾ" ਦੇ ਦੂਸਰੇ ਮੰਚਣ ਲਈ ਨਾਟਕ ਦੇ ਨਿਰਦੇਸ਼ਕ ਦੇ ਰੁਝੇਵਿਆਂ ਕਾਰਣ ਨਿਰਦੇਸ਼ਨ ਦੀ ਜ਼ੁੰਮੇਵਾਰੀ ਵੀ ਨਿਭਾਉਣੀ ਪਈ। ਕੇਵਲ ਧਾਲੀਵਾਲ ਹੋਰਾਂ ਵੱਲੋਂ ਪੁੱਛਣ 'ਤੇ ਦਸਿਆਂ ਕਿ ਉਨਾਂ 39 ਸਾਲ ਪਹਿਲਾਂ 1981 ਵਿਚ ਵਿਦਿਆਰਥੀ ਜੀਵਨ ਦੌਰਾਨ ਬਤੌਰ ਅਦਾਕਾਰ ਰੰਗਮੰਚੀ ਸਫਰ ਦਾ ਅਗ਼ਾਜ਼ ਮੇਜਰ ਇਸਹਾਕ ਮੁਹੰਮਦ ਦੇ ਲਿਖੇ ਤੇ ਪ੍ਰੋਫੈਸਰ ਪ੍ਰਹਿਲਾਦ ਅਗਰਵਾਲ ਵੱਲੋਂ ਨਿਰਦੇਸ਼ਿਤ ਨਾਟਕ "ਕੂਕਨਸ" ਰਾਹੀਂ ਕੀਤਾ।

ਇਪਟਾ ਦੇ ਉਦੇਸ਼, ਟੀਚੇ ਤੇ ਨਿਸ਼ਾਨਿਆਂ ਬਾਰੇ ਗੱਲ ਕਰਦੇ ਸੰਜੀਵਨ ਨੇ ਕਿਹਾ "ਕਲਾ ਲੋਕਾਂ ਲਈ" ਦੇ ਮਕਸਦ ਨੂੰ ਅਗਾਂਹ ਤੋਰਣ ਦਾ ਹਰ ਯਤਨ ਕਰੇਗੀ। ਇਪਟਾ ਆਪਣਾ ਰੰਗਮੰਚੀ ਤੇ ਸਭਿਆਚਾਰਕ ਕਾਰਜ ਖੇਤਰ ਹੋਰ ਵਿਸ਼ਾਲ ਤੇ ਮੌਕਲਾ ਕਰਨ ਦੇ ਨਾਲ-ਨਾਲ ਲੋਕ-ਹਿਤੈਸ਼ੀ ਸਭਿਆਚਾਰ ਦੇ ਪ੍ਰਚਾਰ ਤੇ ਪ੍ਰਸਾਰ ਵਿਚ ਤੇ ਲੱਚਰਤਾ, ਅਸ਼ਲੀਲਤਾ, ਹਿੰਸਾ ਤੇ ਨਸ਼ਿਆਂ ਨੂੰ ਉਤਸ਼ਾਹਿਤ ਕਰਦੀ ਸਮਾਜ ਵਿਚ ਸਭਿਆਚਰਕ ਪ੍ਰਦੂਸ਼ਣ ਪੈਦਾ ਕਰਦੀ ਗਾਇਕੀ ਤੇ ਗੀਤਕਾਰੀ ਵਿਰੁੱਧ ਅਵਾਜ਼ ਲਗਾਤਾਰ ਉਠਾਉਂਦੀ ਰਹੇਗੀ। ਇਸ ਆਨਲਾਈਨ ਮੀਟਿੰਗ ਦੌਰਾਨ ਹੋਰਨਾ ਤੋਂ ਇਲਾਵਾ ਸਰਘੀ ਪ੍ਰੀਵਾਰ ਦੇ ਰੰਗਕਰਮੀ ਰੰਜੀਵਨ ਸਿੰਘ, ਸੰਜੀਵ ਦੀਵਾਨ, ਕਲਮਕਾਰ ਬਾਬੂ ਰਾਮ ਦੀਵਾਨਾ ਤੇ ਰੰਗਕਰਮੀ ਜਗਜੀਤ ਸਰੀਨ ਹੋਰਾਂ ਵੀ ਸ਼ਮੂਲੀਅਤ ਕੀਤੀ।


ਦਸ ਸਾਲਾਂ ਤੋਂ ਆਰਥਿਕ, ਸਮਾਜਿਕ, ਸਭਿਆਚਾਰਕ ਅਤੇ ਸਿਆਸੀ ਚੇਤਨਤਾ ਨੂੰ ਸਮਰਪਿਤ

ਸਰੋਕਾਰਾਂ ਦੀ ਆਵਾਜ਼

ਕੈਨੇਡਾ ਦੇ ਪ੍ਰਮੁੱਖ ਸ਼ਹਿਰਾਂ ਟੋਰਾਂਟੋ, ਵੈਨਕੂਵਰ ਅਤੇ ਕੈਲਗਰੀ ਵਿੱਚ ਖ਼ਬਰਾਂ ਅਤੇ ਇਸ਼ਤਿਹਾਰ ਦੇਣ ਲਈ ਸਾਡੀ ਟੀਮ ਨਾਲ਼ ਹੇਠ ਲਿਖੇ ਨੰਬਰਾਂ ਤੇ ਸੰਪਰਕ ਕਰੋ।


ਹਰਬੰਸ ਸਿੰਘ (ਟੋਰਾਂਟੋ) 416-817-7142


ਦੇਵਿੰਦਰ ਤੂਰ (ਟੋਰਾਂਟੋ) 416 902 9372


ਮਾਸਟਰ ਭਜਨ (ਕੈਲਗਰੀ) 403-455-4220


ਪਰਮਿੰਦਰ ਕੌਰ ਸਵੈਚ (ਵੈਨਕੂਵਰ) 604 760 4794












# ਸੰਸਾਰ ਦੇ ਧਨਾਢਾਂ ਦੀ ਚੈਰਿਟੀ ਦਾ ਗੋਰਖਧੰਦਾ

ਗੁਰਪ੍ਰੀਤ

ਫੇਸਬੁੱਕ ਦੇ ਖੋਜੀ ਤੇ ਮਾਲਕ ਮਾਰਕ ਜ਼ੁਕਰਬਰਗ ਤੇ ਉਸਦੀ ਪਤਨੀ ਪ੍ਰਿਸਿਲਾ ਚਾਨ ਨੇ 30 ਨਵੰਬਰ ਨੂੰ ਆਪਣੀ ਬੇਟੀ ਦੇ ਜਨਮ ਲੈਣ ਦੀ ਖੁਸ਼ੀ ਵਿੱਚ ਆਪਣੇ ਫੇਸਬੁੱਕ ਸ਼ੇਅਰ ਦਾ 99 ਫੀਸਦੀ 'ਚੈਰਿਟੀ' ਲਈ ਦੇਣ ਦਾ ਐਲਾਨ ਕੀਤਾ। ਕਰੀਬ 44 ਬਿਲੀਅਨ ਡਾਲਰ ਦੀ ਇਹ ਰਾਸ਼ੀ ਇਹ ਜੋੜਾ ਆਪਣੀ ਪੂਰੀ ਜ਼ਿੰਦਗੀ ਵਿੱਚ 'ਚੈਰਿਟੀ' ਲਈ ਖਰਚੇਗਾ। ਬੱਸ ਫੇਰ ਕੀ ਸੀ ਆਪਣੀ ਜ਼ਿੰਦਗੀ ਵਿੱਚ ਨੀਰਸਤਾ ਤੇ ਅਕੇਵੇਂ ਦੇ ਸ਼ਿਕਾਰ ਮੱਧਵਰਗ ਨੂੰ ਡੰਗ ਟਪਾਉਣ ਲਈ ਕੁੱਝ ਸਨਸਨੀਖੇਜ਼ ਤੇ ਰੌਚਕ ਤੋਂ ਰੌਚਕ ਮਿਲ਼ ਗਿਆ ਤੇ ਮਾਰਕ ਜ਼ੁਕਰਬਰਗ ਦੀ ਬੱਲੇ-ਬੱਲੇ ਚੱਕ ਦਿੱਤੀ। ਕੋਈ ਇਸ ਜੋੜੇ ਦਾ ਵਾਹਿਗੁਰੂ ਤੋਂ ਭਲਾ ਕਰਵਾਉਣ ਲੱਗਿਆ ਤੇ ਕਿਸੇ ਨੇ ਭਗਵਾਨ ਨੂੰ ਕਿਰਪਾ ਕਰਨ ਲਈ ਆਖ ਦਿੱਤਾ। ਇਹ ਰਵੱਈਆ ਇੱਕ ਮਿਸਾਲ ਹੈ ਕਿ ਸਾਡੇ ਸਮਾਜ ਵਿੱਚ ਘਟਨਾਵਾਂ ਦੀ ਡੂੰਘਾਈ ਵਿੱਚ ਜਾਣ ਦੀ ਥਾਂ ਸਤਹੀ ਜਾਣਕਾਰੀਆਂ ਨਾਲ਼ ਬੁੱਤਾ ਸਾਰਨ ਦਾ ਵਰਤਾਰਾ ਕਿੰਨਾ ਪਸਰਿਆ ਹੋਇਆ ਹੈ। ਮਾਰਕ ਜ਼ੁਕਰਬਰਗ 'ਚੈਰਿਟੀ' ਲਈ ਪੈਸਾ ਖਰਚਣ ਵਾਲ਼ਾ ਪਹਿਲਾ ਵਿਅਕਤੀ ਨਹੀਂ ਹੈ। ਸੰਸਾਰ ਦੀ ਦੌਲਤ ਦੇ ਮੀਨਾਰਾਂ 'ਤੇ ਕਾਬਜ ਅਨੇਕਾਂ ਧਨਵਾਨ ਲਗਾਤਾਰ ਚੈਰਿਟੀ ਦੀ ਇਹ ਖੇਡ ਖੇਡਦੇ ਰਹਿੰਦੇ ਹਨ। ਕੁੱਝ ਸਾਲ ਪਹਿਲਾਂ ਸੰਸਾਰ ਦੇ ਸਿਰਖਲੇ ਅਮੀਰਾਂ, ਬਿਲ ਗੇਟਸ ਤੇ ਵਾਰਨ ਬੁਫੇ ਵੱਲੋਂ ਵੀ ਚੈਰਿਟੀ ਲਈ ਜਾਇਦਾਦ ਦਾ ਵੱਡਾ ਹਿੱਸਾ ਖਰਚਣ ਦਾ ਮਸਲਾ ਇੰਝ ਹੀ ਚਰਚਾ ਦਾ ਵਿਸ਼ਾ ਬਣਿਆ ਸੀ। ਇਸ ਪੂਰੇ ਮਸਲੇ ਨਾਲ਼ ਸਬੰਧਤ ਦੋ ਸਵਾਲਾਂ ਨੂੰ ਸਮਝਣ ਦੀ ਲੋੜ ਹੈ। ਪਹਿਲਾ ਇਹ ਕਿ ਅਸਲ ਵਿੱਚ ਇਹ ਚੈਰਿਟੀ ਦਾ ਮਸਲਾ ਹੈ ਕੀ ਤੇ ਇਸਦਾ ਕਿਸਨੂੰ ਕੀ ਲਾਭ ਹੁੰਦਾ ਹੈ? ਅਤੇ ਦੂਜਾ ਇਹ ਕਿ ਦਾਨ ਦੇਣ ਨਾਲ਼ ਸਮਾਜ ਦਾ ਕਿੰਨਾ ਕੁ ਭਲਾ ਹੋ ਸਕਦਾ ਹੈ?

ਆਉ ਪਹਿਲਾਂ 'ਚੈਰਿਟੀ' ਦੇ ਮਸਲੇ ਨੂੰ ਹੀ ਲੈਂਦੇ ਹਾਂ। ਅਸਲ ਵਿੱਚ ਚੈਰਿਟੀ ਲਈ ਪੈਸਾ ਖਰਚਣਾ ਸੰਸਾਰ ਦੇ ਸਿਖਰਲੇ ਕਾਰੋਬਾਰੀਆਂ ਦਾ ਇੱਕ ਚੰਗਾ ਕਾਰੋਬਾਰ ਹੈ। ਥੋੜੇ ਸ਼ਬਦਾਂ ਵਿੱਚ ਕਹਿਣਾ ਹੋਵੇ ਤਾਂ ਅਸਲ ਵਿੱਚ 'ਚੈਰਿਟੀ' ਆਪਣੀ ਇੱਕ ਜੇਬ ਵਿੱਚੋਂ ਪੈਸੇ ਦੂਜੀ ਜੇਬ ਵਿੱਚ ਪਾਉਣਾ ਹੀ ਹੈ। ਚੈਰਿਟੀ ਸੰਸਥਾਵਾਂ, ਚੈਰੀਟੇਬਲ ਸੰਸਥਾਵਾਂ ਦੇ ਐਲਾਨੀਆ ਉਦੇਸ਼ ਅਕਸਰ ਸਿੱਖਿਆ, ਸਿਹਤ, ਸੰਚਾਰ, ਬਰਾਬਰੀ ਲਿਆਉਣਾ, ਗਰੀਬੀ ਦੂਰ ਕਰਨਾ, ਵਾਤਾਵਰਨ ਬਚਾਉਣਾ, ਵਿਗਿਆਨ ਖੋਜਾਂ ਨੂੰ ਉਤਸ਼ਾਹਿਤ ਕਰਨਾ ਆਦਿ ਜਿਹੇ ਲੱਛੇਦਾਰ ਸ਼ਬਦਾਂ ਵਿੱਚ ਪਰੋਸੇ ਜਾਂਦੇ ਹਨ। ਪਰ ਅਸਲ ਵਿੱਚ ਇਹ ਮੁਨਾਫੇ ਲਈ ਸਰਮਾਇਆ ਨਿਵੇਸ਼ ਕਰਨ ਦਾ ਹੀ ਇੱਕ ਰੂਪ ਹੁੰਦੇ ਹਨ। ਕੁੱਝ ਲੋਕ ਆਪਣੀਆਂ ਚੈਰਿਟੀ ਸੰਸਥਾਵਾਂ ਬਣਾ ਕੇ ਫੇਰ ਆਪਣੇ ਆਪ ਨੂੰ ਹੀ ਦਾਨ ਕਰੀ ਜਾਂਦੇ ਹਨ ਤੇ ਕੁੱਝ ਦੂਜਿਆਂ ਦੀਆਂ ਬਣੀਆਂ ਸੰਸਥਾਵਾਂ ਵਿੱਚ ਆਪਣਾ ਹਿੱਸਾ ਪਾਉਂਦੇ ਹਨ। ਕਿਸੇ ਚੈਰਿਟੀ ਸੰਸਥਾ ਲਈ ਇਹ ਲਾਜ਼ਮੀ ਨਹੀਂ ਹੁੰਦਾ ਕਿ ਉਹ ਆਪਣੀ ਰਾਸ਼ੀ ਲੋਕ ਭਲਾਈ 'ਤੇ ਹੀ ਖਰਚੇ। ਇਹਨਾਂ ਸੰਸਥਾਵਾਂ ਦੀ ਬਹੁਤੀ ਰਾਸ਼ੀ ਤਾਂ ਸਿੱਧਿਆਂ ਹੀ ਮੁਨਾਫੇ ਦੇ ਖੇਤਰਾਂ ਵਿੱਚ ਨਿਵੇਸ਼ ਕੀਤੀ ਜਾਂਦੀ ਹੈ ਜਿੱਥੋਂ ਦਾਨੀਆਂ ਨੂੰ ਸੇਵਾ ਦੇ ਫਲ਼ ਵਜੋਂ ਮੁਨਾਫਾ ਆਉਂਦਾ ਰਹਿੰਦਾ ਹੈ। ਇਸ ਰਾਸ਼ੀ ਦਾ ਇੱਕ ਹਿੱਸਾ ਮੁਨਾਫਾ ਰਹਿਤ ਖੇਤਰਾਂ ਵਿੱਚ ਨਿਵੇਸ਼ ਕੀਤਾ ਜਾਂਦਾ ਹੈ ਪਰ ਇਹ ਅਸਿੱਧੇ ਤੌਰ 'ਤੇ ਮੁਨਾਫੇ ਵਧਾਉਣ ਨਾਲ਼ ਹੀ ਜੁੜਿਆ ਹੁੰਦਾ ਹੈ। ਮਿਸਾਲ ਵਜੋਂ ਅਮਰੀਕਾ ਵਿੱਚ ਸਰਕਾਰ ਦੀਆਂ ਨੀਤੀਆਂ ਬਣਾਉਣ ਦੀਆਂ ਬਹਿਸਾਂ (ਲਾਬਿੰਗ) ਵਿੱਚ ਵੀ ਕਾਫੀ ਮੁਨਾਫਾ-ਰਹਿਤ ਨਿਵੇਸ਼ ਹੁੰਦਾ ਹੈ। ਇਸ ਵਿੱਚ ਫੀਸ ਉੱਤੇ ਕੰਮ ਕਰ ਰਹੇ ਵਕੀਲ ਬਹਿਸ, ਦਲੀਲਬਾਜ਼ੀ ਰਾਹੀਂ ਸਰਕਾਰ ਦੀਆਂ ਨੀਤੀਆਂ ਨੂੰ ਸਰਮਾਏਦਾਰਾਂ ਦੇ ਹਿੱਤਾਂ ਵਿੱਚ ਕਰਵਾਉਂਦੇ ਹਨ। ਅਮਰੀਕਾ ਵਿੱਚ ਸਰਮਾਏਦਾਰਾਂ ਵੱਲੋਂ ਲਾਬਿੰਗ ਵਿੱਚ ਪੈਸਾ ਖਰਚ ਕੇ ਸਰਕਾਰੀ ਨੀਤੀਆਂ ਨੂੰ ਆਪਣੇ ਪੱਖ ਵਿੱਚ ਕਰਨ ਦਾ ਕੰਮ ਪੂਰੀ ਤਰ੍ਹਾਂ ਕਨੂੰਨੀ ਹੈ। ਜਾਂ ਇੱਕ ਹੋਰ ਮਿਸਾਲ ਵਜੋਂ, ਕਿਸੇ ਦਵਾਈ ਦੀ ਖੋਜ ਲਈ ਪੈਸਾ ਦਿੱਤਾ ਜਾਂਦਾ ਹੈ ਪਰ ਉਹ ਦਵਾਈ ਅੱਗੇ ਮੁਨਾਫੇ ਤਹਿਤ ਹੀ ਵਿਕਦੀ ਹੈ ਤੇ ਲੋਕਾਂ ਨੂੰ ਕੋਈ ਲਾਭ ਨਹੀਂ ਮਿਲ਼ਦਾ। ਇਹਨਾਂ ਚੈਰਿਟੀਆਂ ਦਾ ਬਹੁਤ ਹੀ ਛੋਟਾ ਹਿੱਸਾ ਸਿੱਧਾ ਲੋਕਾਂ ਦੀ ਮਦਦ ਕਰਨ ਲਈ ਖਰਚਿਆ ਜਾਂਦਾ ਹੈ ਜਿਸ ਨਾਲ਼ ਲੋਕਾਂ ਦਾ ਬਹੁਤਾ ਕੁੱਝ ਸੰਵਰਦਾ ਨਹੀਂ।

ਮਿਸਾਲ ਵਜੋਂ ਸੰਸਾਰ ਦੀਆਂ ਸਿਖਰਲੀਆਂ ਚੈਰਿਟੀ ਸੰਸਥਾਵਾਂ ਵਿੱਚੋਂ ਇੱਕ 'ਬਿਲ ਐਂਡ ਮੇਲਿੰਡਾ ਗੇਟਸ ਫਾਊਂਡੇਸ਼ਨ' ਦੀ ਮਿਸਾਲ ਲਈਏ ਜਿਸ ਵਿੱਚ ਬਿਲ ਗੇਟਸ ਤੇ ਵਾਰਨ ਬੁਫੇ ਵਰਗੇ ਸੰਸਾਰ ਸਭ ਤੋਂ ਅਮੀਰਾਂ ਦਾ ਪੈਸਾ ਜਾਂਦਾ ਹੈ। ਇਸਦਾ 2012 ਤੱਕ 36 ਅਰਬ ਡਾਲਰ ਦਾ ਨਿਵੇਸ਼ ਸੀ। ਇਸਦੇ ਐਲਾਨੀਆਂ ਉਦੇਸ਼ਾਂ ਮੁਤਾਬਕ ਇਸਦਾ ਇੱਕ ਹਿੱਸਾ ਲੋਕਾਂ ਨੂੰ ਚੰਗਾ ਭੋਜਨ ਮੁਹੱਈਆ ਕਰਵਾਉਣ ਲਈ ਖਰਚਿਆ ਜਾਂਦਾ ਹੈ ਤੇ ਇਹ ਗਰਭਵਤੀ ਔਰਤਾਂ ਤੇ ਬੱਚਿਆਂ ਨੂੰ ਪੌਸ਼ਟਿਕ ਭੋਜਨ ਮੁਹੱਈਆ ਕਰਵਾਉਣ ਲਈ ਕੰਮ ਕਰਦੀ ਹੈ। ਪਰ ਅਸਲ ਵਿੱਚ ਚੰਗੇ ਭੋਜਨ ਲਈ ਇਹ ਪੈਸਾ ਜਾਂਦਾ ਕਿੱਥੇ ਹੈ? ਇਹ ਸੰਸਥਾ 2012 ਤੱਕ ਕੋਕਾ ਕੋਲਾ ਵਿੱਚ 2.2 ਅਰਬ ਡਾਲਰ, ਮੈਕਡਾਨਲਡ ਵਿੱਚ 87.1 ਕਰੋੜ ਡਾਲਰ, ਪੈਪਸੀਕੋ ਵਿੱਚ 78 ਲੱਖ ਡਾਲਰ, ਬਰਗਰਕਿੰਗ ਵਿੱਚ 14 ਲੱਖ ਡਾਲਰ ਸਮੇਤ ਅਨੇਕਾਂ ਫਾਸਟ ਫੂਡ ਵਾਲ਼ੇ ਸਰਮਾਏਦਾਰ ਘਰਾਣਿਆਂ ਵਿੱਚ ਨਿਵੇਸ਼ ਕਰਦੀ ਹੈ। ਇਹ ਫਾਸਟਫੂਡ ਕਿੰਨਾ ਪੌਸ਼ਟਿਕ ਤੇ ਬੱਚਿਆਂ ਤੇ ਗਰਭਵਤੀ ਔਰਤਾਂ ਲਈ ਕਿੰਨਾ ਲਾਹੇਵੰਦ ਹੈ ਇਹ ਸ਼ਾਇਦ ਦੱਸਣ ਦੀ ਲੋੜ ਨਹੀਂ। ਇਸੇ ਤਰ੍ਹਾਂ ਫਾਊਂਡੇਸ਼ਨ ਮੁਤਾਬਕ ਇਹ ਕਿਸੇ ਨੂੰ ਅਜਿਹੀ ਕੰਪਨੀ ਵਿੱਚ ਨਿਵੇਸ਼ ਨਹੀਂ ਕਰੇਗੀ ਜਿਸਦਾ ਮੁਨਾਫਾ ਕਾਰਪੋਰੇਟ ਸਰਗਰਮੀ ਨਾਲ਼ ਜੁੜਿਆ ਹੋਇਆ ਹੈ। ਪਰ ਇਸਨੇ ਵਾਲਮਾਰਟ ਵਿੱਚ 1.1 ਅਰਬ ਡਾਲਰ ਨਿਵੇਸ਼ ਕੀਤੇ ਹੋਏ ਹਨ। ਇਹ ਸੰਸਥਾ 'ਪ੍ਰਾਈਵੇਟ ਪ੍ਰਿਜਨ ਕੰਪਨੀ' ਤੇ 'ਮਿਲਟਰੀ ਕੰਟਰੈਕਟਰ ਡੀ.ਵਾਈ.ਐਨ. ਕੌਪ' ਆਦਿ ਜਿਹੇ ਜੇਲ੍ਹ ਤੇ ਮਿਲਟਰੀ ਕੰਪਲੈਕਸ ਵਿੱਚ ਵੀ ਖਰਚਦੀ ਹੈ ਜੋ ਨਾ ਸਿਰਫ ਮੁਨਾਫੇ 'ਤੇ ਅਧਾਰਤ ਹਨ ਸਗੋਂ ਇਹ ਧੋਖਾਧੜੀ ਤੇ ਜਬਰੀ ਕੰਮ ਕਰਵਾਉਣ ਆਦਿ ਲਈ ਵੀ ਬਦਨਾਮ ਹਨ। ਇਹ ਫਾਊਂਡੇਸ਼ਨ ਵਾਤਾਵਰਨ ਤਬਦੀਲੀਆਂ ਪ੍ਰਤੀ ਵੀ ਐਲਾਨੀਆਂ ਤੌਰ 'ਤੇ ਫਿਕਰਮੰਦ ਹੈ ਪਰ ਅਨੇਕਾਂ ਪੈਟਰੋਲੀਅਮ, ਕੋਲਾ, ਬਿਜਲੀ ਤੇ ਇੰਜਨੀਅਰਿੰਗ ਫਰਮਾਂ ਵਿੱਚ ਨਿਵੇਸ਼ ਵੀ ਕਰਦੀ ਹੈ। ਇਹਨਾਂ ਸਭ ਨਿਵੇਸ਼ਾਂ ਤੋਂ ਇਸਨੂੰ ਚੋਖਾ ਮੁਨਾਫਾ ਹੁੰਦਾ ਹੈ। ਇਸ ਤਰ੍ਹਾਂ ਦੀਆਂ ਚੈਰਿਟੀ ਸੰਸਥਾਵਾਂ ਦੀਆਂ ਹਜ਼ਾਰਾਂ ਉਦਾਹਰਨਾਂ ਦਿੱਤੀਆਂ ਜਾ ਸਕਦੀਆਂ ਹਨ।



ਚੈਰਿਟੀ ਦੇ ਇਸ ਧੰਦੇ ਵਿੱਚ ਨਿਵੇਸ਼ ਨਾਲ਼ ਸਿੱਧੇ ਤੇ ਅਸਿੱਧੇ ਮੁਨਾਫੇ ਤੋਂ ਬਿਨਾਂ ਦੂਜਾ ਵੱਡਾ ਮਾਮਲਾ ਕਰ ਬਚਾਉਣ ਨਾਲ਼ ਜੁੜਿਆ ਹੋਇਆ ਹੈ। ਚੈਰਿਟੀ ਆਦਿ ਰਾਹੀਂ ਕਨੂੰਨੀ ਘੁੰਡੀਆਂ ਰਾਹੀਂ ਧਨਾਢ ਅਰਬਾਂ ਦੀ ਕਰ ਛੋਟ ਹਾਸਲ ਕਰਦੇ ਹਨ, ਜਾਂ ਕਹਿ ਲਉ ਕਰ ਚੋਰੀ ਕਰਦੇ ਹਨ। ਇਹ ਗੱਲ ਆਪਣੇ ਆਪ ਵਿੱਚ ਹਾਸੋਹੀਣੀ ਹੈ ਕਿ ਫੇਰ ਉਹ ਚੈਰਿਟੀ ਰਾਹੀਂ ਬਰਾਬਰੀ ਲਿਆਉਣ ਤੇ ਗਰੀਬੀ ਘਟਾਉਣ ਦੀ ਗੱਲ ਕਰਦੇ ਹਨ।

ਮਾਰਕ ਜ਼ੁਕਰਬਰਗ ਦੇ ਮਾਮਲੇ ਦੀ ਗੱਲ ਕਰੀਏ ਤਾਂ ਉਸਦਾ ਮਾਮਲਾ ਵੀ ਬਹੁਤਾ ਵੱਖਰਾ ਨਹੀਂ ਹੈ। ਉਹ ਵੀ ਸੰਸਾਰ ਦੇ ਸਿਖ਼ਰਲੇ 20 ਅਮੀਰਾਂ ਦੀ ਸੂਚੀ ਵਿੱਚ ਸ਼ਾਮਲ ਹੈ। ਜ਼ੁਕਰਬਰਗ ਮੁਤਾਬਕ ਉਸਦੀ ਚੈਰਿਟੀ ਦਾ ਉਦੇਸ਼ ਸਿਹਤ, ਸਿੱਖਿਆ, ਵਿਗਿਆਨਕ ਖੋਜਾਂ ਤੇ ਊਰਜਾ ਵਰਗੇ ਖੇਤਰਾਂ ਵਿੱਚ ਮਨੁੱਖੀ ਸਮਰੱਥਾ ਨੂੰ ਵਧਾਉਣਾ, ਬਰਾਬਰੀ ਨੂੰ ਉਤਸ਼ਾਹਿਤ ਕਰਨਾ ਹੈ ਤੇ ਆਪਣੇ ਉਦੇਸ਼ ਦੀ ਲੋੜ ਮੁਤਾਬਕ ਨੀਤੀਆਂ ਬਣਾਉਣ ਦੀਆਂ ਬਹਿਸਾਂ 'ਚ ਹਿੱਸਾ ਲੈਣ ਲਈ ਵੀ ਨਿਵੇਸ਼ ਕਰੇਗਾ। ਉਹ ਇਹ ਪੈਸਾ ਕਿਸੇ ਨੂੰ ਦੇ ਨਹੀਂ ਰਿਹਾ ਸਗੋਂ ਆਪਣੀ ਹੀ ਸੰਸਥਾ 'ਚਾਨ ਜ਼ੁਕਰਬਰਗ ਇਨੀਸ਼ੀਏਟਿਵ' ਬਣਾ ਰਿਹਾ ਹੈ, ਜਿਸਦਾ ਮਾਲਕ ਵੀ ਉਹ ਖੁਦ ਹੀ ਹੋਵੇਗਾ। ਇਹ ਸੰਸਥਾ ਦਾ ਰੂਪ ਇੱਕ 'ਲਿਮਿਟਡ ਲਾਇਬਿਲਟੀ ਕੰਪਨੀ (ਐੱਲ.ਐੱਲ.ਸੀ.) ਵਾਲ਼ਾ ਹੈ ਜੋ ਕਿ ਅਮਰੀਕੀ ਕਨੂੰਨ ਮੁਤਾਬਕ ਅਜਿਹੀ ਕੰਪਨੀ ਹੁੰਦੀ ਹੈ ਜਿਸ ਉੱਪਰ ਕਨੂੰਨੀ ਬੰਧੇਜ ਘੱਟ ਹੁੰਦੇ ਹਨ। ਅਜਿਹੀ ਸੰਸਥਾ ਉੱਪਰ ਕਿਸੇ ਦੀ ਮਦਦ ਕਰਨ ਦਾ ਕੋਈ ਕਨੂੰਨੀ ਬੰਧੇਜ ਨਹੀਂ ਹੈ। ਇਸਦਾ ਪੈਸਾ ਕਿੱਥੇ ਖਰਚਿਆ ਜਾਂਦਾ ਹੈ ਇਸਦੀ ਪਾਰਦਰਸ਼ਤਾ ਵੀ ਕਨੂੰਨੀ ਤੌਰ 'ਤੇ ਲਾਜ਼ਮੀ ਨਹੀਂ ਹੈ। ਸਾਫ ਹੈ ਕਿ ਇਸ ਸੰਸਥਾ ਉੱਪਰ ਵੀ ਮੁਨਾਫੇ ਦੇ ਖੇਤਰਾਂ ਵਿੱਚ ਨਿਵੇਸ਼ ਕਰਨ 'ਤੇ ਕੋਈ ਬੰਧੇਜ ਨਹੀਂ ਹੈ। ਅਜਿਹੀਆਂ ਸੰਸਥਾਵਾਂ ਦੇ ਉਦੇਸ਼ ਅਮਲ ਵਿੱਚ ਕਿਵੇਂ ਕੰਮ ਕਰਦੇ ਹਨ ਇਸਦੀ ਚਰਚਾ ਅਸੀਂ ਉੱਪਰ ਕਰ ਹੀ ਚੁੱਕੇ ਹਾਂ। ਆਪਣਾ ਪੈਸਾ ਆਪਣੀ ਹੀ ਜੇਬ ਵਿੱਚ ਪਾਕੇ, ਉਸਨੂੰ ਮੁਨਾਫੇ ਲਈ ਨਿਵੇਸ਼ ਕਰਨ, ਲਾਬਿੰਗ ਦੇ ਮੁਨਾਫਾ-ਰਹਿਤ ਖੇਤਰ 'ਚ ਖਰਚਣ ਦੇ ਨਾਲ਼-ਨਾਲ਼ ਕਨੂੰਨੀ ਮਾਨਤਾ ਪ੍ਰਾਪਤ ਟੈਕਸ ਛੋਟ ਵੀ ਹਾਸਲ ਹੁੰਦੀ ਰਹੇਗੀ।

ਚੈਰਿਟੀ ਦਾ ਸਭ ਤੋਂ ਅਹਿਮ ਮਕਸਦ ਸਰਮਾਏਦਾਰ ਜਮਾਤ ਦਾ ਆਪਣਾ ਵਿਚਾਰਧਾਰਕ ਗਲਬਾ ਕਾਇਮ ਕਰਨ ਨਾਲ਼ ਜੁੜਿਆ ਹੋਇਆ ਹੈ। ਆਮ ਲੋਕਾਂ ਦੀ ਗਰੀਬੀ, ਮਾੜੀ ਹਾਲਤ ਲਈ ਜ਼ਿੰਮੇਵਾਰ ਸਮੁੱਚਾ ਨਿੱਜੀ ਜਾਇਦਾਦ 'ਤੇ ਟਿਕਿਆ ਢਾਂਚਾ ਤੇ ਸਰਮਾਏਦਾਰ ਹਨ। ਜਿਨ੍ਹਾਂ ਚਿਰ ਨਿੱਜੀ ਜਾਇਦਾਦ ਦਾ ਪ੍ਰਬੰਧ ਖਤਮ ਨਹੀਂ ਹੁੰਦਾ, ਮਨੁੱਖ ਹੱਥੋਂ ਮਨੁੱਖ ਦੀ ਲੁੱਟ ਖਤਮ ਨਹੀਂ ਹੁੰਦੀ ਉਨਾ ਚਿਰ ਉਹਨਾਂ ਦੀ ਬਿਹਤਰੀ ਸੰਭਵ ਨਹੀਂ। ਇੱਥੋਂ ਤੱਕ ਕਿ ਜੇ ਚੈਰਿਟੀ, ਦਾਨ ਦੀ ਰਾਸ਼ੀ ਪੂਰੀ ਤਰ੍ਹਾਂ ਲੋਕਾਂ ਵਿੱਚ ਵੰਡੀ ਵੀ ਜਾਵੇ ਤਾਂ ਵੀ ਲੋਕਾਂ ਦੀ ਹਾਲਤ ਵਿੱਚ ਕੋਈ ਬੁਨਿਆਦੀ ਤਬਦੀਲੀ ਨਹੀਂ ਆਉਣ ਲੱਗੀ। ਸਰਮਾਏਦਾਰ ਲੋਕਾਂ ਦੀ ਕਿਰਤ ਦੀ ਲੁੱਟ ਰਾਹੀਂ ਹੀ ਅਮੀਰ ਬਣਦੇ ਹਨ ਤੇ ਮੁੜ ਲੋਕਾਂ ਦੇ ਗੁੱਸੇ ਨੂੰ ਠੰਢਾ ਕਰਨ ਲਈ ਉਸੇ ਲੁੱਟ ਦਾ ਇੱਕ ਛੋਟੇ ਜਿਹੇ ਹਿੱਸੇ ਨਾਲ਼ ਸਮਾਜ ਭਲਾਈ ਦਾ ਤਮਾਸ਼ਾ ਕਰਦੇ ਹਨ ਅਤੇ ਲੋਕਾਂ ਨੂੰ ਹੀਣੇ ਬਣਾਉਂਦੇ ਹਨ। ਮਜ਼ਦੂਰ ਜਮਾਤ ਦੇ ਮਹਾਨ ਆਗੂ ਤੇ ਅਧਿਆਪਕ ਫਰੈਡਰਿਕ ਏਂਗਲਜ਼ ਨੇ ਕਈ ਵਰ੍ਹੇ ਪਹਿਲਾਂ ਇਹਨਾਂ ਦਾਨੀ ਸੱਜਣਾਂ ਨੂੰ ਸੰਬੋਧਿਤ ਹੁੰਦੇ ਲਿਖਿਆ ਸੀ ਕਿ ਪ੍ਰੋਲੇਤਾਰੀ ਦੇ ਜੀਵਨ ਦੀ ਰੱਤ ਚੂਸਕੇ ਤੇ ਫਿਰ ਉਹਨਾਂ ਉੱਤੇ ਆਪਣਾ ਸਵੈ-ਸੰਤੋਖੀ, ਪਖੰਡ ਭਰਿਆ ਮਨੁੱਖਤਾਵਾਦ ਵਿਖਾ ਕੇ, ਸੰਸਾਰ ਅੱਗੇ ਖੁਦ ਨੂੰ ਮਨੁੱਖਤਾ ਦੇ ਮਹਾਨ ਸ਼ੁਭਚਿੰਤਕ ਵਜੋਂ ਪੇਸ਼ ਕਰਦਿਆਂ ਲੁੱਟ ਦੇ ਸ਼ਿਕਾਰ ਨੂੰ ਉਹਨਾਂ ਦੇ ਬਣਦੇ ਹਿੱਸੇ ਦਾ ਹਜ਼ਾਰਵਾਂ ਭਾਗ ਦੇਕੇ ਤੁਸੀਂ ਸਮਝਦੇ ਹੋ ਕਿ ਤੁਸੀਂ ਉਹਨਾਂ ਦੀ ਬੜੀ ਸੇਵਾ ਕੀਤੀ ਹੈ। ਦਾਨ, ਜਿਹੜਾ ਦਾਨ ਲੈਣ ਵਾਲ਼ੇ ਤੋਂ ਪਹਿਲਾਂ ਦਾਨ ਦੇਣ ਵਾਲ਼ੇ ਨੂੰ ਹੀਣਾ ਕਰਦਾ ਹੈ; ਦਾਨ, ਜਿਹੜਾ ਪਹਿਲਾਂ ਹੀ ਦੱਬੇ-ਕੁਚਲੇ ਨੂੰ ਹੋਰ ਨਿਤਾਣਾ ਕਰਦਾ ਹੈ, ਜਿਹੜਾ ਇਹ ਮੰਗ ਕਰਦਾ ਹੈ ਕਿ ਜੋ ਹੇਠਾਂ ਧੱਕ ਦਿੱਤਾ ਗਿਆ ਹੈ, ਸਮਾਜ ਵੱਲੋਂ ਭੁੱਖਾ-ਨੰਗਾ ਕਰ ਦਿੱਤਾ ਗਿਆ ਹੈ, ਸਭ ਤੋਂ ਪਹਿਲਾਂ ਆਪਣੇ ਕੋਲ਼ ਬਚੀ ਆਖ਼ਰੀ ਚੀਜ਼, ਆਪਣਾ ਮਨੁੱਖ ਹੋਣਾ ਵੀ ਤਿਆਗ ਦੇਵੇ, ਤੁਹਾਡੇ ਤਰਸ ਦੇ ਤਮਾਸ਼ੇ ਅੱਗੇ ਤਰਸ ਲਈ ਭੀਖ ਮੰਗੇ ਤਾਂ ਜੋ ਭੀਖ ਦੇ ਰੂਪ ਵਿੱਚ ਕੁੱਝ ਹਾਸਲ ਕਰਕੇ ਆਪਣੇ ਮੱਥੇ ਉੱਤੇ ਹੀਣਤਾ ਦਾ ਠੱਪਾ ਲਵਾ ਲਵੇ।

ਮਿਸਾਲ ਵਜੋਂ ਵਾਰੇਨ ਬੁਫ਼ੇ ਦੀ ਵੱਡਾ ਹਿੱਸਾ ਵਾਲਮਾਰਟ ਤੇ ਗੋਲਡਮਾਨ ਸਾਕਸ ਦੇ ਵਿੱਤੀ ਦੈਂਤ ਕਾਰਪੋਰੇਸ਼ਨਾਂ ਦੇ ਸ਼ੇਅਰਾਂ ਦੁਆਰਾ ਆਉਂਦਾ ਹੈ। ਵਾਲਮਾਰਟ ਨੂੰ ਅਮਰੀਕਾ ਵਿੱਚ ਸਭ ਤੋਂ ਘੱਟ ਮਜ਼ਦੂਰੀ ਦੇਣ ਲਈ ਜਾਣਿਆ ਜਾਂਦਾ ਹੈ ਅਤੇ ਉਸ ਦੀਆਂ ਦੁਕਾਨਾਂ ਵਿੱਚ ਅਮਰੀਕੀ ਮਜ਼ਦੂਰ, ਮਜ਼ਦੂਰੀ ਦੀਆਂ ਸਭ ਤੋਂ ਘੱਟ ਦਰਾਂ 'ਤੇ ਕੰਮ ਕਰਦੇ ਹਨ। ਗੋਲਡਮਾਨ ਸਾਕਸ ਉਹੀ ਵਿੱਤੀ ਸੰਸਥਾ ਹੈ ਜਿਸਦੀ ਮੁਨਾਫੇ ਦੀ ਹਵਸ 2007 ਦੇ ਸੰਸਾਰ ਅਰਥਚਾਰੇ ਦੇ ਸੰਕਟ ਦਾ ਇੱਕ ਕਾਰਕ ਬਣੀ। ਅੱਜ ਸੰਸਾਰ ਭਰ ਦੇ ਇਹਨਾਂ ਸਰਮਾਏਦਾਰਾਂ ਕਾਰਨ ਹੀ ਕਰੋੜਾਂ ਲੋਕ ਗਰੀਬੀ, ਬੇਰੁਜ਼ਗਾਰੀ ਦੇ ਸ਼ਿਕਾਰ ਹਨ। ਰੋਟੀ, ਕੱਪੜਾ, ਸਿੱਖਿਆ, ਸਿਹਤ ਜਿਹੀਆਂ ਬੁਨਿਆਦੀ ਸਹੂਲਤਾਂ ਮੰਡੀ 'ਚ ਵਿਕਣ ਵਾਲ਼ੀਆਂ ਜਿਣਸਾਂ ਹਨ। ਇਹਨਾਂ ਕਾਰਨ ਹੀ ਸੰਸਾਰ ਵਿੱਚ ਥਾਂ-ਥਾਂ ਜੰਗਾਂ ਰਾਹੀਂ ਮਾਸੂਮਾਂ ਦਾ ਲਹੂ ਵਹਾਇਆ ਜਾ ਰਿਹਾ ਹੈ। ਸੰਸਾਰ ਅਰਥਚਾਰਾ ਵਾਰ-ਵਾਰ ਸੰਕਟਾਂ ਦਾ ਸ਼ਿਕਾਰ ਹੁੰਦਾ ਹੈ ਜਿਨ੍ਹਾਂ ਵਿੱਚ ਆਮ ਲੋਕਾਂ ਦੀ ਹਾਲਤ ਹੋਰ ਵੀ ਤਰਸਯੋਗ ਹੋ ਜਾਂਦੀ ਹੈ ਤੇ ਇਹਨਾਂ ਦੇ ਮੁਨਾਫੇ ਹੋਰ ਵਧ ਜਾਂਦੇ ਹਨ। ਮਿਸਾਲ ਵਜੋਂ ਅਮਰੀਕਾ ਦੇ ਸਿਖਰਲੇ 400 ਅਮੀਰਾਂ ਦੀ ਦੌਲਤ 2009 ਤੋਂ 2014 ਤੱਕ ਦੇ ਸੰਕਟ ਦੇ ਸਮੇਂ ਵਿੱਚ ਦੁੱਗਣੀ ਹੋ ਗਈ ਜਦਕਿ ਹੇਠਲੇ ਲੋਕਾਂ ਦੀ ਆਮਦਨ ਹੋਰ ਹੇਠਾਂ ਆ ਗਈ। ਸਾਫ ਹੈ ਕਿ ਇੰਨੇ ਲੋਕਾਂ ਨੂੰ ਲੁੱਟਣ, ਉਹਨਾਂ ਦਾ ਜੀਵਨ ਨਰਕਮਈ ਬਣਾਉਣ ਤੇ ਮੁਨਾਫੇ ਲਈ ਮਨੁੱਖਤਾ ਉੱਤੇ ਨਜਾਇਜ਼ ਜੰਗਾਂ ਥੋਪ ਕੇ ਲੱਖਾਂ ਮਾਸੂਮਾਂ ਦਾ ਲਹੂ ਵਹਾਉਣ ਵਾਲ਼ੇ ਇਹਨਾਂ ਸਰਮਾਏਦਾਰਾਂ ਤੋਂ ਸਮਾਜ ਦੇ ਭਲੇ ਦੀ ਕੋਈ ਉਮੀਦ ਹੀ ਨਹੀਂ ਕੀਤੀ ਜਾ ਸਕਦੀ। ਇਹ ਵੀ ਸੋਚਣਾ ਚਾਹੀਦਾ ਹੈ ਕਿ ਜੇ ਇਹਨਾਂ ਨੂੰ ਸਮਾਜ ਦਾ ਇੰਨਾ ਹੀ ਫਿਕਰ ਹੈ ਤਾਂ ਲੋਕਾਂ ਦੀ ਲੁੱਟ ਬੰਦ ਕਿਉਂ ਨਹੀਂ ਕਰਦੇ? ਆਪਣੇ ਕਾਮਿਆਂ ਨੂੰ ਚੰਗੀਆਂ ਤਨਖਾਹਾਂ, ਸਹੂਲਤਾਂ ਕਿਉਂ ਨਹੀਂ ਮੁਹੱਈਆ ਕਰਵਾਉਂਦੇ? ਮਨੁੱਖਤਾ ਉੱਪਰ ਜੰਗਾਂ ਥੋਪਣੋਂ ਕਿਉਂ ਨਹੀਂ ਹਟਦੇ? ਅਸਲ 'ਚ ਆਪਣੇ ਇਹਨਾਂ ਕੁਕਰਮਾਂ ਨੂੰ ਲੁਕਾਉਣ ਲਈ ਇਹ ਸਰਮਾਏਦਾਰ 'ਚੈਰਿਟੀ' ਤੇ ਸਮਾਜਕ ਭਲਾਈ ਦੇ ਤਮਾਸ਼ੇ ਕਰਦੇ ਹਨ।

ਇਸ ਚੈਰਿਟੀ ਨਾਲ਼ ਸੰਸਾਰ ਭਰ ਦੇ ਮੱਧਵਰਗੀ, ਨਿਮਨ ਮੱਧਵਰਗੀ ਅਤੇ ਮਜ਼ਦੂਰ ਅਬਾਦੀ ਵਿੱਚ ਵੀ, ਸਰਮਾਏਦਾਰਾ ਢਾਂਚੇ ਦੇ ਮਨੁੱਖਤਾਵਾਦੀ ਹੋਣ ਸਬੰਧੀ ਭੁਲੇਖੇ ਪੈਦਾ ਹੁੰਦਾ ਹਨ ਜਾਂ ਕਹਿ ਲਓ ਪੈਦਾ ਕੀਤੇ ਜਾਂਦੇ ਹਨ। ਖਾਸ ਕਰ, ਪੜ੍ਹੇ ਲਿਖੇ ਨੌਜਵਾਨਾਂ ਵਿੱਚ ਬਿਲ ਗੇਟਸ, ਵਾਰੇਨ ਬੁਫ਼ੇ ਤੇ ਮਾਰਕ ਜ਼ੁਕਰਬਰਗ ਵਰਗੇ ਲੁਟੇਰੇ ਆਦਰਸ਼ ਬਣਕੇ ਉੱਭਰਦੇ ਹਨ। ਵਿਦਿਆਰਥੀਆਂ ਦੇ ਦਿਮਾਗ਼ 'ਚ ਢਾਂਚੇ ਦੁਆਰਾ ਕੁੱਟ-ਕੁੱਟ ਕੇ ਭਰਿਆ ਇਹ ਤਰਕ ਹੋਰ ਵੀ ਮਜ਼ਬੂਤ ਹੁੰਦਾ ਹੈ ਕਿ ਪਹਿਲਾਂ ਆਪ ਕੁਝ ਬਣ ਜਾਓ, ਫਿਰ ਸਮਾਜ ਲਈ ਕੁਝ ਕਰੋ। ਅਤੇ ਉਹ ਇਸ ਸਮਝ ਤੋਂ ਹਕੀਕਤ ਵਿੱਚ ਦੂਰ ਹੁੰਦੇ ਜਾਣਗੇ ਕਿ ਇਹ 'ਫੇਰ ਕੁਝ ਕਰੋ' ਦਾ ਅਸਲ ਵਿੱਚ ਅਰਥ 'ਕੁਝ ਵੀ ਨਾ ਕਰੋ' ਹੈ। ਚੈਰਿਟੀ ਲੋਕ ਮਨਾਂ ਵਿੱਚ ਸਰਮਾਏਦਾਰਾਂ ਪ੍ਰਤੀ ਪਲਣ ਵਾਲ਼ੇ ਰੋਸ ਲਈ ਇੱਕ 'ਸੇਫਟੀ ਵਾਲਵ' ਦਾ ਕੰਮ ਕਰਦੀ ਹੈ ਜੋ ਗੁੱਸੇ ਨੂੰ ਦਾਨ ਦੇ ਠੰਢੇ ਛਿੱਟਿਆਂ ਤੇ ਕੁੱਝ ਨਿਪੁੰਸਕ ਕਿਸਮ ਦੇ ਵਿਰੋਧਾਂ ਦੇ ਰੂਪ ਵਿੱਚ ਕੱਢ ਦਿੰਦਾ ਹੈ। ਚੈਰਿਟੀ, ਦਾਨ ਜਾਂ ਮਦਦ ਲੈਣ ਵਾਲ਼ੇ ਲੋਕਾਂ ਨੂੰ ਹੀਣੇ ਬਣਾਉਂਦੀ ਹੈ, ਉਹਨਾਂ ਦੀ ਅਜ਼ਾਦ ਹੋਂਦ ਨੂੰ ਕਤਲ ਕਰਦੀ ਹੈ ਤੇ ਲੋਕਾਂ ਨੂੰ ਇਸ ਢਾਂਚੇ ਨੂੰ ਆਪਣੀ ਇੱਕਜੁੱਟ ਤਾਕਤ ਨਾਲ਼ ਖੁਦ ਬਦਲਣ ਬਾਰੇ ਸੋਚਣ ਦੀ ਥਾਂ ਉਹਨਾਂ ਵਿੱਚ ਇਸ ਢਾਂਚੇ ਅੰਦਰ ਹੀ ਮਸੀਹਿਆਂ ਦੇ ਪੈਦਾ ਹੋਣ ਦੀਆਂ ਝੂਠੀਆਂ ਉਮੀਦ ਪੈਦਾ ਕਰਦੀ ਹੈ। ਕੁੱਲ ਮਿਲਾਕੇ ਦੇਖਿਆ ਜਾਵੇ ਤਾਂ ਇਸ ਚੈਰਿਟੀ ਨਾਲ਼ ਸਰਮਾਏਦਾਰਾ ਢਾਂਚੇ ਪ੍ਰਤੀ ਲੋਕਾਂ ਦੇ ਭੁਲੇਖਿਆਂ ਦੀ ਉਮਰ ਥੋੜ੍ਹੀ ਹੋਰ ਵਧ ਜਾਂਦੀ ਹੈ। ਇਸੇ ਲਈ ਭਗਤ ਸਿੰਘ ਨੇ ਆਪਣੀ ਜੇਲ੍ਹ ਡਾਇਰੀ ਵਿੱਚ ਮੈਕਸਿਮ ਗੋਰਕੀ ਦੇ ਇਹ ਸ਼ਬਦ ਦਰਜ ਕੀਤੇ ਸਨ: ਉਹ ਵਿਅਕਤੀ ਸਭ ਤੋਂ ਵੱਧ ਤਰਸਯੋਗ ਹੈ ਜੋ ਦਾਨ ਲੈਂਦਾ ਹੈ ਤੇ ਉਹ ਵਿਅਕਤੀ ਸਭ ਤੋਂ ਵੱਧ ਘ੍ਰਿਣਾਯੋਗ ਹੈ ਜੋ ਦਾਨ ਦਿੰਦਾ ਹੈ।

ਇਹਨਾਂ ਚੈਰਿਟੀ ਦੇ ਡਰਾਮੇ ਕਰਨ ਵਾਲ਼ਿਆਂ ਦਾ ਅਸਲ ਮੰਤਵ ਤਾਂ ਮੁਨਾਫਾ ਹੈ। ਇਹਨਾਂ ਲਈ ਡਾ. ਨਾਰਮ ਬੈਥਿਊ ਦੇ ਇਹ ਸ਼ਬਦ ਸਹੀ ਹਨ ਕਿ ਮਨੁੱਖੀ ਨਸਲ ਦੇ ਇਹ ਦੁਸ਼ਮਣ ਤ ਸਤਿਕਾਰਯੋਗ ਨਾਗਰਿਕ ਹਨ। ਤ ਉਹ ਆਪਣੀ ਵਾਧੂ ਦੌਲਤ ਨਾਲ਼ ਨਿੱਜੀ ਅਤੇ ਜਨਤਕ ਦਾਨ ਦਿੰਦੇ ਹਨ। ਉਹ ਸੰਸਥਾਵਾਂ ਨੂੰ ਪੈਸਾ ਦਿੰਦੇ ਹਨ। ਆਪਣੇ ਨਿੱਜੀ ਜੀਵਨ ਵਿੱਚ ਉਹ ਦਿਆਲੂ ਤੇ ਖਿਆਲ ਰੱਖਣ ਵਾਲ਼ੇ ਹਨ। ਉਹ ਕਨੂੰਨ ਦੀ ਪਾਲਣਾ ਕਰਦੇ ਹਨ – ਆਪਣੇ ਕਾਨੂੰਨ ਤੇ ਜਾਇਦਾਦ ਦੇ ਕਨੂੰਨ ਦੀ। ਪਰ ਇੱਕ ਲੱਛਣ ਹੈ ਜਿਸ ਦੁਆਰਾ ਇਹਨਾਂ ਭੱਦਰਪੁਰਸ਼ ਬੰਦੂਕਧਾਰੀਆਂ ਦੀ ਪਛਾਣ ਕੀਤੀ ਜਾ ਸਕਦੀ ਹੈ। ਉਹਨਾਂ ਦੇ ਪੈਸੇ ਦੇ ਮੁਨਾਫੇ 'ਚੋਂ ਕਟੌਤੀ ਕਰਨ ਦੀ ਕੋਸ਼ਿਸ਼ ਕਰਕੇ ਵੇਖੋ ਅਤੇ ਉਹਨਾਂ ਅੰਦਰਲਾ ਪਸ਼ੂ ਚਿੰਗਾੜ ਮਾਰ ਕੇ ਜਾਗ ਉੱਠਦਾ ਹੈ। ਉਹ ਰਾਖਸ਼ਾਂ ਦੀ ਤਰ੍ਹਾਂ ਖੂੰਖਾਰ, ਪਾਗਲਾਂ ਵਾਂਗ ਜ਼ਾਲਮ ਅਤੇ ਜੱਲਾਦਾਂ ਵਾਂਗ ਬੇਰਹਿਮ ਹੋ ਜਾਂਦੇ ਹਨ। ਇਸ ਤਰ੍ਹਾਂ ਦੇ ਆਦਮੀਆਂ ਦਾ ਖਾਤਮਾ ਜ਼ਰੂਰੀ ਹੈ ਜੇ ਮਨੁੱਖੀ ਨਸਲ ਨੇ ਜਿਉਂਦੇ ਰਹਿਣਾ ਹੈ। ਜਿੰਨਾ ਚਿਰ ਇਹ ਆਦਮੀ ਜ਼ਿੰਦਾ ਹਨ, ਸੰਸਾਰ ਵਿੱਚ ਕੋਈ ਸਥਾਈ ਅਮਨ ਨਹੀਂ ਹੋ ਸਕਦਾ। ਮਨੁੱਖੀ ਸਮਾਜ ਦਾ ਅਜਿਹਾ ਢਾਂਚਾ ਜਿਹੜਾ ਇਹੋ ਜਿਹੇ ਆਦਮੀਆਂ ਨੂੰ ਜਿਉਂਦੇ ਰਹਿਣ ਦਿੰਦਾ ਹੈ, ਛਹਿਢੇਰੀ ਕਰਨਾ ਪਵੇਗਾ।

ਲਲਕਾਰ 'ਚੋਂ ਧੰਨਵਾਦ ਸਹਿਤ

## ਇਨਸਾ.ਫ ਦਾ ਫੱਟਾ

ਕਾਨੂੰਨ ਦੇ ਦਰ ’ਤੇ ਧੱਕੇ ਖਾਂਦੇ ਲੋਕ
ਅਕਸਰ ਕਹਿੰਦੇ ਸੁਣੇ ਜਾਂਦੇ ਨੇ
ਕਾਨੂੰਨ ਅੰਨਾ ਹੈ,
ਕਾਨੂੰਨ ਬੋਲਾ ਹੈ
ਕਾਨੂੰਨ ਨਾ ਅੰਨ੍ਹਾ ਹੈ, ਨਾ ਬੋਲਾ ਹੈ
ਬੜਾ ਬਾਜ਼-ਨਿਗਾਹਾ ਹੈ ਇਹ ਕਾਨੂੰਨ
ਪੌਣ ਦੇ ਬੁੱਲ੍ਹਿਆਂ ਨਾਲ ਹੁੰਦੀ ਰੁੱਖਾਂ ਦੇ
ਪੱਤਿਆਂ ਦੀ ਹਿਲਜੁਲ ਵੀ ਤੱਕ ਲੈਂਦਾ ਹੈ
ਬੇਹੱਦ ਚੌਕੰਨਾ ਹੈ ਇਹ ਕਾਨੂੰਨ
ਘੁੱਪ-ਹਨ੍ਹੇਰੇ ’ਚ ਜੰਗਲ ’ਚ ਹੁੰਦੀ
ਸਰਸਰਾਹਟ ਦੀ ਕਨਸ਼ੋਅ ਵੀ ਲੈ ਲੈਂਦਾ ਹੈ
ਝੁੱਗੀਆਂ-ਢਾਰਿਆਂ ’ਚ ਬਲਦੇ ਦੀਵਿਆਂ ਦੀ
ਨਿੰਮੀ ਲੋਅ ’ਤੇ ਵੀ ਇਸ ਦੀ ਨਜ਼ਰ ਹੈ
ਸੱਤਾ ਦੇ ਗਲਿਆਰਿਆਂ ’ਚ ਗੁੰਦੇ ਜਾਂਦੇ
ਗੋਂਦਾ ਦੇ ਜਾਲ ਬਾਰੇ ਵੀ ਇਹ ਬਾਖ਼ਬਰ ਹੈ।

ਛਲ-ਕਪਟ ਦਾ ਦੂਜਾ ਨਾਂ ਹੈ ਇਹ ਸ਼ਾਤਰ ਕਾਨੂੰਨ
ਇਸ ਦੇ ਫੱਟੇ ’ਤੇ ਇਨਸਾ.ਫ ਦੀ ਤੱਕੜੀ ਹੈ
ਫੱਟੇ ਓਹਲੇ ਹੱਥ ’ਚ ਛੁਰੀ ਲੈ ਖੜ੍ਹਾ ਹੈ ਕਸਾਈ
ਇਥੇ ਇਨਸਾ.ਫ ਤੋਲਿਆ ਨਹੀਂ ਜਾਂਦਾ।
ਬੇਕਿਰਕ ਜ਼ਿਬਾਹ ਕੀਤਾ ਜਾਂਦਾ ਹੈ
ਲੋਕ ਨਿਆਂ ਲਈ ਦਮ ਤੋੜਦੀ ਆਸ ਲੈ ਕੇ ਆਉਂਦੇ ਨੇ
ਉਨ੍ਹਾਂ ਦੇ ਮੌਰਾਂ ’ਤੇ ਰੱਖ ਦਿੱਤੀ ਜਾਂਦੀ ਇਨਸਾ.ਫ ਦੀ ਲਾਸ਼
ਬੜਾ ਸਿੱਤਮ ਹੈ ਯਾਰੋ
ਇਨਸਾ.ਫ ਦੇ ਮੁਰਦਾਰ ਢੋਣਾ
ਮੇਰੇ ਦੇਸ ਦੇ ਲੋਕਾਂ ਦੀ ਬਣ ਗਈ ਹੈ ਹੋਣੀ

ਇਹ ਕਾਨੂੰਨ ਸੱਤ੍ਹਾ ਦੀ ਸਰਦਲ ’ਤੇ ਬੰਨ੍ਹਿਆ ਕੁੱਤਾ ਹੈ
ਜਿਹੜਾ ਸੱਤਾ-ਮਾਲਕਾਂ ਮੂਹਰੇ ਪੂਛ ਹਿਲਾਉਂਦਾ ਹੈ
ਪੈਰਾਂ ’ਚ ਲਿੱਟਦਾ ਹੈ
ਲੋਕਾਂ ਨੂੰ ਵੱਢੂੰ-ਖਾਊਂ ਕਰਦਾ ਹੈ
ਰੱਸੀ ਤੁੜਾ ਵੱਢਣ ਨੂੰ ਪੈਂਦਾ ਹੈ
ਅੱਜ ਕੱਲ੍ਹ ਤਾਂ ਰਾਮਭਗਤੀ ਦੇ ਵਿਹੁ ਨਾਲ
ਹੋਰ ਵੀ ਹਲਕ ਗਿਆ ਹੈ ਇਹ ਕੁੱਤਾ
ਗਲੀਆਂ ’ਚ ਦਨਦਨਾਉਂਦਾ ਫਿਰਦਾ ਹੈ
ਵਿਹੁਲੀਆਂ ਲਾਲਾਂ ਸਿੱਟਦਾ ਹੈ

ਦਹਿਲ ਭੌਂਕਦਾ ਹੈ
ਮਾਸੂਮਾਂ ਸਿਰ ਕਾਲ ਬਣ ਕੜਕਦਾ ਹੈ
ਕਿਧਰੇ ਕਸ਼ਮੀਰ ਜਾ ਦਹਾੜਦਾ ਹੈ
ਕਿਧਰੇ ਕਬਾਇਲੀ ਪੱਟੀਆਂ ’ਚ
ਆਦਮਬੋਅ ਆਦਮਬੋਅ ਕਰਦਾ ਫਿਰਦਾ ਹੈ
ਕਦੇ ਪਹੁੰਚ ਜਾਂਦਾ ਹੈ ਭੀਮਾਕੋਰੇਗਾਊਂ
ਕਦੇ ਸ਼ਹੀਨ ਬਾਗ, ਕਦੇ ਜਾਮੀਆਂ ਮਿਲੀਆਂ
ਹਰ ਥਾਂ ਕੁਫਰ ਖਿਲਾ.ਫ ਮੱਘਦੀਆਂ
ਜਾਗਦੀ ਜ਼ਮੀਰ ਦੀਆਂ ਚਿੰਗਿਆੜੀਆਂ ’ਤੇ
ਲਪਕ ਪੈਂਦਾ ਹੈ ਇਹ ਕੁੱਤਾ
ਹਥਿਆਰਬੰਦ ਧਾੜਾਂ ਨੂੰ .ਫਰਮਾਨ ਚਾੜ੍ਹਦਾ ਹੈ
ਮੁੜ੍ਹਕ ਨਾਲ ਜੀਣ ਦਾ ਹੋਕੇ ਦੇ ਰਹੇ ਸੱਚ ਦੀ
ਸੰਘੀ ਘੁੱਟਣ ਲਈ
ਕੁ.ਫਰ ਦੇ ਵਣਜਾਰਿਆਂ ਦੁਆਲੇ ਹਥਿਆਰਾਂ ਦੀ
ਵਾੜ ਕਰਨ ਲਈ
ਯਾਰੋ! ਇਸ ਕਦਰ ਹਲਕ ਗਿਆ ਹੈ ਇਹ ਕਾਨੂੰਨ
ਹੁਣ ਤਾਂ ਆਪਦੀ ਹੀ ‘ਪਵਿੱਤਰ ਪੋਥੀ’ ਨੂੰ
ਗਲੀਆਂ ’ਚ ਘੜੀਸੀ ਫਿਰਦਾਹੈ

ਬੜਾ ਸ਼ਾਤਰ ਛਲੇਡਾ ਹੈ ਇਹ ਕਾਨੂੰਨ
ਕਦੇ ਖਚਰਾ ਸਿਆਸਤਦਾਨ ਬਣਕੇ ਲੋਕਾਂ ਨੂੰ
ਪਤਿਆਉਂਦਾ ਹੈ
ਉਨ੍ਹਾਂ ਦੀ ਕੰਡ ਪਲੋਸਦਾ ਹੈ
ਕਦੇ ਲੋਕ ਸੇਵਕ ਬਣਕੇ ਤੱਪਦੇ ਹਿਰਦਿਆਂ ’ਤੇ
ਭਰਮ ਦੇ ਸਿੱਟੇ ਦਿੰਦਾ ਹੈ
ਕਦੇ ਨਿਆਂ ਲਈ ਸਿਸਕਦੀ ਆਸ ਨੂੰ
ਧਰਵਾਸ ਦੇਣ ਵਾਸਤੇ
ਸਾਊ ਜੱਜ ਦਾ ਮੁਖੌਟਾ ਸਜ਼ਾ ਲੈਂਦਾ ਹੈ
ਕਦੇ ਇਨਸਾ.ਫ ਦੇ ਰੂੰਗੇ ਨਾਲ
ਭਰਮ ਦਾ ਮੱਕੜਜਾਲ ਬੁਣਦਾ ਹੈ
ਉਹ ਝੂਠ ਬੋਲਦੇ ਨੇ
ਕਾਨੂੰਨ ਦੇ ਘਰ ਦੇਰ ਹੈ, ਹਨ੍ਹੇਰ ਨਹੀਂ
ਹਨ੍ਹੇਰੀ ਸੁਰੰਗ ਹੈ ਇਹ ਕਾਨੂੰਨ
ਇਹਦੀ ਸਰਦਲ ’ਤੇ ਇਨਸਾ.ਫ ਦੀ ਝਾਕ ’ਚ ਆਈ
ਪਰਜਾ ਦੀਆਂ ਲਾਚਾਰ ਅਰਜ਼ੋਈਆਂ ਨੂੰ ਇਹਜ਼ੀਰ ਗਈ
ਦਹਿ ਹਜ਼ਾਰਾਂ ਝੂਠੇ ਪੁਲਿਸ ਮੁਕਾਬਲਿਆਂ ਦੇ
ਚਿੱਟੇ ਦਿਨ ਵਰਗੇ ਸੱਚ ਨੂੰ ਹਜ਼ਮ ਕਰ ਗਈ
ਜ਼ਰਵਾਣਿਆਂ ਦੇ ਕਾਲੇ ਕਾਰਿਆਂ ਬਾਰੇ ਨਸਰ
ਕੱਚੇ ਚਿੱਠਿਆਂ ਦੇ ਥੱਬਿਆਂ ਦੇ ਥੱਬੇ ਦਬੋਚ ਗਈ
ਜ਼ਰਵਾਣੇ ਬੁਰਛਾਗਰਦਾਂ ਦੀ ਸੁਰੱਖਿਆ ਠਾਹਰ
ਬਣ ਗਈ ਹੈ ਇਹ ਸੁਰੰਗ
ਇਨਸਾ.ਫ ਖਾਤਰ ਇਹਦੇ ਦਰ ’ਤੇ
ਟੱਕਰਾਂ ਮਾਰਦੀ ਪਰਜਾ ਲਈ
ਇਹ ਮੌਤ ਦੇ ਜ਼ਬਾੜਿਆਂ ਤੋਂ ਸਿਵਾ ਹੋਰ ਕੁਝ ਨਹੀਂ।
• • •

## ਮੈਂ ਉਦਾਸ ਹਾਂ

ਮੈਂ ਬਹੁਤ ਉਦਾਸ ਹਾਂ
ਪੰਜ ਦਰਿਆਵਾਂ ਦੀ ਧਰਤੀ ਬੇਵੱਸ ਹੈ
ਵਿਰਲਾਪ ਕਰ ਰਹੀ ਹੈ ਆਪਣੀ ਦੁਰਗਤੀ ’ਤੇ
ਮਨਹੂਸ ਰਾਹਾਂ ’ਤੇ ਠੇਡੇ ਖਾ ਰਹੀ ਆਪਣੀ ਹੋਣੀ ’ਤੇ
ਇਸ ਮਾਣਮੱਤੀ ਨੂੰ ਆਪਣੇ ਪੰਜ ਪਾਣੀਆਂ ’ਤੇ ਮਾਣ ਸੀ
ਜਿਸ ਦਾ ਇਕ ਹਿਸਾ ਧਾੜਵੀਆਂ ਨੇ ਝਪਟ ਲਿਆ।
ਇਕ ਹਿੱਸਾ ਸੜਹਾਂਦ ਮਾਰਦੇ
ਜ਼ਹਿਰੀ ਪਾਣੀ ਦੀ ਨਾਲ ਬਣ ਗਿਆ
ਇਸ ਦੇ ਸ਼ੇਰ ਪੁੱਤਾਂ ਦਾ ਇਕ ਹਿੱਸਾ ਨਸ਼ਿਆਂ ਦੇ
ਵੱਗਦੇ ਦਰਿਆ ’ਚ ਰੁੜ ਰਿਹਾ
ਇਸ ਦੇ ਹੋਣਹਾਰ ਧੀਆਂ-ਪੁੱਤਾਂ ਦਾ ਕਾ.ਫਲਾ
ਗੁਆਚੇ ਸੁ.ਫਨਿਆਂ ਦੀ ਭਾਲ ’ਚ
ਸੱਤ ਸਮੁੰਦਰੋਂ ਪਾਰ ਉਡਾਰੀ ਮਾਰ ਰਿਹਾ
ਇਹ ਝੁਰਦੀ ਹੈ, ਪਿੰਡ ਦੀਆਂ ਸੱਥਾਂ ਦੀ
ਰੌਣਕ ਰਹੀ ਜਵਾਨੀ ’ਤੇ
ਜਿਹੜੀ ਪੱਟ ’ਤੇ ਥਾਪੀ ਮਾਰਕੇ ਕਬੱਡੀ ਪਾਉਂਦੀ ਸੀ
ਹੁਣ ਉਹ ਨਸ਼ੀਲੇ ਟੀਕੇ ਲਾਉਣ ਲਈ
ਆਪਣੇ ਖੁੰਘਲ ਹੋਏ ਜਿਸ਼ਮ ’ਚੋਂ ਨਾਭਾ ਭਾਲਦੀ ਹੈ
ਇਹ ਹਾਉਕਾ ਭਰਦੀ ਹੈ, ਜਦੋਂ ਤੱਕਦੀ ਹੈ
ਸੂਦਖੋਰ ਆੜ੍ਹਤੀਏ ਕੋਲੋਂ ਹਿਸਾਬ ਕਰਕੇ
ਨੀਵੀਂ ਪਾਈ ਪਰਤਦੇ ਕਿਸਾਨ ਨੂੰ
ਜਦੋਂ ਫਿਜ਼ਾ ’ਚ ਰੁਮਕਦੀ ਪੌਣ ’ਚ ਸੁਣਦੀ ਹੈ
ਖੁਦਕਸ਼ੀ ਕਰ ਗਏ ਆਪਣੇ ਜਾਇਆਂ ਦੀਆਂ ਸਿਸਕੀਆਂ

ਇਹ ਧਰਤੀ ਉਦਾਸ ਹੈ
ਇਸਦੇ ਖੇਤ ਨਿੰਮੋਝੂਣੇ ਨੇ
ਵੱਟ ’ਤੇ ਖੜ੍ਹਾ ਕਿਸਾਨ ਝੁਰ ਰਿਹਾ ਹੈ
ਸੁਨਹਿਰੀ ਕਣਕ ਦੀਆਂ ਬੱਲੀਆਂ ’ਚੋਂ
ਦਾਣਿਆਂ ਨੂੰ ਕੌਣ ਠੂੰਗ ਗਿਆ ਹੈ
ਵੱਟ ’ਤੇ ਖੜ੍ਹੇ ਕਿਸਾਨ ਦੇ ਮੱਥੇ ਦੀਆਂ
ਤਿਊੜੀਆਂ ਪੁੱਛਦੀਆਂ ਨੇ
ਇਹ ਖੇਤ ਕਿਉਂ ਉਦਾਸ ਨੇ
ਇਨ੍ਹਾਂ ਖੇਤਾਂ ’ਚ ਹੱਲ ਤਾਂ ਹੁਣਵੀ ਚਲਦੇ ਨੇ
ਖੇਤਾਂ ਦੇ ਪੁੱਤ ਮਿੱਟੀ ਨਾਲ ਮਿੱਟੀ ਹੁੰਦੇ ਨੇ
ਸੱਧਰਾਂ ਨਾਲ ਪਾਲੀਆਂ ਫਸਲਾਂ ਜਵਾਨ ਹੁੰਦੀਆਂ ਨੇ
ਹਵਾ ਦੇ ਬੁੱਲ੍ਹਿਆਂ ਨਾਲ ਝੂਮਦੀਆਂ ਨੇ
ਆਪਣੇ ਮਾਲਕ ਦੇ ਗੀਤ ਦੀ ਹੇਕ ਲਈ ਤਰਸਦੀਆਂ ਨੇ
ਪਰ ਇਨ੍ਹਾਂ ਵਿਚਾਰੀਆਂ ਫਸਲਾਂ ਨੂੰ ਕੀ ਪਤਾ
ਇਹ ਹੇਕ ਤਾਂ ਗਮਾਂ ਦੀ ਹਨ੍ਹੇਰੀ ਸੁਰੰਗ ਨੇ ਜੀਰ ਲਈ ਹੈ
ਜਾਂ ਥੋਡੇ ਮਾਲਕ ਦੀ ਖੁਦਕੁਸ਼ੀ ’ਤੇ ਪੈਂਦੇ
ਵੈਣਾਂ ’ਚ ਵੱਟ ਗਈ ਹੈ
ਇਨ੍ਹਾਂ ਫਸਲਾਂ ਨੂੰ ਕੀ ਪਤਾ ਕਿ
ਹੁਣ ਖੇਤਾਂ ਦੀਆਂ ਵੱਟਾਂ ’ਤੇ ਕਿਸਾਨ ਨਹੀਂ, ਤਾਬੂਤ ਤੁਰਦੇ ਨੇ
ਉਹ ਤਾਂ ਉੱਗਣ ਤੋਂ ਪਹਿਲਾਂ ਹੀ ਪਰਾਇਆ
ਧਨ ਬਣ ਗਈਆਂ ਨੇ

ਇਹ ਖੇਤ ਉਦਾਸ ਨੇ
ਇਹ ਫਸਲਾਂ ਉਦਾਸ ਨੇ
ਇਹ ਢਾਰੇ ਉਦਾਸ ਨੇ
ਇਹ ਧਰਤੀ ਉਦਾਸ ਹੈ
ਝੁਰ ਰਹੀ ਹੈ ਆਪਣੀ ਉਜਾੜੀ ਜਾ ਰਹੀ ਬੁੱਕਲ ’ਤੇ
ਮੌਸਮਾਂ ਦੇ ਮਨਹੂਸ ਮਿਜਾਜ਼ ’ਤੇ

ਇਹ ਧਰਤੀ ‘ਜ਼ੋਰੀ ਦਾਨ’ ਮੰਗਦੇ ਜ਼ਰਵਾਣਿਆਂ ਖਿਲਾ.ਫ
ਸ਼ੂਕਦੇ ਝੱਖੜਾਂ ਦੀ ਜੰਮਣ ਥਾਂ ਹੈ
ਇਹ ਧਰਤੀ ਹੱਕ-ਸੱਚ ਲਈ ਜਰਜਦੀ ਲਲਕਾਰ ਬਣਦੇ
ਸਿਰਲੱਖ ਧੀਆਂ-ਪੁੱਤਾਂ ਨੂੰ ਲੋਰੀਆਂ ਦਿੰਦੀ ਮਾਂ ਹੈ
ਇਹ ਧਰਤੀ ਹੈ, ਜਿਸ ਦੀ ਫਿਜ਼ਾ ’ਚੋਂ
“ਇਨਕਲਾਬ-ਜ਼ਿੰਦਾਬਾਦ’ ਦੀ ਗਰਜ ਉਠੀ
ਇਹ ਧਰਤੀ ਹੈ, ਜਿਹੜੀ ਮੜਕ ਨਾਲ ਜੀਣ ਲਈ
ਮੌਤ ਨੂੰ ਗਲਵਕੜੀ ਪਾਉਣਾ ਸਿਖਾਉਂਦੀ ਹੈ
ਇਸ ਦੀ ਇਹੀ ਮੜਕ ਸੀ, ਇਹੀ ਮਜਾਜ਼ ਸੀ
ਜਿਸ ’ਚੋਂ ਗੋਰਾਸ਼ਾਹੀ ਤੇ ਟੋਡੀ ਲਾਣੇ ਨੂੰ
ਆਪਣੀ ਮੌਤ ਦਾ ਝਾਉਲਾ ਸੀ ਪੈਂਦਾ
ਉਨ੍ਹਾਂ ਨੂੰ ਪੰਜ ਦਰਿਆਵਾਂ ਦੀ ਧਰਤੀ ਦਾ ਵਾਜੂਦ
ਰਾਸ ਨਹੀਂ ਸੀ ਬਹਿੰਦਾ
ਮੌਤ ਝਾਉਲੇ ਤੋਂ ਖਹਿੜਾ ਛੁਡਾਉਣ ਲਈ
ਉਨ੍ਹਾਂ ਨੂੰ ਇਕ ਫੁਰਨਾ ਸੀ ਫੁਰਿਆ
ਇਸ ਧਰਤੀ ਦੇ ਵਾਜੂਦ ਨੂੰ ਚੀਰ ਸਿੱਟਣ ਲਈ
ਇਕ ਜਾਲ ਬੁਣਿਆ
ਇਹ ਧਰਤੀ ਚੀਰੀ ਗਈ, ਦਰਿਆ ਚੀਰੇ ਗਏ
ਮਾਰਧਾੜ ਦਾ ਇਕ ਸਾਜ਼ਿਸ਼ੀ ਲਾਂਬੂ ਲਾਇਆ ਗਿਆ
ਨਕਲੀ ਅਜ਼ਾਦੀ ਦੇ ਦੰਭੀ ਗਰਦੋ-ਗੁਬਾਰ ’ਚ
ਪੰਜਾਬੀ ਕੌਮ ਨੂੰ ਜ਼ਿਬਾਂਹ ਕਰਨ ਲਈ
ਘੱਲੂਘਾਰਾ ਰਚਾਇਆ ਗਿਆ
ਇਥੇ ਲਾਸ਼ਾਂ ਦੇ ਸੱਥਰਾਂ ’ਤੇ, ਵੈਣਾਂ ਦਾ ਜ਼ੋਰ ਸੀ
ਮੁਸਕੜੀਏ ਹੱਸਦੇ ਦਿੱਲੀ ਦੇ ਹਾਕਮਾਂ ਵਲੋਂ
ਗੋਰਿਆਂ ਤੋਂ ‘ਅਜ਼ਾਦੀ’ ਦਾ ਜਸ਼ਨ ਮਨਾਇਆ ਗਿਆ
ਹਾਕਮ ਲਾਣੇ ਦੇ ਘੁਰਨਿਆਂ ’ਚ ਤਸੱਲੀ ਦਾ ਮਾਹੌਲ ਸੀ
ਆਪਣੀ ਮੌਤ ਦੇ ਧੁੜਕੂ ਨੂੰ ਗਲੋਂ ਲਾਹੁਣ ’ਤੇ
ਭਰਾਮਾਰ ਜੰਗ ਲਈ ਬਾਘੇ ਦਾ ਪਾਲਾ ਵਾਹੁਣ ’ਤੇ
ਇਸ ਪਾਲੇ ’ਤੇ ਦਿੱਲੀ ਤੇ ਪਿੰਡੀ ਦੇ ਹਾਕਮਾਂ ਵਲੋਂ
ਨਿੱਕ ਨਕਲੀ ਦੇਸ਼ ਭਗਤੀ ਦਾ ਮਜ੍ਹਮਾ ਲਾਣਿਆ ਜਾਂਦਾਹੈ
ਇਸ ਧਰਤੀ ਦੀ ਹਿੱਕ ’ਤੇ ਗੱਡੇ ਖੰਜ਼ਰ ਨੂੰ
ਫਿਰਕੂ .ਫਾਸੀ ਨ.ਫਰਤ ਦੀ ਸਾਣ’ਤੇ ਲਾਇਆ ਜਾਂਦਾ ਹੈ।

ਯਾਰੋ! ਮੈਂ ਉਦਾਸ ਹਾਂ
ਅਸੀਂ ਕੌਮਕੁਸ਼ੀ ਸਾਜ਼ਿਸ਼ ਤੋਂ ਹਾਰ ਗਏ ਹਾਂ
ਅਸੀਂ ਹਾਰੇ ਹਾਂ, ਪਰ ਜਿਊਂਦੇ ਹਾਂ

ਮੈਂ ਉਦਾਸ ਤਾਂ ਹਾਂ
ਪਰ ਨਿਰਾਸ਼ ਨਹੀਂ, ਬੇਆਸ ਨਹੀਂ
ਅੱਜ ਵੀ ਮੇਰੇ ਜ਼ਿਹਨ ਦੀ ਕੈਨਵਸ ’ਤੇ
ਬੀਤੇ ਇਤਿਹਾਸ ਦੇ ਸੰਗਰਾਮੀ ਪੰਨਿਆਂ ਦਾ ਰੰਗ ਉਘੜਦਾ ਹੈ
ਅੱਜ ਵੀ ਪੰਜ ਪਾਣੀਆਂ ਦੀ ਇਸ ਧਰਤੀ ’ਤੇ
ਭੰਗਾਣੀ ਦੇ ਯੁੱਗ ਦਾ ਜੰਗੀ ਨਾਦ ਗੂੰਜਦਾੈ
ਅੱਜ ਵੀ ਅਨੰਦਪੁਰ ਸਾਹਿਬ ’ਚ ਲਿਸ਼ਕੀ ਤਲਵਾਰ ਦੀ
ਲਿਸ਼ਕੋਰ ਫਿਜ਼ਾ ’ਚ ਲਿਸ਼ਕਦੀ ਹੈ
ਲੱਖੀ ਦੇ ਜੰਗਲ ’ਚ ਦੌੜਦੇ ਜੰਗਜੂ ਘੋੜਿਆਂ ਦੀਆਂ
ਟਾਪਾਂ ਦੀ ਕਨਸ਼ੋਆਂ ਪੌਣਾਂ ’ਚੋਂ ਸੁਣਾਈ ਦਿੰਦੀ ਹੈ
ਅੱਜ ਵੀ ਸਤਲੁਜ ਦੇ ਕੰਢੇ ਨੂੰ ਭਗਤ ਸਿੰਘ ਹੋਰਾਂ ਦਾ ਇੰਤਜ਼ਾਰ ਹੈ
ਅੱਜ ਵੀ ਇਸ ਧਰਤੀ ਦੇ ਹੱਥ ਫੜੇ ਸ਼ਹਾਦਤਾਂ ਦੇ ਜਾਮ ਨੂੰ
ਆਪਣੇ ਮਰਜ਼ੀਵੜੇ ਧੀਆਂ-ਪੁੱਤਾਂ ਦਾ ਇੰਤਜ਼ਾਰ ਹੈ
ਅੱਜ ਵੀ ਇਸ ਧਰਤੀ ਨੂੰ ਇਕ ਹੋਰ ਚੱਪੜਚਿੜੀ,
ਇਕ ਹੋਰ ਗਦਰ ਸਿਰਜੇ ਜਾਣ ਦਾ ਇੰਤਜ਼ਾਰ ਹੈ
ਆਪਣੇ ਪਾਣੀਆਂ ਤੇ ਦੁੱਧਾਂ-ਪੁੱਤਾਂ ਦੀ ਰਾਖੀ ਲਈ
ਹਾਬੜੇ ਧਾੜਵੀਆਂ ਤੋਂ ਆਪਣੀ ਹੋਣੀ ਦੀ ਮੁਕਤੀ ਲਈ
ਅਗਵਾ ਕੀਤੀਆਂ ਰੌਣਕਾਂ ਨੂੰ ਮੋੜ ਲਿਆਉਣ ਲਈ
ਆਸਾਂ-ਉਮੰਗਾਂ ਦੀ ਮਹਿਕ ਖਿੜਾਉਣ ਲਈ
ਯਾਰੋ ਮੈਂ ਉਦਾਸ ਤਾਂ ਹਾਂ
ਪਰ ਨਿਰਾਸ਼ ਨਹੀਂ, ਬੇਆਸ ਨਹੀਂ।

**-ਗੁਰਤੇਜ਼ ਸਿੰਘ ਖੋਖਰ**

## ਲੁੱਟ ਦਾ ਵਾਇਰਸ

ਵਾਇਰਸ ਤਾਂ ਵਾਇਰਸ ਹੀ ਹੁੰਦਾ ਹੈ
ਕਰੋਨਾ ਦਾ ਹੋਵੇ ਜਾਂ ਲੁੱਟ ਦਾ।

ਕੁਝ ਸਮੇਂ ਤੋਂ ਸੁਬਹ ਸ਼ਾਮ
ਖੇਡ ਦੇ ਮੈਚਾਂ ਦੀ ਕੁਮੈਂਟਰੀ ਵਾਂਗ
ਕਰੋਨਾ ਦੀ ਪਲ ਪਲ ਦੀ ਖ਼ਬਰ
ਕਿੰਨੇ ਡਿੱਗੇ, ਕਿੰਨੇ ਸਿੱਟੇ, ਕਿੰਨੀ ਗਿਣਤੀ,
ਕਿਹੜੇ ਲੱਛਣ, ਕਿੰਨੇ ਕਿੱਥੇ, ਕਿੰਨੇ ਖਤਰੇ ’ਚ
ਮੱਚੀ ਹੈ ਕਾਂਵਾਂਰੌਲੀ।

ਡਾਕਟਰਾਂ, ਵਿਗਿਆਨੀਆਂ ਤੇ
ਲੀਡਰਾਂ ਵਿਚਕਾਰ
ਲੱਗੀ ਹੈ ਦੌੜ
ਸਭ ਤੋਂ ਪਹਿਲਾਂ
ਵੈਕਸੀਨ ਬਣਾ ਕੇ ਨਾਮਣਾ ਖੱਟਣ ਦੀ।
ਡੌਰ ਭੌਰ ਸਦਮੇ ਵਿੱਚ ਲੋਕ
ਬੀਬੇ ਰਾਣੇ ਬਣ
ਮੰਨ ਰਹੇ ਨੇ ਡਾਕਟਰਾਂ ਦੀ ਸਲਾਹ।
ਜਾਰੀ ਹਨ ਰਾਜਿਆਂ ਦੇ ਸ਼ਾਹੀ ਫੁਰਮਾਨ
ਦਸ ਗੁਣਾਂ ਦਸ ਦੇ ਕਮਰਿਆਂ ਵਿੱਚ
ਛੇ ਫੁੱਟ ਦੀ ਸਮਾਜਿਕ ਦੂਰੀ
ਹੋ ਜਾਵੋ ਘਰਾਂ ਵਿੱਚ ਬੰਦ
ਹੋਵੋ ਨਾ ਇਕੱਠੇ
ਨਹੀਂ ਤਾਂ ...

ਜਾਣ ਲਿਆ ਹੈ ਸਭ ਨੇ
ਕਾਰਨਾਂ, ਲੱਛਣਾਂ, ਉਪਾਵਾਂ
ਚੀਨੀ ‘ਚੱਮਗਿਦੜਾਂ’ ਅਤੇ ਇਸਦੇ
ਸਰਬਵਿਆਪੀ ਹੋਣ ਬਾਰੇ ਵੀ।
ਲੁੱਟ ਦਾ ਵਾਇਰਸ,
ਜੋ ਚੁੰਬੜਿਆ ਹੈ ਜੋਕਾਂ ਵਾਂਗ ਸਦੀਆਂ ਤੋਂ
ਹੁੰਦੀਆਂ ਹਨ ਜਿਸ ਦੇ ਕਾਰਨ
ਅਣਗਿਣਤ ਮੌਤਾਂ
ਉਦੋਂ ਬਣਦੀਆਂ ਨਹੀ ਸੁਰਖੀਆਂ
ਟੈਲੀਵਿਜ਼ਨਾਂ ਨੂੰ ਦੰਦਲ ਪੈ ਗਈ ਹੈ
ਵਰਡੋਮੀਟਰਜ਼ ਵੀ ਖ਼ਾਮੋਸ ਨੇ।

ਇਸ ਤੋਂ ਬਚਾ ਲਈ ਕੀਤੀ ਸੀ ਤਿਆਰੀ
ਭਗਤੀ ਲਹਿਰ ਨੇ
ਬੇਗਮਪੁਰੇ ਤੋਂ ਲੈਕੇ
ਆਨੰਦਪੁਰ ਦੀ ਪ੍ਰਯੋਗਸ਼ਾਲਾ ਤੱਕ
ਵਿਸਾਖੀ ਵਾਲੇ ਦਿਨ
ਕੀਤੇ ਸਨ ਪੰਜ ਸਫਲ ਤਜਰਬੇ
ਡੰਕੇ ਦੀ ਚੋਟ ਤੇ ਕੀਤਾ ਸੀ
ਸਦੀਆਂ ਤੋਂ ਹੋ ਰਹੀਆਂ ਵਧੀਕੀਆਂ ਤੇ
ਸਮਾਜਿਕ ਦੂਰੀਆਂ ਦਾ ਖਾਤਮਾ
ਇੱਕੋ ਬਾਟੇ ਵਿੱਚ
ਭੁੱਖਾਂ ਲਈ ਦੇਗ
ਦੁੱਖਾਂ ਲਈ ਤੇਗ
ਤੇ ਲੋਕਾਂ ਦੀ ਜਿੱਤ।

ਫਿਰ ਜਰਮਨੀ ਦੇ ਸਮਾਜ ਵਿਗਿਆਨੀ ਨੇ
ਦਿੱਤਾ ਸੀ ਫਾਰਮੂਲਾ ਇਸ ਤੋਂ ਬਚਣ ਲਈ
ਅਮਲ ਵਜੋਂ ਦੁੱਖਾਂ, ਭੁੱਖਾਂ ਤੇ ਕੁੱਟਾਂ ਦੇ ਪੀੜਤਾਂ ਨੇ
ਕਰਕੇ ਖ਼ਤਮ ਸਮਾਜਿਕ ਦੂਰੀਆਂ
ਹਨੇਰੇ ਘਰਾਂ ਵਿਚੋਂ ਨਿਕਲ ਕੇ ਬਾਹਰ
ਰੱਖ ਕੇ ਜਿੰਦ ਤਲੀ ਤੇ
ਚੀਨ, ਰੂਸ, ਵੀਅਤਨਾਮ ਅਤੇ ਕਿਊਬਾ ਵਿੱਚ ,
ਕੀਤਾ ਸੀ ਇਸਦਾ ਬੀਜ ਨਾਸ਼ ।
ਅਸੀਂ ਦੁਚਿੱਤੀ ਵਿੱਚ ਰਹੇ,
ਬਹਾਨੇ ਬਣਾਏ,
ਅਖੇ ਓਥੇ ਦੀ ‘ਦਵਾ’
ਇੱਥੇ ‘ਕੰਮ’ ਨਹੀ ਕਰਦੀ।
ਪਰ ਅਮਰੀਕਾ, ਚੀਨ,
ਇਟਲੀ ਅਤੇ ਇੰਗਲੈਂਡ ਤੋਂ
ਆਇਆ ਕਰੋਨਾ
ਇਥੇ ਆਦਮ ਬੋ ਆਦਮ ਬੋ
ਕਰ ਰਿਹਾ ਹੈ।

ਸਾਡੀ ਧਰਤੀ ਦੇ ‘ਡਾਕਟਰ’ ਨੇ ਵੀ
ਦੱਸਿਆ ਸੀ
ਇਥੋਂ ਦੇ ‘ਚੱਮਗਿੱਦੜਾਂ’ ਬਾਰੇ
ਉਨ੍ਹਾਂ ਤੋਂ ਬਚਣ ਲਈ
ਦਿੱਤਾ ਸੀ ਨਵਾਂ ਫਾਰਮੂਲਾ
ਪੜ੍ਹੋ, ਜਾਣੋ ਤੇ ਪਹਿਚਾਣੋ
ਕਰੋ ਖ਼ਤਮ ਆਪਸੀ ਦੂਰੀਆਂ
ਇੱਕ ਹੋ ਜਾਵੋ
ਲੜੋ, ਮਰੋ ਅਤੇ ਚੁਣੋ ਸੁੰਘਰਸ਼ ਦਾ ਰਾਹ
ਅਸੀ ਇਥੋਂ ਦੇ
‘ਡਾਕਟਰ’ ਦੀ ਕਹੀ ਗੱਲ
ਵੀ ਨਾ ਮੰਨੀ,
ਪਰ ਉਸ ਨੂੰ ‘ਮੰਨਣ’ ਲੱਗੇ।

ਅਸੀ ਕਿੰਨੇ ਸੁਚੇਤ ਹੋ ਗਏ ਹਾਂ
ਕਰੋਨਾ ਤੋਂ ਬਚਣ ਲਈ
ਮੰਨ ਰਹੇ ਹਾਂ ‘ਮਨ ਕੀ ਬਾਤ’
ਆਪਸ ਵਿੱਚ ਸਮਾਜਿਕ ਦੂਰੀ
ਬਣਾ ਲਈ ਹੈ
ਵਜਾ ਰਹੇ ਹਾਂ ਤਾਲੀਆਂ ਤੇ ਥਾਲੀਆਂ
ਘਰਾਂ ਨੂੰ ਵਾਪਸ ਜਾ ਰਹੇ
ਭੁੱਖੇ ਪਿਆਸੇ
ਮਜ਼ਦੂਰਾਂ ਦੀਆਂ
ਸੜਕਾਂ ਅਤੇ ਰੇਲ ਦੀਆਂ
ਪਟੜੀਆਂ ਉੱਪਰ
ਰੁੱਲ ਰਹੀਆਂ ਲਾਸ਼ਾਂ ’ਤੇ
ਨੱਚ ਨੱਚ ਕੇ ਗਾ ਰਹੇ ਹਾਂ
ਭਾਰਤ ਮਾਤਾ ਕੀ ਜੈ
ਗੋ ਕਰੋਨਾ ਗੋ।

**- ਤਰਲੋਚਨ ਮੁਠੱਡਾ**

**ਉਸਾਰੂ ਸਾਹਿਤ, ਕਵਿਤਾਵਾਂ, ਗੀਤ, ਨਾਵਲ, ਕਹਾਣੀਆਂ, ਤਰਕਸ਼ੀਲ,
ਵਿਗਿਆਨਕ ਅਤੇ ਇਤਿਹਾਸਕ ਕਿਤਾਬਾਂ ਪ੍ਰਾਪਤ ਕਰਨ ਲਈ
ਕੈਲਗਰੀ : ਮਾਸਟਰ ਭਜਨ 403-455-4220
ਟੋਰਾਂਟੋ : ਹਰਬੰਸ ਸਿੰਘ 416-817-7142
ਦੇਵਿੰਦਰ ਤੂਰ 416-902-9372
ਹਰਨੇਕ ਧਾਲੀਵਾਲ ਵਿਨੀਪੈੱਗ 204-488-6960**

PIONEER FINANCIAL SERVICES

# TRUCK LOANS

Low Interest Rates, Fast Approval




PTS PIONEER TRUCKING SOLUTIONS

- PRORATE, IFTA
- US DOT
- BUYDOWN DEDUCTIBLE
- WRITE OFF PROTECTION

Monarch

INSURANCE BROKERS

# TRUCK INSURANCE

BEST INSURANCE RATES IN ALBERTA

CALL: 587-832-1208

# HOMELIFE SILVERCITY

REALTY INC.,BROKERAGE

(Independently Owned and Operated)

# #7 CANADA WIDE

## BROKERAGE WITH HOMELIFE BRAND

## 2017 GROSS COMMISSION WISE

**New Head Office**

**905-913-8500**

50 COTTRELLE BLVD., UNIT 29, BRAMPTON

TEAM OF OVER 600 REALTORS

# HOMELIFE SILVERCITY

REALTY INC.,BROKERAGE (INDEPENDENTLY OWNED & OPERATED)

## NOW HIRING NEW / EXPERIENCED REAL ESTATE PROFESSIONALS

*Not intended to solicit anyone under contract

## JOIN ONE OF FASTEST GROWING BROKERAGE



CALL HEAD OFFICE TODAY

# 905.913.8500

www.HomelifeSilvercityTeam.com

**BALJIT GARCHA**
BROKER OF RECORD
647.500.6500

**AJIT GARCHA**
BROKER / PRESIDENT
647.204.9500

Address:
11775 Bramalea Rd. Brampton






AMAR
Developments
-Fully serviced 1/4, 1/2 Acre lots.
-Watch For upcoming Commercial Retail
CAMBRIDGE
Cambridge Park - Phase 3
Map & Lot Pricing
Manjit Dubra : 403-690-2885
Rani Dubra : 403-612-7881
Amar Dubra : 403-470-2627
#2 park Drive
T. 403-272-7665 |
F. 403-235-1977
www.amarltd.com
Box 36, Site 6, RR6 | Calgary, Alberta. T2M 4L5


KOH-I-NOOR JEWELLERS & Diamond Center
1005 5075 Falconridge Blvd. N.E. Calgary AB
Ph. : 403-280-1111
Bridal Jewellery Specialists
GOLD
BUY • SELL • TRADE
Since 1975
Western Canad's Most Comprehensive
X-ray Machine


Calgary Carpet Empire
PROVIDING BEST AND AFFORDABLE FLOORING
2935 19 St NE, Calgary, AB T2E 7A2 | sales@carpetempire.ca | www.carpetempire.ca
CALL FOR FREE ESTIMATES
(403) 510 1515
CARPET • HARDWOOD • LAMINATE • TILES
VINYL PLANKS • CARPET TILES • LINO • ETC.